# ਲੈਨਿਨ



# ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ

ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

ਵ. ਇ. ਲੈਨਿਨ

# ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਊਂਡੇਸ਼ਨ, ਲਖਨਊ)

ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 70 ਰੁਪਏ**

# ਤਤਕਰਾ


ਭੂਮਿਕਾ ------------------------------------------ 5

ਕਾਊਟਸਕੀ ਨੇ ਮਾਰਕਸ ਨੂੰ ਕਿਵੇਂ ਇਕ ਸਾਧਾਰਣ
ਉਦਾਰਵਾਦੀ ਬਣਾ ਦਿਤਾ ---------------------------------- 7

ਬੁਰਜੂਆ ਅਤੇ ਪ੍ਰੋਲੇਤਾਰੀ ਜਮਹੂਰੀਅਤ -------------------------- 19

ਕੀ ਸ਼ੋਸ਼ਿਤ ਅਤੇ ਸ਼ੋਸ਼ਕ ਵਿਚਕਾਰ ਬਰਾਬਰੀ ਹੋ ਸਕਦੀ ਹੈ ? ------------- 28

ਸੋਵੀਅਤਾਂ ਨੂੰ ਰਾਜਕੀ ਜਥੇਬੰਦੀਆਂ ਬਣਨ ਦੀ ਹਿੰਮਤ
ਨਹੀਂ ਕਰਨੀ ਚਾਹੀਦੀ------------------------------------- 36

ਵਿਧਾਨ-ਘੜਨੀ ਅਸੈਂਬਲੀ ਅਤੇ ਸੋਵੀਅਤ ਰਿਪਬਲਿਕ -------------- 43

ਸੋਵੀਅਤ ਸੰਵਿਧਾਨ ------------------------------------- 52

ਕੌਮਾਂਤਰੀਵਾਦ ਕੀ ਹੈ ? ------------------------------------ 62

"ਆਰਥਕ ਵਿਸ਼ਲੇਸ਼ਣ" ਦੇ ਪਰਦੇ ਹੇਠ ਬੁਰਜੂਆਜ਼ੀ ਦੀ ਸੇਵਾਦਾਰੀ ------- 77

ਅੰਤਿਕਾ 1। ਵਿਧਾਨ-ਘੜਨੀ ਅਸੈਂਬਲੀ ਬਾਰੇ ਥੀਸਿਸ --------------- 105

ਅੰਤਿਕਾ 2। ਰਾਜ ਅਤੇ ਵਾਂਡਰਵੇਲਡੇ ਦੀ ਨਵੀਂ ਕਿਤਾਬ -------------- 111

# ਭੂਮਿਕਾ

ਪਿੱਛੇ ਜਿਹੇ ਵੀਆਨਾ ਵਿਚ ਪ੍ਰਕਾਸ਼ਤ ਹੋਇਆ ਕਾਊਟਸਕੀ ਦਾ ਪੈਂਫ਼ਲਟ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ" (ਵੀਆਨਾ, 1918, ਇਗਨਾਜ਼ ਬਰਾਂਦ, ਸਫ਼ਾ 63) ਦੂਜੀ ਇੰਟਰਨੈਸ਼ਨਲ[1] ਦੇ ਬਦਨਾਮੀ ਭਰੇ ਅਤੇ ਘੋਰ ਦਿਵਾਲੀਆਪਣ ਦੀ ਅਤਿ ਉਘੜਵੀਂ ਮਿਸਾਲ ਹੈ, ਜਿਸ ਬਾਰੇ ਸਾਰੇ ਦੇਸ਼ਾਂ ਵਿਚਲੇ ਸਾਰੇ ਈਮਾਨਦਾਰ ਸੋਸ਼ਲਿਸਟ ਲੰਮੇ ਸਮੇਂ ਤੋਂ ਗੱਲ ਕਰਦੇ ਆ ਰਹੇ ਹਨ। ਪ੍ਰੋਲੇਤਾਰੀ ਇਨਕਲਾਬ ਇਸ ਵੇਲੇ ਬਹੁਤ ਸਾਰੇ ਦੇਸ਼ਾਂ ਵਿਚ ਅਮਲੀ ਮਸਲਾ ਬਣਦਾ ਜਾ ਰਿਹਾ ਹੈ, ਅਤੇ ਇਸ ਲਈ ਕਾਊਟਸਕੀ ਦੇ ਭਗੌੜਿਆਂ ਵਾਲੇ ਕੁਤਰਕ ਦੀ ਅਤੇ ਉਸ ਵਲੋਂ ਮਾਰਕਸਵਾਦ ਦੇ ਪੂਰਨ ਤਿਆਗ ਦੀ ਨਿਰਖ-ਪਰਖ ਲਾਜ਼ਮੀ ਹੋ ਗਈ ਹੈ।

ਪਰ ਸਭ ਤੋਂ ਪਹਿਲਾਂ ਇਸ ਗੱਲ ਉੱਤੇ ਜ਼ੋਰ ਦੇਣਾ ਜ਼ਰੂਰੀ ਹੈ ਕਿ ਇਹਨਾਂ ਸਤਰਾਂ ਦੇ ਲੇਖਕ ਨੇ ਜੰਗ ਦੇ ਸ਼ੁਰੂ ਹੋਣ ਦੇ ਸਮੇਂ ਤੋਂ ਲੈ ਕੇ ਮਾਰਕਸਵਾਦ ਨਾਲ਼ੋਂ ਕਾਊਟਸਕੀ ਦੇ ਟੁੱਟਣ ਵੱਲ ਮੁੜ ਮੁੜ ਕੇ ਧਿਆਨ ਦੁਆਇਆ ਹੈ। 1914 ਅਤੇ 1916 ਦੇ ਵਿਚਕਾਰ ਵਿਦੇਸ਼ਾਂ ਤੋਂ ਜਾਰੀ ਹੋ ਰਹੇ "ਸੋਤਸੀਆਲ-ਦੈਮੋਕਰਾਤ"[2] ਅਤੇ "ਕੋਮੂਨਿਸਤ"[3] ਵਿੱਚ ਪ੍ਰਕਾਸ਼ਤ ਬਹੁਤ ਸਾਰੇ ਲੇਖਾਂ ਵਿਚ ਇਸ ਵਿਸ਼ੇ ਬਾਰੇ ਲਿਖਿਆ ਗਿਆ ਸੀ। ਮਗਰੋਂ ਗ. ਜਿਨੋਵੀਏਵ ਅਤੇ ਨਿ. ਲੈਨਿਨ ਵਲੋਂ ਇਹ ਲੇਖ, "ਰੌਂਅ ਦੇ ਉਲਟ" ਸਿਰਲੇਖ਼ ਹੇਠ ਪੀਤਰੋਗਰਾਦ ਸੋਵੀਅਤ ਨੇ ਇਕੱਤ੍ਰਿਤ ਕੀਤੇ ਅਤੇ ਪ੍ਰਕਾਸ਼ਤ ਕਰਵਾਏ (ਪੀਤਰੋਗਰਾਦ, 1918, ਸਫ਼ਾ550)। ਜਨੇਵਾ ਵਿਚ 1915 ਵਿਚ ਅਨੁਵਾਦ ਕੀਤੇ ਗਏ ਇਕ ਪੈਂਫ਼ਲਟ[4] ਵਿੱਚ ਮੈਂ "ਕਾਊਟਸਕੀਵਾਦ" ਬਾਰੇ ਇਸ ਤਰ੍ਹਾਂ ਲਿਖਿਆ ਸੀ-

"ਦੂਜੀ ਇੰਟਰਨੈਸ਼ਨਲ ਦੀ ਆਗੂ ਪ੍ਰਮਾਣ-ਹਸਤੀ, ਕਾਊਟਸਕੀ ਇਸ ਗੱਲ ਦੀ ਸਭ ਤੋਂ ਵੱਧ ਪ੍ਰਤਿਨਿਧ ਅਤੇ ਉਘੜਵੀਂ ਮਿਸਾਲ ਹੈ ਕਿ ਕਿਵੇਂ ਮਾਰਕਸਵਾਦ ਦੀ ਕਥਨੀ ਵਿੱਚ ਮਾਣਤਾ ਕਰਨੀ ਵਿੱਚ ਇਸਨੂੰ 'ਸਤਰੂਵੇਵਾਦ' ਅਤੇ 'ਬਰੇਨਤਾਨੋਵਾਦ' ਵਿਚ ਬਦਲਣ ਵੱਲ ਲੈ ਗਈ ਹੈ (ਅਰਥਾਤ, ਬੁਰਜੂਆ-ਉਦਾਰਵਾਦੀ ਸਿਧਾਂਤ ਵਿੱਚ ਬਦਲਣ ਵੱਲ ਜਿਹੜਾ ਪ੍ਰੋਲੇਤਾਰੀਆਂ ਦੇ ਗ਼ੈਰ-ਇਨਕਲਾਬੀ 'ਸ਼੍ਰੇਣੀ' ਘੋਲ਼ ਨੂੰ ਮਾਣਤਾ ਦੇਂਦਾ ਹੈ, ਜਿਸਨੂੰ ਸਭ ਤੋਂ ਵੱਧ ਸਪੱਸ਼ਟ ਰੂਪ ਵਿਚ ਰੂਸੀ ਲੇਖਕ ਸਤਰੂਵੇ ਅਤੇ ਜਰਮਨ ਅਰਥ-ਸ਼ਾਸਤਰੀ ਬਰੇਨਤਾਨੋ ਨੇ ਪ੍ਰਗਟ ਕੀਤਾ ਹੈ)। ਇਸਦੀ ਇੱਕ ਹੋਰ ਉਦਾਹਰਣ ਪਲੈਖ਼ਾਨੋਵ ਹੈ। ਸਿੱਕੇਬੰਦ ਕੁਤਰਕਤਾ ਰਾਹੀਂ ਮਾਰਕਸਵਾਦ ਨੂੰ ਇਸਦੀ ਇਨਕਲਾਬੀ ਜੀਵਨ ਭਾਵਨਾ ਤੋਂ ਸੱਖਣਾ ਕਰ ਦਿਤਾ ਗਿਆ ਹੈ, ਮਾਰਕਸਵਾਦ ਵਿਚਲੀ **ਹਰ ਚੀਜ਼** ਨੂੰ ਮਾਣਤਾ ਦਿਤੀ ਗਈ ਹੈ **ਸਿਵਾਏ** ਘੋਲ, ਪ੍ਰਚਾਰ ਦੇ ਇਨਕਲਾਬੀ ਢੰਗਾਂ ਦੇ ਅਤੇ ਇਹਨਾਂ ਢੰਗਾਂ ਦੀ ਤਿਆਰੀ ਦੇ ਅਤੇ ਇਸ ਪਾਸੇ ਵੱਲ ਜਨਤਾ ਨੂੰ ਵਿਦਿਆ ਦੇਣ ਦੇ। ਕਾਊਟਸਕੀ ਬੇਅਸੂਲੇ ਢੰਗ ਨਾਲ ਸਮਾਜਕ-

ਅੰਧਰਾਸ਼ਟਰਵਾਦ ਦੇ ਬੁਨਿਆਦੀ ਵਿਚਾਰ ਨੂੰ, ਮੌਜੂਦਾ ਜੰਗ ਵਿਚ ਪਿਤਾ-ਭੂਮੀ ਦੀ ਰਾਖੀ ਦੀ ਮਾਣਤਾ ਨੂੰ, ਖੱਬੇ-ਪਖੀਆਂ ਨੂੰ ਫ਼ਰੇਬ ਭਰੀਆਂ ਕੂਟਨੀਤਕ ਛੋਟਾਂ ਦੇਣ ਨਾਲ ਮਿਲਾਉਂਦਾ ਹੈ— ਜੰਗੀ ਕਰਜ਼ਿਆਂ ਲਈ ਉਸ ਵਲੋਂ ਕਿਸੇ ਪਾਸੇ ਵੋਟ ਨਾ ਪਾਉਣਾ, ਵਿਰੋਧੀ ਧੜੇ ਵਿਚ ਹੋਣ ਦੇ ਉਸਦੇ ਲੱਫ਼ਜੀ ਦਾਅਵੇ, ਆਦਿ। ਉਹ ਕਾਊਟਸਕੀ, ਜਿਸਨੇ 1909 ਵਿਚ ਇਨਕਲਾਬਾਂ ਦੇ ਆ ਰਹੇ ਦੌਰ ਬਾਰੇ ਅਤੇ ਜੰਗ ਅਤੇ ਇਨਕਲਾਬ ਵਿਚਲੇ ਸੰਬੰਧ ਬਾਰੇ ਕਿਤਾਬ ਲਿਖੀ ਸੀ, ਉਹ ਕਾਊਟਸਕੀ, ਜਿਸਨੇ 1912 ਵਿੱਚ ਸਿਰ ਉਤੇ ਖੜ੍ਹੀ ਜੰਗ ਤੋਂ ਇਨਕਲਾਬੀ ਲਾਭ ਉਠਾਉਣ ਬਾਰੇ ਬਾਸਲ ਮੈਨੀਫੈਸਟੋ[5] ਉਤੇ ਦਸਖ਼ਤ ਕੀਤੇ ਸਨ, ਹੁਣ ਸਮਾਜਕ-ਅੰਧਰਾਸ਼ਟਰਵਾਦ ਨੂੰ ਉਚਿੱਤ ਠਹਿਰਾਉਣ ਅਤੇ ਸ਼ਿੰਗਾਰਨ ਵਿਚ ਆਪਣੇ ਆਪ ਨੂੰ ਮਾਤ ਪਾ ਰਿਹਾ ਹੈ ਅਤੇ, ਪਲੈਖ਼ਾਨੋਵ ਵਾਂਗ, ਇਨਕਲਾਬ ਦੇ ਕਿਸੇ ਵੀ ਵਿਚਾਰ ਦਾ ਅਤੇ ਫ਼ੌਰੀ ਇਨਕਲਾਬੀ ਘੋਲ ਵੱਲ ਚੁੱਕੇ ਜਾਂਦੇ ਸਾਰੇ ਕਦਮਾਂ ਦਾ ਮਜ਼ਾਕ ਉਡਾਉਣ ਵਿਚ ਬੁਰਜੂਆਜ਼ੀ ਨਾਲ ਸ਼ਾਮਲ ਹੋ ਰਿਹਾ ਹੈ।

"ਮਜ਼ਦੂਰ ਜਮਾਤ ਆਪਣਾ ਸੰਸਾਰ-ਇਨਕਲਾਬੀ ਰੋਲ ਉਦੋਂ ਤੱਕ ਨਹੀਂ ਨਿਭਾ ਸਕਦੀ ਜਦੋਂ ਤੱਕ ਉਹ ਪਿੱਛੇ ਵੱਲ ਤਿਲ੍ਹਕਣ, ਕੰਗਰੋੜਹੀਣਤਾ, ਮੌਕਾਪ੍ਰਸਤੀ ਦੀ ਸੇਵਾਦਾਰੀ ਅਤੇ ਮਾਰਕਸਵਾਦ ਦੇ ਸਿਧਾਂਤਾਂ ਦੇ ਬੇਮਿਸਾਲ ਗੰਵਾਰੂਕਰਣ ਦੇ ਖਿਲਾਫ਼ ਬੇਕਿਰਕ ਘੋਲ ਨਹੀਂ ਚਲਾਉਂਦੀ। ਕਾਊਟਸਕੀਵਾਦ ਕੋਈ ਸਬੱਬੀ ਚੀਜ਼ ਨਹੀਂ, ਇਹ ਦੂਜੀ ਇੰਟਰਨੈਸ਼ਨਲ ਦੇ ਅੰਦਰਲੀਆਂ ਵਿਰੋਧਤਾਈਆਂ ਦੀ ਸਮਾਜਕ ਉਪਜ ਹੈ, ਕਥਨੀ ਵਿੱਚ ਮਾਰਕਸਵਾਦ ਵੱਲ ਵਫ਼ਾਦਾਰੀ ਅਤੇ ਕਰਨੀ ਵਿਚ ਮੌਕਾਪ੍ਰਸਤੀ ਦੀ ਅਧੀਨਗੀ ਦਾ ਸੁਮੇਲ ਹੈ" (ਗ. ਜ਼ਿਨੋਵੀਏਵ ਅਤੇ ਨਿ. ਲੈਨਿਨ, "ਸੋਸ਼ਲਿਜ਼ਮ ਅਤੇ ਜੰਗ" ਜਨੇਵਾ, 1915, ਸਫੇ 13-14)।

ਮੁੜ ਕੇ, ਆਪਣੀ ਪੁਸਤਕ "ਸਾਮਰਾਜ, ਸਰਮਾਏਦਾਰੀ ਦਾ ਸਰਵਉੱਚ ਪੜਾਅ"* ਵਿੱਚ, ਜਿਹੜੀ 1916 ਵਿਚ ਲਿਖੀ ਗਈ ਅਤੇ 1917 ਵਿਚ ਪੀਤਰੋਗਰਾਦ ਤੋਂ ਪ੍ਰਕਾਸ਼ਤ ਹੋਈ, ਮੈਂ ਸਾਮਰਾਜ ਬਾਰੇ ਕਾਊਟਸਕੀ ਦੀਆਂ ਸਾਰੀਆਂ ਦਲੀਲਾਂ ਦੇ ਸਿਧਾਂਤਕ ਤੌਰ ਉੱਤੇ ਗ਼ਲਤ ਹੋਣ ਦੀ ਵਿਸਥਾਰ ਨਾਲ਼ ਨਿਰਖ-ਪਰਖ ਕੀਤੀ। ਮੈਂ ਕਾਊਟਸਕੀ ਵੱਲੋਂ ਦਿੱਤੀ ਗਈ ਸਾਮਰਾਜ ਦੀ ਪਰਿਭਾਸ਼ਾ ਦਾ ਹਵਾਲਾ ਦਿੱਤਾ ਸੀ, "ਸਾਮਰਾਜ ਬੇਹਦ ਵਿਕਸਤ ਸਨਅਤੀ ਸਰਮਾਏਦਾਰੀ ਦੀ ਉਪਜ ਹੈ। ਇਹ ਹਰ ਸਨਅਤੀ ਸਰਮਾਏਦਾਰੀ ਕੌਮ ਵਲੋਂ **ਜ਼ਰਾਇਤੀ** (ਸ਼ਬਦ ਉੱਤੇ ਜ਼ੋਰ ਕਾਊਟਸਕੀ ਵੱਲੋਂ ਹੈ) ਇਲਾਕੇ ਦੇ ਸਾਰੇ ਵੱਡੇ ਵੱਡੇ ਰਕਬਿਆਂ ਨੂੰ ਆਪਣੇ ਕਾਬੂ ਕਰਨ ਜਾਂ ਕਬਜ਼ਾ ਕਰਨ ਦੇ ਜਤਨ ਕਰਨਾ ਹੈ, ਭਾਵੇਂ ਉਸ ਇਲਾਕੇ ਉਤੇ ਕੋਈ ਵੀ ਕੌਮ ਵਸ ਰਹੀ ਹੋਵੇ"** ਮੈ ਇਹ ਸਿੱਧ ਕੀਤਾ ਸੀ ਕਿ ਇਹ ਪਰਿਭਾਸ਼ਾ ਕਿਵੇਂ ਬਿਲਕੁਲ ਗ਼ਲਤ ਹੈ, ਅਤੇ ਕਿਵੇਂ ਸਾਮਰਾਜ ਦੀਆਂ ਅਤਿ ਡੂੰਘੀਆਂ, ਵਿਰੋਧਤਾਈਆਂ ਦੀ ਪੋਚਾਪਾਚੀ ਕਰਨ ਦੇ

---

* ਲੈਨਿਨ, ਚੋਣਵੀਆਂ ਕਿਰਤਾਂ ਬਾਰਾਂ ਸੰਚੀਆਂ ਵਿਚ, ਐਡੀਸ਼ਨ 1990, ਪ੍ਰਗਤੀ ਪ੍ਰਕਾਸ਼ਨ, ਸੰਚੀ ਨੰਬਰ 4, ਸਫ਼ੇ 29-174)

** ਉਹੀ, ਸਫ਼ਾ, 130।

ਅਤੇ ਫਿਰ ਮੌਕਾਪ੍ਰਸਤੀ ਨਾਲ਼ ਸੁਮੇਲਣ ਦੇ ਨਾਲ਼ ਇਸਨੂੰ "ਅਨੁਕੂਲਿਆ ਗਿਆ" ਹੈ। ਸਾਮਰਾਜ ਦੀ ਮੈਂ ਆਪ ਇਹ ਪਰਿਭਾਸ਼ਾ ਦਿਤੀ ਸੀ; "ਸਾਮਰਾਜ ਸਰਮਾਏਦਾਰੀ ਦੇ ਵਿਕਾਸ ਦਾ ਉਹ ਪੜਾਅ ਹੈ ਜਿਸ ਉੱਤੇ ਅਜਾਰੇਦਾਰੀਆਂ ਅਤੇ ਵਿੱਤੀ ਸਰਮਾਏ ਦਾ ਗ਼ਲਬਾ ਸਥਾਪਤ ਹੋ ਜਾਂਦਾ ਹੈ, ਜਿਸ ਵਿੱਚ ਸਰਮਾਏ ਦੀ ਬਰਾਮਦ ਨੇ ਉਘੀ ਮਹੱਤਤਾ ਧਾਰਨ ਕਰ ਲਈ ਹੈ, ਜਿਸ ਵਿੱਚ ਕੌਮਾਂਤਰੀ ਟਰੱਸਟਾਂ ਵਿੱਚ ਦੁਨੀਆ ਦੀ ਵੰਡ ਸ਼ੁਰੂ ਹੋ ਚੁੱਕੀ ਹੁੰਦੀ ਹੈ, ਜਿਸ ਵਿੱਚ ਸਭ ਤੋਂ ਵੱਡੀਆਂ ਸਰਮਾਏਦਾਰ ਸ਼ਕਤੀਆਂ ਵਿੱਚ ਦੁਨੀਆ ਦੇ ਸਾਰੇ ਇਲਾਕਿਆ ਦੀ ਵੰਡ ਪੂਰੀ ਹੋ ਚੁੱਕੀ ਹੈ।"* ਮੈਂ ਸਾਬਤ ਕੀਤਾ ਸੀ ਕਿ ਕਾਊਟਸਕੀ ਵੱਲੋਂ ਸਰਮਾਏਦਾਰੀ ਦੀ ਆਲੋਚਨਾ ਬੁਰਜੂਆ, ਤੰਗ-ਨਜ਼ਰ ਅਲੋਚਨਾ ਨਾਲ਼ੋਂ ਵੀ ਨੀਵੀਂ ਪੱਧਰ ਉੱਤੇ ਹੈ।

ਆਖਰ, ਅਗਸਤ ਅਤੇ ਸਤੰਬਰ 1917 ਵਿੱਚ —ਅਰਥਾਤ ਰੂਸ ਵਿਚ ਪ੍ਰੋਲੇਤਾਰੀ ਇਨਕਲਾਬ (ਅਕਤੂਬਰ 25[ਨਵੰਬਰ 7], 1917) ਤੋਂ ਪਹਿਲਾਂ ਮੈਂ ਇਕ ਪੈਂਫ਼ਲਟ ਲਿਖਿਆ ਸੀ (1918 ਦੇ ਸ਼ੁਰੂ ਵਿੱਚ ਪੀਤਰੋਗਰਾਦ ਤੋਂ ਪ੍ਰਕਾਸ਼ਤ) ਜਿਸਦਾ ਸਿਰਲੇਖ ਸੀ—"ਰਾਜ ਅਤੇ ਇਨਕਲਾਬ। ਰਾਜ ਬਾਰੇ ਮਾਰਕਸਵਾਦੀ ਸਿਧਾਂਤ ਅਤੇ ਇਨਕਲਾਬ ਵਿੱਚ ਪ੍ਰੋਲਤਾਰੀ ਦੇ ਕਾਰਜਾਂ"** ਇਸ ਕਿਤਾਬ ਦੇ ਛੇਵੇਂ ਕਾਂਡ ਵਿੱਚ, "ਮੌਕਾਪ੍ਰਸਤਾਂ ਵੱਲੋਂ ਮਾਰਕਸਵਾਦ ਦਾ ਬਜ਼ਾਰੀਕਰਨ" ਸਿਰਲੇਖ ਹੇਠ, ਮੈਂ ਕਾਊਟਸਕੀ ਵੱਲ ਉਚੇਚਾ ਧਿਆਨ ਦਿੱਤਾ ਸੀ, ਇਹ ਸਿੱਧ ਕਰਦਿਆਂ ਕਿ ਉਸਨੇ ਮਾਰਕਸ ਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ, ਮੌਕਾਪ੍ਰਸਤੀ ਦੇ ਅਨੁਕੂਲ ਬਣਾਉਣ ਲਈ ਉਹਨਾਂ ਦੀ ਕਾਂਟ-ਛਾਂਟ ਕੀਤੀ ਹੈ ਅਤੇ "ਕਥਨੀ ਵਿੱਚ ਇਨਕਲਾਬ ਨੂੰ ਪ੍ਰਵਾਨ ਕਰਦਿਆਂ, ਕਰਨੀ ਵਿੱਚ ਇਸਦਾ ਖੰਡਨ ਕੀਤਾ ਹੈ।"

ਤੱਤ ਰੂਪ ਵਿੱਚ, ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਆਪਣੇ ਪੈਂਫ਼ਲਟ ਵਿੱਚ ਕਾਊਟਸਕੀ ਜਿਹੜੀ ਮੁੱਖ ਸਿਧਾਂਤਕ ਗ਼ਲਤੀ ਕਰਦਾ ਹੈ, ਉਹ ਰਾਜ ਬਾਰੇ ਮਾਰਕਸ ਦੇ ਵਿਚਾਰਾਂ ਦੇ ਉਹਨਾਂ ਮੌਕਾਪ੍ਰਸਤ ਵਿਗਾੜਾਂ ਵਿੱਚ ਮਿਲਦੀ ਹੈ, ਜਿਨ੍ਹਾਂ ਨੂੰ ਮੈਂ ਆਪਣੇ ਪੈਂਫ਼ਲਟ "ਰਾਜ ਅਤੇ ਇਨਕਲਾਬ" ਵਿੱਚ ਵਿਸਥਾਰ ਨਾਲ਼ ਬੇਨਕਾਬ ਕੀਤਾ ਸੀ।

ਇਹ ਮੁੱਢਲੀਆਂ ਟਿੱਪਣੀਆਂ ਜ਼ਰੂਰੀ ਹਨ, ਕਿਉਂਕਿ ਇਹਨਾਂ ਤੋਂ ਪਤਾ ਲੱਗਦਾ ਹੈ ਕਿ ਮੈਂ ਬਾਲਸ਼ਵਿਕਾਂ ਵੱਲੋਂ ਰਾਜਸੱਤਾ ਸੰਭਾਲਣ ਤੋਂ **ਬਹੁਤ ਪਹਿਲੋਂ** ਕਾਊਟਸਕੀ ਉੱਤੇ ਭਗੌੜਾ ਹੋਣ ਦਾ ਖੁੱਲ੍ਹਮ-ਖੁੱਲ੍ਹਾ ਦੋਸ਼ ਲਾਇਆ ਸੀ ਅਤੇ ਇਸ ਕਰਕੇ ਉਸ ਵਲੋਂ ਮੇਰੀ ਨਿਖੇਧੀ ਕੀਤੀ ਗਈ ਸੀ।

## ਕਾਊਟਸਕੀ ਨੇ ਮਾਰਕਸ ਨੂੰ ਕਿਵੇਂ ਇੱਕ ਸਾਧਾਰਨ ਉਦਾਰਵਾਦੀ ਬਣਾ ਦਿੱਤਾ

ਕਾਊਟਸਕੀ ਆਪਣੇ ਪੈਂਫ਼ਲਟ ਵਿੱਚ ਜਿਸ ਬੁਨਿਆਦੀ ਸਵਾਲ ਉੱਤੇ ਵਿਚਾਰ ਕਰਦਾ ਹੈ, ਉਹ ਹੈ ਪ੍ਰੋਲੇਤਾਰੀ ਇਨਕਲਾਬ ਦੇ ਬਿਲਕੁੱਲ ਸਾਰ-ਤੱਤ ਦਾ, ਅਰਥਾਤ,

* ਉਹੀ, ਸਫ਼ਾ 128

** ਲੈਨਿਨ, ਚੋਣਵੀਆਂ ਕਿਰਤਾਂ ਬਾਰ੍ਹਾਂ ਸੰਚੀਆਂ ਵਿਚ, ਸੈਂਚੀ-6, ਐਡੀਸ਼ਨ 1990, ਪ੍ਰਗਤੀ ਪ੍ਰਕਾਸ਼ਨ, ਸਫ਼ਾ 7-133)

ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਸਵਾਲ। ਇਹ ਐਸਾ ਸਵਾਲ ਹੈ ਜਿਹੜਾ ਸਾਰੇ ਦੇਸ਼ਾਂ ਲਈ, ਖਾਸ ਕਰਕੇ ਉੱਨਤ ਦੇਸ਼ਾਂ ਲਈ, ਖਾਸ ਕਰਕੇ ਜੰਗ ਵਿੱਚ ਸ਼ਾਮਲ ਦੇਸਾਂ ਲਈ, ਖਾਸ ਕਰਕੇ ਇਸ ਸਮੇਂ ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। ਅਤਿਕਥਨੀ ਦੇ ਕਿਸੇ ਵੀ ਡਰ ਤੋਂ ਬਿਨਾਂ ਇਹ ਕਿਹਾ ਜਾ ਸਕਦਾ ਹੈ ਕਿ ਸਮੁੱਚੇ ਪ੍ਰੋਲੇਤਾਰੀ ਜਮਾਤੀ ਘੋਲ਼ ਦੀ ਇਹ ਕੁੰਜੀਵਤ ਸਮੱਸਿਆ ਹੈ। ਇਸ ਲਈ ਇਸ ਵੱਲ ਉਚੇਰਾ ਧਿਆਨ ਦੇਣਾ ਜ਼ਰੂਰੀ ਹੈ।

ਕਾਊਟਸਕੀ ਇਸ ਸਵਾਲ ਨੂੰ ਇਸ ਪ੍ਰਕਾਰ ਸੂਤ੍ਰਿਤ ਕਰਦਾ ਹੈ– "ਦੋ ਸੋਸ਼ਲਿਸਟ ਰੁਝਾਣਾਂ" (ਭਾਵ, ਬਾਲਸ਼ਵਿਕ ਅਤੇ ਗ਼ੈਰ–ਬਾਲਸ਼ਵਿਕ) "ਵਿਚਕਾਰ ਫ਼ਰਕ ਦੋ ਬੁਨਿਆਦੀ ਤੌਰ ਉਤੇ ਵਖਰੇ ਢੰਗਾਂ – **ਡਿਕਟੇਟਰੀ ਵਾਲ਼ੇ** ਅਤੇ **ਜਮਹੂਰੀ**– ਵਿਚਕਾਰ ਫ਼ਰਕ ਹੈ।" (ਸਫ਼ਾ3)।

ਇੱਥੇ, ਵੈਸੇ, ਇਸ ਗੱਲ ਵੱਲ ਧਿਆਨ ਦੁਆ ਦਈਏ ਕਿ ਰੂਸ ਵਿਚਲੇ ਗ਼ੈਰ–ਬਾਲਸ਼ਵਿਕਾਂ, ਅਰਥਾਤ ਮੈਨਸ਼ਵਿਕਾਂ[6] ਸੋਸ਼ਲਿਸਟ ਇਨਕਲਾਬੀਆਂ[7] ਨੂੰ ਸੋਸ਼ਲਿਸਟ ਕਹਿਣ ਲੱਗਿਆਂ, ਕਾਊਟਸਕੀ ਉਹਨਾਂ ਦੇ **ਨਾਂ** ਤੋਂ ਅਗਵਾਈ ਲੈ ਰਿਹਾ ਹੈ, ਅਰਥਾਤ, ਇੱਕ ਸ਼ਬਦ ਤੋਂ, ਨਾ ਕਿ ਉਸ **ਅਸਲ ਥਾਂ** ਤੋਂ, ਜਿਹੜੀ ਉਹ ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਵਿਚਕਾਰ ਘੋਲ਼ ਵਿੱਚ ਰੱਖਦੇ ਹਨ। ਮਾਰਕਸਵਾਦ ਨੂੰ ਸਮਝਣ ਵਾਲੇ ਲਾਗੂ ਕਰਨ ਦਾ ਕਿਆ ਸ਼ਾਨਦਾਰ ਤਰੀਕਾ ਹੈ! ਪਰ ਇਸ ਬਾਰੇ ਹੋਰ ਵਧੇਰੇ ਮਗਰੋਂ ਕਹਾਂਗੇ।

ਹਾਲ ਦੀ ਘੜੀ, ਅਸੀਂ ਮੁੱਖ ਨੁਕਤੇ, ਅਰਥਾਤ "ਜਮਹੂਰੀ ਅਤੇ ਡਿਕਟੇਟਰੀ ਵਾਲ਼ੇ ਢੰਗਾਂ" ਵਿਚਕਾਰ "ਬੁਨਿਆਦੀ ਫ਼ਰਕ" ਬਾਰੇ ਕਾਊਟਸਕੀ ਦੀ ਮਹਾਨ ਲੱਭਤ ਨੂੰ ਲਵਾਂਗੇ। ਇਹ ਮਾਮਲੇ ਦਾ ਮੁੱਖ ਨੁਕਤਾ ਹੈ; ਇਹ ਕਾਊਟਸਕੀ ਦੇ ਪੈਂਫ਼ਲਟ ਦਾ ਸਾਰ–ਤੱਤ ਹੈ ਅਤੇ ਇਹ ਇਸ ਤਰ੍ਹਾਂ ਦਾ ਭਿਆਨਕ ਸਿਧਾਂਤਕ ਗੜਬੜ–ਘੁਟਾਲਾ ਹੈ, ਮਾਰਕਸਵਾਦ ਦਾ ਇਸ ਤਰ੍ਹਾਂ ਦਾ ਪੂਰਨ ਤਿਆਗ ਹੈ, ਕਿ ਕਾਊਟਸਕੀ, ਇਹ ਮੰਨਿਆ ਜਾਣਾ ਚਾਹੀਦਾ ਹੈ, ਬਰਨਸਟਾਈਨ ਤੋਂ ਵੀ ਬਹੁਤ ਅੱਗੇ ਲੰਘ ਗਿਆ ਹੈ।

ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਸਵਾਲ ਪ੍ਰੋਲੇਤਾਰੀ ਰਾਜ ਦੇ ਬੁਰਜੂਆ ਰਾਜ ਨਾਲ਼ ਸਬੰਧ ਦਾ, ਪ੍ਰੋਲੇਤਾਰੀ ਜਮਹੂਰੀਅਤ ਦੇ ਬੁਰਜੂਆ ਜਮਹੂਰੀਅਤ ਨਾਲ਼ ਸਬੰਧ ਦਾ ਸਵਾਲ ਹੈ। ਬੰਦਾ ਸੋਚ ਸਕਦਾ ਹੈ ਕਿ ਇਹ ਬਿਲਕੁਲ ਸਾਫ਼ ਸਪੱਸ਼ਟ ਗੱਲ ਹੈ। ਪਰ ਕਾਊਟਸਕੀ, ਇੱਕ ਸਕੂਲ–ਅਧਿਆਪਕ ਵਾਂਗ ਜਿਹੜਾ ਇਤਿਹਾਸ ਬਾਰੇ ਉਹੀ ਪੁਰਾਣੀਆਂ ਪਾਠ–ਪੁਸਤਕਾਂ ਦੇ ਹਵਾਲੇ ਦੇ ਦੇ ਕੇ ਧੂਲ ਵਰਗਾ ਖੁਸ਼ਕ ਹੋ ਚੁੱਕਾ ਹੁੰਦਾ ਹੈ, ਮੁੜ ਮੁੜ ਕੇ ਵੀਹਵੀਂ ਸਦੀ ਵੱਲ ਆਪਣੀ ਪਿੱਠ ਕਰ ਲੈਂਦਾ ਹੈ ਅਤੇ ਅਠ੍ਹਾਰਵੀਂ ਸਦੀ ਵੱਲ ਪੱਕੀ ਤਰ੍ਹਾਂ ਆਪਣਾ ਮੂੰਹ ਕਰ ਲੈਂਦਾ ਹੈ ਅਤੇ ਕਈ ਪੈਰ੍ਹਿਆਂ ਵਿੱਚ ਸੈਂਕੜੇ ਵਾਰੀ ਯਕੀਨੋਂ ਬਾਹਰੇ ਅਕਾਵੇਂ ਅੰਦਾਜ਼ ਵਿੱਚ ਬੁਰਜੂਆ ਜਮਹੂਰੀਅਤ ਦੇ ਨਿਰੰਕੁਸ਼ਵਾਦ ਅਤੇ ਮੱਧਕਾਲੀਨਵਾਦ ਨਾਲ਼ ਸਬੰਧ ਬਾਰੇ ਪੁਰਾਣੇ ਘਸੇ–ਪਿਟੇ ਫ਼ਿਕਰਿਆਂ ਨੂੰ ਦੁਹਰਾਈ ਜਾਂਦਾ ਹੈ।

ਇੰਝ ਲੱਗਦਾ ਹੈ ਜਿਵੇਂ ਉਹ ਨੀਂਦ ਵਿੱਚ ਆਪਣੇ ਚੀਥੜੇ ਚੱਬ ਰਿਹਾ ਹੋਵੇ!

ਪਰ ਇਸਦਾ ਮਤਲਬ ਹੈ ਕਿ ਉਹ ਇਹ ਗੱਲ ਸਮਝਣ ਤੋਂ ਪੂਰੀ ਤਰ੍ਹਾਂ ਅਸਮਰੱਥ ਹੈ ਕਿ ਕਿਹੜੀ ਗੱਲ ਕਿਵੇਂ ਹੈ! ਕਾਊਟਸਕੀ ਦੇ ਇਸ ਯਤਨ ਉੱਪਰ ਬੰਦਾ ਮੁਸਕਰਾਏ ਬਿਨਾਂ

ਨਹੀਂ ਰਹਿ ਸਕਦਾ ਜਦੋਂ ਉਹ ਉਹ ਇਹ ਦੱਸਦਾ ਲੱਗਦਾ ਹੈ ਕਿ ਐਸੇ ਲੋਕ ਵੀ ਹਨ ਜਿਹੜੇ "ਜਮਹੂਰੀਅਤ ਪ੍ਰਤੀ ਨਫ਼ਰਤ" (ਸਫ਼ਾ 11) ਦਾ ਪ੍ਰਚਾਰ ਕਰਦੇ ਹਨ, ਆਦਿ। ਮਾਮਲੇ ਨੂੰ ਧੁੰਦਲਾ ਬਣਾਉਣ ਅਤੇ ਘਚੋਲ਼ੇ ਵਿੱਚ ਪਾਉਣ ਲਈ ਇਸ ਤਰ੍ਹਾਂ ਦਾ ਊਲ-ਜਲੂਲ ਹੈ, ਜਿਸਦੀ ਕਾਉਟਸਕੀ ਵਰਤੋਂ ਕਰਦਾ ਹੈ, ਕਿਉਂਕਿ ਆਮ ਕਰਕੇ ਜਮਹੂਰੀਅਤ ਦੀ, ਨਾ ਕਿ **ਬੁਰਜੂਆ** ਜਮਹੂਰੀਅਤ ਦੀ ਗੱਲ ਕਰਦਿਆਂ ਉਹ ਉਦਾਰਵਾਦੀਆਂ ਵਾਂਗ ਗੱਲ ਕਰਦਾ ਹੈ, ਉਹ ਤਾਂ ਸਗੋਂ ਇਸ ਠੀਕ ਠੀਕ, ਸ਼੍ਰੇਣੀ ਸ਼ਬਦਾਵਲੀ ਦੀ ਵਰਤੋਂ ਕਰਨ ਤੋਂ ਵੀ ਕਤਰਾਉਂਦਾ ਹੈ ਅਤੇ ਇਸਦੀ ਥਾਂ "ਪੂਰਵ-ਸੋਸ਼ਲਿਸਟ" ਜਮਹੂਰੀਅਤ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਲਫ਼ੈਜ਼ਬਾਜ਼ ਆਪਣੇ ਪੈਂਫ਼ਲਟ ਦਾ ਲਗਭਗ ਤੀਜਾ ਹਿੱਸਾ, 63 ਸਫ਼ਿਆਂ ਵਿੱਚੋਂ 20 ਸਫ਼ੇ, ਇਸ ਊਲ-ਜਲੂਲ ਉੱਤੇ ਲਾਉਂਦਾ ਹੈ, ਜਿਹੜੀ ਬੁਰਜੂਆਜ਼ੀ ਲਈ ਏਨੀ ਸੁਖਾਵੀਂ ਹੈ, ਕਿਉਂ ਕਿ ਇਸਦਾ ਮਤਲਬ ਬੁਰਜੂਆ ਜਮਹੂਰੀਅਤ ਨੂੰ ਲਿਸ਼ਕਾਉਣਾ ਹੈ ਅਤੇ ਇਹ ਪ੍ਰੋਲੇਤਾਰੀ ਇਨਕਲਾਬ ਦੇ ਸਵਾਲ ਨੂੰ ਅਸਪਸ਼ਟ ਬਣਾਂ ਦੇਂਦੀ ਹੈ।

ਪਰ, ਆਖਰ, ਕਾਉਟਸਕੀ ਦੇ ਪੈਂਫ਼ਲਟ ਦਾ ਸਿਰਲੇਖ ਹੈ, "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ"। ਹਰ ਕੋਈ ਜਾਣਦਾ ਹੈ ਕਿ ਮਾਰਕਸ ਦੇ ਸਿਧਾਂਤ ਦਾ ਬਿਲਕੁਲ ਇਹੀ ਸਾਰ-ਤੱਤ ਹੈ, ਅਤੇ ਬਹੁਤ ਸਾਰੀ ਫ਼ਜ਼ੂਲ ਊਲ-ਜਲੂਲ ਤੋਂ ਪਿਛੋਂ ਕਾਉਟਸਕੀ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਮਾਰਕਸ ਦੇ ਸ਼ਬਦਾਂ ਦਾ ਹਵਾਲਾ ਦੇਣ ਲਈ **ਮਜ਼ਬੂਰ ਹੋ ਗਿਆ।**

ਪਰ **ਜਿਸ ਤਰੀਕੇ ਨਾਲ਼** ਉਸਨੇ, "ਮਾਰਕਸਵਾਦੀ" ਨੇ, ਇਹ ਕੀਤਾ, ਉਹ ਹਾਸੋਹੀਣਾ ਹੀ ਸੀ! ਜ਼ਰਾ ਸੁਣੋ:

"ਇਹ ਵਿਚਾਰ" (ਜਿਸਨੂੰ ਕਾਉਟਸਕੀ ਜਮਹੂਰੀਅਤ ਲਈ ਨਫ਼ਰਤ ਦਾ ਨਾਂ ਦੇਂਦਾ ਹੈ) "ਕਾਰਲ ਮਾਰਕਸ ਦੇ ਇੱਕੋ ਇੱਕ ਸ਼ਬਦ ਉੱਪਰ ਅਧਾਰਤ ਹੈ।" ਇਹ ਹੈ ਜੋ ਕਾਉਟਸਕੀ ਨੇ ਸਫ਼ਾ 20 ਉੱਤੇ ਇਹਨਾਂ ਹੀ ਸ਼ਬਦਾਂ ਵਿੱਚ ਕਿਹਾ ਹੈ। ਅਤੇ ਸਫ਼ਾ 60 ਉੱਤੇ ਇਹੀ ਗੱਲ ਦੁਹਰਾਈ ਗਈ ਹੈ, ਬਿਲਕੁਲ ਇਸ ਰੂਪ ਵਿਚ ਕਿ ਉਹਨਾਂ (ਬਾਲਸ਼ਵਿਕਾਂ) ਨੂੰ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਛੋਟਾ ਜਿਹਾ ਸ਼ਬਦ" (ਬਿਲਕੁਲ ਇਹਨਾਂ ਹੀ ਲਫ਼ਜ਼ਾਂ ਵਿੱਚ ਉਹ ਕਹਿੰਦਾ ਹੈ-des Wörtchens) "ਮੌਕੇ ਸਿਰ ਯਾਦ ਆ ਗਿਆ, ਜਿਹੜਾ ਮਾਰਕਸ ਨੇ ਇੱਕ ਵਾਰੀ 1875 ਵਿੱਚ ਇੱਕ ਚਿੱਠੀ ਵਿੱਚ ਵਰਤਿਆ ਸੀ।"

ਮਾਰਕਸ ਦਾ "ਛੋਟਾ ਜਿਹਾ ਸ਼ਬਦ" ਇਹ ਹੈ:

"ਸਰਮਾਏਦਾਰਾ ਅਤੇ ਕਮਿਊਨਿਸਟ ਸਮਾਜ ਦੇ ਵਿਚਕਾਰ ਇੱਕ ਦੇ ਦੂਜੇ ਵਿੱਚ ਬਦਲਣ ਦੇ ਇਨਕਲਾਬੀ ਕਾਇਆ-ਕਲਪ ਦਾ ਦੌਰ ਹੁੰਦਾ ਹੈ। ਇਸੇ ਦੇ ਮੁਤਾਬਕ ਹੀ ਇਕ ਰਾਜਸੀ ਬਦਲੀ ਕਾਲ ਵੀ ਹੁੰਦਾ ਹੈ ਜਿਸ ਵਿੱਚ ਰਾਜ ਪ੍ਰੋਲੇਤਾਰੀਆਂ ਦੀ ਇਨਕਲਾਬੀ ਡਿਕਟੇਟਰਸ਼ਿਪ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ।"[8]

ਪਹਿਲੀ ਗੱਲ, ਮਾਰਕਸ ਦੇ ਇਸ ਕਲਾਸਕੀ ਤਰਕ ਨੂੰ, ਜਿਹੜਾ ਉਨ੍ਹਾਂ ਦੀ ਸਾਰੀ ਇਨਕਲਾਬੀ ਸਿੱਖਿਆ ਦਾ ਨਿਚੋੜ ਪੇਸ਼ ਕਰਦਾ ਹੈ, "ਇਕੋ ਇਕ ਸ਼ਬਦ" ਅਤੇ ਸਗੋਂ "ਛੋਟਾ ਜਿਹਾ ਸ਼ਬਦ" ਕਹਿਣਾ ਮਾਰਕਸਵਾਦ ਦਾ ਅਪਮਾਨ ਅਤੇ ਇਸਦਾ ਪੂਰਨ ਤਿਆਗ

ਹੈ। ਇਹ ਭੁੱਲਣਾ ਨਹੀਂ ਚਾਹੀਦਾ ਕਿ ਕਾਊਟਸਕੀ ਨੂੰ ਮਾਰਕਸ ਲਗਭਗ ਜ਼ੁਬਾਨੀ ਯਾਦ ਹੈ ਅਤੇ ਜੋ ਕੁਝ ਉਸਨੇ ਲਿਖਿਆ, ਉਸ ਸਾਰੇ ਕੁਝ ਤੋਂ ਅੰਦਾਜ਼ਾ ਲਾਇਆਂ, ਲੱਗਦਾ ਹੈ ਕਿ ਉਸਦੇ ਮੇਜ਼ ਦੇ, ਜਾਂ ਉਸਦੇ ਸਿਰ ਵਿਚ ਬਹੁਤ ਸਾਰੇ ਖਾਨੇ ਹਨ ਜਿਨ੍ਹਾਂ ਵਿੱਚ ਜੋ ਕੁਝ ਵੀ ਮਾਰਕਸ ਨੇ ਕਦੀ ਲਿਖਿਆ ਸੀ, ਉਹ ਸਾਰਾ ਕੁਝ ਧਿਆਨ ਨਾਲ਼ ਫ਼ਾਈਲ ਕੀਤਾ ਪਿਆ ਹੈ, ਤਾਂ ਕਿ ਟੂਕ ਦੇਣ ਲਈ ਪ੍ਰਾਪਤ ਰਹੇ। ਕਾਊਟਸਕੀ ਨੂੰ ਇਹ **ਪਤਾ ਹੋਣਾ ਚਾਹੀਦਾ ਹੈ** ਕਿ ਮਾਰਕਸ ਅਤੇ ਏਂਗਲਜ਼, ਦੋਹਾਂ ਨੇ ਹੀ ਆਪਣੀਆਂ ਚਿੱਠੀਆਂ ਵਿੱਚ ਵੀ ਅਤੇ ਆਪਣੀਆਂ ਪ੍ਰਕਾਸ਼ਤ ਰਚਨਾਵਾਂ ਵਿੱਚ ਵੀ ਪੈਰਿਸ ਕਮਿਊਨਿ[9] ਤੋਂ ਪਹਿਲਾਂ ਅਤੇ ਖਾਸ ਕਰਕੇ ਇਸਤੋਂ ਪਿੱਛੋਂ **ਮੁੜ ਮੁੜ ਕੇ** ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੀ ਗੱਲ ਕੀਤੀ ਹੈ। ਕਾਊਤਸਕੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ" ਦਾ ਫ਼ਾਰਮੂਲਾ ਬੁਰਜੂਆ ਰਾਜਕੀ ਮਸ਼ੀਨਰੀ "ਤਬਾਹ ਕਰਨ" ਦੇ ਪ੍ਰੋਲੇਤਾਰੀਆਂ ਦੇ ਕਾਰਜ ਦਾ ਇਤਿਹਾਸਕ ਤੌਰ ਉਤੇ ਸਿਰਫ਼ ਵਧੇਰੇ ਠੋਸ ਅਤੇ ਵਿਗਿਆਨਕ ਤੌਰ ਉੱਤੇ ਠੀਕ ਠੀਕ ਸੂਤ੍ਰੀਕਰਣ ਹੀ ਹੈ, ਜਿਸ ਬਾਰੇ ਮਾਰਕਸ ਅਤੇ ਏਂਗਲਜ਼ ਦੋਵੇਂ ਹੀ 1848 ਦੇ ਇਨਕਲਾਬ ਦੇ, ਅਤੇ ਹੋਰ ਹੀ ਵਧੇਰੇ, 1871 ਦੇ ਇਨਕਲਾਬ ਦੇ ਤਜ਼ਰਬੇ ਦਾ ਨਿਚੋੜ ਕੱਢਦਿਆਂ 1852 ਅਤੇ 1891 ਦੇ ਵਿਚਕਾਰ **ਚਾਲ੍ਹੀ ਸਾਲਾਂ ਤੱਕ** ਗੱਲ ਕਰਦੇ ਰਹੇ।

ਮਾਰਕਸਵਾਦੀ ਗੂਹੜ-ਗਿਆਨੀ ਕਾਊਟਸਕੀ ਵੱਲੋਂ ਮਾਰਕਸਵਾਦ ਦੇ ਇਸ ਭਿਅੰਕਰ ਵਿਗਾੜ ਦੀ ਵਿਆਖਿਆ ਕਿਵੇਂ ਕੀਤੀ ਜਾਏ ? ਜਿੱਥੋਂ ਤੱਕ ਇਸ ਵਰਤਾਰੇ ਦੀਆਂ ਦਾਰਸ਼ਨਿਕ ਜੜ੍ਹਾਂ ਦਾ ਸਵਾਲ ਹੈ, ਇਹ ਵਿਰੋਧ-ਵਿਕਾਸ ਦੀ ਥਾਂ ਚੌਂਗਮਤ ਅਤੇ ਕੁਤਰਕਤਾ ਨੂੰ ਦੇਣਾ ਹੋ ਨਿੱਬੜਦਾ ਹੈ। ਇਸ ਤਰ੍ਹਾਂ ਦੀ ਥਾਂ-ਬਦਲੀ ਕਰਨ ਵਿੱਚ ਕਾਊਟਸਕੀ ਉਸਤਾਦ ਹੈ। ਅਮਲੀ ਰਾਜਨੀਤੀ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ, ਇਹ ਮੌਕਾਪ੍ਰਸਤਾਂ ਦੀ, ਅਰਥਾਤ, ਅੰਤਮ-ਵਿਸ਼ਲੇਸ਼ਣ ਵਿੱਚ ਬੁਰਜੂਆਜ਼ੀ ਦੀ ਸੇਵਾਦਾਰੀ ਹੋ ਨਿੱਬੜਦਾ ਹੈ। ਜੰਗ ਛਿੜਨ ਤੋਂ ਲੈ ਕੇ, ਕਾਊਟਸਕੀ ਨੇ ਕਥਨੀ ਵਿਚ ਮਾਰਕਸਵਾਦੀ ਹੋਣ ਅਤੇ ਕਰਨੀ ਵਿੱਚ ਬੁਰਜੂਆਜ਼ੀ ਦਾ ਪਿੱਠੂ ਹੋਣ ਦੀ ਇਸ ਕਲਾ ਵਿੱਚ ਵਧਦੀ ਗਤੀ ਨਾਲ਼ ਤੇਜ਼ ਤਰੱਕੀ ਕੀਤੀ ਹੈ, ਇਥੋਂ ਤੱਕ ਕਿ ਹੁਣ ਉਹ ਇਸ ਵਿੱਚ ਨਿਪੁੰਨ ਹੋ ਗਿਆ ਹੈ।

ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਮਾਰਕਸ ਦੇ "ਛੋਟੇ ਜਿਹੇ ਸ਼ਬਦ" ਦੀ ਜਿਸ ਸ਼ਾਨਦਾਰ ਤਰੀਕੇ ਨਾਲ ਕਾਊਟਸਕੀ "ਵਿਆਖਿਆ" ਕਰਦਾ ਹੈ, ਉਸਦੀ ਨਿਰਖ-ਪਰਖ ਕਰਦਿਆਂ ਸਾਨੂੰ ਹੋਰ ਵੀ ਜ਼ਿਆਦਾ ਇਸ ਗੱਲ ਦਾ ਯਕੀਨ ਹੋ ਜਾਂਦਾ ਹੈ। ਜ਼ਰਾ ਸੁਣੋ:

> "ਮਾਰਕਸ ਨੇ, ਬਦਕਿਸਮਤੀ ਨੂੰ, ਸਾਨੂੰ ਵਧੇਰੇ ਵਿਸਥਾਰ ਵਿੱਚ ਇਹ ਦੱਸਣ ਵੱਲ ਧਿਆਨ ਨਾ ਦਿਤਾ ਕਿ ਉਹ ਇਸ ਡਿਕਟੇਟਰਸ਼ਿਪ ਦੀ ਕਿਵੇਂ ਕਲਪਨਾ ਕਰਦਾ ਹੈ...।" (ਇਹ ਇੱਕ ਭਗੌੜੇ ਦੀ ਬਿਲਕੁੱਲ ਝੂਠੀ ਲੱਫ਼ਾਜ਼ੀ ਹੈ, ਕਿਉਂਕਿ ਮਾਰਕਸ ਅਤੇ ਏਂਗਲਜ਼ ਨੇ, ਸੱਚਮੁੱਚ, ਸਾਨੂੰ ਕਾਫ਼ੀ ਸਾਰੇ ਬਹੁਤ ਵਿਸਤ੍ਰਿਤ ਸੰਕੇਤ ਦਿਤੇ ਹਨ, ਜਿਨ੍ਹਾਂ ਨੂੰ ਕਾਊਟਸਕੀ, ਮਾਰਕਸਵਾਦੀ ਗੂਹੜ-ਗਿਆਨੀ , ਨੇ ਜਾਣ-ਬੁਝ ਕੇ ਨਜ਼ਰ-ਅੰਦਾਜ਼ ਕਰ ਦਿਤਾ ਹੈ।) "... ਸ਼ਾਬਦਿਕ ਅਰਥਾਂ ਵਿਚ

ਡਿਕਟੇਟਰਸ਼ਿਪ ਸ਼ਬਦ ਦਾ ਮਤਲਬ, ਜਮਹੂਰੀਅਤ ਦਾ ਖਾਤਮਾ ਹੈ। ਪਰ, ਬੇਸ਼ਕ, ਸ਼ਾਬਦਿਕ ਅਰਥਾਂ ਵਿੱਚ ਲਿਆਂ ਇਸ ਸ਼ਬਦ ਦਾ ਮਤਲਬ ਕਿਸੇ ਇੱਕ ਵਿਅਕਤੀ ਦਾ ਕਿਸੇ ਵੀ ਕਾਨੂੰਨਾਂ ਦੀ ਬੰਦਸ਼ ਤੋਂ ਬਿਨਾਂ ਅਵੰਡ ਰਾਜ ਵੀ ਹੁੰਦਾ ਹੈ—ਇੱਕਪੁਰਖਾ ਰਾਜ, ਜਿਹੜਾ ਤਾਨਾਸ਼ਾਹੀ ਤੋਂ ਸਿਰਫ਼ ਏਨਾਂ ਕੁ ਵੱਖਰਾ ਹੁੰਦਾ ਹੈ ਕਿ ਇਹ ਸਥਾਈ ਰਾਜਕੀ ਸੰਸਥਾ ਵਜੋਂ ਨਹੀਂ ਲਿਆ ਜਾ ਸਕਦਾ, ਸਗੋਂ ਇੱਕ ਥੋਹੜ-ਚਿਰੇ ਹੰਗਾਮੀ ਕਦਮ ਵਜੋਂ ਹੀ ਲਿਆ ਜਾ ਸਕਦਾ ਹੈ।

"ਸ਼ਬਦ, 'ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ', ਇਸ ਲਈ ਕਿਸੇ ਇਕ ਵਿਅਕਤੀ ਦੀ ਨਹੀਂ ਸਗੋਂ ਇਕ ਸ਼੍ਰੇਣੀ ਦੀ ਡਿਕਟੇਟਰਸ਼ਿਪ, ਆਪਣੇ ਆਪ ਹੀ ਇਸ ਸੰਭਾਵਨਾਂ ਨੂੰ ਰੱਦ ਕਰਦਾ ਹੈ ਕਿ ਇਸ ਸਬੰਧ ਵਿੱਚ ਮਾਰਕਸ ਦੇ ਮਨ ਵਿੱਚ ਆਪਣੇ ਸ਼ਾਬਦਿਕ ਅਰਥਾਂ ਵਿੱਚ ਡਿਕਟੇਟਰਸ਼ਿਪ ਸੀ।

"ਉਹ ਇੱਥੇ **ਸਰਕਾਰ ਦੇ ਕਿਸੇ ਰੂਪ** ਦੀ ਗੱਲ ਨਹੀਂ ਕਰ ਰਿਹਾ, ਸਗੋਂ ਇੱਕ **ਹਾਲਤ** ਦੀ ਗੱਲ ਕਰ ਰਿਹਾ ਹੈ ਜਿਹੜੀ ਲਾਜ਼ਮੀ ਤੌਰ ਉੱਤੇ ਪੈਦਾ ਹੋ ਜਾਏਗੀ ਜਦੋਂ ਵੀ ਪ੍ਰੋਲੇਤਾਰੀ ਰਾਜਸੀ ਸੱਤ੍ਹਾ ਪ੍ਰਾਪਤ ਕਰਦੇ ਹਨ। ਇਸ ਗੱਲ ਦਾ, ਕਿ ਮਾਰਕਸ ਨੇ ਮਨ ਵਿੱਚ ਕੋਈ ਸਰਕਾਰ ਦਾ ਰੂਪ ਨਹੀਂ ਸੀ, ਇਸ ਤੱਥ ਤੋਂ ਵੀ ਸਬੂਤ ਮਿਲਦਾ ਹੈ ਕਿ ਉਸ ਦੀ ਰਾਇ ਇਹ ਸੀ ਕਿ ਬਰਤਾਨੀਆ ਅਤੇ ਅਮਰੀਕਾ ਵਿੱਚ ਇਹ ਤਬਦੀਲੀ, ਹੋ ਸਕਦਾ ਹੈ, ਸ਼ਾਂਤਮਈ ਢੰਗ ਨਾਲ਼, ਅਰਥਾਤ, ਜਮਹੂਰੀ ਤਰੀਕੇ ਨਾਲ਼ ਵਾਪਰੇ।" (ਸਫ਼ਾ 20)

ਅਸੀਂ ਜਾਣ-ਬੁੱਝ ਕੇ ਇਹ ਦਲੀਲ ਪੂਰੀ ਦੀ ਪੂਰੀ ਇੱਥੇ ਦਿੱਤੀ ਹੈ ਤਾਂ ਕਿ ਪਾਠਕ ਸਪੱਸ਼ਟ ਦੇਖ ਸਕੇ ਕਿ "ਸਿਧਾਂਤਕਾਰ" ਕਾਊਟਸਕੀ ਕਿਹੜੇ ਢੰਗ ਵਰਤਦਾ ਹੈ।

ਕਾਊਟਸਕੀ ਨੇ ਇਸ ਸਵਾਲ ਨੂੰ ਇਸ ਤਰੀਕੇ ਨਾਲ਼ ਲੈਣਾ ਚੁਣਿਆ ਕਿ "**ਸ਼ਬਦ**" ਡਿਕਟੇਟਰਸ਼ਿਪ ਦੀ ਪ੍ਰੀਭਾਸ਼ਾ ਤੋਂ ਸ਼ੁਰੂ ਕੀਤਾ ਜਾਏ।

ਬਹੁਤ ਅੱਛਾ। ਹਰ ਇੱਕ ਦਾ ਆਪਣਾ ਪਵਿੱਤਰ ਅਧਿਕਾਰ ਹੈ ਕਿ ਉਹ ਕਿਸੇ ਸਵਾਲ ਨੂੰ ਜਿਸ ਤਰੀਕੇ ਨਾਲ਼ ਚਾਹੇ, ਲਵੇ। ਬੰਦੇ ਨੂੰ ਸਿਰਫ਼ ਗੰਭੀਰ ਅਤੇ ਈਮਾਨਦਾਰ ਪਹੁੰਚ ਤੋਂ ਬੇਈਮਾਨ ਪਹੁੰਚ ਦਾ ਨਿਖੇੜ ਕਰ ਲੈਣਾ ਚਾਹੀਦਾ ਹੈ। ਜਿਹੜਾ ਵੀ ਕੋਈ ਇਸ ਸਵਾਲ ਵੱਲ ਇਸ ਤਰੀਕੇ ਨਾਲ਼ ਪਹੁੰਚ ਰੱਖਣ ਵਿੱਚ ਗੰਭੀਰ ਹੋਣਾ ਚਾਹੁੰਦਾ ਹੈ, ਉਸਨੂੰ ਇਸ "ਸ਼ਬਦ" ਦੀ ਖੁਦ **ਆਪਣੀ ਪਰਿਭਾਸ਼ਾ** ਦੇਣੀ ਚਾਹੀਦੀ ਹੈ। ਫ਼ਿਰ ਸਵਾਲ ਚੰਗੀ ਤਰ੍ਹਾਂ ਅਤੇ ਸਪੱਸ਼ਟਤਾ ਨਾਲ਼ ਪੇਸ਼ ਹੋ ਜਾਵੇਗਾ। ਪਰ ਕਾਊਟਸਕੀ ਇੰਝ ਨਹੀਂ ਕਰਦਾ। "ਸ਼ਾਬਦਿਕ ਅਰਥਾਂ ਵਿੱਚ", ਉਹ ਲਿਖਦਾ ਹੈ, "ਡਿਕਟੇਟਰਸ਼ਿਪ ਸ਼ਬਦ ਦਾ ਮਤਲਬ ਜਮਹੂਰੀਅਤ ਦਾ ਖਾਤਮਾ ਹੈ।"

ਪਹਿਲੀ ਥਾਂ ਉੱਤੇ, ਇਹ ਕੋਈ ਪਰਿਭਾਸ਼ਾ ਨਹੀਂ। ਜੇ ਕਾਊਟਸਕੀ ਇਸ ਸੰਕਲਪ, ਡਿਕਟੇਟਰਸ਼ਿਪ, ਦੀ ਪਰਿਭਾਸ਼ਾ ਦੇਣ ਤੋਂ ਕੰਨੀ ਕਤਰਾਉਣਾ ਚਾਹੁੰਦਾ ਸੀ, ਤਾਂ ਫਿਰ ਉਸਨੇ ਇਸ ਸਵਾਲ ਵੱਲ ਇਹ ਖਾਸ ਪਹੁੰਚ ਅਪਣਾਉਣਾ ਕਿਉਂ ਚੁਣਿਆ?

ਦੂਜੀ ਗੱਲ, ਇਹ ਪ੍ਰਤੱਖ ਤੌਰ ਉੱਤੇ ਗ਼ਲਤ ਹੈ। ਇੱਕ ਉਦਾਰਵਾਦੀ ਲਈ ਆਮ ਕਰਕੇ "ਜਮਹੂਰੀਅਤ" ਦੀ ਗੱਲ ਕਰਨਾ ਕੁਦਰਤੀ ਹੈ, ਪਰ ਇਕ ਮਾਰਕਸਵਾਦੀ ਇਹ

ਪੁੱਛਣਾ ਕਦੀ ਨਹੀਂ ਭੁੱਲੇਗਾ: "ਕਿਹੜੀ ਸ਼੍ਰੇਣੀ ਲਈ ?" ਹਰ ਕੋਈ ਜਾਣਦਾ ਹੈ, ਉਦਾਹਰਣ ਵਜੋਂ, (ਅਤੇ "ਇਤਿਹਾਸਕਾਰ" ਕਾਊਟਸਕੀ ਵੀ ਇਹ ਜਾਣਦਾ ਹੈ), ਕਿ ਪੁਰਾਤਨ ਸਮਿਆਂ ਵਿੱਚ ਗ਼ੁਲਾਮਾਂ ਦੀਆਂ ਬਗ਼ਾਵਤਾਂ ਜਾਂ ਉਹਨਾਂ ਵਿਚਕਾਰ ਜ਼ਬਰਦਸਤ ਬੇਚੈਨੀ ਵੀ ਇੱਕਦਮ ਇਸ ਤੱਥ ਨੂੰ ਸਾਮ੍ਹਣੇ ਲੈ ਆਉਂਦੀ ਸੀ ਕਿ ਪੁਰਾਤਨ ਰਾਜ ਤੱਤ–ਰੂਪ ਵਿੱਚ **ਗ਼ੁਲਾਮ-ਮਾਲਕਾਂ ਦੀ ਡਿਕਟੇਟਰਸ਼ਿਪ** ਸੀ। ਕੀ ਇਸ ਡਿਕਟੇਟਰਸ਼ਿਪ ਨੇ ਗੁਲਾਮਾਂ–ਮਾਲਕਾਂ **ਵਿਚਕਾਰ**, ਅਤੇ ਉਹਨਾਂ **ਲਈ**, ਜਮਹੂਰੀਅਤ ਖ਼ਤਮ ਕਰ ਦਿੱਤੀ ਸੀ ? ਹਰ ਕੋਈ ਜਾਣਦਾ ਹੈ ਕਿ ਇਸਨੇ ਨਹੀਂ ਸੀ ਕੀਤੀ।

"ਮਾਰਕਸਵਾਦੀ" ਕਾਊਟਸਕੀ ਨੇ ਭਿਅੰਕਰ ਹੱਦ ਤੱਕ ਬੇਹੂਦਾ ਅਤੇ ਗ਼ਲਤ ਬਿਆਨ ਦਿੱਤਾ ਹੈ ਕਿਉਂਕਿ ਸ਼੍ਰੇਣੀ ਘੋਲ਼ ਨੂੰ "**ਭੁੱਲ ਗਿਆ ਹੈ**" …

ਕਾਊਟਸਕੀ ਦੇ ਉਦਾਰਵਾਦੀ ਅਤੇ ਝੂਠੇ ਦਾਅਵੇ ਨੂੰ ਮਾਰਕਸਵਾਦੀ ਅਤੇ ਸੱਚੇ ਦਾਅਵੇ ਵਿੱਚ ਬਦਲਣ ਲਈ ਸਾਨੂੰ ਇਹ ਕਹਿਣਾ ਚਾਹੀਦਾ ਹੈ: ਡਿਕਟੇਟਰਸ਼ਿਪ ਦਾ ਲਾਜ਼ਮੀ ਤੌਰ ਉੱਤੇ ਅਰਥ ਉਸ ਸ਼੍ਰੇਣੀ ਲਈ ਜਮਹੂਰੀਅਤ ਖਤਮ ਕਰਨਾ ਨਹੀਂ ਹੁੰਦਾ ਜਿਹੜੀ ਦੂਜੀਆਂ ਸ਼੍ਰੇਣੀਆਂ ਉਤੇ ਡਿਕਟੇਟਰਸ਼ਿਪ ਚਲਾਉਂਦੀ ਹੈ, ਪਰ ਇਸਦਾ ਮਤਲਬ ਉਸ ਸ਼੍ਰੇਣੀ ਲਈ ਜਿਸ ਉੱਪਰ, ਜਾਂ ਜਿਸ ਦੇ ਖਿਲਾਫ਼ ਡਿਕਟੇਟਰਸ਼ਿਪ ਅਮਲ ਵਿੱਚ ਲਿਆਂਦੀ ਜਾ ਰਹੀ ਹੁੰਦੀ ਹੈ, ਜਮਹੂਰੀਅਤ ਦਾ ਖਾਤਮਾ (ਜਾਂ ਕਾਫ਼ੀ ਪ੍ਰਤੱਖ ਬੰਦਸ਼, ਜੋ ਕਿ ਖਾਤਮੇ ਦਾ ਇਕ ਰੂਪ ਹੀ ਹੈ) ਜ਼ਰੂਰ ਹੁੰਦਾ ਹੈ।

ਪਰ ਇਹ ਦਾਅਵਾ ਕਿੰਨਾਂ ਵੀ ਸੱਚਾ ਕਿਉਂ ਨਾ ਹੋਵੇ, ਇਹ ਡਿਕਟੇਟਰਸ਼ਿਪ ਦੀ ਪ੍ਰੀਭਾਸ਼ਾ ਨਹੀਂ ਦੇਂਦਾ।

ਆਓ, ਕਾਊਟਸਕੀ ਦੇ ਅਗਲੇ ਵਾਕ ਦੀ ਪਰਖ ਕਰੀਏ–

> "… ਪਰ, ਬੇਸ਼ਕ, ਸ਼ਾਬਦਿਕ ਅਰਥਾਂ ਵਿੱਚ ਲਿਆਂ ਇਸ ਸ਼ਬਦ ਦਾ ਮਤਲਬ ਕਿਸੇ ਇੱਕ ਵਿਅਕਤੀ ਦਾ ਕਿਸੇ ਵੀ ਕਾਨੂੰਨਾਂ ਦੀ ਬੰਦਸ਼ ਤੋਂ ਬਿਨਾਂ ਅਵੰਡ ਰਾਜ ਵੀ ਹੁੰਦਾ ਹੈ…"

ਅੰਨ੍ਹੇ ਕਤੂਰੇ ਵਾਂਗ ਜਿਹੜਾ ਪਹਿਲਾਂ ਇੱਕ ਪਾਸੇ ਅਤੇ ਫਿਰ ਦੂਜੇ ਪਾਸੇ ਬੇਥਵ੍ਹਾ ਸੁੰਘਦਾ ਫਿਰਦਾ ਹੈ, ਕਾਊਟਸਕੀ ਸਬੱਬ ਨਾਲ ਹੀ ਠੇਡਾ ਖਾ ਕੇ **ਇੱਕ** ਠੀਕ ਵਿਚਾਰ (ਅਰਥਾਤ, ਕਿ ਡਿਕਟੇਟਰਸ਼ਿਪ ਕਿਸੇ ਵੀ ਕਾਨੂੰਨਾਂ ਦੀ ਬੰਦਸ਼ ਤੋਂ ਬਿਨਾਂ ਰਾਜ ਹੈ) ਉੱਤੇ ਆ ਡਿੱਗਦਾ ਹੈ, ਫਿਰ ਵੀ, ਉਹ ਡਿਕਟੇਟਰਸ਼ਿਪ ਦੀ ਪਰਿਭਾਸ਼ਾ **ਦੇਣ ਤੋਂ ਅਸਮਰੱਥ ਰਿਹਾ**, ਅਤੇ, ਇਸਤੋਂ ਇਲਾਵਾ, ਉਹ ਪ੍ਰਤੱਖ ਇਤਿਹਾਸਕ ਭੁੱਲ ਕਰ ਬੈਠਾ, ਕਿ ਡਿਕਟੇਟਰਸ਼ਿਪ ਦਾ ਮਤਲਬ ਇੱਕੋ ਇੱਕ ਵਿਅਕਤੀ ਦਾ ਰਾਜ ਹੁੰਦਾ ਹੈ। ਇਹ ਤਾਂ ਵਿਆਕਰਣਕ ਤੌਰ ਉੱਤੇ ਵੀ ਗ਼ਲਤ ਹੈ, ਕਿਉਂਕਿ ਡਿਕਟੇਟਰਸ਼ਿਪ ਤਾਂ ਮੁੱਠੀ ਕੁ ਭਰ ਬੰਦਿਆਂ, ਜਾਂ ਕਿਸੇ ਜੁੰਡੀ ਵੱਲੋਂ, ਜਾਂ ਕਿਸੇ ਸ਼੍ਰੇਣੀ ਆਦਿ ਵੱਲੋਂ ਵੀ ਚਲਾਈ ਜਾ ਸਕਦੀ ਹੈ।

ਕਾਊਟਸਕੀ ਫਿਰ ਡਿਕਟੇਟਰਸ਼ਿਪ ਅਤੇ ਤਾਨਾਸ਼ਾਹੀ (despotism) ਵਿਚਕਾਰ ਫ਼ਰਕ ਦੱਸਣ ਵੱਲ ਆਉਂਦਾ ਹੈ, ਪਰ ਜੋ ਕੁਝ ਉਹ ਕਹਿੰਦਾ ਹੈ, ਉਹ ਭਾਵੇਂ ਪ੍ਰਤੱਖ ਤੌਰ ਉਤੇ

ਗ਼ਲਤ ਹੈ, ਅਸੀਂ ਇਸ ਉੱਪਰ ਨਹੀਂ ਰੁਕਾਂਗੇ ਕਿਉਂਕਿ ਇਹ ਉਸ ਸਵਾਲ ਨਾਲ਼ ਪੂਰੀ ਤਰ੍ਹਾਂ ਅਣਸਬੰਧਤ ਹੈ, ਜਿਸ ਵਿੱਚ ਸਾਨੂੰ ਦਿਲਚਸਪੀ ਹੈ। ਵੀਹਵੀਂ ਸਦੀ ਤੋਂ ਅਠਾਰਵ੍ਹੀ ਸਦੀ ਵੱਲ ਅਤੇ ਅਠਾਰਵ੍ਹੀ ਸਦੀ ਤੋਂ ਕਲਾਸਕੀ ਪ੍ਰਾਚੀਨਤਾ ਵੱਲ ਜਾਣ ਦੇ ਕਾਊਟਸਕੀ ਦੇ ਝੁਕਾਅ ਨੂੰ ਹਰ ਕੋਈ ਜਾਣਦਾ ਹੈ, ਅਤੇ ਸਾਨੂੰ ਆਸ ਹੈ ਕਿ ਜਰਮਨ ਪ੍ਰੋਲੇਤਾਰੀ, ਆਪਣੀ ਡਿਕਟੇਟਰਸ਼ਿਪ ਪ੍ਰਾਪਤ ਕਰ ਲੈਣ ਤੋਂ ਮਗਰੋਂ ਉਸਦੇ ਇਸ ਝੁਕਾਅ ਨੂੰ ਧਿਆਨ ਵਿਚ ਰੱਖਣਗੇ ਅਤੇ ਉਸਨੂੰ, ਉਦਾਹਰਣ ਵਜੋਂ, ਕਿਸੇ ਜਿਮਨੇਜ਼ੀਅਮ ਵਿੱਚ ਪੁਰਾਤਨ ਇਤਿਹਾਸ ਦਾ ਅਧਿਆਪਕ ਲਾ ਦੇਣਗੇ। ਤਾਨਾਸ਼ਾਹੀ ਬਾਰੇ ਫ਼ਿਲਾਸਫੀ ਝਾੜਨ ਨਾਲ਼ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੀ ਪਰਿਭਾਸ਼ਾ ਦੇਣ ਤੋਂ ਕੰਨੀ ਕਤਰਾਉਣ ਦੀ ਕੋਸ਼ਿਸ਼ ਕਰਨਾ ਜਾਂ ਤਾਂ ਘੋਰ ਮੂਰਖਤਾ ਹੈ ਜਾਂ ਬਹੁਤ ਭੱਦੀ ਧੋਖੇਬਾਜ਼ੀ।

ਇਸਦੇ ਸਿੱਟੇ ਵਜੋਂ ਅਸੀਂ ਦੇਖਦੇ ਹਾਂ ਕਿ, ਡਿਕਟੇਟਰਸ਼ਿਪ ਉਤੇ ਵਿਚਾਰ ਕਰਨ ਦੀ ਗੱਲ ਸ਼ੁਰੂ ਕਰਕੇ, ਕਾਊਟਸਕੀ ਬਹੁਤ ਸਾਰੇ ਪ੍ਰਤੱਖ ਝੂਠਾਂ ਦਾ ਰੌਲ਼ਾ ਪਾਉਂਦਾ ਹੈ, ਪਰ ਪਰਿਭਾਸ਼ਾ ਕੋਈ ਨਹੀਂ ਦੇਂਦਾ! ਫਿਰ ਵੀ, ਆਪਣੀਆਂ ਦਿਮਾਗ਼ੀ ਸਮਰੱਥਾਵਾਂ ਉੱਪਰ ਭਰੋਸਾ ਕਰਨ ਦੀ ਥਾਂ ਉਹ ਆਪਣੀ ਯਾਦ-ਸ਼ਕਤੀ ਵਰਤ ਸਕਦਾ ਸੀ ਅਤੇ ਆਪਣੇ "ਖਾਨਿਆਂ" ਵਿੱਚੋਂ ਉਹ ਸਾਰੀਆਂ ਉਦਾਹਰਣਾਂ ਕੱਢ ਕੇ ਲਿਆ ਸਕਦਾ ਸੀ ਜਿਨ੍ਹਾਂ ਵਿੱਚ ਮਾਰਕਸ ਨੇ ਡਿਕਟੇਟਰਸ਼ਿਪ ਦੀ ਗੱਲ ਕੀਤੀ ਹੈ। ਜੇ ਕਿਤੇ ਉਸਨੇ ਇੰਝ ਕੀਤਾ ਹੁੰਦਾ ਤਾਂ ਉਹ ਯਕੀਨਨ ਜਾਂ ਤਾਂ ਹੇਠ ਲਿਖੀ ਪਰਿਭਾਸ਼ਾ ਉੱਤੇ ਪੁੱਜਦਾ ਜਾਂ ਇਸ ਨਾਲ਼ ਤੱਤ-ਰੂਪ ਵਿੱਚ ਮਿਲਦੀ-ਜੁਲਦੀ ਕਿਸੇ ਪਰਿਭਾਸ਼ਾ ਉੱਤੇ:

ਡਿਕਟੇਟਰਸ਼ਿਪ ਸਿੱਧੀ ਤਰ੍ਹਾਂ ਤਾਕਤ ਉੱਪਰ ਅਧਾਰਤ ਅਤੇ ਕਿਸੇ ਤਰ੍ਹਾਂ ਦੇ ਵੀ ਕਾਨੂੰਨਾਂ ਦੀ ਬੰਦਸ਼ ਤੋਂ ਮੁਕਤ ਰਾਜ ਹੈ।

ਪ੍ਰੋਲੇਤਾਰੀਆਂ ਦੀ ਇਨਕਲਾਬੀ ਡਿਕਟੇਟਰਸ਼ਿਪ ਪ੍ਰੋਲੇਤਾਰੀਆਂ ਵੱਲੋਂ ਬੁਰਜੂਆਜ਼ੀ ਦੇ ਖਿਲਾਫ਼ ਹਿੰਸਾ ਦੀ ਵਰਤੋਂ ਕਰਕੇ ਜਿੱਤੀ ਗਈ ਅਤੇ ਕਾਇਮ ਰੱਖੀ ਗਈ ਹਕੂਮਤ ਹੈ, ਜਿਹੜੀ ਕਿ ਕਿਸੇ ਤਰ੍ਹਾਂ ਦੇ ਵੀ ਕਾਨੂੰਨ ਦੀ ਬੰਦਸ਼ ਵਿਚ ਨਹੀਂ।

ਇਹ ਸਾਦਾ ਜਿਹਾ ਸੱਚ, ਐਸਾ ਸੱਚ ਜਿਹੜਾ ਸ਼੍ਰੇਣੀ-ਚੇਤਨਾ ਵਾਲ਼ੇ ਹਰ ਮਜ਼ਦੂਰ ਨੂੰ ਦਿਨ ਵਾਂਗ ਸਾਫ਼ ਹੈ (ਜਿਹੜਾ ਮਜ਼ਦੂਰ ਕਿ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਨਾ ਕਿ ਪੈਟੀ-ਬੁਰਜੂਆ ਬਦਮਾਸ਼ਾਂ ਦੇ ਉੱਪਰਲੇ ਤਬਕੇ ਦੀ, ਜਿਨ੍ਹਾਂ ਨੂੰ ਸਰਮਾਏਦਾਰਾਂ ਨੇ ਰਿਸ਼ਵਤ ਦੇ ਰੱਖੀ ਹੈ, ਜਿਵੇਂ ਕਿ ਸਾਰੇ ਦੇਸ਼ਾਂ ਦੇ ਸਮਾਜਿਕ-ਸਾਮਰਾਜੀ ਹਨ), ਇਹ ਸੱਚ ਜਿਹੜਾ ਕਿ ਆਪਣੀ ਮੁਕਤੀ ਲਈ ਲੜ ਰਹੇ ਲੁੱਟੀਆਂ-ਪੁੱਟੀਆਂ ਜਾ ਰਹੀਆਂ ਸ਼੍ਰੇਣੀਆਂ ਦੇ ਹਰ ਪ੍ਰਤੀਨਿਧ ਨੂੰ ਪ੍ਰਤੱਖ ਹੈ, ਇਹ ਸੱਚ ਜਿਹੜਾ ਕਿ ਹਰ ਮਾਰਕਸਵਾਦੀ ਲਈ ਨਿਰਵਿਵਾਦ ਹੈ, ਉਹ ਸੱਚ ਸਭ ਤੋਂ ਵੱਡੇ ਵਿਦਵਾਨ ਸ਼੍ਰੀਮਾਨ ਕਾਊਟਸਕੀ ਤੋਂ "ਜ਼ੋਰ ਨਾਲ਼ ਕੱਢਣਾ ਪੈਂਦਾ" ਹੈ! ਇਸਦੀ ਵਿਆਖਿਆ ਕਿਵੇਂ ਕੀਤੀ ਜਾਏ ? ਸਿਰਫ਼ ਦਾਸਤਾ ਦੀ ਉਸ ਭਾਵਨਾ ਨਾਲ਼ ਜਿਸ ਨਾਲ਼ ਦੂਜੀ ਇੰਟਰਨੈਸ਼ਨਲ ਦੇ ਆਗੂ, ਜਿਹੜੇ ਬੁਰਜੂਆਜ਼ੀ ਦੀ ਸੇਵਾ ਵਿੱਚ ਨਫ਼ਰਤਯੋਗ ਝੋਲ਼ੀਚੁੱਕ ਬਣ ਗਏ ਹਨ, ਭਰੇ ਪਏ ਹਨ।

ਕਾਊਟਸਕੀ ਨੇ ਪ੍ਰਤੱਖ ਬੇਹੂਦਾ ਗੱਲ ਦਾ ਐਲਾਨ ਕਰਕੇ ਕਿ ਸ਼ਬਦ ਡਿਕਟੇਟਰਸ਼ਿਪ ਦਾ ਮਤਲਬ, ਇਸਦੇ ਸ਼ਾਬਦਿਕ ਅਰਥਾਂ ਵਿੱਚ, ਇੱਕ ਵਿਅਕਤੀ ਦੀ ਡਿਕਟੇਟਰਸ਼ਿਪ ਹੈ, ਪਹਿਲਾਂ ਹੱਥ ਦੀ ਸਫ਼ਾਈ ਦਿਖਾਈ, ਅਤੇ ਫਿਰ- ਇਸ ਹੱਥ ਦੀ ਸਫ਼ਾਈ ਦੇ ਬਲ ਉਤੇ — ਉਸਨੇ ਐਲਾਨ ਕੀਤਾ ਕਿ "ਇਸ ਲਈ" ਇੱਕ ਸ਼੍ਰੇਣੀ ਦੀ ਡਿਕਟੇਟਰਸ਼ਿਪ ਬਾਰੇ ਮਾਰਕਸ ਦੇ ਸ਼ਬਦਾਂ ਦਾ ਮਤਲਬ ਕੋਈ ਸ਼ਾਬਦਿਕ ਅਰਥਾਂ ਤੋਂ **ਨਹੀਂ** ਸੀ (ਸਗੋਂ ਇਸਦਾ ਮਤਲਬ ਇਹ ਸੀ ਕਿ ਡਿਕਟੇਟਰਸ਼ਿਪ ਦਾ ਮਤਲਬ ਇਨਕਲਾਬੀ ਹਿੰਸਾ ਨਹੀਂ, ਸਗੋਂ ਬੁਰਜੂਆ-ਜ਼ਰਾ ਧਿਆਨ ਦਿਓ- "ਜਮਹੂਰੀਅਤ" ਹੇਠ ਬਹੁਗਿਣਤੀ ਨੂੰ "ਸ਼ਾਂਤਮਈ" ਢੰਗ ਨਾਲ਼ ਜਿੱਤਣਾ ਹੈ)।

ਜੇ ਕੋਈ ਚਾਹੇ ਤਾਂ ਉਸਨੂੰ "ਹਾਲਤ" ਅਤੇ "ਸਰਕਾਰ ਦੇ ਰੂਪ" ਵਿਚਕਾਰ ਨਿਖੇੜ ਕਰ ਲੈਣਾ ਚਾਹੀਦਾ ਹੈ। ਇਹ ਅਦਭੁਤ ਤਰ੍ਹਾਂ ਦਾ ਡੂੰਘਾ ਨਿਖੇੜ ਹੈ, ਇਹ ਐਸੇ ਆਦਮੀ ਦੀ, ਜਿਹੜਾ ਮੂਰਖਾਂ ਵਾਂਗ ਦਲੀਲ ਦੇਂਦਾ ਹੈ, ਮੂਰਖਤਾ ਦੀ "ਹਾਲਤ" ਅਤੇ ਉਸਦੀ ਮੂਰਖਤਾ ਦੇ "ਰੂਪ" ਵਿਚਕਾਰ ਨਿਖੇੜ ਕਰਨ ਵਾਂਗ ਹੈ।

ਕਾਊਟਸਕੀ ਨੂੰ ਡਿਕਟੇਟਰਸ਼ਿਪ ਦਾ "ਗਲਬੇ ਦੀ ਹਾਲਤ" ਵਜੋਂ ਅਰਥ ਕਰਨਾ **ਜ਼ਰੂਰੀ** ਲੱਗਦਾ ਹੈ (ਇਹ ਬਿਲਕੁਲ ਸ਼ਾਬਦਿਕ ਵਾਕੰਸ਼ ਹੈ ਜਿਹੜਾ ਉਹ ਬਿਲਕੁਲ ਅਗਲੇ ਸਫ਼ਾ 21, ਉੱਤੇ ਵਰਤਦਾ ਹੈ) ਕਿਉਂਕਿ ਫਿਰ **ਇਨਕਲਾਬੀ ਹਿੰਸਾ**, **ਅਤੇ ਹਿੰਸਕ ਇਨਕਲਾਬ ਲੋਪ ਹੋ ਜਾਂਦੇ ਹਨ।** "ਗਲਬੇ ਦੀ ਹਾਲਤ" ਐਸੀ ਹਾਲਤ ਹੈ ਜਿਸ ਵਿੱਚ ਕੋਈ ਵੀ ਬਹੁਗਿਣਤੀ ਆਪਣੇ ਆਪ ਨੂੰ ..."ਜਮਹੂਰੀਅਤ" ਹੇਠ ਦੇਖਦੀ ਹੈ! ਇਹੋ ਜਿਹੇ ਫ਼ਰਾਡ ਦੇ ਸਿਰ-ਸਦਕਾ, **ਇਨਕਲਾਬ** ਖੁਸ਼ੀ-ਖੁਸ਼ੀ **ਲੋਪ ਹੋ ਜਾਂਦਾ ਹੈ !**

ਪਰ ਇਹ ਫ਼ਰਾਡ ਬਹੁਤ ਭੱਦਾ ਹੈ ਅਤੇ ਇਹ ਕਾਊਟਸਕੀ ਨੂੰ ਬਚਾਏਗਾ ਨਹੀਂ। ਇਸ ਤੱਥ ਨੂੰ ਲੁਕਾਇਆ ਨਹੀਂ ਜਾ ਸਕਦਾ ਕਿ ਡਿਕਟੇਟਰਸ਼ਿਪ ਜੋ ਕੁਝ ਪਹਿਲਾਂ ਮਿੱਥਦੀ ਹੈ ਅਤੇ ਜੋ ਅਰਥ ਰੱਖਦੀ ਹੈ, ਉਹ ਹੈ ਇਕ ਸ਼੍ਰੇਣੀ ਦੀ ਦੂਜੀ ਦੇ ਵਿਰੁੱਧ **ਇਨਕਲਾਬੀ ਹਿੰਸਾ** ਦੀ "ਹਾਲਤ" ਜਿਹੜੀ ਕਿ ਭਗੌੜਿਆਂ ਨੂੰ ਏਨੀਂ ਨਾਪਸੰਦ ਹੈ। "ਹਾਲਤ" ਅਤੇ "ਸਰਕਾਰ ਦੇ ਰੂਪ" ਵਿਚਕਾਰ ਨਿਖੇੜ ਕਰਨਾ ਸਿੱਕੇਬੰਦ ਬੇਹੂਦਗੀ ਹੈ। ਇਸ ਸੰਬੰਧ ਵਿੱਚ ਸਰਕਾਰ ਦੇ ਰੂਪਾਂ ਦੀ ਗੱਲ ਕਰਨਾ ਤੀਹਰੀ ਮੂਰਖ਼ਤਾ ਹੈ, ਕਿਉਂਕਿ ਹਰ ਸਕੂਲੇ ਜਾਂਦਾ ਮੁੰਡਾ ਵੀ ਜਾਣਦਾ ਹੈ ਕਿ ਬਾਦਸ਼ਾਹਤ ਅਤੇ ਰਿਪਬਲਿਕ ਸਰਕਾਰ ਦੇ ਦੋ ਵੱਖੋ ਵੱਖਰੇ ਰੂਪ ਹਨ। ਸ਼੍ਰੀਮਾਨ ਕਾਊਟਸਕੀ ਨੂੰ ਇਹ ਗੱਲ ਸਮਝਾਈ ਜਾਣੀ ਚਾਹੀਦੀ ਹੈ ਕਿ ਸਰਕਾਰ ਦੇ ਇਹ **ਦੋਵੇਂ** ਰੂਪ, ਸਰਮਾਏਦਾਰੀ ਹੇਠ "ਸਰਕਾਰ ਦੇ" ਸਾਰੇ ਬਦਲੀ-ਕਾਲ ਦੇ "ਰੂਪਾਂ" ਵਾਂਗ, **ਬੁਰਜੂਆ ਰਾਜ** ਦੀਆਂ, ਅਰਥਾਤ, **ਬੁਰਜੂਆਜ਼ੀ ਦੀ ਡਿਕਟੇਟਰਸ਼ਿਪ** ਦੀਆਂ ਸਿਰਫ਼ ਵੰਨਗੀਆਂ ਹੀ ਹਨ।

ਆਖਰੀ ਗੱਲ, ਸਰਕਾਰ ਦੇ ਰੂਪਾਂ ਦੀ ਗੱਲ ਕਰਨਾ ਨਾ ਸਿਰਫ਼ ਮੂਰਖ਼ਾਨਾ ਹੀ ਹੈ, ਸਗੋਂ ਮਾਰਕਸ ਨੂੰ ਬਹੁਤ ਭੱਦੇ ਢੰਗ ਨਾਲ ਗ਼ਲਤ ਪੇਸ਼ ਕਰਨਾ ਵੀ ਹੈ, ਜਿਹੜਾ ਕਿ ਇੱਥੇ ਬੜੀ ਸਪੱਸ਼ਟਤਾ ਨਾਲ਼ **ਰਾਜ** ਦੇ ਇੱਕ ਜਾਂ ਦੂਜੇ ਰੂਪ ਦੀ ਗੱਲ ਕਰ ਰਿਹਾ ਸੀ, ਨਾ ਕਿ ਸਰਕਾਰ ਦੇ ਰੂਪਾਂ ਦੀ।

ਬੁਰਜੂਆ ਰਾਜਕੀ ਮਸ਼ੀਨਰੀ ਦੀ ਤਾਕਤ ਨਾਲ਼ ਤਬਾਹੀ ਕਰਨ ਅਤੇ ਇਸਦੀ ਥਾਂ

ਇੱਕ **ਨਵੀਂ** ਰਾਜਕੀ ਮਸ਼ੀਨਰੀ ਨੂੰ ਦੇਣ ਤੋਂ ਬਿਨਾਂ, ਜਿਹੜੀ ਏਂਗਲਜ਼ ਦੇ ਸ਼ਬਦਾਂ ਵਿੱਚ, "ਸ਼ਬਦ ਦੇ ਠੀਕ ਅਰਥਾਂ ਵਿੱਚ ਰਾਜ ਨਹੀਂ ਰਹਿੰਦੀ"[10] , ਪ੍ਰੋਲੇਤਾਰੀ ਇਨਕਲਾਬ ਅਸੰਭਵ ਹੈ।

ਪਰ ਆਪਣੀ ਭਗੌੜਿਆਂ ਵਾਲ਼ੀ ਪੁਜ਼ੀਸ਼ਨ ਕਾਰਨ ਕਾਊਟਸਕੀ ਲਈ ਇਸ ਸਭ ਕੁਝ ਨੂੰ ਧੁੰਦਲਾਉਣਾ ਅਤੇ ਝੂਠਾ ਬਣਾਉਣਾ ਜ਼ਰੂਰੀ ਹੋ ਜਾਂਦਾ ਹੈ।

ਦੇਖੋ ਉਹ ਕਿਹੋ ਜਿਹੀਆਂ ਪਾਜੀਆਂ ਵਾਲ਼ੀਆਂ ਢੁੱਚਰਬਾਜ਼ੀਆਂ ਵਰਤਦਾ ਹੈ।

ਪਹਿਲੀ ਢੁੱਚਰਬਾਜ਼ੀ। "...ਇਸ ਗੱਲ ਦਾ, ਕਿ ਮਾਰਕਸ ਦੇ ਮਨ ਵਿੱਚ ਕੋਈ ਸਰਕਾਰ ਦਾ ਰੂਪ ਨਹੀਂ ਸੀ, ਇਸ ਤੱਥ ਤੋਂ ਵੀ ਸਬੂਤ ਮਿਲਦਾ ਹੈ ਕਿ ਉਸਦੀ ਰਾਇ ਇਹ ਸੀ ਕਿ ਬਰਤਾਨੀਆ ਅਤੇ ਅਮਰੀਕਾ ਵਿਚ ਇਹ ਤਬਦੀਲੀ, ਹੋ ਸਕਦਾ ਹੈ, ਸ਼ਾਂਤਮਈ ਢੰਗ ਨਾਲ਼, ਅਰਥਾਤ, ਜਮਹੂਰੀ ਤਰੀਕੇ ਨਾਲ਼ ਵਾਪਰੇ..."।

**ਸਰਕਾਰ ਦੇ ਰੂਪ** ਦਾ ਇਸ ਨਾਲ਼ ਬਿਲਕੁਲ ਕੋਈ ਸਬੰਧ ਨਹੀਂ, ਕਿਉਂਕਿ ਐਸੀਆਂ ਬਾਦਸ਼ਾਹਤਾਂ ਹਨ ਜਿਹੜੀਆਂ ਬੁਰਜੂਆ **ਰਾਜ** ਦਾ ਕੋਈ ਨਮੂਨਾ ਨਹੀਂ ਜਿਵੇਂ ਕਿ, ਉਦਾਹਰਣ ਵਜੋਂ, ਐਸੀਆਂ ਜਿਨ੍ਹਾਂ ਵਿੱਚ ਕੋਈ ਫ਼ੌਜੀ ਜੁੰਡੀ ਨਹੀਂ ਹੁੰਦੀ, ਅਤੇ ਐਸੀਆਂ ਰਿਪਬਲਿਕਾਂ ਵੀ ਹਨ ਜਿਹੜੀਆਂ ਕਿ ਇਸ ਪੱਖੋਂ ਪੂਰੀ ਤਰ੍ਹਾਂ ਇਸਦਾ ਇੱਕ ਨਮੂਨਾ ਹੁੰਦੀਆਂ ਹਨ, ਜਿਵੇਂ ਕਿ ਉਦਾਹਰਣ ਵਜੋਂ, ਫ਼ੌਜੀ ਜੁੰਡੀ ਅਤੇ ਦਫ਼ਤਰਸ਼ਾਹੀ ਵਾਲ਼ੀਆਂ। ਇਹ ਇੱਕ ਸਰਬ–ਵਿਆਪਕ ਤੌਰ ਉੱਤੇ ਜਾਣਿਆਂ ਜਾਂਦਾ ਇਤਿਹਾਸਕ ਅਤੇ ਰਾਜਨੀਤਕ ਤੱਥ ਹੈ, ਅਤੇ ਕਾਊਟਸਕੀ ਇਸਨੂੰ ਝੁਠਲਾ ਨਹੀਂ ਸਕਦਾ।

ਜੇ ਕਾਊਟਸਕੀ ਗੰਭੀਰ ਅਤੇ ਈਮਾਨਦਾਰ ਤਰੀਕੇ ਨਾਲ਼ ਦਲੀਲ ਦੇਣੀ ਚਾਹੁੰਦਾ ਹੁੰਦਾ ਤਾਂ ਉਸਨੂੰ ਆਪਣੇ ਆਪ ਤੋਂ ਇਹ ਪੁੱਛਣਾ ਚਾਹੀਦਾ ਸੀਃ ਕਿ ਇਨਕਲਾਬ ਦੇ ਸਬੰਧ ਵਿੱਚ ਕੋਈ ਇਤਿਹਾਸਕ ਕਾਨੂੰਨ ਹਨ ਜਿਨ੍ਹਾਂ ਦੀ ਕੋਈ ਛੋਟ ਨਾ ਹੋਵੇ ? ਅਤੇ ਜਵਾਬ ਇਹ ਹੁੰਦਾਃ ਨਹੀਂ, ਐਸੇ ਕੋਈ ਕਾਨੂੰਨ ਨਹੀਂ। ਇਹੋ ਜਿਹੇ ਕਾਨੂੰਨ ਸਿਰਫ਼ ਪ੍ਰਤਿਨਿਧ ਰੂਪ ਉਤੇ ਹੀ ਲਾਗੂ ਹੁੰਦੇ ਹਨ, ਜਿਨ੍ਹਾਂ ਨੂੰ ਮਾਰਕਸ ਨੇ ਇਕ ਵਾਰੀ "ਆਦਰਸ਼ਕ" ਕਿਹਾ ਸੀ, ਜਿਸਤੋਂ ਉਹਨਾਂ ਦਾ ਭਾਵ ਔਸਤ ਸਾਧਾਰਣ, ਪ੍ਰਤਿਨਿਧ ਸਰਮਾਏਦਾਰੀ ਸੀ।

ਫਿਰ, ਸੱਤਰ੍ਹਵਿਆਂ ਵਿੱਚ ਐਸੀ ਕੋਈ ਚੀਜ਼ ਸੀ ਜਿਸਨੇ ਇੰਗਲੈਂਡ ਅਤੇ ਅਮਰੀਕਾ ਨੂੰ ਉਸ ਚੀਜ਼ ਦੇ ਸਬੰਧ ਵਿੱਚ, **ਜਿਸ ਉੱਪਰ ਅਸੀਂ ਹੁਣ ਵਿਚਾਰ ਕਰ ਰਹੇ ਹਾਂ**, ਅਸਾਧਾਰਣ ਬਣਾ ਦਿੱਤਾ ਹੋਵੇ ? ਇਤਿਹਾਸ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਵਿਗਿਆਨ ਦੀਆਂ ਲੋੜਾਂ ਤੋਂ ਵਾਕਫ਼ ਕਿਸੇ ਵੀ ਵਿਅਕਤੀ ਨੂੰ ਇਹ ਸਪੱਸ਼ਟ ਹੋਵੇਗਾ ਕਿ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ। ਇਹ ਨਾ ਪੁੱਛਣ ਦਾ ਮਤਲਬ ਵਿਗਿਆਨ ਨੂੰ ਝੂਠਾ ਸਿੱਧ ਕਰਨਾ, ਕੁਤਰਕਤਾ ਵਿੱਚ ਜੁੱਟਣਾ ਹੋਵੇਗਾ। ਅਤੇ ਇਕ ਵਾਰੀ ਇਹ ਸਵਾਲ ਪੁੱਛ ਹੀ ਲਿਆ ਜਾਵੇ ਤਾਂ, ਇਸਦੇ ਜਵਾਬ ਬਾਰੇ ਕੋਈ ਸੰਦੇਹ ਨਹੀਂ ਹੋ ਸਕਦਾ, ਪ੍ਰੋਲੇਤਾਰੀਆਂ ਦੀ ਇਨਕਲਾਬੀ ਡਿਕਟੇਟਰਸ਼ਿਪ ਬੁਰਜੂਆਜ਼ੀ ਦੇ ਖ਼ਿਲਾਫ਼ ਹਿੰਸਾ ਹੈ, ਅਤੇ ਇਹੋ ਜਿਹੀ ਹਿੰਸਾ ਦੀ ਲੋੜ **ਸੈਨਾਵਾਦ** ਅਤੇ **ਦਫ਼ਤਰਸ਼ਾਹੀ** ਦੀ ਹੋਂਦ ਕਾਰਨ **ਖਾਸ ਕਰਕੇ** ਜ਼ਰੂਰੀ ਹੋ ਜਾਂਦੀ ਹੈ, ਜਿਵੇਂ ਕਿ ਮਾਰਕਸ

ਅਤੇ ਏਂਗਲਜ਼ ਨੇ ਮੁੜ ਮੁੜ ਦੇ ਵਿਸਥਾਰ ਨਾਲ਼ ਵਿਆਖਿਆ ਕੀਤੀ ਹੈ (ਖਾਸ ਕਰਕੇ "ਫ਼ਰਾਂਸ ਵਿੱਚ ਘਰੇਲੂ ਜੰਗ" ਵਿੱਚ ਅਤੇ ਇਸਦੀ ਭੂਮਿਕਾ ਵਿੱਚ)। ਪਰ ਬਿਲਕੁਲ ਇਹੀ ਸੰਸਥਾਵਾਂ ਸਨ ਜਿਹੜੀਆਂ 19ਵੀਂ ਸਦੀ ਦੇ ਸੱਤਰ੍ਹਵਿਆਂ ਵਿੱਚ ਬਰਤਾਨੀਆ ਅਤੇ ਅਮਰੀਕਾ ਵਿੱਚ **ਗ਼ੈਰ-ਮੌਜੂਦ ਸਨ**, ਜਦੋਂ ਮਾਰਕਸ ਨੇ ਆਪਣੀਆਂ ਟਿੱਪਣੀਆਂ ਦਿੱਤੀਆਂ! (ਹੁਣ ਉਹ ਬਰਤਾਨੀਆ ਅਤੇ ਅਮਰੀਕਾ ਵਿੱਚ ਇਸ ਵੇਲ਼ੇ ਜ਼ਰੂਰ **ਮੌਜੂਦ ਹਨ।**)

ਕਾਊਟਸਕੀ ਨੂੰ ਆਪਣੇ ਸਿਧਾਂਤ-ਤਿਆਗ ਉੱਤੇ ਪਰਦਾ ਪਾਉਣ ਲਈ ਬਿਲਕੁਲ ਹਰ ਕਦਮ ਉੱਤੇ ਧੋਖੇਬਾਜ਼ੀ ਦਾ ਆਸਰਾ ਲੈਣਾ ਪੈਂਦਾ ਹੈ!

ਅਤੇ ਧਿਆਨ ਦਿਓ, ਕਿ ਉਹ ਅਣਜਾਣੇ ਹੀ ਆਪਣੀ ਸ਼ੈਤਾਨੀਅਤ ਨੂੰ ਕਿਵੇਂ ਦਰਸਾ ਗਿਆ ਹੈ ਜਦੋਂ ਉਹ ਲਿਖਦਾ ਹੈ: "ਸ਼ਾਂਤਮਈ ਢੰਗ ਨਾਲ, **ਅਰਥਾਤ**, **ਜਮਹੂਰੀ ਤਰੀਕੇ ਨਾਲ਼**"!!

ਡਿਕਟੇਟਰਸ਼ਿਪ ਦੀ ਪ੍ਰੀਭਾਸ਼ਾ ਦੇਂਦਿਆਂ, ਕਾਊਟਸਕੀ ਨੇ ਇਸ ਸੰਕਲਪ ਦੇ ਬੁਨਿਆਦੀ ਲੱਛਣ, ਅਰਥਾਤ, ਇਨਕਲਾਬੀ **ਹਿੰਸਾ**, ਨੂੰ ਪਾਠਕ ਤੋਂ ਲੁਕਾਉਣ ਦੀ ਬੇਹੱਦ ਕੋਸ਼ਿਸ਼ ਕੀਤੀ। ਪਰ ਹੁਣ ਸੱਚ ਬਾਹਰ ਆ ਗਿਆ ਹੈ: ਇਹ **ਸ਼ਾਂਤਮਈ** ਅਤੇ **ਹਿੰਸਕ ਇਨਕਲਾਬਾਂ** ਵਿਚਲੇ ਫ਼ਰਕ ਦਾ ਸਵਾਲ ਹੈ।

ਇਹ ਹੈ ਮੂਲ ਮੁੱਦਾ। ਸਿਰਫ਼ **ਹਿੰਸਕ** ਇਨਕਲਾਬ ਤੋਂ ਆਪਣਾ **ਖਹਿੜਾ ਛੁਡਾਉਣ** ਲਈ , ਅਤੇ ਇਹ ਲੁਕਾਉਣ ਲਈ ਕਿ ਉਹ ਇਸਦਾ ਤਿਆਗ ਕਰ ਚੁੱਕਾ ਹੈ, ਅਤੇ ਗ਼ੱਦਾਰੀ ਕਰਕੇ **ਉਦਾਰਵਾਦੀ** ਲੇਬਰ ਨੀਤੀ ਵੱਲ, ਅਰਥਾਤ, ਬੁਰਜੂਆਜ਼ੀ ਦੇ ਪਾਸੇ ਚਲਾ ਗਿਆ ਹੈ, ਕਾਊਟਸਕੀ ਨੂੰ ਇਹਨਾਂ ਢੁੱਚਰਬਾਜ਼ੀਆਂ, ਕੁਤਰਕਾਂ ਅਤੇ ਫ਼ਰੇਬਾਂ ਦਾ ਆਸਰਾ ਲੈਣਾ ਪਿਆ। ਇਹ ਹੈ ਮੂਲ ਮੁੱਦਾ।

"ਇਤਿਹਾਸਕਾਰ" ਕਾਊਟਸਕੀ ਏਨੀਂ ਬੇਸ਼ਰਮੀ ਨਾਲ਼ ਇਤਿਹਾਸ ਨੂੰ ਗ਼ਲਤ ਪੇਸ਼ ਕਰਦਾ ਹੈ ਕਿ ਉਹ ਬੁਨਿਆਦੀ ਤੱਥ ਹੀ "ਭੁੱਲ ਜਾਂਦਾ" ਹੈ, ਕਿ ਪੂਰਵ-ਅਜ਼ਾਰੇਦਾਰਾ ਸਰਮਾਏਦਾਰੀ-ਜਿਹੜੀ ਅਸਲ ਵਿੱਚ 19 ਵੀਂ ਸਦੀ ਦੇ ਸੱਤਰ੍ਹਵਿਆਂ ਵਿੱਚ ਆਪਣੀ ਸਿਖ਼ਰ ਉੱਤੇ ਪੁੱਜੀ— ਆਪਣੇ ਬੁਨਿਆਦੀ **ਆਰਥਕ** ਲੱਛਣਾਂ ਦੇ ਸਿਰ ਸਦਕਾ, ਜਿਨ੍ਹਾਂ ਨੂੰ ਬਰਤਾਨੀਆ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪ੍ਰਤੀਨਿੱਧ ਕਿਸਮ ਦਾ ਪ੍ਰਗਟਾਅ ਮਿਲਿਆ, ਅਮਨ ਅਤੇ ਅਜ਼ਾਦੀ ਲਈ, ਸਾਪੇਖਕ ਗੱਲ ਕੀਤਿਆਂ, ਵੱਧ ਤੋਂ ਵੱਧ ਪਿਆਰ ਕਰਕੇ ਵਿਲੱਖਣ ਸੀ। ਦੂਜੇ ਪਾਸੇ, ਸਾਮਰਾਜ, ਅਰਥਾਤ, ਅਜਾਰੇਦਾਰਾ ਸਰਮਾਏਦਾਰੀ, ਜਿਹੜੀ ਆਖਰ ਸਿਰਫ਼ ਵੀਹਵੀਂ ਸਦੀ ਵਿਚ ਜਾ ਕੇ ਪਰੌਢ ਹੋਈ, ਆਪਣੇ ਬੁਨਿਆਦੀ **ਆਰਥਕ** ਲੱਛਣਾਂ ਕਾਰਨ, ਅਮਨ ਅਤੇ ਆਜ਼ਾਦੀ ਲਈ ਘੱਟ ਤੋਂ ਘੱਟ ਪਿਆਰ, ਅਤੇ ਸੈਨਾਵਾਦ ਦੇ ਵਧ ਤੋਂ ਵਧ ਅਤੇ ਸਰਬ-ਵਿਆਪਕ ਵਿਕਾਸ ਕਾਰਨ ਵਿਲੱਖਣ ਹੈ। ਇਸ ਗੱਲ ਉੱਤੇ ਵਿਚਾਰ ਕਰਦਿਆਂ ਕਿ ਹਿੰਸਕ ਜਾਂ ਸ਼ਾਂਤਮਈ ਇਨਕਲਾਬ ਕਿਸ ਹੱਦ ਤੱਕ ਪ੍ਰਤਿਨਿੱਧ ਜਾਂ ਸੰਭਵ ਹੈ, ਇਹ "ਦੇਖਣ ਤੋਂ ਅਸਮਰਥ ਰਹਿਣਾ" ਬੁਰਜੂਆਜ਼ੀ ਦੇ ਅਤਿ ਸਾਧਾਰਣ ਪਿੱਠੂ ਦੀ ਪੱਧਰ ਤੱਕ ਹੇਠਾਂ ਚਲਾ ਜਾਣਾ ਹੈ।

ਦੂਜੀ ਢੁੱਚਰਬਾਜ਼ੀ। ਪੈਰਿਸ ਕਮਿਊਨ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਸੀ, ਪਰ ਇਹ **ਸਰਬ-ਵਿਆਪਕ** ਮੱਤਾਧਿਕਾਰ ਨਾਲ਼, ਅਰਥਾਤ, ਬੁਰਜੂਆਜ਼ੀ ਨੂੰ ਮੱਤਾਧਿਕਾਰ ਤੋਂ ਵਾਂਝਿਆਂ ਕੀਤੇ ਤੋਂ ਬਿਨਾਂ, ਅਰਥਾਤ, "**ਜਮਹੂਰੀ ਤੌਰ ਉੱਤੇ**" ਚੁਣੀ ਗਈ ਸੀ। ਅਤੇ ਕਾਊਟਸਕੀ ਜੇਤੂ ਅੰਦਾਜ਼ ਨਾਲ਼ ਕਹਿੰਦਾ ਹੈ: "...ਮਾਰਕਸ ਲਈ" (ਜਾਂ ਮਾਰਕਸ ਅਨੁਸਾਰ) "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਐਸੀ ਹਾਲਤ ਸੀ ਜਿਹੜੀ ਲਾਜ਼ਮੀ ਤੌਰ ਉੱਤੇ ਨਿਰੋਲ ਜਮਹੂਰੀਅਤ ਵਿੱਚੋਂ ਨਿਕਲਦੀ ਹੈ, ਜੇ ਪ੍ਰੋਲੇਤਾਰੀ ਬਹੁਗਿਣਤੀ ਵਿਚ ਹੋਣ ਤਾਂ" (bei ¸berwiegendem Proletariat, S.21)।

ਕਾਊਟਸਕੀ ਦੀ ਇਹ ਦਲੀਲ ਏਨੀਂ ਹਸਾਉਣੀਂ ਹੈ ਕਿ ਬੰਦਾ ਸੱਚਮੁੱਚ ਅਸਲੀ embarras de richesses ਦਾ ਸ਼ਿਕਾਰ ਹੋ ਸਕਦਾ ਹੈ (ਉਹਨਾਂ ਇਤਰਾਜ਼ਾਂ ਦੀ, ਜਿਹੜੇ ਇਸ ਉੱਤੇ ਕੀਤੇ ਜਾ ਸਕਦੇ ਹਨ, ...ਭਰਪੂਰਤਾ ਕਾਰਨ ਹੋਣ ਵਾਲ਼ੀ ਪਰੇਸ਼ਾਨੀ ਦਾ)। ਪਹਿਲੀ ਗੱਲ, ਇਹ ਸਾਰੇ ਜਾਣਦੇ ਹਨ ਕਿ ਫੁੱਲ, ਜਰਨੈਲਾਂ ਦਾ ਅਮਲਾ, ਬੁਰਜੂਆਜ਼ੀ ਦੇ ਉਪਰਲੇ ਤਬਕੇ, ਪੈਰਿਸ ਤੋਂ ਵਲਸੇਲਜ਼ ਨੱਠ ਗਏ ਸਨ। ਵਰਸੇਲਜ਼ ਵਿੱਚ ਇੱਕ "ਸੋਸ਼ਲਿਸ਼ਟ" ਲੂਈ ਬਲਾਂਕ ਸੀ- ਜਿਸਤੋਂ, ਵੈਸੇ, ਕਾਊਟਸਕੀ ਦਾ ਇਹ ਦਾਅਵਾ ਝੂਠਾ ਸਿੱਧ ਹੋ ਜਾਂਦਾ ਹੈ ਕਿ ਸੋਸ਼ਲਿਜ਼ਮ ਦੇ "ਸਾਰੇ ਰੁਝਾਣਾਂ" ਨੇ ਪੈਰਿਸ ਕਮਿਊਨ ਵਿੱਚ ਹਿੱਸਾ ਲਿਆ ਸੀ। ਪੈਰਿਸ ਦੇ ਵਾਸੀਆਂ ਦੀ ਦੋ ਜੰਗ-ਜੁੱਟੇ ਧੜਿਆਂ ਵਿੱਚ ਵੰਡ ਨੂੰ, ਜਿਨ੍ਹਾਂ ਵਿਚੋਂ ਇਕ ਨੇ ਬੁਰਜੂਆਜ਼ੀ ਦੇ ਸਾਰੇ ਜੰਗਜੂ ਅਤੇ ਰਾਜਨੀਤਕ ਤੌਰ ਉਤੇ ਸਰਗਰਮ ਤਬਕੇ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੋਇਆ ਸੀ, "ਸਰਬ-ਵਿਆਪਕ ਮੱਤਾਧਿਕਾਰ" ਵਾਲ਼ੀ "ਨਿਰੋਲ ਜਮਹੂਰੀਅਤ" ਵਜੋਂ ਪੇਸ਼ ਕਰਨਾ ਕੀ ਹਾਸੋਹੀਣੀ ਗੱਲ ਨਹੀਂ ?

ਦੂਜੀ ਗੱਲ, ਪੈਰਿਸ ਕਮਿਊਨ ਨੇ ਵਰਸੇਲਜ਼ ਵਿਰੁੱਧ ਇੰਝ ਜੰਗ ਲੜੀ ਜਿਵੇਂ **ਫ਼ਰਾਂਸ** ਦੀ ਮਜ਼ਦੂਰਾਂ ਦੀ ਸਰਕਾਰ ਵੱਲੋਂ ਬੁਰਜੂਆ ਸਰਕਾਰ ਦੇ ਖਿਲਾਫ਼ ਲੜੀ ਜਾ ਰਹੀ ਹੋਵੇ। ਇਸਦਾ "ਨਿਰੋਲ ਜਮਹੂਰੀਅਤ" ਅਤੇ "ਸਰਬ-ਵਿਆਪਕ ਮੱਤਾਧਿਕਾਰ" ਨਾਲ਼ ਕੀ ਸਬੰਧ ਜਦ ਕਿ ਪੈਰਿਸ ਫ਼ਰਾਂਸ ਦੀ ਕਿਸਮਤ ਦਾ ਫ਼ੈਸਲਾ ਕਰ ਰਿਹਾ ਸੀ ? ਜਦੋਂ ਮਾਰਕਸ ਨੇ ਇਹ ਰਾਇ ਪ੍ਰਗਟ ਕੀਤੀ ਕਿ ਬੈਂਕ ਉੱਤੇ, ਜਿਹੜਾ ਕਿ ਸਾਰੇ ਫ਼ਰਾਂਸ ਦਾ ਸੀ, ਕਬਜ਼ਾ ਕਰਨ ਤੋਂ ਅਸਫ਼ਲ ਰਹਿ ਕੇ ਪੈਰਿਸ ਕਮਿਊਨ ਨੇ ਗ਼ਲਤੀ ਕੀਤੀ ਹੈ[11], ਤਾਂ ਕੀ ਉਹ "ਨਿਰੋਲ ਜਮਹੂਰੀਅਤ" ਦੇ ਅਸੂਲਾਂ ਅਤੇ ਅਮਲ ਤੋਂ ਨਹੀਂ ਸੀ ਤੁਰ ਰਿਹਾ ?

ਅਸਲ ਵਿੱਚ, ਇਹ ਪ੍ਰਤੱਖ ਹੈ ਕਿ ਕਾਊਟਸਕੀ ਇੱਕ ਐਸੇ ਦੇਸ਼ ਵਿਚ ਬੈਠਾ ਲਿਖ ਰਿਹਾ ਹੈ ਜਿਥੇ ਪੁਲਿਸ ਵੱਲੋਂ ਲੋਕਾਂ ਦੇ "ਹਜੂਮ ਬਣਾ ਕੇ" ਹੱਸਣ ਉੱਤੇ ਮਨਾਹੀ ਹੈ, ਨਹੀਂ ਤਾਂ ਕਾਊਟਸਕੀ ਮਜ਼ਾਕ ਨਾਲ਼ ਹੀ ਮਾਰਿਆ ਗਿਆ ਹੁੰਦਾ।

ਤੀਜੀ ਗੱਲ, ਮੈਂ ਸ਼੍ਰੀਮਾਨ ਕਾਊਟਸਕੀ ਨੂੰ, ਜਿਸਨੂੰ ਮਾਰਕਸ ਅਤੇ ਏਂਗਲਜ਼ ਉਂਗਲਾਂ ਉੱਤੇ ਯਾਦ ਹਨ, ਪੈਰਿਸ ਕਮਿਊਨ ਬਾਰੇ ਹੇਠ ਲਿਖੇ ਮੁਲਾਂਕਣ ਤੋਂ ਸਤਿਕਾਰ ਨਾਲ਼ ਯਾਦ ਕਰਾਂਵਾਂਗਾ, ਜਿਹੜਾ ਮੁਲਾਂਕਣ... "ਨਿਰੋਲ ਜਮਹੂਰੀਅਤ" ਦੇ ਦ੍ਰਿਸ਼ਟੀਕੋਨ ਤੋਂ ਏਂਗਲਜ਼ ਨੇ ਕੀਤਾ ਸੀ:

"ਕੀ ਇਹਨਾਂ ਭੱਦਰਪੁਰਸ਼ਾਂ" (ਸੱਤ੍ਹਾਵਾਦ-ਵਿਰੋਧੀਆਂ) "ਨੇ ਕਦੀ ਇਨਕਲਾਬ ਦੇਖਿਆ ਹੈ ? ਇਨਕਲਾਬ ਯਕੀਨਨ ਸਭ ਤੋਂ ਵੱਧ ਸੱਤਾਵਾਦੀ ਚੀਜ਼ ਹੁੰਦੀ ਹੈ, ਇਹ ਐਸੀ ਕਾਰਵਾਈ ਹੁੰਦੀ ਹੈ ਜਿਸ ਨਾਲ਼ ਵੱਸੋਂ ਦਾ ਇੱਕ ਹਿੱਸਾ ਰਫ਼ਲਾਂ, ਸੰਗੀਨਾਂ ਅਤੇ ਤੋਪਾਂ ਦੀ ਸਹਾਇਤਾ ਨਾਲ਼ - ਜਿਹੜੇ ਕਿ ਸਾਰੇ ਹੀ ਅਤਿਅੰਤ ਸੱਤਾਵਾਦੀ ਸਾਧਨ ਹਨ-ਦੂਜੇ ਹਿੱਸੇ ਉੱਪਰ ਆਪਣੀ ਮਰਜ਼ੀ ਠੋਸਦਾ ਹੈ। ਅਤੇ ਜੇਤੂ ਧਿਰ ਨੂੰ ਉਸ ਦਹਿਸ਼ਤ ਰਾਹੀਂ, ਜਿਹੜੀ ਇਸਦੇ ਹਥਿਆਰ ਪ੍ਰਤੀਕਿਰਿਆਵਾਦੀਆਂ ਦੇ ਦਿਲਾਂ ਵਿੱਚ ਪੈਦਾ ਕਰਦੇ ਹਨ, ਆਪਣੀ ਹਕੂਮਤ ਨੂੰ ਕਾਇਮ ਰੱਖਣਾ ਜ਼ਰੂਰੀ ਹੁੰਦਾ ਹੈ। ਕੀ ਪੈਰਿਸ ਕਮਿਊਨ ਇੱਕ ਦਿਨ ਤੋਂ ਵੀ ਵੱਧ ਕੱਟ ਸਕਦੀ ਸੀ ਜੇ ਇਸਨੇ ਬੁਰਜੂਆਜ਼ੀ ਦੇ ਖਿਲਾਫ਼ ਹਥਿਆਰਬੰਦ ਲੋਕਾਂ ਦੀ ਤਾਕਤ ਨੂੰ ਨਾ ਵਰਤਿਆ ਹੁੰਦਾ ? ਇਸਦੇ ਉਲਟ, ਕੀ ਅਸੀਂ ਇਸ ਉੱਤੇ ਉਸ ਤਾਕਤ ਦੀ ਬਹੁਤ ਘੱਟ ਵਰਤੋਂ ਕੀਤੀ ਹੋਣ ਦਾ ਦੋਸ਼ ਨਹੀਂ ਲਾ ਸਕਦੇ ?"[12]

ਇਹ ਹੈ ਤੁਹਾਡੀ "ਨਿਰੋਲ ਜਮਹੂਰੀਅਤ" ! ਏਂਗਲਜ਼ ਨੇ ਐਸੇ ਗੰਵਾਰੂ ਪੈਟੀ-ਬੁਰਜੂਆ ਦਾ, ਸ਼ੋਸ਼ਲ-ਡੈਮੋਕਰੈਟ" (ਚਾਲ੍ਹੀਵਿਆਂ ਦੇ ਫ਼ਰਾਂਸੀਸੀ ਅਰਥਾਂ ਵਿੱਚ ਅਤੇ 1914-18 ਦੇ ਆਮ-ਯੂਰਪੀ ਅਰਥਾਂ ਵਿੱਚ) ਦਾ ਮਜ਼ਾਕ ਉਡਾਇਆ ਹੁੰਦਾ, ਜਿਹੜਾ ਸ਼੍ਰੇਣੀ-ਵੰਡ ਵਾਲ਼ੇ ਸਮਾਜ ਵਿੱਚ "ਨਿਰੋਲ ਜਮ੍ਹੂਰੀਅਤ" ਦੀ ਗੱਲ ਕਰਦਾ ਹੈ !

ਪਰ ਏਨਾਂ ਕਾਫ਼ੀ ਹੈ ! ਕਾਊਟਸਕੀ ਦੀਆਂ ਸਾਰੀਆਂ ਬੇਹੂਦਗੀਆਂ ਨੂੰ ਗਿਣਵਾਉਣਾ ਅਸੰਭਵ ਹੈ, ਕਿਉਂਕਿ ਜਿਹੜਾ ਵੀ ਲਫ਼ਜ਼ ਉਹ ਮੂੰਹੋਂ ਕੱਢਦਾ ਹੈ, ਉਹ ਸਿਧਾਂਤ-ਤਿਆਗ ਦਾ ਇੱਕ ਕੜ-ਪਾਟਾ ਟੋਆ ਹੈ।

ਮਾਰਕਸ ਅਤੇ ਏਂਗਲਜ਼ ਨੇ ਪੈਰਿਸ ਕਮਿਊਨ ਦਾ ਅਤਿ ਵਿਸਤ੍ਰਿਤ ਢੰਗ ਨਾਲ਼ ਵਿਸ਼ਲੇਸ਼ਣ ਕੀਤਾ ਸੀ ਅਤੇ ਦਰਸਾਇਆ ਸੀ ਕਿ ਇਹਦਾ ਗੁਣ ਇਹ ਸੀ ਕਿ ਇਸਨੇ "ਬਣੀ ਬਣਾਈ ਰਾਜਕੀ ਮਸ਼ੀਨਰੀ" ਨੂੰ **ਤੋੜਨ ਦਾ, ਫ਼ੀਤਾ-ਫ਼ੀਤਾ ਕਰਨ** ਦਾ ਯਤਨ ਕੀਤਾ।[13] ਮਾਰਕਸ ਅਤੇ ਏਂਗਲਜ਼ ਇਸ ਸਿੱਟੇ ਨੂੰ ਏਨਾਂ ਮਹੱਤਵਪੂਰਨ ਸਮਝਦੇ ਸਨ ਕਿ 1872 ਵਿੱਚ (ਅੰਸ਼ਕ ਤੌਰ ਉੱਤੇ) "ਸਮਾਂ ਵਿਹਾਅ ਚੁੱਕੇ" "ਕਮਿਊਨਿਸਟ ਮੈਨੀਫ਼ੈਸਟੋ" ਦੇ ਪ੍ਰੋਗਰਾਮ ਵਿੱਚ ਉਹਨਾਂ ਨੇ ਜਿਹੜੀ **ਇੱਕੋ ਇੱਕ** ਤਰਮੀਮ ਕੀਤੀ, ਉਹ ਇਹ ਸੀ।[14] ਮਾਰਕਸ ਅਤੇ ਏਂਗਲਜ਼ ਨੇ ਦਰਸਾਇਆ ਕਿ ਪੈਰਿਸ ਕਮਿਊਨ ਨੇ ਫ਼ੌਜ ਅਤੇ ਦਫ਼ਤਰਸ਼ਾਹੀ ਖਤਮ ਕਰ ਦਿਤੀ ਸੀ, **ਪਾਰਲੀਮੈਂਟਰੀਵਾਦ** ਖ਼ਤਮ ਕਰ ਦਿੱਤਾ ਸੀ, "ਉਸ ਲਹੂ-ਚੂਸ ਗਿਲ੍ਹੜ, ਰਾਜ" ਨੂੰ ਖਤਮ ਕਰ ਦਿੱਤਾ ਸੀ, ਆਦਿ। ਪਰ ਆਲਮ ਕਾਊਟਸਕੀ, ਆਪਣੀ ਰਾਤਰੀ-ਟੋਪੀ ਪਾਈ ਹੋਈ, "ਨਿਰੋਲ ਜਮਹੂਰੀਅਤ" ਬਾਰੇ ਆਪਣੀ ਪਰੀ-ਕਹਾਣੀ ਦੁਹਰਾਈ ਜਾਂਦਾ ਹੈ, ਜਿਹੜੀ ਉਦਾਰਵਾਦੀ ਪ੍ਰੋਫ਼ੈਸਰਾਂ ਵੱਲੋ ਹਜ਼ਾਰਾਂ ਵਾਰ ਦੱਸੀ ਜਾ ਚੁੱਕੀ ਹੈ।

ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ 4 ਅਗਸਤ, 1914 ਨੂੰ ਰੋਜ਼ਾ ਲੁਕਸਮਬਰਗ ਨੇ ਐਲਾਨ ਕੀਤਾ ਸੀ ਕਿ ਜਰਮਨ ਸੋਸ਼ਲ-ਡੈਮੋਕਰੇਸੀ **ਇੱਕ ਸੜਿਹਾਂਦ ਮਾਰਦੀ ਲਾਸ਼** ਹੈ।[15]

ਤੀਜੀ ਢੁੱਕਰਬਾਜ਼ੀ। "ਜਦੋਂ ਅਸੀਂ ਸਰਕਾਰ ਦੇ ਰੂਪ ਵਜੋਂ ਡਿਕਟੇਟਰਸ਼ਿਪ ਦੀ ਗੱਲ ਕਰਦੇ ਹਾਂ, ਤਾਂ ਅਸੀਂ ਕਿਸੇ ਸ਼੍ਰੇਣੀ ਦੀ ਡਿਕਟੇਟਰਸ਼ਿਪ ਦੀ ਗੱਲ ਨਹੀਂ ਕਰ ਸਕਦੇ,

ਕਿਉਂਕਿ ਸ਼੍ਰੇਣੀ, ਜਿਵੇਂ ਕਿ ਅਸੀਂ ਪਹਿਲਾਂ ਧਿਆਨ ਗੁਆ ਚੁੱਕੇ ਹਾਂ, ਕੇਵਲ ਹੁਕਮ ਚਲਾ ਸਕਦੀ ਹੈ, ਪਰ ਹਕੂਮਤ ਨਹੀਂ...।" ਹਕੂਮਤ ਸਿਰਫ਼ "ਜਥੇਬੰਦੀਆਂ" ਜਾਂ "ਪਾਰਟੀਆਂ" ਹੀ ਚਲਾਉਂਦੀਆਂ ਹਨ।

ਇਹ ਘਾਲ਼ਾ-ਮਾਲ਼ਾ ਹੈ, ਕਰਹਿਤ ਭਰਿਆ ਘਾਲ਼ਾ-ਮਾਲ਼ਾ ਸ਼੍ਰੀਮਾਨ "ਘਾਲ਼ਾ-ਮਾਲ਼ਾ ਸੋਚਣੀ ਵਾਲ਼ੇ ਕੌਂਸਲਰ ਸਾਹਿਬ "! ਡਿਕਟੇਟਰਸ਼ਿਪ "ਸਰਕਾਰ ਦਾ ਰੂਪ" ਨਹੀਂ, ਇਹ ਹਾਸੋਹੀਣੀ ਬਕਵਾਸ ਹੈ। ਅਤੇ ਮਾਰਕਸ "ਸਰਕਾਰ ਦੇ ਰੂਪ" ਦੀ ਨਹੀਂ, ਸਗੋਂ **ਰਾਜ** ਦੇ ਇੱਕ ਰੂਪ ਜਾਂ ਵੰਨਗੀ ਦੀ ਗੱਲ ਕਰਦੇ ਹਨ। ਇਹ ਇੱਕ ਬਿਲਕੁਲ ਵੱਖਰੀ ਚੀਜ਼ ਹੈ, ਬਿਲਕੁਲ ਵੱਖਰੀ। ਇਹ ਕਹਿਣਾ ਵੀ ਬਿਲਕੁਲ ਗ਼ਲਤ ਹੈ ਕਿ ਇਕ **ਸ਼੍ਰੇਣੀ** ਹਕੂਮਤ ਨਹੀਂ ਚਲਾ ਸਕਦੀ, ਇਹੋ ਜਿਹੀ ਊਲ-ਜਲੂਲ ਗੱਲ ਸਿਰਫ਼ ਇੱਕ "ਪਾਰਲੀਮੈਂਟਰੀ ਮੂਰਖ਼" ਹੀ ਉਚਰ ਸਕਦਾ ਸੀ, ਜਿਸਨੂੰ ਬੁਰਜੂਆ ਪਾਰਲੀਮੈਂਟਾਂ ਤੋਂ ਸਿਵਾ ਹੋਰ ਕੁਝ ਨਹੀਂ ਦਿੱਸਦਾ ਅਤੇ "ਹਾਕਮ ਪਾਰਟੀਆਂ" ਤੋਂ ਸਿਵਾ ਜਿਸਦਾ ਹੋਰ ਕਿਸੇ ਚੀਜ਼ ਵੱਲ ਧਿਆਨ ਨਹੀਂ ਜਾਂਦਾ। ਕੋਈ ਵੀ ਯੂਰਪੀ ਦੇਸ਼ ਕਾਊਟਸਕੀ ਨੂੰ ਹਾਕਮ **ਜਮਾਤ** ਵੱਲੋਂ ਸਰਕਾਰ ਚਲਾਉਣ ਦੀਆਂ ਉਦਾਹਰਣਾਂ ਮੁਹੱਈਆ ਕਰ ਦੇਵੇਗਾ, ਉਦਾਹਰਣ ਵਜੋਂ, ਮੱਧ ਕਾਲ ਵਿੱਚ ਭੂਮੀਪਤੀਆਂ ਵੱਲੋਂ, ਬਾਵਜੂਦ ਉਹਨਾਂ ਦੇ ਨਾਕਾਫ਼ੀ ਸੰਗਠਨ ਦੇ।

ਗੱਲ ਸਮੇਟਦਿਆਂ: ਕਾਊਟਸਕੀ ਨੇ ਅਤਿ ਦੇ ਬੇਮਿਸਾਲ ਤਰੀਕੇ ਨਾਲ਼ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਸੰਕਲਪ ਨੂੰ ਵਿਗਾੜ ਕੇ ਪੇਸ਼ ਕੀਤਾ ਹੈ, ਅਤੇ ਮਾਰਕਸ ਨੂੰ ਇੱਕ ਆਮ ਜਿਹੇ ਉਦਾਰਵਾਦੀ ਵਿੱਚ ਬਦਲ ਦਿੱਤਾ ਹੈ , ਅਰਥਾਤ, ਉਹ ਖੁਦ ਇੱਕ ਐਸੇ ਉਦਾਰਵਾਦੀ ਦੀ ਪੱਧਰ ਤੱਕ ਨਿਘਰ ਗਿਆ ਹੈ ਜਿਹੜਾ "ਨਿਰੋਲ ਜਮਹੂਰੀਅਤ" ਬਾਰੇ ਸਾਧਾਰਣ ਕਿਸਮ ਦੇ ਵਾਕੰਸ਼ ਉਚਾਰਦਾ ਹੈ, **ਬੁਰਜੂਆ** ਜਮਹੂਰੀਅਤ ਦੇ ਸ਼੍ਰੇਣੀ ਵਸਤੂ ਉੱਤੇ ਮੁਲੰਮਾਂ ਫੇਰਦਾ ਅਤੇ ਉਸਦੀ ਪੋਚਾ-ਪੋਚੀ ਕਰਦਾ ਹੈ, ਅਤੇ ਸਭ ਤੋਂ ਵੱਧ, ਦੱਬੀ-ਕੁਚਲੀ ਜਮਾਤ ਵੱਲੋਂ **ਇਨਕਲਾਬੀ ਹਿੰਸਾ** ਵਰਤੇ ਜਾਣ ਤੋਂ ਕਤਰਾਉਂਦਾ ਹੈ। "ਪ੍ਰੋਲੇਤਾਰੀਆਂ ਦੀ ਇਨਕਲਾਬੀ ਡਿਕਟੇਟਰਸ਼ਿਪ" ਦੇ ਸੰਕਲਪ ਦੀ ਇਸ ਤਰੀਕੇ ਨਾਲ਼ "ਵਿਆਖਿਆ ਕਰਦਿਆਂ", ਕਿ ਇਸ ਵਿੱਚੋਂ ਦੱਬੀ-ਕੁਚਲੀ ਜਮਾਤ ਵੱਲੋਂ ਆਪਣੇ ਜਾਬਰਾਂ ਦੇ ਖਿਲਾਫ਼ ਇਨਕਲਾਬੀ ਹਿੰਸਾ ਨੂੰ ਕੱਢ ਦਿੱਤਾ ਜਾਏ, ਕਾਊਟਸਕੀ ਨੇ ਮਾਰਕਸ ਦੇ ਉਦਾਰਵਾਦੀ ਅਰਥ-ਵਿਗਾੜ ਵਿੱਚ ਸੰਸਾਰ-ਰਿਕਾਰਡ ਮਾਤ ਪਾ ਦਿੱਤਾ ਹੈ। ਭਗੌੜੇ ਕਾਊਟਸਕੀ ਦੇ ਮੁਕਾਬਲੇ ਵਿੱਚ ਭਗੌੜਾ ਬਰਨਸਟਾਈਨ ਸਿਰਫ਼ ਇੱਕ ਕਤੂਰਾ ਜਿਹਾ ਸਿੱਧ ਹੁੰਦਾ ਹੈ।

## ਬੁਰਜੂਆ ਅਤੇ ਪ੍ਰੋਲੇਤਾਰੀ ਜਮਹੂਰੀਅਤ

ਜਿਸ ਸਵਾਲ ਦਾ ਕਾਊਟਸਕੀ ਨੇ ਏਨੀਂ ਬੇਸ਼ਰਮੀ ਨਾਲ਼ ਘਾਲ਼ਾ-ਮਾਲ਼ਾ ਕਰ ਦਿੱਤਾ ਹੈ, ਉਹ ਅਸਲ ਵਿਚ ਇਸ ਪ੍ਰਕਾਰ ਹੈ।

ਜੇ ਅਸੀਂ ਆਮ ਸੂਝ ਅਤੇ ਇਤਿਹਾਸ ਦਾ ਮਜ਼ਾਕ ਨਾ ਉਡਾਉਣਾ ਹੋਵੇ, ਤਾਂ ਇਹ ਸਪੱਸ਼ਟ ਹੈ ਕਿ ਅਸੀਂ "ਨਿਰੋਲ ਜਮਹੂਰੀਅਤ" ਦੀ ਉਦੋਂ ਤੱਕ ਗੱਲ ਨਹੀਂ ਕਰ ਸਕਦੇ ਜਦੋਂ

ਵੱਖ ਵੱਖ **ਸ਼੍ਰੇਣੀਆਂ** ਮੌਜੂਦ ਹਨ, ਅਸੀਂ ਸਿਰਫ਼ **ਸ਼੍ਰੇਣੀ** ਜਮਹੂਰੀਅਤ ਦੀ ਹੀ ਗੱਲ ਕਰ ਸਕਦੇ ਹਾਂ। (ਇੱਥੇ ਅਸੀਂ ਬਰੈਕਟਾਂ ਵਿੱਚ ਇਹ ਗੱਲ ਦੱਸ ਦੇਈਏ ਕਿ "ਨਿਰੋਲ ਜਮਹੂਰੀਅਤ" ਨਾ ਸਿਰਫ਼ **ਜਾਹਲ** ਵਾਕੰਸ਼ ਹੀ ਹੈ, ਜਿਹੜਾ ਸ਼੍ਰੇਣੀ ਘੋਲ਼ ਅਤੇ ਰਾਜ ਦੀ ਪ੍ਰਕਿਰਤੀ, ਦੋਹਾਂ ਬਾਰੇ ਸੂਝ ਦੀ ਘਾਟ ਨੂੰ ਪ੍ਰਗਟ ਕਰਦਾ ਹੈ, ਸਗੋਂ ਤੀਹਰਾ-ਖਾਲੀ ਵਾਕੰਸ਼ ਹੈ ਕਿਉਂਕਿ ਕਮਿਊਨਿਸਟ ਸਮਾਜ ਵਿੱਚ ਜਮਹੂਰੀਅਤ ਤਬਦੀਲੀ ਦੇ ਅਮਲ ਵਿਚ ਅਤੇ ਆਦਤ ਬਣਦੀ ਹੋਈ ਹੌਲ਼ੀ ਹੌਲ਼ੀ **ਖਤਮ ਹੋ ਜਾਏਗੀ**, ਪਰ ਇਹ ਕਦੀ ਵੀ "ਨਿਰੋਲ" ਜਮਹੂਰੀਅਤ ਨਹੀਂ ਹੋਵੇਗੀ।)

"ਨਿਰੋਲ ਜਮਹੂਰੀਅਤ" ਐਸੇ ਉਦਾਰਵਾਦੀ ਦਾ ਝੂਠਾ ਵਾਕੰਸ਼ ਹੈ ਜਿਹੜਾ ਮਜ਼ਦੂਰਾਂ ਨੂੰ ਮੂਰਖ਼ ਬਣਾਉਣਾ ਚਾਹੁੰਦਾ ਹੈ। ਇਤਿਹਾਸ ਬੁਰਜੂਆ ਜਮਹੂਰੀਅਤ ਤੋਂ ਵਾਕਫ਼ ਹੈ ਜਿਸਨੇ ਸਾਮੰਤਵਾਦ ਦੀ ਥਾਂ ਲਈ ਸੀ, ਅਤੇ ਪ੍ਰੋਲੇਤਾਰੀ ਜਮਹੂਰੀਅਤ ਤੋਂ, ਜਿਹੜੀ ਬੁਰਜੂਆ ਜਮਹੂਰੀਅਤ ਦੀ ਥਾਂ ਲੈਂਦੀ ਹੈ।

ਜਦੋਂ ਕਾਊਟਸਕੀ ਦਰਜਨਾਂ ਸਫ਼ੇ ਇਸ ਸੱਚਾਈ ਨੂੰ "ਸਿੱਧ ਕਰਨ" ਉੱਤੇ ਲਾ ਦੇਂਦਾ ਹੈ ਕਿ ਮੱਧਕਾਲੀਨਵਾਦ ਦੇ ਮੁਕਾਬਲੇ ਉੱਤੇ ਬੁਰਜੂਆ ਜਮਹੂਰੀਅਤ ਪ੍ਰਗਤੀਸ਼ੀਲ ਹੈ, ਅਤੇ ਪ੍ਰੋਲੇਤਾਰੀਆਂ ਨੂੰ ਬੁਰਜੂਆਜ਼ੀ ਦੇ ਖਿਲਾਫ਼ ਘੋਲ਼ ਵਿੱਚ ਇਸਦੀ ਬਿਨਾਂ ਉੱਕਿਆਂ ਵਰਤੋਂ ਕਰਨੀ ਚਾਹੀਦੀ ਹੈ, ਤਾਂ ਇਹ ਸਿਰਫ਼ ਉਦਾਰਵਾਦੀ ਬੜਬੜ ਹੈ ਜਿਸਦਾ ਮਕਸਦ ਮਜ਼ਦੂਰਾਂ ਨੂੰ ਧੋਖਾ ਦੇਣਾ ਹੈ। ਇਹ ਇਕ ਸਥਾਪਤ ਸੱਚਾਈ ਹੈ, ਨਾ ਸਿਰਫ਼ ਪੜ੍ਹੇ-ਲਿਖੇ ਜਰਮਨੀ ਲਈ ਹੀ, ਸਗੋਂ ਅਨਪੜ੍ਹ ਰੂਸ ਲਈ ਵੀ। ਕਾਊਟਸਕੀ ਮਜ਼ਦੂਰਾਂ ਦੀਆਂ ਅੱਖਾਂ ਵਿਚ ਸਿਰਫ਼ "ਵਿਦਵਾਨ" ਘੱਟਾ ਹੀ ਪਾ ਰਿਹਾ ਹੈ, ਜਦੋਂ ਉਹ ਰੋਹਬਦਾਰ ਚਿਹਰਾ ਬਣਾ ਕੇ ਵੇਟਲਿੰਗ ਬਾਰੇ ਅਤੇ ਪੈਰਾਗੂਏ ਦੇ ਜੇਸੂਆਈਟਾਂ ਬਾਰੇ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਬਾਰੇ ਗੱਲਾਂ ਕਰਦਾ ਹੈ, **ਤਾਂ ਕਿ** ਉਹ ਆਧੁਨਿਕ, ਅਰਥਾਤ, **ਸਰਮਾਏਦਾਰਾ** ਜਮਹੂਰੀਅਤ ਦੇ **ਬੁਰਜੂਆ** ਸਾਰ-ਤੱਤ ਦੀ **ਗੱਲ ਕਰਨ ਤੋਂ ਬਚਿਆ ਰਹਿ ਸਕੇ।**

ਕਾਊਟਸਕੀ ਮਾਰਕਸਵਾਦ ਤੋਂ ਉਹ ਕੁਝ ਲੈ ਲੈਂਦਾ ਹੈ ਜੋ ਕੁਝ ਉਦਾਰਵਾਦੀਆਂ ਨੂੰ, ਬੁਰਜੂਆਜ਼ੀ ਨੂੰ ਪ੍ਰਵਾਨ ਹੈ (ਮੱਧਕਾਲੀਨਵਾਦ ਦੀ ਅਲੋਚਨਾ, ਆਮ ਕਰਕੇ ਸਰਮਾਏਦਾਰੀ ਦਾ ਅਤੇ ਖਾਸ ਕਰਕੇ ਸਰਮਾਏਦਾਰਾ ਜਮਹੂਰੀਅਤ ਦਾ ਪ੍ਰਗਤੀਸ਼ੀਲ ਇਤਿਹਾਸਕ ਰੋਲ), ਅਤੇ ਮਾਰਕਸਵਾਦ ਵਿੱਚੋਂ ਜੋ ਕੁਝ ਬੁਰਜੂਆਜ਼ੀ ਨੂੰ **ਪ੍ਰਵਾਨ ਨਹੀਂ** (ਬੁਰਜੂਆਜ਼ੀ ਨੂੰ ਤਬਾਹ ਕਰਨ ਲਈ ਉਸ ਦੇ ਖਿਲਾਫ਼ ਪ੍ਰੋਲੇਤਾਰੀਆਂ ਦੀ ਇਨਕਲਾਬੀ ਹਿੰਸਾ), ਉਹ ਛੱਡ ਦੇਂਦਾ ਹੈ, ਚੁੱਪ ਕਰ ਕੇ ਅੱਖੋਂ ਉਹਲੇ ਕਰ ਦੇਂਦਾ ਹੈ, ਪੋਚਾ-ਪਾਚੀ ਕਰ ਦੇਂਦਾ ਹੈ। ਇਹੀ ਕਾਰਨ ਹੈ ਕਿ ਕਾਊਟਸਕੀ, ਆਪਣੀ ਵਸਤੂਪਰਕ ਪੁਜ਼ੀਸ਼ਨ ਕਰਕੇ, ਉਸਦੇ ਆਤਮਪਰਕ ਵਿਸ਼ਵਾਸ ਭਾਵੇਂ ਕੋਈ ਵੀ ਹੋਣ, ਅਟੱਲ ਤੌਰ ਉੱਤੇ ਬੁਰਜੂਆਜ਼ੀ ਦਾ ਪਿੱਠੂ ਸਾਬਤ ਹੁੰਦਾ ਹੈ।

ਬੁਰਜੂਆ ਜਮਹੂਰੀਅਤ ਭਾਵੇਂ ਮੱਧਕਾਲੀਨਵਾਦ ਦੇ ਮੁਕਾਬਲੇ ਉੱਤੇ ਇੱਕ ਮਹਾਨ ਇਤਿਹਾਸਕ ਪ੍ਰਗਤੀ ਸੀ, ਪਰ ਇਹ ਹਮੇਸ਼ਾਂ ਹੀ ਸੀਮਤ, ਛਾਂਗੀ ਹੋਈ, ਝੂਠੀ ਅਤੇ ਦੰਭੀ, ਅਮੀਰਾਂ ਲਈ ਇੱਕ ਸਵਰਗ ਪਰ ਸ਼ੋਸ਼ਿਤ ਲੋਕਾਂ, ਗ਼ਰੀਬਾਂ ਲਈ ਇੱਕ ਧੋਖਾ, ਇੱਕ ਜਾਲ਼ ਰਹਿੰਦੀ ਹੈ ਅਤੇ ਸਰਮਾਏਦਾਰੀ ਹੇਠ ਲਾਜ਼ਮੀ ਤੌਰ ਉੱਤੇ ਇੰਝ ਬਣੀ ਰਹੇਗੀ। ਇਹ ਸੱਚਾਈ

ਹੈ ਜਿਹੜੀ ਮਾਰਕਸ ਦੀ ਸਿੱਖਿਆ ਦਾ ਸਭ ਤੋਂ ਵੱਧ ਬੁਨਿਆਦੀ ਹਿੱਸਾ ਹੈ, ਅਤੇ ਇਸਨੂੰ "ਮਾਰਕਸਵਾਦੀ" ਕਾਊਟਸਕੀ ਸਮਝਣ ਤੋਂ ਅਸਮਰੱਥ ਰਿਹਾ ਹੈ, ਇਸ ਬਾਰੇ - ਇਸ ਬੁਨਿਆਦੀ ਮਸਲੇ ਉੱਤੇ -ਕਾਊਟਸਕੀ ਉਹਨਾਂ ਹਾਲਤਾਂ ਦਾ ਵਿਗਿਆਨਕ ਵਿਸ਼ਲੇਸ਼ਣ ਪੇਸ਼ ਕਰਨ ਦੀ ਥਾਂ, ਜਿਹੜੀਆਂ ਹਰ ਬੁਰਜੂਆ ਜਮਹੂਰੀਅਤ ਨੂੰ ਅਮੀਰਾਂ ਲਈ ਜਮਹੂਰੀਅਤ ਬਣਾ ਦੇਂਦੀਆਂ ਹਨ, ਬੁਰਜੂਆਜ਼ੀ ਲਈ "ਖੁਸ਼ੀਆਂ" ਪੇਸ਼ ਕਰਦਾ ਹੈ।

ਆਓ ਪਹਿਲਾਂ ਅਤਿ ਵਿਦਵਾਨ ਸ਼੍ਰੀਮਾਨ ਕਾਊਟਸਕੀ ਨੂੰ ਮਾਰਕਸ ਅਤੇ ਏਂਗਲਜ਼ ਦੀਆਂ ਸਿਧਾਂਤਕ ਪ੍ਰਸਥਾਪਨਾਵਾਂ ਬਾਰੇ ਯਾਦ ਕਰਾ ਦੇਈਏ, ਜਿਸਨੂੰ ਇਹ ਗੂਹੜ-ਗਿਆਨੀ ਏਨੀਂ ਬੇਸ਼ਰਮੀ ਨਾਲ਼ "ਭੁੱਲ ਗਿਆ ਹੈ" (ਬੁਰਜੂਆਜ਼ੀ ਨੂੰ ਖੁਸ਼ ਕਰਨ ਲਈ), ਅਤੇ ਫਿਰ ਮਾਮਲੇ ਦੀ ਜਿੰਨੀ ਸੌਖੀ ਤਰ੍ਹਾਂ ਸੰਭਵ ਹੋ ਸਕੇ ਵਿਆਖਿਆ ਕਰੀਏ।

ਨਾ ਸਿਰਫ਼ ਪ੍ਰਾਚੀਨ ਅਤੇ ਸਾਮੰਤੀ ਹੀ, ਸਗੋਂ "ਆਧੁਨਿਕ ਪ੍ਰਤਿਨਿੱਧ ਰਾਜ ਵੀ ਸਰਮਾਏ ਵਲੋਂ ਉਜਰਤੀ ਕਿਰਤ ਦੇ ਸ਼ੋਸ਼ਣ ਦਾ ਸਾਧਨ ਹੁੰਦਾ ਹੈ।" (ਰਾਜ ਬਾਰੇ ਆਪਣੀ ਕਿਰਤ ਵਿੱਚ ਏਂਗਲਜ਼)[16] ।"ਇਸ ਲਈ, ਕਿਉਂਕਿ ਰਾਜ ਸਿਰਫ਼ ਇਕ ਬਦਲੀ-ਕਾਲ ਦੀ ਸੰਸਥਾ ਹੈ, ਜਿਸਦੀ ਵਰਤੋਂ ਘੋਲ਼ ਵਿੱਚ, ਇਨਕਲਾਬ ਵਿੱਚ ਆਪਣੇ ਵਿਰੋਧੀਆਂ ਨੂੰ ਤਾਕਤ ਨਾਲ਼ ਦਬਾ ਕੇ ਰੱਖਣ ਲਈ ਕੀਤੀ ਜਾਂਦੀ ਹੈ, 'ਆਜ਼ਾਦ ਲੋਕਾਂ ਦੇ ਰਾਜ' ਦੀ ਗੱਲ ਕਰਨਾ ਨਿਰੋਲ ਵਾਹਯਾਤੀ ਹੈ, ਜਿੱਥੋਂ ਤੱਕ ਪ੍ਰੋਲੇਤਾਰੀਆਂ ਨੂੰ ਅਜੇ ਵੀ ਰਾਜ ਦੀ **ਲੋੜ** ਹੁੰਦੀ ਹੈ, ਤਾਂ ਉਹਨਾਂ ਨੂੰ ਇਸਦੀ ਲੋੜ ਅਜ਼ਾਦੀ ਦੇ ਹਿੱਤਾਂ ਵਿੱਚ ਨਹੀਂ ਹੁੰਦੀ, ਸਗੋਂ ਆਪਣੇ ਵਿਰੋਧੀਆਂ ਨੂੰ ਦਬਾ ਕੇ ਰੱਖਣ ਲਈ ਹੁੰਦੀ ਹੈ, ਅਤੇ ਜਿਉਂ ਹੀ ਆਜ਼ਾਦੀ ਦੀ ਗੱਲ ਕਰਨੀ ਸੰਭਵ ਹੋ ਜਾਂਦੀ ਹੈ, ਰਾਜ ਦੀ ਰਾਜ ਵਜੋਂ ਹੋਂਦ ਖਤਮ ਹੋ ਜਾਂਦੀ ਹੈ।" (ਏਗਲਜ਼, ਬੇਬੇਲ ਨੂੰ ਆਪਣੀ 28 ਮਾਰਚ, 1875 ਦੀ ਚਿੱਠੀ ਵਿੱਚ)।"ਪਰ, ਹਕੀਕਤ ਵਿੱਚ ਰਾਜ ਇਕ ਸ਼੍ਰੇਣੀ ਵਲੋਂ ਦੂਜੀ ਸ਼੍ਰੇਣੀ ਨੂੰ ਦਬਾਉਣ ਲਈ ਮਸ਼ੀਨਰੀ ਤੋਂ ਛੁੱਟ ਹੋਰ ਕੁਝ ਨਹੀਂ, ਅਤੇ ਸੱਚਮੁੱਚ ਜਮਹੂਰੀ ਰਿਪਬਲੀਕ ਵਿੱਚ ਵੀ ਬਾਦਸ਼ਾਹਤ ਨਾਲ਼ੋਂ ਘੱਟ ਇਹ ਇਸ ਤਰ੍ਹਾਂ ਦੀ ਨਹੀਂ ਹੁੰਦੀ।" (ਏਂਗਲਜ਼, ਮਾਰਕਸ ਦੀ ਪੁਸਤਕ "ਫ਼ਰਾਂਸ ਵਿੱਚ ਘਰੇਲੂ-ਜੰਗ" ਦੀ ਭੂਮਿਕਾ ਵਿੱਚ)।ਸਰਬ-ਵਿਆਪਕ ਮੱਤਾਧਿਕਾਰ "ਮਜ਼ਦੂਰ ਜਮਾਤ ਦੀ ਪਰੌਢਤਾ ਦਾ ਮਾਪ ਹੈ। **ਅੱਜ ਦੇ ਰਾਜ ਵਿੱਚ ਵੀ ਇਹ ਇਸਤੋਂ ਵੱਧ ਹੋਰ ਕੁਝ ਨਹੀਂ ਹੋ ਸਕਦਾ ਅਤੇ ਨਾ ਹੋਵੇਗਾ।**" (ਰਾਜ ਬਾਰੇ ਆਪਣੀ ਪੁਸਤਕ ਵਿੱਚ ਏਂਗਲਜ਼।[16] ਸ਼੍ਰੀਮਾਨ ਕਾਊਟਸਕੀ ਬੜੇ ਅਕਾਂਵੇਂ ਢੰਗ ਨਾਲ਼ ਇਸ ਪ੍ਰਸਥਾਪਨਾ ਦੇ ਪਹਿਲੇ ਹਿੱਸੇ ਨੂੰ ਮੁੜ ਮੁੜ ਦੁਹਰਾਉਂਦਾ ਹੈ, ਜੋ ਕਿ ਬੁਰਜੂਆਜ਼ੀ ਨੂੰ ਪ੍ਰਵਾਨ ਹੈ। ਪਰ ਦੂਜਾ ਹਿੱਸਾ, ਜਿਸ ਉੱਤੇ ਅਸੀਂ ਬਲ ਦਿਤਾ ਹੈ ਅਤੇ ਜਿਹੜਾ ਬੁਰਜੂਆਜ਼ੀ ਨੂੰ ਪ੍ਰਵਾਨ ਨਹੀਂ, ਭਗੌੜਾ ਕਾਊਟਸਕੀ ਚੁੱਪ ਕਰਕੇ ਅੱਖੋਂ ਉਹਲੇ ਕਰ ਦੇਂਦਾ ਹੈ!) "ਕਮਿਊਨ ਲਈ ਕਾਰਜ਼ਸ਼ੀਲ, ਨਾ ਕਿ ਪਾਰਲੀਮੈਂਟਰੀ ਸੰਸਥਾ, ਹੋਣਾ ਜ਼ਰੂਰੀ ਸੀ, ਇੱਕੋ ਵੇਲ਼ੇ ਕਾਰਜ-ਕਰਨੀ ਅਤੇ ਕਾਨੂੰਨਸਾਜ਼ ਸੰਸਥਾ ਹੋਣਾ ਜ਼ਰੂਰੀ ਸੀ। ...ਤਿੰਨ ਜਾਂ ਛੇ ਸਾਲਾਂ ਵਿੱਚ ਇੱਕ ਵਾਰੀ ਇਹ ਫੈਸਲਾ ਕਰਨ ਦੀ ਥਾਂ ਕਿ ਹਾਕਮ ਜਮਾਤ ਦਾ ਕਿਹੜਾ ਬੰਦਾ ਪਾਰਲੀਮੈਂਟ ਵਿੱਚ ਲੋਕਾਂ ਦੀ ਪ੍ਰਤੀਨਿਧਤਾ ਕਰੇ ਅਤੇ ਉਹਨਾਂ ਨੂੰ ਦਬਾਏ (ver- und zertreten), ਸਰਬ-ਵਿਆਪਕ

ਮੱਤਾਧਿਕਾਰ ਨੇ ਕਮਿਊਨਾਂ ਵਿੱਚ ਜਥੇਬੰਦ ਲੋਕਾਂ ਲਈ ਉਹੀ ਕੰਮ ਕਰਨਾ ਸੀ ਜਿਹੜਾ ਵਿਅਕਤੀਗਤ ਮੱਤਾਧਿਕਾਰ ਹਰ ਦੂਜੇ ਮਾਲਕ ਲਈ ਕੰਮ ਕਰਦਾ ਹੈ, ਜਿਹੜਾ ਆਪਣੇ ਕਾਰੋਬਾਰ ਲਈ ਮਜ਼ਦੂਰਾਂ, ਫੋਰਮੈਨਾਂ ਅਤੇ ਲੇਖਾਕਾਰਾਂ ਦੀ ਖੋਜ ਵਿੱਚ ਹੁੰਦਾ ਹੈ।" (ਮਾਰਕਸ, ਪੈਰਿਸ ਕਮਿਊਨ ਬਾਰੇ ਆਪਣੀ ਕਿਰਤ, "ਫ਼ਰਾਸ ਵਿੱਚ ਘਰੇਲੂ ਜੰਗ" ਵਿਚ)।

ਇਹਨਾਂ ਵਿੱਚੋਂ ਹਰ ਪ੍ਰਸਥਾਪਨਾ ਜਿਸਨੂੰ ਅਤਿ ਵਿਦਵਾਨ ਸ਼੍ਰੀਮਾਨ ਕਾਊਟਸਕੀ ਸ਼ਾਨਦਾਰ ਢੰਗ ਨਾਲ਼ ਜਾਣਦਾ ਹੈ, ਉਸਦੇ ਮੂੰਹ ਉੱਤੇ ਇੱਕ ਚਪੇੜ ਹੈ ਅਤੇ ਉਸਦੇ ਸਿਧਾਂਤ-ਤਿਆਗ ਨੂੰ ਨੰਗਿਆਂ ਕਰਦੀ ਹੈ। ਆਪਣੇ ਪੈਂਫ਼ਲਟ ਵਿੱਚ ਕਿਤੇ ਵੀ ਕਾਊਟਸਕੀ ਇਹਨਾਂ ਸੱਚਾਈਆਂ ਦੀ ਜ਼ਰਾ ਜਿੰਨੀ ਸੂਝ ਵੀ ਨਹੀਂ ਦਿਖਾਉਂਦਾ। ਉਸਦਾ ਸਾਰਾ ਪੈਂਫ਼ਲਟ ਮਾਰਕਸਵਾਦ ਨਾਲ਼ ਨਿਰੋਲ ਮਜ਼ਾਕ ਹੈ!

ਆਧੁਨਿਕ ਰਾਜਾਂ ਦੀ ਬੁਨਿਆਦੀ ਕਾਨੂੰਨਾਂ ਨੂੰ ਲਵੋ, ਉਹਨਾਂ ਦੇ ਪ੍ਰਬੰਧ ਨੂੰ ਲਵੋ, ਇਕੱਠੇ ਹੋਣ ਦੀ ਆਜ਼ਾਦੀ, ਅਖ਼ਬਾਰਾਂ ਦੀ ਆਜ਼ਾਦੀ, ਜਾਂ "ਕਾਨੂੰਨ ਅੱਗੇ ਸਾਰੇ ਸ਼ਹਿਰੀਆਂ ਦੀ ਬਰਾਬਰੀ" ਨੂੰ ਲਵੋ, ਤਾਂ ਤੁਹਾਨੂੰ ਹਰ ਮੋੜ ਉੱਤੇ ਬੁਰਜੂਆ ਜਮਹੂਰੀਅਤ ਦੇ ਦੰਭ ਦਾ ਸਬੂਤ ਮਿਲੇਗਾ, ਜਿਸਤੋਂ ਹਰ ਈਮਾਨਦਾਰ ਅਤੇ ਸ਼੍ਰੇਣੀਚੇਤਨਾ ਵਾਲ਼ਾ ਮਜ਼ਦੂਰ ਚੰਗੀ ਤਰ੍ਹਾਂ ਵਾਕਫ਼ ਹੈ। ਇੱਕ ਵੀ ਰਾਜ ਐਸਾ ਨਹੀਂ, ਭਾਵੇਂ ਉਹ ਕਿੰਨਾਂ ਹੀ ਜਮਹੂਰੀ ਕਿਉਂ ਨਾ ਹੋਵੇ, ਜਿਹੜੇ ਸੰਵਿਧਾਨ ਵਿੱਚ ਚੋਰ-ਦਰਵਾਜ਼ੇ ਜਾਂ ਰਾਂਖਵੇਂ ਅਧਿਕਾਰ ਨਾ ਹੋਣ, ਜਿਹੜੇ ਬੁਰਜੂਆਜ਼ੀ ਨੂੰ ਮਜ਼ਦੂਰਾਂ ਦੇ ਖਿਲਾਫ਼ ਫ਼ੌਜਾਂ ਭੇਜਣ ਦੀ ਸੰਭਾਵਨਾ, ਮਾਰਸ਼ਲ ਲਾਅ ਲਾਗੂ ਕਰਨਾ ਆਦਿ ਯਕੀਨੀ ਨਾ ਕਰਾਉਂਦੇ ਹੋਣ, ਜੇ "ਜਨਤਕ ਅਮਨ-ਅਮਾਨ ਦੀ ਉਲੰਘਣਾ" ਹੁੰਦੀ ਹੈ ਤਾਂ, ਅਤੇ ਅਸਲ ਵਿਚ, ਜੇ ਸ਼ੋਸ਼ਿਤ ਸ਼੍ਰੇਣੀ ਆਪਣੀ ਗ਼ੁਲਾਮਾਂ ਵਾਲੀ ਸਥਿਤੀ ਦੀ "ਉਲੰਘਣਾ" ਕਰਦੀ ਹੈ ਅਤੇ ਗ਼ੈਰ-ਗੁਲਾਮਾਨਾ ਢੰਗ ਨਾਲ਼ ਵਿਵਹਾਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਾਊਟਸਕੀ ਬੇਸ਼ਰਮੀ ਨਾਲ਼ ਬੁਰਜੂਆ ਜਮਹੂਰੀਅਤ ਉੱਤੇ ਮੁਲੰਮਾਂ ਚੜ੍ਹਾਉਂਦਾ ਹੈ ਅਤੇ ਇਸ ਗੱਲ ਦਾ ਜ਼ਿਕਰ ਨਹੀਂ ਕਰਦਾ ਕਿ, ਉਦਾਹਰਣ ਵਜੋਂ ਅਮਰੀਕਾ ਜਾਂ ਸਵਿਟਰਜ਼ਰਲੈਂਡ ਵਿਚਲੀ ਅਤਿ ਦੀ ਜਮਹੂਰੀ ਅਤੇ ਰਿਪਬਲਿਕਨ ਬੁਰਜੂਆਜ਼ੀ ਹੜਤਾਲੀ ਮਜ਼ਦੂਰਾਂ ਨਾਲ਼ ਕਿਵੇਂ ਨਜਿੱਠਦੀ ਹੈ।

ਸਿਆਣਾ ਅਤੇ ਵਿਦਵਾਨ ਕਾਊਟਸਕੀ ਇਹਨਾਂ ਚੀਜ਼ਾਂ ਬਾਰੇ ਚੁੱਪ ਰਹਿੰਦਾ ਹੈ! ਇਹ ਵਿਦਵਾਨ ਸਿਆਸਤਦਾਨ ਇਸ ਗੱਲ ਨੂੰ ਨਹੀਂ ਸਮਝਦਾ ਕਿ ਇਸ ਮਸਲੇ ਉੱਤੇ ਚੁੱਪ ਰਹਿਣਾ ਘ੍ਰਿਣਾਯੋਗ ਹੈ। ਉਹ ਮਜ਼ਦੂਰਾਂ ਨੂੰ ਇਸ ਤਰ੍ਹਾਂ ਦੀਆਂ ਬਾਲ-ਕਥਾਵਾਂ ਦੱਸਣ ਨੂੰ ਤਰਜੀਹ ਦੇਂਦਾ ਹੈ, ਜਿਵੇਂ ਕਿ ਜਮਹੂਰੀਅਤ ਦਾ ਮਤਲਬ ਹੈ "ਘੱਟ ਗਿਣਤੀ ਦੀ ਰੱਖਿਆ ਕਰਨਾ"। ਇਹ ਵਿਸ਼ਵਾਸੋਂ ਬਾਹਰ ਹੈ, ਪਰ ਇਹ ਹਕੀਕਤ ਹੈ ਸਾਡੇ ਪਾਤਸ਼ਾਹ ਦੇ ਸਾਲ 1918 ਵਿੱਚ ਅਤੇ ਸੰਸਾਰ ਸਾਮਰਾਜੀ ਕਤਲਾਮ ਦੇ ਅਤੇ ਕੌਮਾਂਤਰੀਵਾਦੀ ਘੱਟਗਿਣਤੀਆਂ ਦਾ, (ਅਰਥਾਤ, ਉਹਨਾਂ ਦਾ, ਜਿਨ੍ਹਾਂ ਨੇ ਰੇਨਾਦੇਲਾਂ ਅਤੇ ਲੌਂਗੇਆਂ, ਸ਼ੀਦਮਾਨਾਂ ਅਤੇ ਕਾਊਟਸਕੀਆਂ, ਹੈਂਡਰਸਨਾਂ ਅਤੇ ਵੈਬਾਂ ਆਦਿ ਵਾਂਗ ਸੋਸ਼ਲਿਜ਼ਮ ਨਾਲ ਘ੍ਰਿਣਤ ਢੰਗ ਨਾਲ਼ ਗੱਦਾਰੀ ਨਹੀਂ ਕੀਤੀ) ਸੰਸਾਰ ਦੀਆਂ ਸਾਰੀਆਂ "ਜਮਹੂਰੀਅਤਾਂ" ਵਿੱਚ ਗਲ਼ਾ ਘੁੱਟਣ

ਦੇ ਪੰਜਵੇਂ ਸਾਲ ਵਿੱਚ ਵਿਦਵਾਨ ਸ਼੍ਰੀਮਾਨ ਕਾਊਟਸਕੀ ਮਿੱਠੀ ਤਰ੍ਹਾਂ, ਬਹੁਤ ਮਿੱਠੀ ਤਰ੍ਹਾਂ, "ਘੱਟਗਿਣਤੀ ਦੀ ਰੱਖਿਆ" ਦੀਆਂ ਤਾਰੀਫ਼ਾਂ ਦੇ ਗੀਤ ਗਾਉਂਦਾ ਹੈ। ਜਿਹੜੇ ਦਿਲਚਸਪੀ ਰੱਖਦੇ ਹਨ, ਉਹ ਕਾਊਟਸਕੀ ਦੇ ਪੈਂਫ਼ਲਟ ਦੇ ਸਫ਼ਾ 15 ਉਤੇ ਇਹ ਪੜ੍ਹ ਸਕਦੇ ਹਨ। ਅਤੇ ਸਫ਼ਾ 16 ਉੱਤੇ ਇਹ ਵਿਦਵਾਨ... ਵਿਅਕਤੀ ਤੁਹਾਨੂੰ ਅਠਾਰ੍ਹਵੀ ਸਦੀ ਵਿੱਚ ਇੰਗਲੈਂਡ ਵਿਚਲੇ ਵ੍ਹਿਗਾਂ ਅਤੇ ਟੋਰੀਆਂ[17] ਦੀ ਗੱਲ ਸੁਣਾਉਣ ਲੱਗ ਪੈਂਦਾ ਹੈ!

ਕਿਆ ਸ਼ਾਨਦਾਰ ਪੰਡਤਾਈ ਹੈ! ਬੁਰਜੂਆਜ਼ੀ ਦੀ ਕਿਆ ਸੂਖ਼ਮ ਸੇਵਾਦਾਰੀ ਹੈ! ਸਰਮਾਏਦਾਰਾਂ ਅੱਗੇ ਕਿੰਨੇ ਸੱਭਿਆ ਢੰਗ ਨਾਲ ਰੀਂਗਣਾਂ ਅਤੇ ਉਹਨਾਂ ਦੇ ਬੂਟ ਚੱਟਣਾ ਹੈ! ਜੇ ਮੈਂ ਕਰੁੱਪ ਜਾਂ ਸ਼ੀਦਮਾਨ, ਜਾਂ ਕਲੇਮਨਸੋ ਜਾਂ ਰੇਨਾਦੇਲ ਹੁੰਦਾ ਤਾਂ ਮੈਂ ਸ਼੍ਰੀਮਾਨ ਕਾਊਟਸਕੀ ਨੂੰ ਕਰੋੜਾਂ ਰੁਪਏ ਦੇਂਦਾ, ਜੂਦਾਸ ਵਾਲ਼ੀਆਂ ਚੁੰਮਣਾਂ ਦਾ ਉਸਨੂੰ ਇਨਾਮ ਦੇਂਦਾ, ਮਜ਼ਦੂਰਾਂ ਅੱਗੇ ਉਸਦੀਆਂ ਸਿਫ਼ਤਾਂ ਕਰਦਾ ਅਤੇ ਉਸ ਵਰਗੇ "ਸਤਿਕਾਰਯੋਗ" ਆਦਮੀਆਂ ਨਾਲ਼ "ਸੋਸ਼ਲਿਸਟ ਏਕਤਾ" ਲਈ ਜ਼ੋਰ ਦੇਂਦਾ। ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਖ਼ਿਲਾਫ਼ ਪੈਂਫ਼ਲਟ ਲਿਖਣੇ, ਅਠਾਰ੍ਹਵੀਂ ਸਦੀ ਵਿੱਚ ਇੰਗਲੈਂਡ ਵਿਚਲੇ ਵ੍ਹਿਗਾਂ ਅਤੇ ਟੋਰੀਆਂ ਦੀ ਗੱਲ ਕਰਨੀ, ਇਹ ਦਾਅਵਾ ਕਰਨਾ ਕਿ ਜਮਹੂਰੀਅਤ ਦਾ ਮਤਲਬ "ਘੱਟਗਿਣਤੀ ਦੀ ਰਾਖੀ ਕਰਨਾ" ਹੈ, ਅਤੇ ਅਮਰੀਕਾ ਦੀ "ਜਮਹੂਰੀ" ਰਿਪਬਲਿਕ ਵਿਚ ਕੌਮਾਂਤਰੀਵਾਦੀਆਂ ਦੇ **ਕਤਲਾਮਾਂ** ਦੇ ਬਾਰੇ ਚੁੱਪ ਰਹਿਣਾ- ਕੀ ਇਹ ਬੁਰਜੂਆਜ਼ੀ ਦੀ ਝੋਲ਼ੀਚੁੱਕਾਂ ਵਰਗੀ ਸੇਵਾ ਨਹੀਂ?

ਵਿਦਵਾਨ ਸ਼੍ਰੀਮਾਨ ਕਾਊਟਸਕੀ ਇਹ "ਛੋਟੀ ਜਿਹੀ ਗੱਲ ਭੁੱਲ ਗਿਆ ਹੈ" — ਸ਼ਾਇਦ ਸਬੱਬੀ ਹੀ ਭੁੱਲ ਗਿਆ ਹੈ...— ਕਿ ਬੁਰਜੂਆ ਜਮਹੂਰੀਅਤ ਵਿੱਚ ਹਾਕਮ ਪਾਰਟੀ ਘੱਟਗਿਣਤੀਆਂ ਵਾਲ਼ੀ ਰੱਖਿਆ ਸਿਰਫ਼ ਦੂਜੀ **ਬੁਰਜੂਆ** ਪਾਰਟੀ ਨੂੰ ਹੀ ਦੇਂਦੀ ਹੈ, ਜਦ ਕਿ ਪ੍ਰੋਲੇਤਾਰੀਆਂ ਨੂੰ ਸਾਰੇ ਹੀ **ਗੰਭੀਰ, ਡੂੰਘੇ ਅਤੇ ਬੁਨਿਆਦੀ** ਮਸਲਿਆਂ ਉੱਤੇ, "ਘੱਟਗਿਣਤੀਆਂ ਦੀ ਰੱਖਿਆ" ਦੀ ਥਾਂ ਮਾਰਸ਼ਲ ਲਾਅ ਅਤੇ ਕਤਲਾਮ ਮਿਲਦੇ ਹਨ। **ਜਮਹੂਰੀਅਤ ਜਿੰਨੀ ਜ਼ਿਆਦਾ ਵਿਕਸਿਤ ਹੋਵੇਗੀ, ਕਿਸੇ ਵੀ ਗੰਭੀਰ ਰਾਜਨੀਤਕ ਮੱਤਭੇਦ ਦੇ ਸਬੰਧ ਵਿੱਚ, ਜਿਹੜਾ ਬੁਰਜੂਆਜ਼ੀ ਲਈ ਖ਼ਤਰਨਾਕ ਹੁੰਦਾ ਹੈ, ਕਤਲਾਮ ਜਾਂ ਘਰੇਲੂ ਜੰਗ ਓਨੀ ਹੀ ਵਧੇਰੇ ਅੱਟਲ ਹੋਵੇਗੀ।** ਵਿਦਵਾਨ ਸ਼੍ਰੀਮਾਨ ਕਾਊਟਸਕੀ ਰਿਪਬਲਿਕਨ ਫਰਾਂਸ ਵਿੱਚ ਡਰੇਫ਼ਸ ਮੁਕੱਦਮੇ ਦੇ ਸਬੰਧ ਵਿੱਚ,[18] ਅਮਰੀਕਾ ਦੀ ਜਮਹੂਰੀ ਰਿਪਬਲਿਕ ਵਿੱਚ ਨੀਗਰੋਆਂ ਅਤੇ ਕੌਮਾਂਤਰੀਵਾਦੀਆਂ ਨੂੰ ਆਮ ਤਸੀਹਿਆਂ ਰਾਹੀਂ ਕਤਲ ਕਰਨ ਦੇ ਸਬੰਧ ਵਿੱਚ, ਜਮਹੂਰੀ ਬਰਤਾਨੀਆ ਵਿੱਚ ਆਇਰਲੈਂਡ ਅਤੇ ਅਲਸਟਰ ਦੇ ਸਬੰਧ ਵਿੱਚ[19], ਰੂਸ ਦੀ ਜਮਹੂਰੀ ਰਿਪਬਲਿਕ ਵਿੱਚ ਅਪ੍ਰੈਲ 1917 ਵਿੱਚ ਬਾਲਸ਼ਵਿਕਾਂ ਨੂੰ ਜ਼ਿੱਚ ਕਰਨ ਅਤੇ ਉਹਨਾਂ ਦੇ ਕਤਲਾਮ ਰਚਾਉਣ ਦੇ ਸੰਬੰਧ ਵਿਚ ਬੁਰਜੂਆ ਜਮਹੂਰੀਅਤ ਦੇ ਇਸ "ਕਾਨੂੰਨ" ਦਾ ਅਧਿਐਨ ਕਰ ਸਕਦਾ ਸੀ। ਮੈਂ ਜਾਣ-ਬੁਝ ਕੇ ਨਾ ਸਿਰਫ਼ ਜੰਗ ਦੇ ਸਮੇਂ ਦੀਆਂ ਸਗੋਂ ਜੰਗ ਤੋਂ ਪਹਿਲਾਂ ਦੇ ਸਮੇਂ, ਸ਼ਾਂਤਮਈ ਸਮੇਂ ਦੀਆਂ ਵੀ ਉਦਾਹਰਣਾਂ ਚੁਣੀਆਂ ਹਨ। ਪਰ ਮਿੱਠਬੋਲੜਾ ਸ਼੍ਰੀਮਾਨ ਕਾਊਟਸਕੀ ਵੀਹਵੀਂ ਸਦੀ ਦੇ ਇਹਨਾਂ ਤੱਥਾਂ ਵੱਲੋਂ ਅੱਖਾਂ ਮੀਟ ਲੈਣ ਨੂੰ, ਅਤੇ

ਇਸਦੀ ਥਾਂ ਮਜ਼ਦੂਰਾਂ ਨੂੰ ਅਠਾਰ੍ਹਵੀ ਸਦੀ ਦੇ ਵ੍ਹਿਗਾਂ ਅਤੇ ਟੋਰੀਆਂ ਬਾਰੇ ਅਦਭੁੱਤ ਤਰ੍ਹਾਂ ਦੀਆਂ ਨਵੀਆਂ, ਸ਼ਾਨਦਾਰ ਤਰ੍ਹਾਂ ਦੀਆਂ ਦਿਲਚਸਪ, ਅਸਧਾਰਣ ਤੌਰ ਉਤੇ ਗਿਆਨ-ਵਰਧਕ ਅਤੇ ਯਕੀਨੋਂ-ਬਾਹਰੀ ਮਹੱਤਤਾ ਵਾਲ਼ੀਆਂ ਚੀਜ਼ਾਂ ਬਾਰੇ ਦੱਸਣ ਨੂੰ ਤਰਜੀਹ ਦੇਂਦਾ ਹੈ।

ਬੁਰਜੂਆ ਪਾਰਲੀਮੈਂਟ ਨੂੰ ਹੀ ਲਵੋ। ਕੀ ਇਹ ਹੋ ਸਕਦਾ ਹੈ ਕਿ ਵਿਦਵਾਨ ਕਾਊਟਸਕੀ ਨੇ ਇਹ ਕਦੀ ਸੁਣਿਆ ਹੀ ਨਾ ਹੋਵੇ ਕਿ ਜਮਹੂਰੀਅਤ **ਜਿੰਨੀ ਜ਼ਿਆਦਾ** ਵਿਕਸਿਤ ਹੁੰਦੀ ਹੈ, ਬੁਰਜੂਆ ਪਾਰਲੀਮੈਂਟਾਂ **ਓਨੀਆਂ ਦੀ ਜ਼ਿਆਦਾ** ਸਟਾਕ-ਐਕਸਚੇਂਜ ਅਤੇ ਬੈਂਕਰਾਂ ਦਾ ਸ਼ਿਕਾਰ ਹੁੰਦੀਆਂ ਹਨ ? ਇਸਦਾ ਮਤਲਬ ਇਹ ਨਹੀਂ ਕਿ ਸਾਨੂੰ ਬੁਰਜੂਆ ਪਾਰਲੀਮੈਂਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ (ਬਾਲਸ਼ਵਿਕਾਂ ਨੇ ਸ਼ਾਇਦ ਦੁਨੀਆਂ ਵਿਚਲੀ ਹੋਰ ਕਿਸੇ ਵੀ ਪਾਰਟੀ ਨਾਲ਼ੋਂ ਵਧੇਰੇ ਚੰਗੀ ਤਰ੍ਹਾਂ ਇਸਦੀ ਵਰਤੋਂ ਕੀਤੀ, ਕਿਉਂਕਿ 1912-14 ਲਈ ਅਸੀਂ ਚੌਥੀ ਦੂਮਾ[20] ਵਿਚਲੀਆਂ ਸਾਰੀਆਂ ਦੀਆਂ ਸਾਰੀਆਂ ਮਜ਼ਦੂਰ ਸੀਟਾਂ ਜਿੱਤ ਲਈਆਂ)। ਪਰ ਇਸਦਾ ਮਤਲਬ ਇਹ ਜ਼ਰੂਰ ਹੈ ਕਿ ਸਿਰਫ਼ ਇਕ ਉਦਾਰਵਾਦੀ ਹੀ ਬੁਰਜੂਆ ਪਾਰਲੀਮੈਂਟਰੀ ਪ੍ਰਣਾਲੀ ਦੀਆਂ **ਇਤਿਹਾਸਕ ਸੀਮਾਵਾਂ ਅਤੇ ਰਵਾਇਤੀ ਪ੍ਰਕਿਰਤੀ** ਨੂੰ ਭੁਲਾ ਸਕਦਾ ਹੈ, ਜਿਵੇਂ ਕਾਊਟਸਕੀ ਕਰਦਾ ਹੈ। ਇੱਥੋਂ ਤੱਕ ਕਿ ਅਤਿਅੰਤ ਜਮਹੂਰੀ ਬੁਰਜੂਆ ਰਾਜ ਵਿੱਚ ਵੀ ਦੱਬੇ-ਕੁਚਲੇ ਲੋਕਾਂ ਨੂੰ ਹਰ ਕਦਮ ਉੱਤੇ ਸਰਮਾਏਦਾਰਾਂ ਦੀ "ਜਮਹੂਰੀਅਤ" ਵੱਲੋਂ ਐਲਾਨੀ ਜਾਂਦੀ ਰਸਮੀ ਬਰਾਬਰੀ ਅਤੇ ਹਜ਼ਾਰਾਂ ਹੀ **ਅਸਲੀ** ਸੀਮਾਵਾਂ ਅਤੇ ਢੁੱਚਰਬਾਜ਼ੀਆਂ ਵਿਚਕਾਰ, ਜਿਹੜੀਆਂ ਪ੍ਰੋਲੇਤਾਰੀਆਂ ਨੂੰ **ਉਜਰਤੀ -ਗ਼ੁਲਾਮਾਂ** ਵਿੱਚ ਬਦਲ ਦੇਂਦੀਆਂ ਹਨ, ਉਘੜਵੀਂ ਵਿਰੋਧਤਾਈ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਬਿਲਕੁਲ ਇਹੀ ਵਿਰੋਧਤਾਈ ਹੈ ਜਿਹੜੀ ਸਰਮਾਏਦਾਰੀ ਦੀ ਗਲ਼ੀ-ਸੜੀ ਅਵਸਥਾ, ਇਸਦੇ ਝੂਠ ਅਤੇ ਦੰਭ ਵਲੋਂ ਲੋਕਾਂ ਦੀਆਂ ਅੱਖਾਂ ਖੋਹਲ ਰਹੀ ਹੈ। ਇਹੀ ਵਿਰੋਧਤਾਈ ਹੈ ਜਿਸਨੂੰ ਸੋਸ਼ਲਿਜ਼ਮ ਲਈ ਅੰਦੋਲਨ ਅਤੇ ਪ੍ਰਚਾਰ ਕਰਨ ਵਾਲੇ, ਲੋਕਾਂ ਨੂੰ ਇਨਕਲਾਬ ਲਈ **ਤਿਆਰ ਕਰਨ ਵਾਸਤੇ** ਉਹਨਾਂ ਸਾਮ੍ਹਣੇ ਲਗਾਤਾਰ ਲਿਆ ਰਹੇ ਹਨ ! ਅਤੇ ਹੁਣ ਜਦ ਕਿ ਇਨਕਲਾਬਾਂ ਦਾ ਦੌਰ **ਸ਼ੁਰੂ ਹੋ ਗਿਆ ਹੈ**, ਕਾਊਟਸਕੀ ਇਸ ਵੱਲੋਂ ਮੂੰਹ ਫੇਰ ਲੈਂਦਾ ਹੈ ਅਤੇ **ਮਰਨ-ਕਿਨਾਰੇ ਪਈ** ਬੁਰਜੂਆ ਜਮਹੂਰੀਅਤ ਦੇ ਹੁਸਨ ਦੀਆਂ ਤਾਰੀਫ਼ਾਂ ਕਰਨੀਆਂ ਸ਼ੁਰੂ ਕਰ ਦੇਂਦਾ ਹੈ।

ਪ੍ਰੋਲੇਤਾਰੀ ਜਮਹੂਰੀਅਤ, ਜਿਸਦਾ ਇੱਕ ਰੂਪ ਸੋਵੀਅਤ ਸਰਕਾਰ ਹੈ, ਨੇ ਵਸੋਂ ਦੀ ਵਿਸ਼ਾਲ ਬਹੁਗਿਣਤੀ ਲਈ, ਸ਼ੋਸ਼ਿਤ ਅਤੇ ਮਜ਼ਦੂਰ ਲੋਕਾਂ ਲਈ ਜਮਹੂਰੀਅਤ ਦਾ ਐਸਾ ਵਿਕਾਸ ਅਤੇ ਪਸਾਰ ਕੀਤਾ ਹੈ, ਜਿਸਦੀ ਦੁਨੀਆ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਜਮਹੂਰੀਅਤ ਬਾਰੇ ਪੈਂਫ਼ਲਟ ਲਿਖਣਾ, ਜਿਵੇਂ ਕਿ ਕਾਊਟਸਕੀ ਨੇ ਲਿਖਿਆ ਹੈ, ਜਿਸ ਵਿਚ ਦੋ ਸਫ਼ੇ ਡਿਕਟੇਟਰਸ਼ਿਪ ਨੂੰ ਅਤੇ ਦਰਜਨਾਂ ਸਫ਼ੇ "ਨਿਰੋਲ ਜਮਹੂਰੀਅਤ" ਨੂੰ ਦਿੱਤੇ ਹੋਣ, ਅਤੇ ਇਹ ਤੱਥ ਦੇਖਣ ਤੋਂ **ਅਸਮਰੱਥ ਰਹਿਣਾ**—ਇਸਦਾ ਮਤਲਬ ਉਦਾਰਵਾਦੀ ਅੰਦਾਜ਼ ਵਿਚ ਵਿਸ਼ੇ ਨੂੰ ਪੂਰੀ ਤਰ੍ਹਾਂ ਵਿਗਾੜਨਾ ਹੈ।

ਵਿਦੇਸ਼ ਨੀਤੀ ਨੂੰ ਲਵੋ। ਕਿਸੇ ਵੀ ਬੁਰਜੂਆ ਰਾਜ ਵਿੱਚ, ਅਤਿ ਦੇ ਜਮਹੂਰੀ ਰਾਜ

ਵਿੱਚ ਵੀ, ਇਹ ਖੁੱਲ੍ਹਮ ਖੁੱਲ੍ਹਾ ਢੰਗ ਨਾਲ ਨਹੀਂ ਚਲਾਈ ਜਾਂਦੀ। ਹਰ ਥਾਂ ਲੋਕਾਂ ਨਾਲ਼ ਧੋਖਾ ਕੀਤਾ ਜਾਂਦਾ ਹੈ, ਅਤੇ ਜਮਹੂਰੀ ਫਰਾਂਸ, ਸਵਿਟਜ਼ਰਲੈਂਡ, ਅਮਰੀਕਾ ਅਤੇ ਬਰਤਾਨੀਆ ਵਿੱਚ ਇਹ ਕੰਮ ਦੂਜੇ ਦੇਸ਼ਾਂ ਨਾਲ਼ੋਂ ਕਿਤੇ ਜ਼ਿਆਦਾ ਵਿਸ਼ਾਲ ਪੈਮਾਨੇ ਉੱਤੇ ਅਤੇ ਕਿਤੇ ਜ਼ਿਆਦਾ ਸੂਖ਼ਮ ਢੰਗ ਨਾਲ ਕੀਤਾ ਜਾਂਦਾ ਹੈ। ਸੋਵੀਅਤ ਸਰਕਾਰ ਨੇ ਇਨਕਲਾਬੀ ਢੰਗ ਨਾਲ਼ ਵਿਦੇਸ਼ ਨੀਤੀ ਤੋਂ ਰਹੱਸ ਦਾ ਪਰਦਾ ਪਾੜ ਦਿਤਾ ਹੈ। ਕਾਊਟਸਕੀ ਨੇ ਇਸ ਵੱਲ ਧਿਆਨ ਨਹੀਂ ਦਿੱਤਾ, ਉਹ ਇਸ ਬਾਰੇ ਚੁੱਪ ਰਹਿੰਦਾ ਹੈ, ਹਾਲਾਂ ਕਿ ਧਾੜਵੀ ਜੰਗਾਂ ਦੇ ਅਤੇ "ਪ੍ਰਭਾਵ-ਖੇਤਰਾਂ ਦੀ ਵੰਡ" ਲਈ (ਅਰਥਾਤ, ਸਰਮਾਏਦਾਰ ਡਾਕੂਆਂ ਵਿਚਕਾਰ ਸੰਸਾਰ ਦੀ ਵੰਡ ਲਈ) ਕੀਤੀਆਂ ਗਈਆਂ ਖ਼ੁਫੀਆ ਸੰਧੀਆਂ ਦੇ ਯੁੱਗ ਵਿੱਚ ਇਹ ਗੱਲ **ਬੁਨਿਆਦੀ** ਮਹੱਤਤਾ ਰੱਖਦੀ ਹੈ, ਕਿਉਂਕਿ ਇਸ ਉਤੇ ਹੀ ਅਮਨ ਦਾ, ਕਰੋੜਾਂ ਲੋਕਾਂ ਦੀ ਜ਼ਿੰਦਗੀ ਅਤੇ ਮੌਤ ਦਾ ਸਵਾਲ ਨਿਰਭਰ ਕਰਦਾ ਹੈ।

ਰਾਜ ਦੀ ਬਣਤਰ ਨੂੰ ਲਵੋ। ਕਾਊਟਸਕੀ ਹਰ ਤਰ੍ਹਾਂ ਦੀਆਂ "ਨਿਗੂਣਤਾਈਆਂ" ਨੂੰ ਚੁਣ ਲੈਂਦਾ ਹੈ, ਬਿਲਕੁਲ ਇਸ ਦਲੀਲ ਤੱਕ ਕਿ ਸੋਵੀਅਤ ਸੰਵਿਧਾਨ ਵਿੱਚ ਚੋਣਾਂ "ਅਸਿੱਧੀਆਂ" ਹਨ, ਪਰ ਉਹ ਗੱਲ ਸਮਝਣ ਤੋਂ ਅਸਮੱਰਥ ਰਹਿੰਦਾ ਹੈ। ਉਹ ਰਾਜਕੀ ਮਸ਼ੀਨਰੀ ਦੇ **ਸ਼੍ਰੇਣੀ** ਖਾਸੇ ਨੂੰ ਦੇਖਣ ਤੋਂ ਅਸਮਰੱਥ ਰਹਿੰਦਾ ਹੈ। ਬੁਰਜੂਆ ਜਮਹੂਰੀਅਤ ਵਿੱਚ ਸਰਮਾਏਦਾਰ ਹਜ਼ਾਰਾਂ ਹੀ ਚਾਲਾਂ ਨਾਲ- ਜਿਹੜੀਆਂ ਵਧੇਰੇ ਚਾਲਾਕੀ ਭਰੀਆਂ ਅਤੇ ਕਾਰਗਰ ਹੁੰਦੀਆਂ ਜਾਂਦੀਆਂ ਹਨ, ਜਿਉਂ ਜਿਉਂ "ਨਿਰੋਲ" ਜਮਹੂਰੀਅਤ ਵਧੇਰੇ ਵਿਕਾਸ ਕਰੀ ਜਾਂਦੀ ਹੈ— ਲੋਕਾਂ ਨੂੰ ਰਾਜ-ਪ੍ਰਬੰਧਕ ਕੰਮ ਤੋਂ, ਅਖਬਾਰਾਂ ਦੀ ਅਜ਼ਾਦੀ ਤੋਂ, ਇਕੱਠੇ ਹੋਣ ਦੀ ਅਜ਼ਾਦੀ, ਆਦਿ ਤੋਂ **ਦੂਰ ਨਠਾਉਂਦੇ ਹਨ।** ਰਾਜ ਪ੍ਰਬੰਧ ਦੇ ਕੰਮ ਵਿਚ ਲੋਕਾਂ ਨੂੰ, ਖਾਸ ਕਰਕੇ **ਸ਼ੋਸ਼ਿਤ ਲੋਕਾਂ** ਨੂੰ **ਖਿੱਚਣ** ਵਾਲ਼ੀ ਸੋਵੀਅਤ ਸਰਕਾਰ ਦੁਨੀਆ ਵਿੱਚ **ਪਹਿਲੀ** ਸਰਕਾਰ ਹੈ (ਜਾਂ ਦੂਜੀ ਸਰਕਾਰ ਹੈ, ਜੇ ਵਧੇਰੇ ਠੀਕ ਠੀਕ ਕਿਹਾ ਜਾਏ ਤਾਂ, ਕਿਉਂਕਿ ਪੈਰਿਸ ਕਮਿਊਨ ਨੇ ਇਹੀ ਗੱਲ ਕਰਨੀ ਸ਼ੁਰੂ ਕੀਤੀ ਸੀ।) ਹਜ਼ਾਰਾਂ ਹੀ ਰੁਕਾਵਟਾਂ ਖੜੀਆਂ ਕਰਕੇ ਮਜ਼ਦੂਰ ਲੋਕਾਂ ਨੂੰ ਬੁਰਜੂਆ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਤੋਂ **ਵੱਖ ਕੀਤਾ ਜਾਂਦਾ ਹੈ** (ਬੁਰਜੂਆ ਜਮਹੂਰੀਅਤ ਵਿਚ ਮਹੱਤਵਪੂਰਨ ਮਸਲਿਆਂ ਦਾ **ਫ਼ੈਸਲਾ ਕਦੀ ਉਹ ਨਹੀਂ ਕਰਦੇ**, ਇਹ ਫ਼ੈਸਲਾ ਸਟਾਕ-ਐਕਸਚੇਜਾਂ ਅਤੇ ਬੈਂਕਾਂ ਵੱਲੋਂ ਕੀਤਾ ਜਾਂਦਾ ਹੈ), ਅਤੇ ਮਜ਼ਦੂਰ ਇਹ ਜਾਣਦੇ ਅਤੇ ਮਹਿਸੂਸ ਕਰਦੇ ਹਨ, ਦੇਖਦੇ ਅਤੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਬੁਰਜੂਆ ਪਾਰਲੀਮੈਂਟਾਂ ਉਹਨਾਂ ਲਈ **ਵਿਰੋਧੀ** ਸੰਸਥਾਵਾਂ ਹਨ, ਬੁਰਜੂਆਜ਼ੀ ਵੱਲੋਂ ਮਜ਼ਦੂਰਾਂ ਉੱਪਰ **ਜਬਰ ਦਾ ਸਾਧਨ** ਹਨ, ਦੁਸ਼ਮਣ ਜਮਾਤ ਦੀਆਂ ਸ਼ੋਸ਼ਣ ਕਰਨ ਵਾਲ਼ੀ ਘੱਟਗਿਣਤੀ ਦੀਆਂ ਸੰਸਥਾਵਾਂ ਹਨ।

ਸੋਵੀਅਤਾਂ ਮਜ਼ਦੂਰ ਅਤੇ ਸ਼ੋਸ਼ਿਤ ਲੋਕਾਂ ਦਾ ਸਿੱਧਾ ਆਪਣਾ ਸੰਗਠਨ ਹਨ, ਜਿਹੜਾ ਉਹਨਾਂ ਦੇ ਜਥੇਬੰਦ ਹੋਣ, ਅਤੇ ਖੁਦ ਆਪਣੇ ਰਾਜ ਦਾ ਪ੍ਰਬੰਧ ਚਲਾਉਣ ਨੂੰ ਹਰ ਸੰਭਵ ਤਰੀਕੇ ਨਾਲ਼ **ਸੌਖੇਰਾ ਬਣਾਉਂਦਾ** ਹੈ। ਅਤੇ ਇਸ ਵਿੱਚ ਮਜ਼ਦੂਰਾਂ ਅਤੇ ਸ਼ੋਸ਼ਿਤ ਲੋਕਾਂ ਦਾ ਹਰਾਵਲ ਦਸਤਾ, ਸ਼ਹਿਰੀ ਪ੍ਰੋਲਤਾਰੀ, ਹੀ ਹਨ, ਜਿਨ੍ਹਾਂ ਨੂੰ ਵੱਡੇ-ਵੱਡੇ ਅਦਾਰਿਆਂ ਵਿੱਚ ਸਭ ਤੋਂ ਚੰਗੀ ਤਰ੍ਹਾਂ ਇਕਮੁੱਠ ਹੋਏ ਹੋਣ ਦਾ ਲਾਭ ਪ੍ਰਾਪਤ ਹੈ; ਚੁਣਨਾ ਅਤੇ ਚੁਣੇ ਗਏ

ਬੰਦਿਆਂ ਉੱਤੇ ਕੰਟਰੋਲ ਰੱਖਣਾ ਇਸ ਵਾਸਤੇ ਹੋਰ ਕਿਸੇ ਨਾਲ਼ੋਂ ਵੀ ਵਧੇਰੇ ਸੌਖਾ ਹੈ। ਜਥੇਬੰਦੀ ਦਾ ਸੋਵੀਅਤ ਰੂਪ ਸਾਰੇ ਮਜ਼ਦੂਰ ਅਤੇ ਸ਼ੋਸ਼ਿਤ ਲੋਕਾਂ ਨੂੰ ਆਪਣੇ ਹਰਾਵਲ ਦਸਤੇ— ਪ੍ਰੋਲੇਤਾਰੀਆਂ— ਦੇ ਦੁਆਲੇ ਇੱਕਮੁੱਠ ਹੋਣਾ ਆਪਣੇ ਆਪ **ਸੌਖੇਰਾ ਬਣਾ ਦੇਂਦਾ ਹੈ।** ਪੁਰਾਣੀ ਬੁਰਜੂਆ ਮਸ਼ੀਨਰੀ — ਦਫ਼ਤਰਸ਼ਾਹੀ, ਧਨ ਦੇ, ਬੁਰਜੂਆ ਵਿਦਿਆ ਦੇ, ਸਮਾਜਕ ਸਬੰਧਾਂ ਆਦਿ ਦੇ ਵਿਸ਼ੇਸ਼ ਧਿਕਾਰ (ਬੁਰਜੂਆ ਜਮਹੂਰੀਅਤ ਜਿੰਨੀ ਜ਼ਿਆਦਾ ਵਿਕਸਿਤ ਹੁੰਦੀ ਹੈ, ਇਹ ਅਸਲੀ ਵਿਸ਼ੇਸ਼ ਧਿਕਾਰ ਓਨੇ ਹੀ ਵਧੇਰੇ ਬਹੁਭਾਂਤਕ ਹੁੰਦੇ ਹਨ)- ਜਥੇਬੰਦੀ ਦੇ ਸੋਵੀਅਤ ਰੂਪ ਵਿੱਚ ਇਹ ਸਾਰਾ ਕੁਝ ਖ਼ਤਮ ਹੋ ਜਾਂਦਾ ਹੈ। ਅਖ਼ਬਾਰਾਂ ਦੀ ਅਜ਼ਾਦੀ ਦੰਭ ਨਹੀਂ ਰਹਿੰਦੀ, ਕਿਉਂਕਿ ਛਾਪੇਖਾਨੇ ਅਤੇ ਕਾਗਜ਼ਾਂ ਦੇ ਭੰਡਾਰ ਬੁਰਜੂਆਜੀ ਕੋਲ਼ੋਂ ਖੋਹ ਜਾਂਦੇ ਹਨ। ਚੰਗੀਆਂ ਤੋਂ ਚੰਗੀਆਂ ਇਮਾਰਤਾਂ, ਮਹੱਲਾਂ, ਕੋਠੀਆਂ ਅਤੇ ਹਵੇਲੀਆਂ ਉੱਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਸੋਵੀਅਤ ਸੱਤ੍ਹਾ ਨੇ ਇੱਕੋ ਹੀ ਹੱਲੇ ਨਾਲ਼ ਹਜ਼ਾਰਾਂ ਹੀ ਇਹ ਚੰਗੀਆਂ ਤੋਂ ਚੰਗੀਆਂ ਇਮਾਰਤਾਂ ਲੋਟੂਆਂ ਤੋਂ ਲੈ ਲਈਆਂ ਅਤੇ ਇਸ ਤਰ੍ਹਾਂ ਨਾਲ਼ ਇਕੱਠੇ ਹੋਣ ਦਾ ਅਧਿਕਾਰ— ਜਿਸਤੋਂ ਬਿਨਾਂ ਜਮਹੂਰੀਅਤ ਇੱਕ ਧੋਖਾ ਹੈ— ਲੋਕਾਂ ਲਈ **ਲੱਖਾਂ ਗੁਣਾਂ** ਵਧੇਰੇ "ਜਮਹੂਰੀ" ਬਣਾ ਦਿਤਾ। ਗ਼ੈਰ-ਸਥਾਨਕ ਸੋਵੀਅਤਾਂ ਲਈ ਅਸਿੱਧੀਆਂ ਚੋਣਾਂ ਸੋਵੀਅਤਾਂ ਦੀਆਂ ਕਾਂਗਰਸਾਂ ਕਰਨਾ ਸੌਖੇਰਾ ਬਣਾ ਦੇਂਦੀਆਂ ਹਨ ਇਹ **ਸਾਰੀ** ਮਸ਼ੀਨਰੀ ਨੂੰ ਘੱਟ ਖਰਚੀਲੀ, ਵਧੇਰੇ ਲੱਚਕਦਾਰ ਬਣਾ ਦੇਂਦੀਆਂ ਹਨ, ਮਜ਼ਦੂਰਾਂ ਅਤੇ ਕਿਸਾਨਾਂ ਦੀ ਵਧੇਰੇ ਪਹੁੰਚ ਵਿਚ ਲੈ ਆਉਂਦੀਆਂ ਹਨ, ਐਸੇ ਸਮੇਂ ਜਦੋਂ ਜ਼ਿੰਦਗੀ ਜੋਸ਼ ਨਾਲ਼ ਉਬਾਲ਼ੇ ਖਾ ਰਹੀ ਹੈ, ਅਤੇ ਜਲਦੀ ਨਾਲ਼ ਆਪਣੇ ਸਥਾਨਕ ਡਿਪਟੀ ਨੂੰ ਵਾਪਸ ਬੁਲਾਉਣਾ ਜਾਂ ਸੋਵੀਅਤਾਂ ਦੀ ਆਮ ਕਾਂਗਰਸ ਲਈ ਉਸਨੂੰ ਡੈਲੀਗੇਟ ਵਜੋਂ ਭੇਜਣਾ ਜ਼ਰੂਰੀ ਹੁੰਦਾ ਹੈ।

ਪ੍ਰੋਲੇਤਾਰੀ ਜਮਹੂਰੀਅਤ ਬੁਰਜੂਆ ਜਮਹੂਰੀਅਤ ਨਾਲ਼ੋਂ **ਲੱਖਾਂ ਗੁਣਾਂ** ਵਧੇਰੇ ਜਮਹੂਰੀ ਹੈ, ਸੋਵੀਅਤ ਸੱਤ੍ਹਾ ਵੱਧ ਤੋਂ ਵੱਧ ਜਮਹੂਰੀ ਬੁਰਜੂਆ ਰਿਪਬਲੀਕ ਨਾਲ਼ੋਂ ਲੱਖਾਂ ਗੁਣਾ ਵਧੇਰੇ ਜਮਹੂਰੀ ਹੈ।

ਇਹ ਗੱਲ ਦੇਖਣ ਤੋਂ ਅਸਮਰੱਥ ਰਹਿਣ ਲਈ ਜ਼ਰੂਰੀ ਹੈ ਕਿ ਜਾਂ ਤਾਂ ਬੰਦਾ ਜਾਣ-ਬੁਝ ਕੇ ਬੁਰਜੂਆਜ਼ੀ ਦੀ ਸੇਵਾ ਕਰ ਰਿਹਾ ਹੋਵੇ, ਜਾਂ ਰਾਜਨੀਤਕ ਤੌਰ ਉੱਤੇ ਬਿਲਕੁੱਲ ਮੁਰਦਾ ਹੋ ਚੁੱਕਾ ਹੋਵੇ, ਬੁਰਜੂਆ ਕਿਤਾਬਾਂ ਦੇ ਘੱਟੇ ਵਾਲ਼ੇ ਸਫ਼ਿਆਂ ਦੇ ਪਿੱਛੇ ਅਸਲ ਜ਼ਿੰਦਗੀ ਦੇਖਣ ਤੋਂ ਅਸਮਰੱਥ ਹੋਵੇ, ਪੂਰੀ ਤਰ੍ਹਾਂ ਬੁਰਜੂਆ-ਜਮਹੂਰੀ ਤੁਅੱਸਬਾਂ ਨਾਲ਼ ਭਰਿਆ ਹੋਇਆ ਹੋਵੇ, ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਪ੍ਰਤੱਖ ਤੌਰ ਉਤੇ ਬੁਰਜੂਆਜ਼ੀ ਦਾ ਸੇਵਾਦਾਰ ਬਣਾ ਲਵੇ।

ਜਿਹੜਾ ਇਹ ਦੇਖਣ ਤੋਂ ਅਸਮਰੱਥ ਰਹਿੰਦਾ ਹੈ, ਉਹ ਜ਼ਰੂਰ **ਦੱਬੀਆਂ-ਕੁਚਲੀਆਂ** ਜਮਾਤਾਂ ਦੇ ਦ੍ਰਿਸ਼ਟੀਕੋਨ ਤੋਂ **ਇਸ ਸਵਾਲ ਨੂੰ ਪੇਸ਼ ਕਰਨ** ਤੋਂ ਅਸਮਰੱਥ ਹੋਵੇਗਾ:

ਕੀ ਦੁਨੀਆ ਵਿੱਚ, ਇੱਥੋਂ ਤੱਕ ਕਿ ਵੱਧ ਤੋਂ ਵੱਧ ਜਮਹੂਰੀ ਬੁਰਜੂਆ ਦੇਸ਼ਾਂ ਵਿੱਚ ਵੀ, ਇੱਕ ਵੀ ਦੇਸ਼ ਹੈ, ਜਿਸ ਵਿੱਚ **ਔਸਤ ਸਾਧਾਰਣ** ਮਜ਼ਦੂਰ, ਔਸਤ ਸਾਧਾਰਣ **ਖ਼ੇਤ-ਮਜ਼ਦੂਰ**, ਜਾਂ ਆਮ ਕਰਕੇ ਪਿੰਡ ਦਾ ਅਰਧ-ਪ੍ਰੋਲੇਤਾਰੀ (ਅਰਥਾਤ, ਦੱਬਿਆਂ-ਕੁਚਲਿਆਂ

ਦਾ, ਵਸੋਂ ਦੀ ਭਾਰੀ ਬਹੁਗਿਣਤੀ ਦਾ ਪ੍ਰਤਿਨਿਧ) ਚੰਗੀਆਂ ਤੋਂ ਚੰਗੀਆਂ ਇਮਾਰਤਾਂ ਵਿੱਚ ਮੀਟਿੰਗਾਂ ਕਰਨ ਦੀ ਇਹੋ ਜਿਹੀ **ਆਜ਼ਾਦੀ** ਦੇ ਨੇੜੇ ਤੇੜੇ ਦੀ ਕੋਈ ਚੀਜ਼ ਮਾਣ ਰਿਹਾ ਹੋਵੇ, ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਅਤੇ ਆਪਣੇ ਹਿੱਤਾਂ ਦੀ ਰਾਖੀ ਲਈ ਵੱਡੇ ਵੱਡੇ ਛਾਪੇਖਾਨਿਆਂ ਅਤੇ ਕਾਗਜ਼ ਦੇ ਸਭ ਤੋਂ ਵੱਡੇ ਭੰਡਾਰਾਂ ਨੂੰ ਵਰਤਣ ਦੀ **ਅਜ਼ਾਦੀ** ਮਾਣ ਰਿਹਾ ਹੋਵੇ, ਖੁਦ ਆਪਣੀ ਸ਼੍ਰੇਣੀ ਦੇ ਆਦਮੀਆਂ ਅਤੇ ਔਰਤਾਂ ਨੂੰ ਅੱਗੇ ਲਿਆਉਣ ਅਤੇ ਰਾਜ ਨੂੰ "ਤਰਤੀਬ ਦੇਣ" ਦੀ **ਅਜ਼ਾਦੀ** ਮਾਣ ਰਿਹਾ ਹੋਵੇ, ਜਿਵੇਂ ਕਿ ਸੋਵੀਅਤ ਰੂਸ ਵਿਚ ਹੈ ?

ਇਹ ਸੋਚਣਾ ਹਾਸੋਹੀਣਾ ਹੈ ਕਿ ਸ਼੍ਰੀਮਾਨ ਕਾਊਟਸਕੀ ਨੂੰ ਕਿਸੇ ਵੀ ਦੇਸ਼ ਵਿੱਚ ਚੰਗੀ ਜਾਣਕਾਰੀ ਰੱਖਦੇ ਹਜ਼ਾਰਾਂ ਮਜ਼ਦੂਰਾਂ ਜਾਂ ਖੇਤ-ਮਜ਼ਦੂਰਾਂ ਵਿੱਚੋਂ ਇੱਕ ਵੀ ਬੰਦਾ ਮਿਲ ਸਕੇਗਾ ਜਿਸਨੂੰ ਇਸ ਸਵਾਲ ਦੇ ਉੱਤਰ ਬਾਰੇ ਕੋਈ ਸ਼ੱਕ ਹੋਵੇ। ਮੂਲ-ਪ੍ਰਵਿਰਤੀ ਵਜੋਂ ਹੀ, ਬੁਰਜੂਆ ਅਖ਼ਬਾਰਾਂ ਵਿੱਚੋਂ ਸੱਚਾਈ ਨੂੰ ਮੰਨਦੇ ਟੋਟਿਆਂ ਨੂੰ ਸੁਣ ਕੇ ਹੀ, ਸਾਰੀ ਦੁਨੀਆ ਦੇ ਮਜ਼ਦੂਰ ਸੋਵੀਅਤ ਰਿਪਬਲਿਕ ਨਾਲ ਬਿਲਕੁਲ ਇਸੇ ਕਰਕੇ ਹੀ ਹਮਦਰਦੀ ਰੱਖਣ ਲੱਗ ਪਏ ਹਨ ਕਿਉਂਕਿ ਉਹ ਇਸਨੂੰ **ਪ੍ਰੋਲੇਤਾਰੀ** ਜਮਹੂਰੀਅਤ, **ਗਰੀਬ ਲੋਕਾਂ ਲਈ ਜਮਹੂਰੀਅਤ** ਸਮਝਦੇ ਹਨ, ਨਾ ਕਿ ਅਮੀਰਾਂ ਲਈ ਜਮਹੂਰੀਅਤ, ਜੋ ਕਿ ਹਰ ਬੁਰਜੂਆ ਜਮਹੂਰੀਅਤ, ਇੱਥੋਂ ਤੱਕ ਕਿ ਚੰਗੀ ਤੋਂ ਚੰਗੀ ਜਮਹੂਰੀਅਤ ਵੀ, ਅਸਲ ਵਿੱਚ ਹੈ।

ਬਰੁਜੂਆ ਦਫ਼ਤਰਸ਼ਾਹ, ਬੁਰਜੂਆ ਪਾਰਲੀਮੈਂਟ ਮੈਂਬਰ, ਬੁਰਜੂਆ ਜੱਜ ਸਾਡੇ ਉੱਤੇ ਹਕੂਮਤ ਕਰਦੇ ਹਨ (ਅਤੇ ਸਾਡੇ ਰਾਜ ਨੂੰ "ਤਰਤੀਬ ਦੇਂਦੇ ਹਨ") — ਇਹ ਹੈ ਸਾਦਾ, ਪ੍ਰਤੱਖ ਅਤੇ ਨਿਰਵਿਵਾਦ ਸੱਚ ਜਿਸਨੂੰ ਸਾਰੇ ਬੁਰਜੂਆ ਦੇਸ਼ਾਂ, ਜਿਨ੍ਹਾਂ ਵਿੱਚ ਸਭ ਤੋਂ ਵੱਧ ਜਮਹੂਰੀ ਦੇਸ਼ ਵੀ ਸ਼ਾਮਲ ਹਨ, ਵਿਚਲੀਆਂ ਦੱਬੀਆਂ-ਕੁਚਲੀਆਂ ਸ਼੍ਰੇਣੀਆਂ ਨਾਲ਼ ਸਬੰਧਤ ਕਰੋੜਾਂ ਲੋਕ ਖੁਦ ਆਪਣੇ ਤਜ਼ਰਬੇ ਤੋਂ ਜਾਣਦੇ, ਮਹਿਸੂਸ ਕਰਦੇ ਅਤੇ ਹਰ ਰੋਜ਼ ਸਮਝਦੇ ਹਨ।

ਪਰ ਰੂਸ ਵਿੱਚ ਦਫ਼ਤਰਸ਼ਾਹੀ ਮਸ਼ੀਨਰੀ ਪੂਰੀ ਤਰ੍ਹਾਂ ਫ਼ੀਤਾ-ਫ਼ੀਤਾ ਕਰ ਦਿੱਤੀ ਗਈ ਹੈ, ਢਾਹ ਕੇ ਪੱਧਰੀ ਕਰ ਦਿੱਤੀ ਗਈ ਹੈ, ਪੁਰਾਣੇ ਸਾਰੇ ਜੱਜ ਨਠਾ ਦਿਤੇ ਗਏ ਹਨ, ਬੁਰਜੂਆ ਪਾਰਲੀਮੈਂਟ ਖਿੰਡਾ ਦਿੱਤੀ ਗਈ ਹੈ- ਅਤੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਹੀ **ਕਿਤੇ ਵਧੇਰੇ ਪਹੁੰਚ ਵਿਚਲੀ** ਪ੍ਰਤਿਨਿੱਧਤਾ ਦਿੱਤੀ ਗਈ ਹੈ, **ਉਹਨਾਂ ਦੀਆਂ** ਸੋਵੀਅਤਾਂ ਨੇ ਦਫ਼ਤਰਸ਼ਾਹਾਂ ਦੀ ਥਾਂ ਲੈ ਲਈ ਹੈ, ਜਾਂ ਦਫ਼ਤਰਸ਼ਾਹਾਂ ਨੂੰ **ਉਹਨਾਂ ਦੀਆਂ** ਸੋਵੀਅਤਾਂ ਦੇ ਕੰਟਰੋਲ ਵਿੱਚ ਕਰ ਦਿੱਤਾ ਗਿਆ ਹੈ, ਅਤੇ **ਉਹਨਾਂ ਦੀਆਂ** ਸੋਵੀਅਤਾਂ ਨੂੰ ਜੱਜਾਂ ਦੀ ਚੋਣ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਹ ਇੱਕ ਤੱਥ ਹੀ ਸਾਰੀਆਂ ਦੱਬੀਆਂ-ਕੁਚਲੀਆਂ ਸ਼੍ਰੇਣੀਆਂ ਲਈ ਇਹ ਸਮਝਣ ਵਾਸਤੇ ਕਾਫ਼ੀ ਹੈ ਕਿ ਸੋਵੀਅਤ ਸੱਤ੍ਹਾ, ਅਰਥਾਤ, ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਮੌਜੂਦਾ ਰੂਪ ਵੱਧ ਤੋਂ ਵੱਧ ਜਮਹੂਰੀ ਬੁਰਜੂਆ ਰਿਪਬਲਿਕ ਨਾਲੋਂ ਲੱਖਾਂ ਗੁਣਾਂ ਵਧੇਰੇ ਜਮਹੂਰੀ ਹੈ।

ਕਾਊਟਸਕੀ ਇਹ ਸੱਚਾਈ ਨਹੀਂ ਸਮਝਦਾ ਜਿਹੜੀ ਹਰ ਮਜ਼ਦੂਰ ਨੂੰ ਏਨੀ ਸਪੱਸ਼ਟ ਅਤੇ ਸਮਝ ਆਉਂਦੀ ਹੈ ਕਿਉਂਕਿ ਉਹ ਇਹ ਸਵਾਲ ਪੁੱਛਣਾ "ਭੁੱਲ ਗਿਆ ਹੈ", ਉਸਨੇ

ਇਹ "ਅਣਸਿੱਖਿਆ" ਕਰ ਦਿਤਾ ਹੈ, ਜਮਹੂਰੀਅਤ **ਕਿਸ ਸ਼੍ਰੇਣੀ ਲਈ** ? ਉਹ "ਨਿਰੋਲ" (ਅਰਥਾਤ, ਨਿਰ-ਸ਼੍ਰੇਣੀ ? ਜਾਂ ਪਰਾ-ਸ਼੍ਰੇਣੀ ?) ਜਮਹੂਰੀਅਤ ਦੇ ਦ੍ਰਿਸ਼ਟੀਕੋਨ ਤੋਂ ਦਲੀਲ ਦੇਂਦਾ ਹੈ। ਉਹ ਸ਼ਾਈਲਾਕ[21] ਵਾਂਗ ਦਲੀਲ ਦੇਂਦਾ ਹੈ: ਮੇਰਾ "ਮਾਸ ਦਾ ਇੱਕ ਪੌਂਡ" ਅਤੇ ਹੋਰ ਕੁਝ ਨਹੀਂ। ਸਾਰੇ ਸ਼ਹਿਰੀਆਂ ਲਈ ਬਰਾਬਰੀ-ਨਹੀਂ ਤਾਂ ਕੋਈ ਜਮਹੂਰੀਅਤ ਨਹੀਂ।

ਅਸੀਂ ਵਿਦਵਾਨ ਕਾਊਟਸਕੀ, "ਮਾਰਕਸਵਾਦੀ" ਅਤੇ "ਸੋਸ਼ਲਿਸਟ" ਕਾਊਟਸਕੀ ਨੂੰ ਇਹ ਜ਼ਰੂਰ ਪੁੱਛਾਂਗੇ:

ਕੀ ਸ਼ੋਸ਼ਿਤਾਂ ਅਤੇ ਸ਼ੋਸ਼ਕਾਂ ਵਿਚਕਾਰ ਕੋਈ ਬਰਾਬਰੀ ਹੋ ਸਕਦੀ ਹੈ ?

ਇਹ ਭਿਅਕੰਰ ਗੱਲ ਹੈ, ਯਕੀਨੋਂ ਬਾਹਰੀ ਗੱਲ ਹੈ ਕਿ ਦੂਜੀ ਇੰਟਰਨੈਸ਼ਨਲ ਦੇ ਵਿਚਾਰਧਾਰਕ ਆਗੂ ਦੀ ਲਿਖੀ ਹੋਈ ਕਿਤਾਬ ਉੱਤੇ ਬਹਿਸ ਕਰਦਿਆਂ ਇਹੋ ਜਿਹਾ ਸਵਾਲ ਪੁੱਛਣ ਦੀ ਲੋੜ ਪਈ ਹੈ। ਪਰ "ਹੱਲ ਨੂੰ ਹੱਥ ਪਾ ਕੇ ਫਿਰ ਪਰਤ ਕੇ ਨਾ ਦੇਖੋ", ਅਤੇ ਕਾਊਟਸਕੀ ਬਾਰੇ ਲਿਖਣਾ ਹੱਥ ਵਿੱਚ ਲੈ ਕੇ, ਮੇਰੇ ਲਈ ਵਿਦਵਾਨ ਪੁਰਸ਼ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਸ਼ੋਸ਼ਿਤ ਅਤੇ ਸ਼ੋਸ਼ਕ ਵਿਚਕਾਰ ਬਰਾਬਰੀ ਕਿਉਂ ਨਹੀਂ ਹੋ ਸਕਦੀ।

## ਕੀ ਸ਼ੋਸ਼ਿਤ ਅਤੇ ਸ਼ੋਸ਼ਕ ਵਿਚਕਾਰ ਬਰਾਬਰੀ ਹੋ ਸਕਦੀ ਹੈ ?

ਕਾਊਟਸਕੀ ਇਸ ਪ੍ਰਕਾਰ ਦਲੀਲ ਦੇਂਦਾ ਹੈ:

(1) "ਸ਼ੋਸ਼ਕ ਹਮੇਸ਼ਾਂ ਹੀ ਵਸੋਂ ਦੀ ਤੁੱਛ ਜਿਹੀ ਘੱਟਗਿਣਤੀ ਰਹੇ ਹਨ" (ਕਾਊਟਸਕੀ ਦਾ ਪੈਂਫ਼ਲਟ, ਸਫ਼ਾ 14)।

ਨਿਰਵਿਵਾਦ ਤੌਰ ਉਤੇ ਇਹ ਸੱਚਾਈ ਹੈ। ਇਸਨੂੰ ਆਰੰਭਕ-ਬਿੰਦੂ ਵਜੋਂ ਲੈਂਦਿਆਂ, ਦਲੀਲ ਕੀ ਹੋਣੀ ਚਾਹੀਦੀ ਹੈ ? ਬੰਦਾ ਮਾਰਕਸਵਾਦੀ, ਸੋਸ਼ਲਿਸਟ ਤਰੀਕੇ ਨਾਲ਼ ਵੀ ਦਲੀਲ ਦੇ ਸਕਦਾ ਹੈ। ਇਸ ਸੂਰਤ ਵਿੱਚ ਫਿਰ ਉਹ ਸ਼ੋਸ਼ਿਤ ਅਤੇ ਸ਼ੋਸ਼ਕ ਵਿਚਲੇ ਸੰਬੰਧ ਤੋਂ ਗੱਲ ਸ਼ੁਰੂ ਕਰੇਗਾ। ਜਾਂ ਫਿਰ ਬੰਦਾ ਉਦਾਰਵਾਦੀ, ਬੁਰਜੂਆ-ਜਮਹੂਰੀ ਤਰੀਕੇ ਨਾਲ਼ ਦਲੀਲ ਦੇ ਸਕਦਾ ਹੈ ਅਤੇ ਉਸ ਸੂਰਤ ਵਿੱਚ ਫਿਰ ਉਹ ਬਹੁਗਿਣਤੀ ਅਤੇ ਘੱਟਗਿਣਤੀ ਵਿਚਲੇ ਸਬੰਧ ਤੋਂ ਗੱਲ ਸ਼ੁਰੂ ਕਰੇਗਾ।

ਜੇ ਅਸੀਂ ਮਾਰਕਸਵਾਦੀ ਤਰੀਕੇ ਨਾਲ਼ ਦਲੀਲ ਦੇਈਏ ਤਾਂ ਸਾਨੂੰ ਕਹਿਣਾ ਚਾਹੀਦਾ ਹੈ: ਸ਼ੋਸ਼ਣ ਕਰਨ ਵਾਲ਼ੇ ਲੋਕ ਅਟੱਲ ਤੌਰ ਉਤੇ ਰਾਜ ਨੂੰ (ਅਤੇ ਅਸੀਂ ਜਮਹੂਰੀਅਤ ਦੀ, ਅਰਥਾਤ, ਰਾਜ ਦੇ ਰੂਪਾਂ ਵਿਚੋਂ ਇਕ ਦੀ ਗੱਲ ਕਰ ਰਹੇ ਹਾਂ) ਆਪਣੀ ਸ਼੍ਰੇਣੀ, ਸ਼ੋਸ਼ਣ ਕਰਨ ਵਾਲ਼ਿਆਂ, ਦੀ ਸ਼ੋਸ਼ਿਤ ਲੋਕਾਂ ਉੱਪਰ ਹਕੂਮਤ ਦੇ ਸਾਧਨ ਵਿੱਚ ਬਦਲ ਦੇਂਦੇ ਹਨ। ਇਸ ਲਈ, ਜਦੋਂ ਤੱਕ ਸ਼ੋਸ਼ਕ ਮੌਜੂਦ ਹਨ, ਜਿਹੜੇ ਬਹੁਗਿਣਤੀ ਉੱਤੇ, ਸ਼ੋਸ਼ਿਤਾਂ ਉੱਤੇ, ਹਕੂਮਤ ਕਰਦੇ ਹਨ, ਉਦੋਂ ਤੱਕ ਜਮਹੂਰੀ ਰਾਜ ਅਟੱਲ ਤੌਰ ਉੱਤੇ ਸ਼ੋਸ਼ਕਾਂ ਲਈ ਜਮਹੂਰੀਅਤ ਬਣਿਆ ਰਹੇਗਾ। ਸ਼ੋਸ਼ਿਤਾਂ ਦਾ ਰਾਜ ਇਹੋ ਜਿਹੇ ਰਾਜ ਨਾਲ਼ੋਂ ਬੁਨਿਆਦੀ ਤੌਰ ਉਤੇ ਵੱਖਰਾ ਹੋਣਾ ਚਾਹੀਦਾ ਹੈ; ਇਹ ਸ਼ੋਸ਼ਿਤਾਂ ਲਈ ਜਮਹੂਰੀਅਤ, ਅਤੇ **ਸ਼ੋਸ਼ਕਾਂ ਨੂੰ ਦਬਾਉਣ ਦਾ ਸਾਧਨ** ਹੋਣਾ ਚਾਹੀਦਾ ਹੈ ਅਤੇ ਕਿਸੇ ਸ਼੍ਰੇਣੀ ਨੂੰ ਦਬਾਉਣ ਦਾ ਮਤਲਬ ਉਸ ਸ਼੍ਰੇਣੀ ਲਈ

ਨਾਬਰਾਬਰੀ, "ਜਮਹੂਰੀਅਤ" ਤੋਂ ਇਸਨੂੰ ਬਾਹਰ ਰੱਖਣਾ ਹੈ।

ਜੇ ਅਸੀਂ ਉਦਾਰਵਾਦੀ ਤਰੀਕੇ ਨਾਲ਼ ਦਲੀਲ ਦੇਣੀ ਹੋਵੇ, ਤਾਂ ਸਾਨੂੰ ਕਹਿਣਾ ਚਾਹੀਦਾ ਹੈ: ਬੁਹਗਿਣਤੀ ਫ਼ੈਸਲਾ ਕਰਦੀ ਹੈ, ਘੱਟਗਿਣਤੀ ਇਸਨੂੰ ਮੰਨਦੀ ਹੈ: ਜਿਹੜੇ ਨਹੀਂ ਮੰਨਦੇ, ਉਹਨਾਂ ਨੂੰ ਸਜ਼ਾ ਦਿੱਤੀ ਜਾਂਦੀ ਹੈ। ਤੇ ਬੱਸ। ਰਾਜ ਦੇ ਆਮ ਕਰਕੇ, ਜਾਂ "ਨਿਰੋਲ ਜਮਹੂਰੀਅਤ" ਦੇ ਖਾਸ ਕਰਕੇ ਸ਼੍ਰੇਣੀ ਖਾਸੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ, ਕਿਉਂਕਿ ਇਸਦਾ ਇੱਥੇ ਕੋਈ ਸੰਬੰਧ ਨਹੀਂ, ਕਿਉਂਕਿ ਬਹੁਗਿਣਤੀ ਬਹੁਗਿਣਤੀ ਹੀ ਹੁੰਦੀ ਹੈ ਅਤੇ ਘੱਟਗਿਣਤੀ ਘੱਟਗਿਣਤੀ ਹੀ ਹੁੰਦੀ ਹੈ। ਮਾਸ ਦਾ ਇਕ ਪੌਂਡ ਮਾਸ ਦਾ ਇਕ ਪੌਂਡ ਹੁੰਦਾ ਹੈ, ਅਤੇ ਬੱਸ, ਏਨੀ ਕੁ ਗੱਲ ਹੈ।

ਅਤੇ ਬਿਲਕੁਲ ਇਹੀ ਤਰੀਕਾ ਹੈ ਜਿਸ ਤਰ੍ਹਾਂ ਕਾਉਟਸਕੀ ਦਲੀਲ ਦੇਂਦਾ ਹੈ।

(2) "ਪ੍ਰੋਲੇਤਾਰੀਆਂ ਦੀ ਹਕੂਮਤ ਐਸਾ ਰੂਪ ਕਿਉਂ ਧਾਰਣ ਕਰੇ, ਕਿਉਂ ਲਾਜ਼ਮੀ ਤੌਰ ਉੱਤੇ ਧਾਰਣ ਕਰੇ, ਜਿਹੜਾ ਜਮਹੂਰੀਅਤ ਦੇ ਨਾਲ਼ ਮੇਲ ਨਹੀਂ ਖਾਂਦਾ ?" (ਸਫ਼ਾ 21) ਇਸਤੋਂ ਮਗਰੋਂ ਇਹ ਸਾਬਤ ਕਰਨ ਲਈ ਕਿ ਪ੍ਰੋਲੇਤਾਰੀ ਬਹੁਗਿਣਤੀ ਵਿਚ ਹੁੰਦੇ ਹਨ, ਬਹੁਤ ਵਿਸਤ੍ਰਿਤ ਅਤੇ ਬਹੁਤ ਲੱਫ਼ਾਜ਼ੀ ਭਰੀ ਵਿਆਖਿਆ ਦਿੱਤੀ ਗਈ ਹੈ, ਜਿਸਦੀ ਪੁਸ਼ਟੀ ਲਈ ਮਾਰਕਸ ਦੀ ਇੱਕ ਟੂਕ ਅਤੇ ਪੈਰਿਸ ਕਮਿਊਨ ਦੇ ਚੋਣ-ਅੰਕੜੇ ਦਿਤੇ ਗਏ ਹਨ। ਸਿੱਟਾ ਇਹ ਨਿਕਲਦਾ ਹੈ "ਐਸੇ ਨਿਜ਼ਾਮ ਕੋਲ਼, ਜਿਸਦੀਆਂ ਲੋਕਾਂ ਵਿੱਚ ਏਨੀਆਂ ਮਜ਼ਬੂਤ ਜੜ੍ਹਾਂ ਹਨ, ਜਮਹੂਰੀਅਤ ਵਿੱਚ ਦਖ਼ਲ ਦੇਣ ਦਾ ਜ਼ਰਾ ਵੀ ਕਾਰਨ ਨਹੀਂ ਹੈ। ਐਸੀਆਂ ਸੂਰਤਾਂ ਵਿੱਚ, ਜਦੋਂ ਜਮਹੂਰੀਅਤ ਨੂੰ ਦਬਾਉਣ ਲਈ ਹਿੰਸਾ ਵਰਤੀ ਜਾ ਰਹੀ ਹੋਵੇ, ਇਹ ਹਮੇਸ਼ਾਂ ਹੀ ਹਿੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਹਿੰਸਾ ਦਾ ਜਵਾਬ ਹਿੰਸਾ ਵਿੱਚ ਹੀ ਦਿੱਤਾ ਜਾ ਸਕਦਾ ਹੈ। ਪਰ ਜਿਸ ਨਿਜ਼ਾਮ ਨੂੰ ਪਤਾ ਹੈ ਕਿ ਇਸਦੇ ਪਿੱਛੇ ਆਮ ਲੋਕ ਹਨ, ਉਹ ਹਿੰਸਾ ਦੀ ਵਰਤੋਂ ਸਿਰਫ਼ ਜਮਹੂਰੀਅਤ ਨੂੰ **ਬਚਾਉਣ** ਲਈ ਕਰੇਗਾ, ਨਾ ਕਿ ਉਸਨੂੰ **ਤਬਾਹ ਕਰਨ** ਲਈ। ਇਹ ਆਤਮਘਾਤੀ ਗੱਲ ਹੀ ਹੋਵੇਗੀ ਜੇ ਇਹ ਆਪਣੇ ਸਭ ਤੋਂ ਵੱਧ ਭਰੋਸੇਯੋਗ ਅਧਾਰ—ਸਰਬਵਿਆਪਕ ਮੱਤਾਧਿਕਾਰ, ਸ਼ਕਤੀਸ਼ਾਲੀ ਇਖ਼ਲਾਕੀ ਅਧਿਕਾਰ ਦੇ ਇਸ ਡੂੰਘੇ ਸਰੋਤ—ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ।" (ਸਫ਼ਾ 22)

ਜਿਵੇਂ ਤੁਸੀਂ ਦੇਖਦੇ ਹੀ ਹੋ, ਕਾਉਟਸਕੀ ਦੀ ਦਲੀਲ ਵਿੱਚ ਸ਼ੋਸ਼ਿਤ ਅਤੇ ਸ਼ੋਸ਼ਕ ਵਿਚਕਾਰ ਫ਼ਰਕ ਗਾਇਬ ਹੋ ਗਿਆ ਹੈ। ਬਾਕੀ ਜੋ ਕੁਝ ਰਹਿ ਗਿਆ ਹੈ, ਉਹ ਹੈ ਆਮ ਕਰਕੇ ਬਹੁਗਿਣਤੀ, ਆਮ ਕਰਕੇ ਘੱਟਗਿਣਤੀ, ਆਮ ਕਰਕੇ ਜਮਹੂਰੀਅਤ, "ਨਿਰੋਲ ਜਮਹੂਰੀਅਤ", ਜਿਸਤੋਂ ਅਸੀਂ ਪਹਿਲਾਂ ਹੀ ਵਾਕਿਫ਼ ਹੋ ਚੁੱਕੇ ਹਾਂ।

ਅਤੇ ਧਿਆਨ ਦਿਓ, ਕਿ ਇਹ ਸਾਰਾ ਕੁਝ **ਪੈਰਿਸ ਕਮਿਊਨ ਦੇ ਸਬੰਧ ਵਿੱਚ** ਕਿਹਾ ਜਾ ਰਿਹਾ ਹੈ। ਗੱਲ ਨੂੰ ਸਪਸ਼ਟ ਕਰਨ ਲਈ ਮੈਂ ਮਾਰਕਸ ਅਤੇ ਏਂਗਲਜ਼ ਦਾ ਹਵਾਲਾ ਦਿਆਂਗਾਂ, ਇਹ ਦਰਸਾਉਣ ਲਈ ਕਿ **ਪੈਰਿਸ ਕਮਿਊਨ ਦੇ ਸਬੰਧ ਵਿੱਚ** ਡਿਕਟੇਟਰਸ਼ਿਪ ਦੇ ਵਿਸ਼ੇ ਉੱਤੇ ਉਹਨਾਂ ਨੇ ਕੀ ਕਿਹਾ ਸੀ:

**ਮਾਰਕਸ**: " ...ਜਦੋਂ ਮਜ਼ਦੂਰ ਬੁਰਜੂਆਜ਼ੀ ਦੀ ਡਿਕਟੇਟਰਸ਼ਿਪ ਦੀ ਥਾਂ ਆਪਣੀ

ਇਨਕਲਾਬੀ ਡਿਕਟੇਟਰਸ਼ਿਪ ਨੂੰ ਦੇ ਦੇਂਦੇ ਹਨ... ਤਾਂ ਬੁਰਜੂਆਜ਼ੀ ਦੇ ਵਿਰੋਧ ਨੂੰ ਖਤਮ ਕਰਨ ਲਈ, ...ਮਜ਼ਦੂਰ ਇਸ ਰਾਜ ਨੂੰ ਇਨਕਲਾਬੀ ਅਤੇ ਅੰਤਰ-ਕਾਲੀ ਰੂਪ ਦੇ ਦੇਂਦੇ ਹਨ..."[22]

**ਏਂਗਲਜ਼**: ਅਤੇ ਇਨਕਲਾਬ ਵਿੱਚ "...ਜੇਤੂ ਪਾਰਟੀ ਨੂੰ ਉਸ ਦਹਿਸ਼ਤ ਰਾਹੀਂ, ਜਿਹੜੀ ਉਸਦੇ ਹਥਿਆਰ ਪ੍ਰਤੀਕਿਰਿਆਵਾਦੀਆਂ ਦੇ ਦਿਲਾਂ ਵਿੱਚ ਪੈਦਾ ਕਰਦੇ ਹਨ, ਆਪਣੀ ਹਕੂਮਤ ਨੂੰ ਕਾਇਮ ਰੱਖਣਾ ਜ਼ਰੂਰੀ ਹੁੰਦਾ ਹੈ। ਕੀ ਪੈਰਿਸ ਕਮਿਊਨ ਇਕ ਦਿਨ ਤੋਂ ਵੀ ਵੱਧ ਕੱਟ ਸਕਦੀ ਸੀ ਜੇ ਇਸਨੇ ਬੁਰਜੂਆਜ਼ੀ ਦੇ ਖ਼ਿਲਾਫ਼ ਹਥਿਆਰਬੰਦ ਲੋਕਾਂ ਦੀ ਤਾਕਤ ਨੂੰ ਨਾ ਵਰਤਿਆ ਹੁੰਦਾ? ਇਸਦੇ ਉਲਟ, ਕੀ ਅਸੀਂ ਇਸ ਉੱਤੇ ਉਸ ਤਾਕਤ ਦੀ ਬਹੁਤ ਘੱਟ ਵਰਤੋਂ ਕੀਤੀ ਹੋਣ ਦਾ ਦੋਸ਼ ਨਹੀਂ ਲਾ ਸਕਦੇ?..."[23]

**ਏਂਗਲਜ਼**: "...ਇਸ ਲਈ, ਕਿਉਂਕਿ ਰਾਜ ਸਿਰਫ਼ ਇੱਕ ਅੰਤਰਕਾਲੀ ਸੰਸਥਾ ਹੈ, ਜਿਸਦੀ ਵਰਤੋਂ ਘੋਲ਼ ਵਿੱਚ, ਇਨਕਲਾਬ ਵਿੱਚ, ਆਪਣੇ ਵਿਰੋਧੀਆਂ ਨੂੰ ਤਾਕਤ ਨਾਲ਼ ਦਬਾ ਕੇ ਰੱਖਣ ਲਈ ਕੀਤੀ ਜਾਂਦੀ ਹੈ, ਅਜ਼ਾਦ ਲੋਕਾਂ ਦੇ ਰਾਜ ਦੀ ਗੱਲ ਕਰਨਾ ਨਿਰੋਲ ਬਕਵਾਸ ਹੈ, ਜਦੋਂ ਤੱਕ ਪ੍ਰੋਲੇਤਾਰੀਆਂ ਨੂੰ ਅਜੇ ਵੀ ਰਾਜ ਦੀ ਲੋੜ ਹੁੰਦੀ ਹੈ, ਤਾਂ ਉਸਨੂੰ ਇਸਦੀ ਲੋੜ ਅਜ਼ਾਦੀ ਦੇ ਹਿੱਤਾਂ ਵਿੱਚ ਨਹੀਂ ਹੁੰਦੀ, ਸਗੋਂ ਆਪਣੇ ਵਿਰੋਧੀਆਂ ਨੂੰ ਦਬਾ ਕੇ ਰੱਖਣ ਲਈ ਹੁੰਦੀ ਹੈ ਅਤੇ ਜਿਉਂ ਹੀ ਅਜ਼ਾਦੀ ਦੀ ਗੱਲ ਕਰਨੀ ਸੰਭਵ ਹੋ ਜਾਂਦੀ ਹੈ, ਰਾਜ ਦੀ ਰਾਜ ਵਜੋਂ ਹੋਂਦ ਖਤਮ ਹੋ ਜਾਂਦੀ ਹੈ..."

ਕਾਊਟਸਕੀ, ਮਾਰਕਸ ਅਤੇ ਏਂਗਲਜ਼ ਤੋਂ ਓਨੀ ਹੀ ਦੂਰ ਹੈ, ਜਿੰਨਾਂ ਧਰਤੀ ਤੋਂ ਆਕਾਸ਼, ਜਿੰਨਾਂ ਪ੍ਰੋਲੇਤਾਰੀ ਇਨਕਲਾਬੀ ਤੋਂ ਉਦਾਰਵਾਦੀ। ਨਿਰੋਲ ਜਮਹੂਰੀਅਤ ਅਤੇ ਸਾਧਾਰਣ "ਜਮਹੂਰੀਅਤ", ਜਿਸਦੀ ਕਾਊਟਸਕੀ ਗੱਲ ਕਰਦਾ ਹੈ, ਉਹ "ਆਜ਼ਾਦ ਲੋਕਾਂ ਦੇ ਰਾਜ" ਦੀ ਹੀ ਸਿਰਫ਼ ਵਿਆਖਿਆ ਹੈ ਅਰਥਾਤ **ਨਿਰੋਲ ਬਕਵਾਸ** ਹੈ। ਆਰਾਮ ਕੁਰਸੀ ਉੱਤੇ ਬੈਠੇ ਅਤਿ ਦੇ ਵਿਦਵਾਨ ਮੂਰਖ਼ ਵਾਲੀ ਅਤਿ ਦੀ ਵਿਦਵਾਨ ਫ਼ੂੰ-ਫ਼ਾ ਨਾਲ਼, ਜਾਂ ਦਸ ਸਾਲ ਦੀ ਸਕੂਲੇ ਜਾਂਦੀ ਕੁੜੀ ਦੇ ਮਾਸੂਮ ਅੰਦਾਜ਼ ਨਾਲ਼, ਕਾਊਟਸਕੀ ਪੁੱਛਦਾ ਹੈ: ਸਾਨੂੰ ਡਿਕਟੇਟਰਸ਼ਿਪ ਦੀ ਕਿਉਂ ਲੋੜ ਹੈ ਜਦੋਂ ਸਾਡੇ ਕੋਲ਼ ਬਹੁਗਿਣਤੀ ਹੈ? ਅਤੇ ਮਾਰਕਸ ਅਤੇ ਏਂਗਲਜ਼ ਸਮਝਾਉਂਦੇ ਹਨ:

——ਬੁਰਜੂਆਜ਼ੀ ਦਾ ਵਿਰੋਧ ਖ਼ਤਮ ਕਰਨ ਲਈ;

——ਪ੍ਰਤੀਕਿਰਿਆਵਾਦੀਆਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰਨ ਲਈ;

——ਬੁਰਜੂਆਜ਼ੀ ਦੇ ਖਿਲਾਫ਼ ਹਥਿਆਰਬੰਦ ਲੋਕਾਂ ਦੇ ਅਧਿਕਾਰ ਨੂੰ ਕਾਇਮ ਰੱਖਣ ਲਈ;

——ਤਾਂ ਕਿ ਪ੍ਰੋਲੇਤਾਰੀ ਆਪਣੇ ਵਿਰੋਧੀਆਂ ਨੂੰ ਤਾਕਤ ਨਾਲ਼ ਦਬਾ ਕੇ ਰੱਖ ਸਕਣ।

ਕਾਊਟਸਕੀ ਨੂੰ ਇਹ ਵਿਆਖਿਆਵਾਂ ਸਮਝ ਨਹੀਂ ਆਉਂਦੀਆਂ। ਜਮਹੂਰੀਅਤ ਦੀ "ਨਿਰੋਲਤਾ" ਦਾ ਦੀਵਾਨਾ ਹੋਇਆ ਹੋਇਆ, ਇਸਦੇ ਬੁਰਜੂਆ ਖਾਸੇ ਵਲੋਂ ਅੱਖਾਂ

ਮੀਟੀ, ਉਹ ਬਹੁਗਿਣਤੀ ਨੂੰ "ਲਗਾਤਾਰ" ਜ਼ੋਰ ਦੇਂਦਾ ਹੈ ਕਿ ਕਿਉਂਕਿ ਇਹ ਬਹੁਗਿਣਤੀ ਹੈ, ਇਸਨੂੰ ਘੱਟਗਿਣਤੀ ਦਾ "ਵਿਰੋਧ ਭੰਨਣ" ਦੀ ਕੋਈ ਲੋੜ ਨਹੀਂ, ਨਾ ਹੀ "ਇਸਨੂੰ ਤਾਕਤ ਨਾਲ਼ ਦਬਾ ਕੇ ਰੱਖਣ ਦੀ ਲੋੜ ਹੈ"— ਜਮਹੂਰੀਅਤ ਵਿੱਚ ਦਖਲਅੰਦਾਜ਼ੀ ਦੇ **ਕੇਸਾਂ** ਨੂੰ ਦਬਾਉਣਾ ਹੀ ਕਾਫ਼ੀ ਹੈ। ਜਮਹੂਰੀਅਤ ਦੀ "ਨਿਰੋਲਤਾ" ਦਾ ਦੀਵਾਨਾ ਹੋਇਆ ਹੋਇਆ, ਕਾਊਟਸਕੀ **ਬੇਧਿਆਨੇ** ਉਹੀ ਛੋਟੀ ਜਿਹੀ ਗ਼ਲਤੀ ਕਰ ਬੈਠਦਾ ਹੈ, ਜਿਹੜੀ ਸਾਰੇ ਬੁਰਜੂਆ ਜਨਵਾਦੀ ਹਮੇਸ਼ਾ ਹੀ ਕਰਦੇ ਹਨ, ਅਰਥਾਤ, ਉਹ ਰਸਮੀ ਬਰਾਬਰੀ ਨੂੰ (ਜੋ ਕਿ ਸਰਮਾਏਦਾਰੀ ਹੇਠ ਧੋਖੇ ਅਤੇ ਦੰਭ ਤੋਂ ਵੱਧ ਹੋਰ ਕੁਝ ਨਹੀਂ) ਅਸਲੀ ਬਰਾਬਰੀ ਸਮਝ ਲੈਂਦਾ ਹੈ! ਬਹੁਤ ਮਾਮੂਲੀ ਜਿਹੀ ਗੱਲ ਹੈ!

ਸ਼ੋਸ਼ਿਤ ਅਤੇ ਸ਼ੋਸ਼ਕ ਬਰਾਬਰ ਨਹੀਂ ਹੋ ਸਕਦੇ।

ਇਹ ਸੱਚਾਈ, ਕਾਊਟਸਕੀ ਲਈ ਭਾਂਵੇਂ ਕਿੰਨੀ ਵੀ ਅਣਸੁਖਾਂਵੀ ਕਿਉਂ ਨਾ ਹੋਵੇ, ਫਿਰ ਵੀ ਸੋਸ਼ਲਿਜ਼ਮ ਦਾ ਸਾਰ-ਤੱਤ ਹੈ।

ਇੱਕ ਹੋਰ ਸੱਚਾਈ: ਅਸਲੀ, ਹਕੀਕੀ ਬਰਾਬਰੀ ਉਦੋਂ ਤੱਕ ਹੋ ਹੀ ਨਹੀਂ ਸਕਦੀ ਜਦੋਂ ਤੱਕ ਇੱਕ ਸ਼੍ਰੇਣੀ ਵੱਲੋਂ ਦੂਜੀ ਸ਼੍ਰੇਣੀ ਦਾ ਸ਼ੋਸ਼ਣ ਕਰਨ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਦਿੱਤਾ ਜਾਂਦਾ।

ਕੇਂਦਰ ਵਿੱਚ ਸਫ਼ਲ ਬਗ਼ਾਵਤ, ਹਾਂ ਫ਼ੌਜ ਵਿੱਚ ਬਗ਼ਾਵਤ ਹੋ ਜਾਣ ਦੀ ਸੂਰਤ ਵਿੱਚ ਇੱਕੋ ਹੱਲੇ ਨਾਲ਼ ਸ਼ੋਸ਼ਕਾਂ ਨੂੰ ਹਰਾਇਆ ਜਾ ਸਕਦਾ ਹੈ। ਪਰ ਸ਼ੋਸ਼ਕਾਂ ਨੂੰ ਇੱਕੋ ਹੱਲੇ ਤਬਾਹ ਨਹੀਂ ਕੀਤਾ ਜਾ ਸਕਦਾ, ਸਿਵਾਏ ਬਹੁਤ ਹੀ ਘੱਟ ਅਤੇ ਵਿਸ਼ੇਸ਼ ਸੂਰਤਾਂ ਦੇ। ਕਿਸੇ ਵੀ ਵੱਡੇ ਦੇਸ਼ ਵਿਚਲੇ ਭੂਮੀਪਤੀਆਂ ਅਤੇ ਪੂੰਜੀਪਤੀਆਂ ਨੂੰ ਇੱਕੋ ਹੱਲੇ ਨਾਲ ਸੰਪੱਤੀ ਤੋਂ ਵੰਚਿਤ ਕਰਨਾ ਅਸੰਭਵ ਹੈ। ਇਸਤੋਂ ਛੁੱਟ, ਕਾਨੂੰਨੀ ਜਾਂ ਰਾਜਨੀਤਕ ਕਾਰਵਾਈ ਵਜੋਂ, ਸਿਰਫ਼ ਸੰਪਤੀਹੀਣ ਕਰਨ ਨਾਲ਼ ਮਾਮਲੇ ਕੋਈ ਬਹੁਤੀ ਹੱਦ ਤੱਕ ਨਹੀਂ ਨਿਪਟ ਜਾਂਦੇ, ਕਿਉਂਕਿ ਭੂਮੀਪਤੀਆਂ ਅਤੇ ਪੂੰਜੀਪਤੀਆਂ ਨੂੰ ਹਕੀਕਤ ਵਿਚ **ਗੱਦਿਉਂ ਲਾਹੁਣਾ**, ਫ਼ੈਕਟਰੀਆਂ ਅਤੇ ਜਾਗੀਰਾਂ ਦੇ ਉਹਨਾਂ ਦੇ ਪ੍ਰਬੰਧ ਦੀ ਥਾਂ ਵੱਖਰੇ ਪ੍ਰਬੰਧ ਨੂੰ, ਹਕੀਕਤ ਵਿੱਚ ਮਜ਼ਦੂਰਾਂ ਦੇ ਪ੍ਰਬੰਧ ਨੂੰ ਦੇਣਾ ਜ਼ਰੂਰੀ ਹੁੰਦਾ ਹੈ। ਸ਼ੋਸ਼ਕਾਂ-ਜਿਹੜੇ ਆਪਣੀ ਵਿੱਦਿਆ, ਧਨੀ ਜੀਵਨ ਦੀਆਂ ਹਾਲਤਾਂ ਅਤੇ ਆਦਤਾਂ ਕਾਰਨ ਕਈ ਪੁਸ਼ਤਾਂ ਤੱਕ ਚੰਗਾ ਜੀਵਨ ਜਿਉਂਦੇ ਰਹੇ ਹਨ- ਅਤੇ ਸ਼ੋਸ਼ਿਤਾਂ, ਜਿਨ੍ਹਾਂ ਦੀ ਬਹੁਗਿਣਤੀ ਸਭ ਤੋ ਵੱਧ ਉੱਨਤ ਅਤੇ ਸਭ ਤੋਂ ਵੱਧ ਜਮਹੂਰੀ ਬੁਰਜੂਆ ਰਿਪਬਲਕਾਂ ਵਿੱਚ ਵੀ ਦੱਬੀ-ਕੁਚਲੀ, ਪੱਛੜੀ, ਜ਼ਾਹਲ, ਡਰਾ-ਧਮਕਾ ਕੇ ਰੱਖੀ ਅਤੇ ਫੁੱਟ ਦਾ ਸ਼ਿਕਾਰ ਰਹੀ ਹੈ, ਵਿਚਕਾਰ ਕੋਈ ਬਰਾਬਰੀ ਨਹੀਂ ਹੋ ਸਕਦੀ । ਇਨਕਲਾਬ ਤੋਂ ਮਗਰੋਂ ਬਹੁਤ ਲੰਮੇ ਸਮੇਂ ਤੱਕ ਸ਼ੋਸ਼ਕ ਅਟੱਲ ਤੌਰ ਉਤੇ ਬਹੁਤ ਸਾਰੇ ਭਾਰੀ ਅਮਲੀ ਲਾਭ ਆਪਣੇ ਤੱਕ ਰੱਖਣਾ ਜਾਰੀ ਰੱਖਦੇ ਹਨ; ਉਹਨਾਂ ਕੋਲ਼ ਅਜੇ ਵੀ ਪੈਸੇ ਹੁੰਦੇ ਹਨ (ਕਿਉਂਕਿ ਇਕਦਮ ਮੁਦਰਾ ਨੂੰ ਖਤਮ ਕਰ ਦੇਣਾ ਅਸੰਭਵ ਹੁੰਦਾ ਹੈ); ਕੁਝ ਚਲ ਜਾਇਦਾਦ ਹੁੰਦੀ ਹੈ- ਅਕਸਰ ਕਾਫ਼ੀ ਜ਼ਿਆਦਾ, ਅਜੇ ਵੀ ਉਹਨਾਂ ਦੇ ਵੱਖੋ ਵੱਖਰੇ ਸਬੰਧ ਹੁੰਦੇ ਹਨ, ਜਥੇਬੰਦ ਅਤੇ ਪ੍ਰਬੰਧ ਦੀਆਂ ਆਦਤਾਂ ਹੁੰਦੀਆਂ ਹਨ; ਪ੍ਰਬੰਧ ਦੇ ਸਾਰੇ "ਭੇਤਾਂ" (ਰੀਤਾਂ, ਢੰਗਾਂ, ਸਾਧਨਾਂ ਅਤੇ

ਸੰਭਾਵਨਾਵਾਂ) ਦਾ ਗਿਆਨ ਹੁੰਦਾ ਹੈ; ਬਿਹਤਰ ਵਿਦਿਆ ਹੁੰਦੀ ਹੈ; ਉਚੇਰੇ ਤਕਨੀਕੀ ਅਮਲੇ ਨਾਲ਼ ਨਿਕਟਵਰਤੀ ਸਬੰਧ ਹੁੰਦੇ ਹਨ (ਜਿਹੜੇ ਬੁਰਜੂਆਜ਼ੀ ਵਾਂਗ ਰਹਿੰਦੇ ਅਤੇ ਸੋਚਦੇ ਹਨ); ਜੰਗ ਦੀ ਕਲਾ ਵਿੱਚ ਅਥਾਹ ਭਾਰੀ ਤਜ਼ਰਬਾ ਹੁੰਦਾ ਹੈ (ਇਹ ਬਹੁਤ ਮਹੱਤਵਪੂਰਨ ਹੈ ), ਵਗੈਰਾ, ਵਗੈਰਾ।

ਜੇ ਸਿਰਫ਼ ਇੱਕ ਦੇਸ਼ ਵਿੱਚ ਸ਼ੋਸ਼ਕਾਂ ਨੂੰ ਹਰਾ ਦਿੱਤਾ ਜਾਂਦਾ ਹੈ—ਅਤੇ ਇਹ, ਬੇਸ਼ੱਕ, ਪ੍ਰਤੀਨਿਧ ਘਟਨਾ ਹੈ, ਕਿਉਂਕਿ ਇਕੋ ਵੇਲ਼ੇ ਬਹੁਤ ਸਾਰੇ ਦੇਸ਼ਾਂ ਵਿੱਚ ਇਨਕਲਾਬ ਇੱਕ ਦੁਰਲੱਭ ਅਪਵਾਦ ਹੈ—ਤਾਂ ਵੀ ਉਹ ਸ਼ੋਸ਼ਿਤਾਂ ਨਾਲ਼ੋਂ **ਜ਼ਿਆਦਾ ਤਗੜੇ** ਬਣੇ ਰਹਿੰਦੇ ਹਨ, ਕਿਉਂਕਿ ਸ਼ੋਸ਼ਕਾਂ ਦੇ ਕੌਮਾਂਤਰੀ ਸਬੰਧ ਬੇਅੰਤ ਹੁੰਦੇ ਹਨ। ਇਹ ਗੱਲ **ਸਾਰੇ** ਇਨਕਲਾਬਾਂ ਵੱਲੋਂ, ਸਮੇਤ ਕਮਿਊਨ ਦੇ, ਸਿੱਧ ਕੀਤੀ ਜਾ ਚੁੱਕੀ ਹੈ ਕਿ ਸਭ ਤੋਂ ਘੱਟ ਉੱਨਤ ਵਿਚਲੇ ਕਿਸਾਨ, ਕਾਰੀਗਰ ਅਤੇ ਵਸੋਂ ਦੇ ਇਹੋ ਜਿਹੇ ਸਮੂਹਾਂ ਵਿੱਚੋਂ ਆਏ ਸ਼ੋਸ਼ਿਤ ਲੋਕਾਂ ਦਾ ਇੱਕ ਹਿੱਸਾ ਸ਼ੋਸ਼ਕਾਂ ਦੇ ਪਿੱਛੇ ਜਾ ਸਕਦਾ ਹੈ, ਅਤੇ ਸੱਚਮੁੱਚ ਜਾਂਦਾ ਹੈ (ਕਿਉਂਕਿ ਵਰਸੇਲਜ਼ ਦੀਆਂ ਫ਼ੌਜਾਂ[24] ਵਿੱਚ ਵੀ ਪ੍ਰੋਲੇਤਾਰੀ ਸਨ, ਜਿਸ ਗੱਲ ਨੂੰ ਅਤਿ ਵਿਦਵਾਨ ਕਾਊਟਸਕੀ "ਭੁੱਲ ਗਿਆ" ਹੈ)।

ਇਹਨਾਂ ਹਾਲਤਾਂ ਵਿੱਚ, ਇਹ ਫ਼ਰਜ਼ ਕਰ ਲੈਣਾ ਕਿ ਐਸੇ ਇਨਕਲਾਬ ਵਿੱਚ, ਜਿਹੜਾ ਜ਼ਰਾ ਵੀ ਡੂੰਘਾ ਅਤੇ ਗੰਭੀਰ ਹੋਵੇ, ਮਸਲਾ ਸਿਰਫ਼ ਬਹੁਗਿਣਤੀ ਅਤੇ ਘੱਟਗਿਣਤੀ ਵਿਚਲੇ ਸਬੰਧ ਨਾਲ਼ ਹੀ ਨਜਿੱਠਿਆ ਜਾਂਦਾ ਹੈ, ਮੂਰਖਤਾ ਦੀ ਸਿਖ਼ਰ ਹੈ, ਇੱਕ ਸਾਧਾਰਣ ਉਦਾਰਵਾਦੀ ਦਾ ਫ਼ਜ਼ੂਲ ਤੋਂ ਫ਼ਜ਼ੂਲ ਤੁਅੱਸਬ ਹੈ, ਚੰਗੀ ਤਰ੍ਹਾਂ ਸਥਾਪਤ ਇਤਿਹਾਸਕ ਸੱਚ ਨੂੰ ਲੋਕਾਂ ਤੋਂ ਲੁਕਾ ਕੇ **ਉਹਨਾਂ ਨੂੰ ਧੋਖਾ ਦੇਣ** ਦਾ ਯਤਨ ਹੈ। ਇਤਿਹਾਸਕ ਸੱਚ ਇਹ ਹੈ ਕਿ ਹਰ ਗੰਭੀਰ ਇਨਕਲਾਬ ਵਿੱਚ, ਸ਼ੋਸ਼ਕਾਂ ਵੱਲੋਂ, ਜਿਹੜੇ ਕਿ ਕਈ ਸਾਲਾਂ ਤੱਕ ਸ਼ੋਸ਼ਿਤਾਂ ਨਾਲ਼ੋਂ ਮਹੱਤਵਪੂਰਨ ਅਮਲੀ ਲਾਭ ਰੱਖਣਾ ਜਾਰੀ ਰੱਖਦੇ ਹਨ, **ਲੰਮੇ ਸਮੇਂ ਤੱਕ**, **ਸਿਰੜੀ ਅਤੇ ਬੇਕਿਰਕ** ਵਿਰੋਧ ਇੱਕ **ਨਿਯਮ** ਹੈ। ਉਪਭਾਵਕ ਮੂਰਖ਼ ਕਾਊਟਸਕੀ ਦੀਆਂ ਉਪਭਾਵਕ ਕਾਲਪਨਿਕ ਉਡਾਰੀਆਂ ਤੋਂ ਸਿਵਾ ਹੋਰ ਕਿਤੇ ਵੀ ਸ਼ੋਸ਼ਕ ਵਰਗ, ਅੰਤਮ ਬੇਕਿਰਕ ਲੜਾਈ ਵਿੱਚ ਜਾਂ ਬਹੁਤ ਸਾਰੀਆਂ ਲੜਾਈਆਂ ਵਿੱਚ ਆਪਣੇ ਲਾਭਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਤੋਂ ਬਿਨਾਂ ਸ਼ੋਸ਼ਿਤ ਬਹੁਗਿਣਤੀ ਦੇ ਫ਼ੈਸਲੇ ਅੱਗੇ ਕਦੀ ਨਹੀਂ ਝੁਕੇਗਾ।

ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਤਬਦੀਲੀ ਉੱਤੇ ਪੂਰਾ ਇਤਿਹਾਸ ਦੌਰ ਲੱਗ ਜਾਂਦਾ ਹੈ। ਜਿੰਨਾਂ ਚਿਰ ਤੱਕ ਇਹ ਦੌਰ ਖ਼ਤਮ ਨਹੀਂ ਹੁੰਦਾ, ਸ਼ੋਸ਼ਕ ਅਟੱਲ ਤੌਰ ਉੱਤੇ ਮੁੜ-ਬਹਾਲੀ ਦੀ ਆਸ ਰੱਖ ਰਹੇ ਹੁੰਦੇ ਹਨ ਅਤੇ ਇਹ **ਆਸ** ਮੁੜ-ਬਹਾਲੀ ਦੇ **ਯਤਨਾਂ** ਵਿੱਚ ਵੱਟ ਜਾਂਦੀ ਹੈ। ਆਪਣੀ ਪਹਿਲੀ ਗੰਭੀਰ ਹਾਰ ਤੋਂ ਮਗਰੋਂ, ਗੱਦੀਉਂ ਲਾਹੇ ਗਏ ਸ਼ੋਸ਼ਕ- ਜਿਨ੍ਹਾਂ ਨੂੰ ਆਪਣਾ ਤਖ਼ਤਾ ਉਲਟਾਏ ਜਾਣ ਦੀ ਕਦੀ ਆਸ ਨਹੀਂ ਸੀ, ਉਹਨਾਂ ਕਦੀ ਇਸਨੂੰ ਸੰਭਵ ਨਹੀਂ ਸੀ ਸਮਝਿਆ, ਕਦੀ ਇਸਦਾ ਖਿਆਲ ਦਿਮਾਗ਼ ਵਿੱਚ ਨਹੀਂ ਸੀ ਲਿਆਂਦਾ-ਆਪਣੇ ਆਪ ਨੂੰ ਦਸ ਗੁਣਾ ਵਧੀ ਸ਼ਕਤੀ ਦੇ ਨਾਲ਼, ਸੈਂਕੜੇ ਗੁਣਾ ਵਧੇਰੇ ਰੋਹ ਭਰੇ ਜੋਸ਼ ਅਤੇ ਨਫ਼ਰਤ ਨਾਲ਼ ਆਪਣੇ ਪ੍ਰਵਾਰਾਂ ਵੱਲੋਂ, ਜਿਹੜੇ ਏਨਾਂ ਮਿੱਠਾ ਅਤੇ ਸੌਖਾ

ਜੀਵਨ ਬਿਤਾ ਰਹੇ ਸਨ ਅਤੇ ਜਿਨ੍ਹਾਂ ਨੂੰ ਹੁਣ ਇਹ "ਆਮ ਇੱਜੜ" ਬਰਬਾਦੀ ਅਤੇ ਥੁੜ੍ਹ ਵਿੱਚ (ਜਾਂ "ਆਮ" ਕਿਰਤ ਵਿਚ...) ਸੁੱਟ ਰਿਹਾ ਹੁੰਦਾ ਹੈ, ਉਸ "ਸਵਰਗ" ਨੂੰ ਮੁੜ ਹਾਸਲ ਕਰਨ ਲਈ, ਜਿਸਤੋਂ ਉਹਨਾਂ ਨੂੰ ਵਾਂਝਿਆਂ ਕਰ ਦਿੱਤਾ ਗਿਆ ਹੁੰਦਾ ਹੈ, ਘੋਲ਼ ਵਿੱਚ ਸੁੱਟ ਦੇਂਦੇ ਹਨ। ਸਰਮਾਏਦਾਰ ਸ਼ੋਸ਼ਕਾਂ ਦੀ ਸੰਗਤ ਵਿੱਚ ਪੈਟੀ ਬੁਰਜੂਆਜ਼ੀ ਦੇ ਉਹ ਵਿਸ਼ਾਲ ਤਬਕੇ ਵੀ ਚਲੇ ਜਾਂਦੇ ਹਨ, ਜਿਨ੍ਹਾਂ ਦੇ ਸਬੰਧ ਵਿੱਚ ਸਾਰੇ ਦੇਸ਼ਾਂ ਦਾ ਕਈ ਦਹਾਕਿਆਂ ਦਾ ਇਤਿਹਾਸਕ ਤਜ਼ਰਬਾ ਇਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਉਹ ਡਿੱਕੋ-ਡੋਲੇ ਖਾਂਦੇ ਅਤੇ ਹਿਚਕਚਾਉਂਦੇ ਹਨ, ਇੱਕ ਦਿਨ ਉਹ ਪ੍ਰੋਲੇਤਾਰੀਆਂ ਦੇ ਮਗਰ ਹੁੰਦੇ ਹਨ ਅਤੇ ਅਗਲੇ ਦਿਨ ਇਨਕਲਾਬ ਦੀਆਂ ਮੁਸ਼ਕਲਾਂ ਤੋਂ ਡਰਦੇ ਮਾਰੇ ਦੌੜ ਜਾਂਦੇ ਹਨ, ਕਿ ਉਹ ਮਜ਼ਦੂਰ ਦੀ ਪਹਿਲੀ ਹਾਰ, ਜਾਂ ਅਰਧ-ਹਾਰ ਉੱਤੇ ਹੀ ਸੰਤੁਲਨ ਗੁਆ ਬੈਠਦੇ ਹਨ, ਘਬਰਾ ਜਾਂਦੇ ਹਨ, ਬੇਮਕਸਦ ਇੱਧਰ ਉੱਧਰ ਦੌੜਦੇ ਹਨ, ਰਊਂ-ਰਊਂ ਕਰਨ ਲੱਗ ਪੈਂਦੇ ਹਨ ਅਤੇ ਇੱਕ ਧੜੇ ਵੱਲੋਂ ਨੱਠ ਕੇ ਦੂਜੇ ਧੜੇ ਵੱਲ ਚਲੇ ਜਾਂਦੇ ਹਨ—ਬਿਲਕੁਲ ਸਾਡੇ ਮੈਨਸ਼ਵਿਕਾਂ ਅਤੇ ਸੋਸ਼ਲਿਸ਼ਟਾਂ-ਇਨਕਲਾਬੀਆਂ ਵਾਂਗ।

ਇਹਨਾਂ ਹਾਲਤਾਂ ਵਿੱਚ, ਜਾਨ-ਹੂਲਵੀਂ ਤੀਖਣ ਜੰਗ ਦੇ ਦੌਰ ਵਿੱਚ, ਜਦੋਂ ਇਤਿਹਾਸ ਇਹ ਸਵਾਲ ਪੇਸ਼ ਕਰਦਾ ਹੈ ਕਿ ਯੁੱਗਾਂ ਪੁਰਾਣੇ ਅਤੇ ਹਜ਼ਾਰਾਂ ਸਾਲ ਪੁਰਾਣੇ ਵਿਸ਼ੇਸ਼ਾਧਿਕਾਰ ਰਹਿਣੇ ਚਾਹੀਦੇ ਹਨ ਜਾਂ ਨਹੀਂ— ਇਹੋ ਜਿਹੇ ਸਮੇਂ ਬਹੁਗਿਣਤੀ ਅਤੇ ਘੱਟਗਿਣਤੀ ਦੀ ਗੱਲ ਕਰਨਾ, ਨਿਰੋਲ ਜਮੂਹਰੀਅਤ ਦੀ, ਡਿਕਟੇਟਰਸ਼ਿਪ ਦੇ ਅਣਲੋੜੀਂਦੀ ਹੋਣ ਦੀ ਅਤੇ ਸ਼ੋਸ਼ਕਾਂ ਅਤੇ ਸ਼ੋਸ਼ਿਤਾਂ ਵਿਚਕਾਰ ਬਰਾਬਰੀ ਦੀ ਗੱਲ ਕਰਨਾ!! ਇਸ ਵਾਸਤੇ ਕਿੰਨੀ ਅਸੀਮ ਮੂਰਖਤਾ ਅਤੇ ਪਾਤਾਲੀ ਤੰਗਨਜ਼ਰੀ ਦੀ ਲੋੜ ਹੈ!

ਪਰ, 1871 ਅਤੇ 1914 ਵਿਚਕਾਰ ਮੁਕਾਬਲਤਨ "ਸ਼ਾਂਤਮਈ" ਸਰਮਾਏਦਾਰੀ ਦੇ ਦਹਾਕਿਆਂ ਵਿੱਚ, ਤੰਗਨਜ਼ਰੀ, ਮੂਰਖਤਾ ਅਤੇ ਸਿਧਾਂਤ-ਤਿਆਗ ਦਾ ਆਜੀਅਸ ਦੇ ਅਸਤਬਲਾਂ[25] ਵਾਲ਼ਾ ਗੰਦ ਸੋਸ਼ਲਿਸਟ ਪਾਰਟੀਆਂ ਵਿੱਚ ਇਕੱਠਾ ਹੁੰਦਾ ਗਿਆ ਜਿਹੜਾ ਮੌਕਾਪ੍ਰਸਤੀ ਦੇ ਅਨੁਕੂਲ ਆਪਣੇ ਆਪ ਨੂੰ ਢਾਲ਼ ਰਿਹਾ ਸੀ।...

* * *

ਪਾਠਕ ਨੇ ਸ਼ਾਇਦ ਦੇਖਿਆ ਹੋਵੇਗਾ ਕਿ ਉਸਦੇ ਪੈਂਫ਼ਲਟ ਵਿੱਚੋਂ ਉੱਪਰ ਦਿੱਤੇ ਗਏ ਪੈਰ੍ਹਿਆਂ ਵਿੱਚ ਕਾਊਟਸਕੀ ਸਰਬ-ਵਿਆਪਕ ਮੱਤਾਧਿਕਾਰ ਉੱਪਰ ਛਾਪਾ ਮਾਰਨ ਦੇ ਯਤਨ ਦੀ ਗੱਲ ਕਰਦਾ ਹੈ (ਉਹ, ਵੈਸੇ, ਸਰਬ-ਵਿਆਪਕ ਮੱਤਾਧਿਕਾਰ ਨੂੰ ਸ਼ਕਤੀਸ਼ਾਲੀ ਇਖਲਾਕੀ ਅਧਿਕਾਰ ਦਾ ਡੂੰਘਾ ਸੋਮਾ ਕਹਿੰਦਾ ਹੈ, ਜਦ ਕਿ ਏਂਗਲਜ਼, ਉਸੇ ਪੈਰਿਸ ਕਮਿਊਨ ਦੇ ਸੰਬੰਧ ਵਿਚ ਅਤੇ ਉਸੇ ਡਿਕਟੇਟਰਸ਼ਿਪ ਦੇ ਸਵਾਲ ਦੇ ਸਬੰਧ ਵਿੱਚ, ਬੁਰਜੂਆਜ਼ੀ ਦੇ ਖਿਲਾਫ਼ ਹਥਿਆਰਬੰਦ ਲੋਕਾਂ ਦੀ ਤਾਕਤ ਦੀ ਗੱਲ ਕਰਦੇ ਹਨ—"ਅਧਿਕਾਰਿਤਾ" ਬਾਰੇ ਇੱਕ ਤੰਗਨਜ਼ਰ ਦੇ ਅਤੇ ਇਨਕਲਾਬੀ ਦੇ ਵਿਚਾਰਾਂ ਵਿਚਕਾਰ ਬੜਾ ਲਖਣਾਇਕ ਫ਼ਰਕ ਹੈ...)।

ਇਸ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਸ਼ੋਸ਼ਕਾਂ ਨੂੰ ਮੱਤਾਧਿਕਾਰ ਤੋਂ ਵਾਂਝਿਆਂ

ਕਰਨ ਦਾ ਸਵਾਲ **ਨਿਰੋਲ ਰੂਸੀ** ਸਵਾਲ ਹੈ, ਆਮ ਕਰਕੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਸਵਾਲ ਨਹੀਂ। ਜੇ ਕਿਤੇ ਆਪਣੇ ਦੰਭ ਨੂੰ ਇੱਕ ਪਾਸੇ ਰੱਖ ਕੇ ਕਾਊਟਸਕੀ ਆਪਣੇ ਪੈਂਫ਼ਲਟ ਦਾ ਸਿਰਲੇਖ "ਬਾਲਸ਼ਵਿਕਾਂ ਦੇ ਖਿਲਾਫ਼" ਰੱਖ ਦੇਂਦਾ, ਤਾਂ ਇਹ ਸਿਰਲੇਖ ਪੈਂਫ਼ਲਟ ਦੇ ਵਸਤੂ ਦੇ ਮੁਤਾਬਕ ਹੁੰਦਾ, ਅਤੇ ਕਾਊਟਸਕੀ ਮੱਤਾਧਿਕਾਰ ਬਾਰੇ ਸਾਫ਼ ਸਾਫ਼ ਗੱਲ ਕਰਨ ਵਿੱਚ ਠੀਕ ਹੁੰਦਾ। ਪਰ ਕਾਊਟਸਕੀ ਪਹਿਲੀ ਥਾਂ ਉੱਤੇ ਇੱਕ "ਸਿਧਾਂਤਕਾਰ" ਵਜੋਂ ਸਾਮ੍ਹਣੇ ਆਉਣਾ ਚਾਹੁੰਦਾ ਸੀ। ਉਸਨੇ ਆਪਣੇ ਪੈਂਫ਼ਲਟ ਦਾ ਨਾਂ **ਆਮ ਕਰਕੇ** "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ" ਰੱਖਿਆ। ਉਹ ਪੈਂਫਲਟ ਦੇ ਸਿਰਫ਼ ਦੂਜੇ ਹਿੱਸੇ ਵਿੱਚ ਹੀ, ਛੇਵੇਂ ਪੈਰ੍ਹੇ ਤੋਂ ਸ਼ੁਰੂ ਕਰਕੇ, ਸੋਵੀਅਤਾਂ ਦੀ ਅਤੇ ਖਾਸ ਕਰਕੇ ਰੂਸ ਦੀ ਗੱਲ ਕਰਦਾ ਹੈ। ਪਹਿਲੇ ਹਿੱਸੇ ਵਿੱਚ (ਜਿਸ ਵਿੱਚੋਂ ਮੈਂ ਟੂਕਾਂ ਲਈਆਂ ਹਨ) ਜਿਸ ਵਿਸ਼ੇ ਬਾਰੇ ਗੱਲ ਕੀਤੀ ਗਈ ਹੈ, ਉਹ ਹੈ **ਆਮ ਕਰਕੇ ਜਮਹੂਰੀਅਤ** ਅਤੇ **ਡਿਕਟੇਟਰਸ਼ਿਪ।** ਮੱਤਾਧਿਕਾਰ ਦੀ ਗੱਲ ਕਰਦਿਆਂ, ਕਾਊਟਸਕੀ ਆਪਣੇ ਆਪ ਨੂੰ ਬਾਲਸ਼ਵਿਕਾਂ ਦੇ ਵਿਰੋਧੀ ਵਜੋਂ **ਬੇਨਕਾਬ ਕਰਦਾ ਹੈ**, **ਜਿਹੜਾ ਸਿਧਾਂਤ ਦੀ ਕੌਡੀ ਵੀ ਪ੍ਰਵਾਹ ਨਹੀਂ ਕਰਦਾ।** ਕਿਉਂਕਿ ਸਿਧਾਂਤ ਲਈ, ਅਰਥਾਤ, ਜਮਹੂਰੀਅਤ ਅਤੇ ਡਿਕਟੇਟਰਸ਼ਿਪ ਦੀਆਂ ਆਮ (ਨਾ ਕਿ ਕੌਮੀ ਤੌਰ ਉੱਤੇ ਵਿਸ਼ੇਸ਼) ਜਮਾਤੀ ਬੁਨਿਆਦਾਂ ਬਾਰੇ ਦਲੀਲਾਂ ਲਈ, ਇਹ ਜ਼ਰੂਰੀ ਹੈ ਕਿ ਉਹ ਵਿਸ਼ੇਸ਼ ਸਵਾਲ ਨੂੰ ਨਾ ਲੈਣ, ਜਿਵੇਂ ਕਿ ਮੱਤਾਧਿਕਾਰ ਹੈ, ਸਗੋਂ ਆਮ ਸਵਾਲ ਨੂੰ ਲੈਣ ਜਿਵੇਂ ਕਿ ਕੀ ਸ਼ੋਸ਼ਕਾਂ ਦੇ ਤਖਤਾ ਉਲਟਾਉਣ ਦੇ ਅਤੇ ਉਹਨਾਂ ਦੇ ਰਾਜ ਦੀ ਥਾਂ ਸ਼ੋਸ਼ਿਤਾਂ ਦੇ ਰਾਜ ਨੂੰ ਦੇਣ ਦੇ ਇਤਿਹਾਸਕ ਦੌਰ ਵਿੱਚ **ਅਮੀਰਾਂ ਵਾਸਤੇ**, **ਸ਼ੋਸ਼ਕਾਂ ਵਾਸਤੇ** ਜਮਹੂਰੀਅਤ **ਕਾਇਮ ਰੱਖੀ** ਜਾ ਸਕਦੀ ਹੈ ਜਾਂ ਨਹੀਂ?

ਇਹ ਤਰੀਕਾ ਹੈ, ਇੱਕੋ ਇੱਕ ਤਰੀਕਾ, ਜਿਸ ਤਰੀਕੇ ਨਾਲ਼ ਸਿਧਾਂਤਕਾਰ ਸਵਾਲ ਪੇਸ਼ ਕਰ ਸਕਦਾ ਹੈ।

ਸਾਨੂੰ ਪੈਰਿਸ ਕਮਿਊਨ ਦੀ ਉਦਾਹਰਣ ਦਾ ਪਤਾ ਹੈ, ਇਸਦੇ ਸਬੰਧ ਵਿੱਚ ਅਤੇ ਇਸਦੇ ਹਵਾਲੇ ਨਾਲ਼ ਮਾਰਕਸਵਾਦ ਦੇ ਬਾਨੀਆਂ ਵੱਲੋਂ ਜੋ ਕੁਝ ਕਿਹਾ ਗਿਆ ਹੈ, ਉਸਦਾ ਸਾਨੂੰ ਪਤਾ ਹੈ। ਇਸ ਮਸਾਲੇ ਦੇ ਅਧਾਰ ਉੱਤੇ, ਉਦਾਹਰਣ ਵਜੋਂ, ਮੈਂ ਆਪਣੇ ਪੈਂਫ਼ਲਟ "ਰਾਜ ਅਤੇ ਇਨਕਲਾਬ" ਵਿੱਚ, ਜਿਹੜਾ ਅਕਤੂਬਰ ਇਨਕਲਾਬ ਤੋਂ ਪਹਿਲਾਂ ਲਿਖਿਆ ਗਿਆ ਸੀ, ਜਮਹੂਰੀਅਤ ਅਤੇ ਡਿਕਟੇਟਰਸ਼ਿਪ ਦੇ ਸਵਾਲ ਦੀ ਨਿਰਖ-ਪਰਖ ਕੀਤੀ ਹੈ। ਮੈਂ ਮੱਤਾਧਿਕਾਰ ਨੂੰ ਸੀਮਤ ਕਰਨ ਬਾਰੇ **ਇੱਕ ਲਫ਼ਜ ਵੀ ਨਹੀਂ ਸੀ ਕਿਹਾ।** ਅਤੇ ਹੁਣ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਮੱਤਾਧਿਕਾਰ ਨੂੰ ਸੀਮਤ ਕਰਨ ਦਾ ਸਵਾਲ ਕੌਮੀ ਪੈਮਾਨੇ ਉੱਤੇ ਵਿਸ਼ੇਸ਼ਤਾ ਰੱਖਦਾ ਸਵਾਲ ਹੈ, ਡਿਕਟੇਟਰਸ਼ਿਪ ਦਾ ਆਮ ਸਵਾਲ ਨਹੀਂ। ਰੂਸੀ ਇਨਕਲਾਬ ਦੀਆਂ **ਵਿਸ਼ੇਸ਼ ਹਾਲਤਾਂ** ਅਤੇ ਇਸਦੇ ਵਿਕਾਸ ਦੇ **ਵਿਸ਼ੇਸ਼ ਰਸਤੇ** ਦਾ ਅਧਿਐਨ ਕਰਕੇ ਹੀ ਸਾਨੂੰ ਮੱਤਾਧਿਕਾਰ ਸੀਮਤ ਕਰਨ ਦਾ ਸਵਾਲ ਲੈਣਾ ਚਾਹੀਦਾ ਹੈ। ਇਹ ਗੱਲ ਇਸ ਪੈਂਫ਼ਲਟ ਵਿੱਚ ਮਗਰੋਂ ਜਾ ਕੇ ਕੀਤੀ ਜਾਏਗੀ। ਪਰ ਪਹਿਲਾਂ ਹੀ ਇਸ ਗੱਲ ਦੀ ਜ਼ਮਾਨਤ ਦੇ ਦੇਣਾ ਗ਼ਲਤੀ ਹੋਵੇਗੀ ਕਿ ਯੂਰਪ ਵਿੱਚ ਹੋਣ ਵਾਲ਼ੇ ਸਾਰੇ ਪ੍ਰੋਲੇਤਾਰੀ ਇਨਕਲਾਬਾਂ ਵਿੱਚ, ਜਾਂ ਉਹਨਾਂ ਦੀ ਬਹੁਗਿਣਤੀ ਵਿੱਚ, ਬੁਰਜੂਆਜ਼ੀ ਲਈ ਮੱਤਾਧਿਕਾਰ ਨੂੰ ਸੀਮਤ

ਕਰਨਾ ਵੀ ਲਾਜ਼ਮੀ ਤੌਰ ਉਤੇ ਸ਼ਾਮਲ ਹੋਵੇਗਾ। ਇਹ ਹੋ ਸਕਦਾ ਹੈ। ਜੰਗ ਤੋਂ ਪਿੱਛੋਂ ਅਤੇ ਰੂਸੀ ਇਨਕਲਾਬ ਦੇ ਤਜ਼ਰਬੇ ਤੋਂ ਪਿੱਛੋਂ ਸ਼ਾਇਦ ਇਹ ਇੰਝ ਹੀ ਹੋਵਗਾ, ਪਰ ਡਿਕਟੇਟਰਸ਼ਿਪ ਨੂੰ ਅਮਲ ਵਿਚ ਲਿਆਉਣ ਲਈ ਇਹ ਪੂਰੀ ਤਰ੍ਹਾਂ **ਲਾਜ਼ਮੀ ਨਹੀਂ**, ਇਹ ਡਿਕਟੇਟਰਸ਼ਿਪ ਦੇ ਮੰਤਕੀ ਸੰਕਲਪ ਦਾ **ਲਾਜ਼ਮੀ** ਲੱਛਣ ਨਹੀਂ, ਇਹ ਡਿਕਟੇਟਰਸ਼ਿਪ ਦੇ ਇਤਿਹਾਸਕ ਅਤੇ ਜਮਾਤੀ ਸੰਕਲਪ ਵਿੱਚ ਇੱਕ **ਲਾਜ਼ਮੀ** ਸ਼ਰਤ ਵਜੋਂ ਸ਼ਾਮਲ ਨਹੀਂ ਹੁੰਦਾ।

ਡਿਕਟੇਟਰਸ਼ਿਪ ਦਾ ਲਾਜ਼ਮੀ ਲੱਛਣ, ਇਸਦੀ ਲਾਜ਼ਮੀ ਸ਼ਰਤ **ਸ਼੍ਰੇਣੀ** ਵਜੋਂ ਸ਼ੋਸ਼ਕਾਂ ਨੂੰ **ਤਾਕਤ ਨਾਲ਼** ਦਬਾਉਣਾ ਹੈ, ਅਤੇ ਇਸਦੇ ਸਿੱਟੇ ਵਜੋਂ, "ਨਿਰੋਲ ਜਮਹੂਰੀਅਤ", ਅਰਥਾਤ, ਉਸ **ਸ਼੍ਰੇਣੀ ਦੇ ਸਬੰਧ ਵਿੱਚ** ਬਰਾਬਰੀ ਅਤੇ ਅਜ਼ਾਦੀ ਨੂੰ **ਭੰਗ ਕਰਨਾ** ਹੈ।

ਇਹ ਤਰੀਕਾ ਹੈ, ਇੱਕੋ ਇੱਕ ਤਰੀਕਾ, ਜਿਸ ਨਾਲ਼ ਸਿਧਾਂਤਕ ਤੌਰ ਉੱਤੇ ਸਵਾਲ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਸਵਾਲ ਪੇਸ਼ ਕਰਨ ਤੋਂ ਅਸਮਰਥ ਰਹਿ ਕੇ ਕਾਊਟਸਕੀ ਨੇ ਦਰਸਾਇਆ ਹੈ ਕਿ ਉਹ ਬਾਲਸ਼ਵਿਕਾਂ ਦਾ ਵਿਰੋਧ ਸਿਧਾਂਤਕਾਰ ਵਜੋਂ ਨਹੀਂ, ਸਗੋਂ ਮੌਕਾਪ੍ਰਸਤ ਅਤੇ ਬੁਰਜੂਆਜ਼ੀ ਦੇ ਝੋਲ਼ੀ-ਚੁੱਕ ਵਜੋਂ ਕਰ ਰਿਹਾ ਹੈ।

ਕਿਹੜੇ ਦੇਸ਼ਾਂ ਵਿੱਚ ਅਤੇ ਇੱਕ ਜਾਂ ਦੂਜੀ ਸਰਮਾਏਦਾਰੀ ਦੇ, ਕਿਹੜੇ ਕੌਮੀ ਲੱਛਣਾਂ ਕਰਕੇ ਸ਼ੋਸ਼ਕਾਂ ਲਈ ਜਮਹੂਰੀਅਤ ਨੂੰ (ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਉੱਤੇ) ਇੱਕ ਜਾਂ ਦੂਜੇ ਰੂਪ ਵਿੱਚ ਘਟਾ ਦਿੱਤਾ ਜਾਏਗਾ, ਭੰਗ ਕਰ ਦਿੱਤਾ ਜਾਏਗਾ, ਇਹ ਸਵਾਲ ਇੱਕ ਜਾਂ ਦੂਜੀ ਸਰਮਾਏਦਾਰੀ ਦੇ, ਇਕ ਜਾਂ ਦੂਜੇ ਇਨਕਲਾਬ ਦੇ ਵਿਸ਼ੇਸ਼ ਕੌਮੀ ਲੱਛਣਾਂ ਦਾ ਸਵਾਲ ਹੈ। ਸਿਧਾਂਤਕ ਸਵਾਲ ਵੱਖਰੀ ਤਰ੍ਹਾਂ ਦਾ ਹੈ: ਕੀ **ਸ਼ੋਸ਼ਕ** ਸ਼੍ਰੇਣੀ ਦੇ ਸਬੰਧ ਵਿੱਚ **ਜਮਹੂਰੀਅਤ ਨੂੰ ਭੰਗ ਕਰਨ ਤੋਂ ਬਿਨਾਂ** ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਸੰਭਵ ਹੈ ?

ਬਿਲਕੁਲ ਇਹੀ ਸਵਾਲ ਹੈ ਜਿਹੜਾ ਸਿਧਾਂਤਕ ਤੌਰ ਉੱਤੇ **ਇੱਕੋ ਇੱਕ** ਮਹੱਤਵਪੂਰਨ ਅਤੇ ਜ਼ਰੂਰੀ ਸਵਾਲ ਹੈ ਅਤੇ ਜਿਸਤੋਂ ਕਾਊਟਸਕੀ ਕੰਨੀਂ ਕਤਰਾ ਗਿਆ ਹੈ। ਉਸਨੇ ਮਾਰਕਸ ਅਤੇ ਏਂਗਲਜ਼ ਵਿੱਚੋਂ ਹਰ ਤਰ੍ਹਾਂ ਦੇ ਪੈਰ੍ਹਿਆਂ ਦੇ ਹਵਾਲੇ ਦਿੱਤੇ ਹਨ, **ਸਿਵਾਏ ਉਹਨਾਂ ਪੈਰਿਆਂ** ਦੇ ਜਿਹੜੇ ਇਸ ਸਵਾਲ ਨਾਲ਼ ਸਬੰਧਤ ਸਨ, ਅਤੇ ਜਿਹੜੇ ਮੈਂ ਉੱਪਰ ਦਿੱਤੇ ਹਨ।

ਕਾਊਟਸਕੀ ਜਿਸ ਬਾਰੇ ਚਾਹੋ ਗੱਲ ਕਰਦਾ ਹੈ, ਹਰ ਚੀਜ਼ ਬਾਰੇ ਗੱਲ ਕਰਦਾ ਹੈ ਜਿਹੜੀਆਂ ਉਦਾਰਵਾਦੀਆਂ ਅਤੇ ਬੁਰਜੂਆ ਜਮਹੂਰੀਅਤਪੰਸਦਾਂ ਨੂੰ ਪ੍ਰਵਾਨ ਹੈ, ਅਤੇ ਉਹਨਾਂ ਦੇ ਵਿਚਾਰਾਂ ਦੇ ਘੇਰੇ ਤੋਂ ਬਾਹਰ ਨਹੀਂ ਜਾਂਦਾ, ਪਰ ਉਹ ਮੁੱਖ ਚੀਜ਼ ਬਾਰੇ ਗੱਲ ਨਹੀਂ ਕਰਦਾ, ਅਰਥਾਤ, ਇਸ ਤੱਥ ਬਾਰੇ ਕਿ ਬੁਰਜੂਆਜ਼ੀ ਦੇ **ਵਿਰੋਧ ਨੂੰ ਭੰਨਣ ਤੋਂ ਬਿਨਾਂ, ਆਪਣੇ ਵਿਰੋਧੀਆਂ ਨੂੰ ਤਾਕਤ ਨਾਲ਼ ਦਬਾਉਣ ਤੋਂ ਬਿਨਾਂ** ਪ੍ਰੋਲੇਤਾਰੀ ਜਿੱਤ ਪ੍ਰਾਪਤ ਨਹੀਂ ਕਰ ਸਕਦੇ, ਅਤੇ ਜਿੱਥੇ ਵੀ ਕਿਤੇ, "ਤਾਕਤ ਨਾਲ਼ ਦਬਾਉਣ", ਦੀ ਗੱਲ ਹੁੰਦੀ ਹੈ, ਜਿੱਥੇ ਵੀ "ਅਜ਼ਾਦੀ" ਨਹੀਂ ਹੁੰਦੀ ਉਥੇ, **ਬੇਸ਼ਕ, ਜਮਹੂਰੀਅਤ ਨਹੀਂ ਹੁੰਦੀ।**

ਇਹ ਗੱਲ ਕਾਊਟਸਕੀ ਨੂੰ ਸਮਝ ਨਹੀਂ ਆਈ।

* * *

ਹੁਣ ਅਸੀਂ ਰੂਸੀ ਇਨਕਲਾਬ ਦੇ ਤਜ਼ਰਬੇ ਦੀ ਅਤੇ ਡਿਪਟੀਆਂ ਦੀਆਂ ਸੋਵੀਅਤਾਂ

ਅਤੇ ਵਿਧਾਨ-ਘੜਨੀ ਅਸੈਂਬਲੀ ਵਿਚਕਾਰ ਮੱਤਭੇਦ ਦੀ ਨਿਰਖ-ਪਰਖ ਕਰਾਂਗੇ, ਜਿਸਦੇ ਸਿੱਟੇ ਵਜੋਂ ਵਿਧਾਨ-ਘੜਨੀ ਅਸੈਂਬਲੀ ਨੂੰ ਭੰਗ ਕਰਨਾ ਪਿਆ[26] ਅਤੇ ਬੁਰਜੂਆਜ਼ੀ ਤੋਂ ਮੱਤਾਧਿਕਾਰ ਖੋਹਣਾ ਪਿਆ।

## ਸੋਵੀਅਤਾਂ ਨੂੰ ਰਾਜਕੀ ਜਥੇਬੰਦੀਆਂ ਬਣਨ ਦੀ ਹਿੰਮਤ ਨਹੀਂ ਕਰਨੀ ਚਾਹੀਦੀ

ਸੋਵੀਅਤਾਂ ਪ੍ਰੋਲੇਤਾਰੀ ਡਿਕਟੇਟਰਸ਼ਿਪ ਦਾ ਰੂਸੀ ਰੂਪ ਹਨ। ਜੇ ਕਿਸੇ ਮਾਰਕਸਵਾਦੀ ਸਿਧਾਂਤਕਾਰ ਨੇ, ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਕਿਤਾਬ ਲਿਖਣ ਲੱਗਿਆਂ, ਇਸ ਵਿਸ਼ੇ ਦਾ ਸੱਚਮੁੱਚ ਅਧਿਐਨ ਕੀਤਾ ਹੁੰਦਾ (ਨਾ ਕਿ ਡਿਕਟੇਟਰਸ਼ਿਪ ਦੇ ਖਿਲਾਫ਼ ਪੈਟੀ-ਬੁਰਜੂਆ ਵਿਰਲਾਪਾਂ ਨੂੰ ਹੀ ਸਿਰਫ਼ ਦੁਹਰਾਇਆ ਹੁੰਦਾ, ਜਿਵੇਂ ਕਿ ਮੈਨਸ਼ਵਿਕਾਂ ਦੀਆਂ ਧੁਨਾਂ ਅਲਾਪਦਾ ਹੋਇਆ ਕਾਊਟਸਕੀ ਕਰਦਾ ਹੈ), ਤਾਂ ਉਹ ਪਹਿਲਾਂ ਡਿਕਟੇਟਰਸ਼ਿਪ ਦੀ ਆਮ ਪਰਿਭਾਸ਼ਾ ਦੇਂਦਾ, ਫਿਰ ਇਸਦੇ ਵਿਲੱਖਣ, ਕੌਮੀ, ਰੂਪ, ਸੋਵੀਅਤਾਂ ਦੀ ਨਿਰਖ-ਪਰਖ ਕਰਦਾ; ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਇੱਕ ਰੂਪ ਵਜੋਂ ਉਹ ਸੋਵੀਅਤਾਂ ਬਾਰੇ ਆਪਣੀ ਆਲੋਚਨਾ ਪੇਸ਼ ਕਰਦਾ।

ਇਹ ਦੱਸਣ ਦੀ ਲੋੜ ਨਹੀਂ ਕਿ ਡਿਕਟੇਟਰਸ਼ਿਪ ਬਾਰੇ ਮਾਰਕਸ ਦੀ ਸਿੱਖਿਆ ਦੀ ਉਦਾਰਵਾਦੀ ਕਿਸਮ ਦੀ "ਵਿਆਖਿਆ" ਤੋਂ ਮਗਰੋਂ ਕਾਊਟਸਕੀ ਤੋਂ ਕਿਸੇ ਗੰਭੀਰ ਚੀਜ਼ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ; ਪਰ ਜਿਸ ਤਰੀਕੇ ਨਾਲ਼ ਉਸਨੇ ਇਸ ਸਵਾਲ ਨੂੰ ਲਿਆ ਹੈ ਕਿ ਸੋਵੀਅਤਾਂ ਕੀ ਹਨ, ਅਤੇ ਜਿਸ ਤਰੀਕੇ ਨਾਲ਼ ਉਸਨੇ ਇਸ ਸਵਾਲ ਨੂੰ ਨਜਿੱਠਿਆ ਹੈ, ਉਹ ਬੇਹੱਦ ਲਖਣਾਇਕ ਹੈ।

1905 ਤੋਂ ਉਹਨਾਂ ਦੇ ਉਦਭਵ ਨੂੰ ਯਾਦ ਕਰਦਿਆਂ ਉਹ ਕਹਿੰਦਾ ਹੈ ਕਿ ਸੋਵੀਅਤਾਂ ਨੇ "ਪ੍ਰੋਲੇਤਾਰੀਆਂ ਦੀ ਜਥੇਬੰਦੀ ਦਾ ਸਭ ਤੋਂ ਵੱਧ ਸਭ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲ਼ਾ (umfassendste) ਰੂਪ ਸਿਰਜਿਆ, ਕਿਉਂਕਿ ਇਸ ਵਿੱਚ ਸਾਰੇ ਹੀ ਉਜਰਤੀ ਕਾਮੇ ਆ ਜਾਂਦੇ ਸਨ" (ਸਫ਼ਾ 31) । 1905 ਵਿੱਚ ਇਹ ਸਿਰਫ਼ ਸਥਾਨਕ ਜਥੇਬੰਦੀਆਂ ਸਨ; 1917 ਵਿਚ ਇਹ ਕੌਮੀ ਜਥੇਬੰਦੀਆਂ ਬਣ ਗਈਆਂ।

> "ਜਥੇਬੰਦੀ ਦੇ ਸੋਵੀਅਤ ਰੂਪ ਦੇ ਪਿੱਛੇ" ਕਾਊਟਸਕੀ ਅੱਗੇ ਲਿਖਦਾ ਹੈ, "ਪਹਿਲਾਂ ਹੀ ਮਹਾਨ ਅਤੇ ਸ਼ਾਨਦਾਰ ਇਤਿਹਾਸ ਹੈ, ਅਤੇ ਇਸਦੇ ਅੱਗੇ ਹੋਰ ਵੀ ਵਧੇਰੇ ਸ਼ਕਤੀਸ਼ਾਲੀ ਭਵਿੱਖ ਪਿਆ ਹੈ ਅਤੇ ਸਿਰਫ਼ ਰੂਸ ਵਿੱਚ ਹੀ ਨਹੀਂ। ਇੰਝ ਲੱਗਦਾ ਹੈ ਕਿ ਪ੍ਰੋਲੇਤਾਰੀਆਂ ਦੇ ਆਰਥਕ ਅਤੇ ਰਾਜਨੀਤਕ ਘੋਲ਼ ਦੇ ਪੁਰਾਣੇ ਢੰਗ ਹਰ ਥਾਂ ਨਾਕਾਫ਼ੀ ਹਨ" (versagen; ਇਹ ਜਰਮਨ ਸ਼ਬਦ "ਨਾਕਾਫ਼ੀ" ਨਾਲ਼ੋਂ ਜ਼ਰਾ ਵਧੇਰੇ ਜ਼ੋਰਦਾਰ ਹੈ ਅਤੇ "ਨਿਪੁੰਸਕ" ਨਾਲ਼ੋਂ ਜ਼ਰਾ ਘੱਟ ਜ਼ੋਰਦਾਰ) "ਉਹਨਾਂ ਦੇਵਕੱਦ ਆਰਥਕ ਅਤੇ ਰਾਜਨੀਤਕ ਸ਼ਕਤੀਆਂ ਅੱਗੇ ਜਿਹੜੀਆਂ ਵਿੱਤੀ ਸਰਮਾਏ ਕੋਲ਼ ਆਪਣੀ ਵਰਤੋਂ ਲਈ ਹਨ। ਇਹ ਪੁਰਾਣੇ

ਢੰਗ ਛੱਡੇ ਨਹੀਂ ਜਾ ਸਕਦੇ; ਆਮ ਸਮਿਆਂ ਲਈ ਅਜੇ ਵੀ ਇਹਨਾਂ ਤੋਂ ਬਿਨਾਂ ਗੁਜ਼ਾਰਾ ਨਹੀਂ; ਪਰ ਸਮੇਂ ਸਮੇਂ ਐਸੇ ਮਸਲੇ ਉੱਠ ਖੜ੍ਹੇ ਹੁੰਦੇ ਹਨ ਜਿਨ੍ਹਾਂ ਨਾਲ ਇਹ ਨਹੀਂ ਨਜਿੱਠ ਸਕਦੇ, ਐਸੇ ਮਸਲੇ ਜਿਹੜੇ ਮਜ਼ਦੂਰ ਜਮਾਤ ਦੀ ਸ਼ਕਤੀ ਦੇ ਸਾਰੇ ਰਾਜਨੀਤਕ ਅਤੇ ਆਰਥਕ ਸੰਦਾਂ ਦੇ ਸੁਮੇਲ ਦੇ ਸਿੱਟੇ ਵਜੋਂ ਹੀ ਸਿਰਫ਼ ਸਫ਼ਲਤਾ ਨਾਲ਼ ਨਜਿੱਠੇ ਜਾ ਸਕਦੇ ਹਨ।" (ਸਫ਼ਾ 32)

ਫਿਰ ਵਿਸ਼ਾਲ ਹੜਤਾਲ ਅਤੇ "ਟਰੇਡ ਯੂਨੀਅਨ ਦਫ਼ਤਰਸ਼ਾਹੀ" ਦੇ -ਜਿਹੜੀ ਕਿ ਟਰੇਡ ਯੂਨੀਅਨਾਂ ਤੋਂ ਘੱਟ ਜ਼ਰੂਰੀ ਨਹੀਂ- "ਸ਼ਕਤੀਸ਼ਾਲੀ ਵਿਸ਼ਾਲ ਘੋਲ਼ਾਂ ਦੀ, ਜਿਹੜੇ ਕਿ ਦਿਨੋਂ-ਦਿਨ ਵਧੇਰੇ ਸਮਿਆਂ ਦਾ ਚਿੰਨ੍ਹ ਬਣਦੇ ਜਾ ਰਹੇ ਹਨ, ਅਗਵਾਈ ਕਰਨ ਦੇ ਮੰਤਵ ਲਈ ਬੇਕਾਰ..." ਹੋਣ ਬਾਰੇ ਦਲੀਲਬਾਜ਼ੀ ਕਰਨ ਤੋਂ ਪਿਛੋਂ:

"...ਇਸ ਤਰ੍ਹਾਂ", ਕਾਊਟਸਕੀ ਗੱਲ ਮੁਕਾਉਂਦਾ ਹੈ, "ਜਥੇਬੰਦੀ ਦਾ ਸੋਵੀਅਤ ਰੂਪ ਸਾਡੇ ਸਮਿਆਂ ਦੇ ਸਭ ਤੋਂ ਮਹੱਤਵਪੂਰਨ ਵਰਤਾਰਿਆਂ ਵਿਚੋਂ ਇੱਕ ਹੈ। ਸਰਮਾਏ ਅਤੇ ਕਿਰਤ ਵਿਚਕਾਰ ਮਹਾਨ ਫ਼ੈਸਲਾਕੁਨ ਘੋਲਾਂ ਵਿਚ ਜਿਨ੍ਹਾਂ ਵੱਲ ਕਿ ਅਸੀਂ ਵੱਧ ਰਹੇ ਹਾਂ, ਇਹ ਫੈਸਲਾਕੁਨ ਮਹੱਤਤਾ ਧਾਰਨ ਦਾ ਯਕੀਨ ਦੁਆਉਂਦਾ ਹੈ।"

"ਪਰ ਕੀ ਅਸੀਂ ਸੋਵੀਅਤਾਂ ਤੋਂ ਕੁਝ ਵਧੇਰੇ ਮੰਗ ਕਰਨ ਦੇ ਹੱਕਦਾਰ ਹਾਂ ? 1917 ਦੇ ਨਵੰਬਰ ਇਨਕਲਾਬ" (ਨਵੇਂ ਢੰਗ ਨਾਲ਼ ਜਾਂ ਅਕਤੂਬਰ, ਸਾਡੇ ਢੰਗ ਨਾਲ਼) "ਤੋਂ ਪਿੱਛੋਂ ਬਾਲਸ਼ਵਿਕਾਂ ਨੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ[27] ਨਾਲ ਮਿਲ ਕੇ ਮਜ਼ਦੂਰ ਡਿਪਟੀਆਂ ਦੀਆਂ ਰੂਸੀ ਸੋਵੀਅਤਾਂ ਵਿੱਚ ਬਹੁਗਿਣਤੀ ਪ੍ਰਾਪਤ ਕਰ ਲਈ ਅਤੇ ਵਿਧਾਨ-ਘੜਨੀ ਅਸੈਂਬਲੀ ਨੂੰ ਤੋੜਨ ਤੋਂ ਪਿੱਛੋਂ, ਉਹ ਸੋਵੀਅਤਾਂ ਨੂੰ ਇਕ **ਸ਼੍ਰੇਣੀ** ਦੀਆਂ **ਲੜਾਕੂ ਜਥੇਬੰਦੀ** ਤੋਂ, ਜੋ ਕਿ ਇਹ ਉਦੋਂ ਤੱਕ ਰਹੀਆਂ ਸਨ, **ਰਾਜਕੀ ਜਥੇਬੰਦੀ** ਵਿੱਚ ਬਦਲਣ ਦੇ ਕੰਮ ਵਿੱਚ ਜੁਟ ਗਏ। ਉਹਨਾਂ ਨੇ ਉਹ ਜਮੂਹਰੀਅਤ ਤਬਾਹ ਕਰ ਦਿੱਤੀ ਜਿਹੜੀ ਰੂਸੀ ਲੋਕਾਂ ਨੇ ਮਾਰਚ" (ਨਵੇਂ ਢੰਗ ਨਾਲ਼, ਜਾਂ ਫਰਵਰੀ, ਸਾਡੇ ਢੰਗ ਨਾਲ਼) "ਇਨਕਲਾਬ[28] ਨਾਲ਼ ਜਿੱਤੀ ਸੀ। ਇਸਦੇ ਮੁਤਾਬਕ ਬਾਲਸ਼ਵਿਕ ਆਪਣੇ ਆਪ ਨੂੰ ਸ਼ੋਸ਼ਲ- **ਡੈਮੋਕਰੈਟ** ਕਹਿਣੋਂ ਹਟ ਗਏ ਹਨ। ਉਹ ਆਪਣੇ ਆਪ ਨੂੰ **ਕਮਿਊਨਿਸਟ** ਕਹਿੰਦੇ ਹਨ।" (ਸਫ਼ਾ 33, ਜ਼ੋਰ ਕਾਊਟਸਕੀ ਵੱਲੋਂ)

ਜਿਹੜੇ ਲੋਕ ਰੂਸੀ ਮੈਨਸ਼ਵਿਕ ਸਾਹਿਤ ਤੋਂ ਵਾਕਫ਼ ਹਨ, ਉਹ ਇੱਕਦਮ ਦੇਖ ਲੈਣਗੇ ਕਿ ਮਾਰਤੋਵ, ਐਕਸਲਰੋਦ, ਸਤੀਨ ਐਂਡ ਕੰਪਨੀ ਦੀ ਕਾਊਟਸਕੀ ਕਿਵੇਂ ਗ਼ੁਲਾਮਾਂ ਵਾਂਗ ਨਕਲ ਕਰਦਾ ਹੈ। ਹਾਂ, "ਗੁਲਾਮਾਂ ਵਾਂਗ", ਕਿਉਂਕਿ ਮੈਨਸ਼ਵਿਕ ਤੁਅੱਸਬਾਂ ਦੀ ਦਲਾਲ ਵਜੋਂ ਸੇਵਾ ਕਰਨ ਲਈ ਉਹ ਤੱਥਾਂ ਨੂੰ ਹਾਸੋਹੀਣੀ ਤਰ੍ਹਾਂ ਵਿਗਾੜਦਾ ਹੈ। ਉਦਾਹਰਣ ਵਜੋਂ, ਕਾਊਟਸਕੀ ਨੇ ਆਪਣੇ ਸੂਚਨਾਕਾਰਾਂ (ਬਰਲਿਨ ਵਿੱਚ ਸਤੀਨ ਅਤੇ ਸਟਾਕਹੋਮ

ਵਿੱਚ ਐਕਸਲਰੋਦ ) ਤੋਂ ਇਹ ਪੁੱਛਣ ਦਾ ਕਸ਼ਟ ਨਹੀਂ ਕੀਤਾ ਕਿ ਬਾਲਸ਼ਵਿਕਾਂ ਦਾ ਨਾਂ ਬਦਲ ਕੇ ਕਮਿਊਨਿਸਟ ਕਰ ਦੇਣ ਦਾ, ਅਤੇ ਰਾਜਕੀ ਜਥੇਬੰਦੀਆਂ ਵਜੋਂ ਸੋਵੀਅਤਾਂ ਦੀ ਮਹੱਤਤਾ ਦਾ ਸਵਾਲ ਪਹਿਲੀ ਵਾਰੀ **ਕਦੋਂ** ਉਠਾਇਆ ਗਿਆ। ਜੇ ਕਾਊਟਸਕੀ ਇਹ ਸਾਦੀ ਜਿਹੀ ਪੁੱਛ-ਪੜਤਾਲ਼ ਕਰ ਲੈਂਦਾ ਤਾਂ ਉਹ ਇਹ ਹਾਸੋਹੀਣੀਆਂ ਸਤਰਾਂ ਨਾ ਲਿਖਦਾ, ਕਿਉਂਕਿ ਇਹ ਦੋਵੇਂ ਹੀ ਸਵਾਲ ਬਾਲਸ਼ਵਿਕਾਂ ਨੇ **ਅਪ੍ਰੈਲ 1917 ਵਿੱਚ**, ਉਦਾਹਰਣ ਵਜੋਂ ਮੈਂ ਆਪਣੇ 4 ਅਪ੍ਰੈਲ, 1917 ਵਾਲ਼ੇ ਥੀਸਿਸ"* ਵਿੱਚ, ਅਕਤੂਬਰ 1917 ਦੇ ਇਨਕਲਾਬ ਤੋਂ **ਬਹੁਤ ਪਹਿਲਾਂ** (ਅਤੇ, ਬੇਸ਼ਕ, 5 ਜਨਵਰੀ, 1918 ਨੂੰ ਵਿਧਾਨ-ਘੜਨੀ ਅਸੈਂਬਲੀ ਦੇ ਭੰਗ ਹੋਣ ਤੋਂ ਬਹੁਤ ਪਹਿਲਾਂ) ਉਠਾਏ ਸਨ।

ਪਰ ਕਾਊਟਸਕੀ ਦੀ ਦਲੀਲ, ਜਿਸਦਾ ਪੂਰੀ ਦਾ ਹਵਾਲਾ ਮੈਂ ਉੱਪਰ ਦਿੱਤਾ ਹੈ, ਸੋਵੀਅਤਾਂ ਦੇ ਸਾਰੇ ਸਵਾਲ ਦਾ **ਮੂਲ ਮੁੱਦਾ** ਪੇਸ਼ ਕਰਦੀ ਹੈ। ਇਹ ਮੂਲ ਮੁੱਦਾ ਹੈ: ਕੀ ਸੋਵੀਅਤਾਂ ਨੂੰ ਰਾਜਕੀ ਜਥੇਬੰਦੀਆਂ ਬਣਨ ਦੀ ਲਾਲਸਾ ਕਰਨੀ ਚਾਹੀਦੀ ਹੈ (ਅਪ੍ਰੈਲ 1917 ਵਿੱਚ ਬਾਲਸ਼ਵਿਕਾਂ ਨੇ ਨਾਅਰਾ ਦਿੱਤਾ ਸੀ: "ਕੁੱਲ ਸੱਤਾ ਸੋਵੀਅਤਾਂ ਨੂੰ!" ਅਤੇ ਉਸੇ ਹੀ ਮਹੀਨੇ ਹੋਈ ਬਾਲਸ਼ਵਿਕ ਪਾਰਟੀ ਕਾਨਫ਼ਰੰਸ ਵਿੱਚ ਉਹਨਾਂ ਨੇ ਐਲਾਨ ਕੀਤਾ ਸੀ ਕਿ ਉਹ ਬੁਰਜੂਆ ਪਾਰਲੀਮੈਂਟਰੀ ਰਿਪਬਲਿਕ ਨਾਲ਼ ਸਤੁੰਸ਼ਟ ਨਹੀਂ, ਅਤੇ ਪੈਰਿਸ ਕਮਿਊਨ ਜਾਂ ਸੋਵੀਅਤ ਵੰਨਗੀ ਦੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਰਿਪਬਲਿਕ ਦੀ ਮੰਗ ਕੀਤੀ ਸੀ।); **ਜਾਂ** ਕਿ ਸੋਵੀਅਤਾਂ ਨੂੰ ਇਸਦਾ ਯਤਨ ਨਹੀਂ ਕਰਨਾ ਚਾਹੀਦਾ, ਸੱਤ੍ਹਾ ਨੂੰ ਆਪਣੇ ਹੱਥਾਂ ਵਿੱਚ ਲੈਣ ਤੋਂ ਪਰ੍ਹੇ ਰਹਿਣਾ ਚਾਹੀਦਾ ਹੈ, ਰਾਜਕੀ ਜਥੇਬੰਦੀਆਂ ਬਣਨ ਤੋਂ ਪਰ੍ਹੇ ਰਹਿਣਾ ਚਾਹੀਦਾ ਹੈ ਅਤੇ ਇੱਕ "ਸ਼੍ਰੇਣੀ" ਦੀਆਂ "ਲੜਾਕਾ ਜਥੇਬੰਦੀਆਂ" ਬਣਿਆ ਰਹਿਣਾ ਚਾਹੀਦਾ ਹੈ (ਜਿਵੇਂ ਕਿ ਮਾਰਤੋਵ ਨੇ ਕਿਹਾ ਸੀ ਅਤੇ ਇਸ ਤਰ੍ਹਾਂ ਆਪਣੀ ਮਾਸੂਮ ਇੱਛਾ ਪ੍ਰਗਟ ਕਰਦਿਆਂ ਉਸਨੇ ਇਸ ਤੱਥ ਉੱਤੇ ਮੁਲੰਮਾ ਚੜ੍ਹਾਇਆ ਸੀ ਕਿ ਮੈਨਸ਼ਵਿਕ ਆਗੂਆਂ ਹੇਠ ਸੋਵੀਅਤਾਂ **ਮਜ਼ਦੂਰਾਂ ਨੂੰ ਬੁਰਜੂਆਜ਼ੀ ਦੇ ਅਧੀਨ ਕਰਨ ਦਾ ਇੱਕ ਸਾਧਨ** ਸਨ) ?

ਕਾਊਟਸਕੀ ਗ਼ੁਲਾਮਾਂ ਵਾਂਗ ਮਾਰਤੋਵ ਦੇ ਸ਼ਬਦਾਂ ਨੂੰ ਦੁਹਰਾਉਂਦਾ ਹੈ, ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿਚਕਾਰ ਸਿਧਾਂਤਕ ਵਿਵਾਦ ਦੇ **ਟੋਟੇ** ਚੁਣ ਲੈਂਦਾ ਹੈ ਅਤੇ ਅਣ-ਅਲੋਚਨਾਤਮਕ ਢੰਗ ਨਾਲ਼ ਅਤੇ ਬਿਨਾਂ ਸੋਚੇ ਸਮਝੇ ਉਹਨਾਂ ਨੂੰ ਆਮ ਸਿਧਾਂਤਕ ਅਤੇ ਆਮ ਯੂਰਪੀ ਖੇਤਰ ਵਿੱਚ ਪਿਉਂਦ ਦੇਂਦਾ ਹੈ। ਇਸਦਾ ਸਿੱਟਾ ਐਸੇ ਮਿਲਗੋਭੇ ਵਿੱਚ ਨਿਕਲਦਾ ਹੈ ਜਿਸ ਉਤੇ ਹਰ ਸ਼੍ਰੇਣੀ-ਚੇਤਨਾ ਵਾਲੇ ਰੂਸੀ ਮਜ਼ਦੂਰ ਨੂੰ ਹੋਮਰ ਵਰਗਾ ਹਾਸਾ ਆ ਸਕਦਾ ਹੈ, ਜੇ ਉਹ ਕਾਊਟਸਕੀ ਦੀਆਂ ਇਹ ਦਲੀਲਾਂ ਪੜ੍ਹ ਲਵੇ ਤਾਂ।

ਜਦੋਂ ਅਸੀਂ ਇਸ ਗੱਲ ਦੀ ਵਿਆਖਿਆ ਕਰ ਦੇਵਾਂਗੇ ਕਿ ਮਸਲਾ ਕੀ ਹੈ, ਤਾਂ ਯੂਰਪ ਵਿਚਲਾ ਹਰ ਮਜ਼ਦੂਰ (ਮੁੱਠੀ ਕੁ ਭਰ ਪੱਕੇ ਸਮਾਜਕ-ਸਾਮਰਾਜੀਆਂ ਨੂੰ ਛੱਡ ਕੇ)

---

* ਲੈਨਿਨ, ਚੋਣਵੀਆਂ ਰਚਨਾਵਾਂ ਬਾਰ੍ਹਾਂ ਸੰਚੀਆਂ ਵਿਚ, ਸੈਂਚੀ—5, ਸਫ਼ਾ 20-26 ਐਡੀਸ਼ਨ 1990, ਪ੍ਰਗਤੀ ਪ੍ਰਕਾਸ਼ਨ, ਮਾਸਕੋ)

ਕਾਊਟਸਕੀ ਦਾ ਇਹੋ ਜਿਹੇ ਹਾਸੇ ਨਾਲ਼ ਹੀ ਸਵਾਗਤ ਕਰੇਗਾ।

ਕਾਊਟਸਕੀ ਨੇ ਮਾਰਤੋਵ ਦੀ ਗ਼ਲਤੀ ਨੂੰ ਵਧਾ ਕੇ ਉਘੜਵੀਂ ਬੇਹੂਦਗੀ ਵਿੱਚ ਬਦਲਣ ਨਾਲ਼ ਉਸਦੀ ਅਸਿੱਧੀ ਸੇਵਾ ਕੀਤੀ ਹੈ। ਸੱਚਮੁੱਚ, ਦੇਖੋ ਜ਼ਰਾ ਕਾਊਟਸਕੀ ਦੀ ਦਲੀਲ ਦਾ ਮਤਲਬ ਕੀ ਨਿਕਲਦਾ ਹੈ।

ਸੋਵੀਅਤਾਂ ਸਾਰੇ ਉਜ਼ਰਤੀ ਮਜ਼ਦੂਰਾਂ ਨੂੰ ਕਲਾਵੇ ਵਿੱਚ ਲੈਂਦੀਆਂ ਹਨ। ਪ੍ਰੋਲੇਤਾਰੀਆਂ ਦੇ ਆਰਥਕ ਅਤੇ ਰਾਜਨੀਤਕ ਘੋਲ਼ ਦੇ ਪੁਰਾਣੇ ਤਰੀਕੇ ਵਿੱਤੀ ਸਰਮਾਏ ਦੇ ਖ਼ਿਲਾਫ ਨਾਕਾਫ਼ੀ ਹਨ। ਭਵਿੱਖ ਵਿੱਚ ਸੋਵੀਅਤਾਂ ਮਹਾਨ ਰੋਲ ਨਿਭਾਉਣਗੀਆਂ, ਅਤੇ ਸਿਰਫ਼ ਰੂਸ ਵਿੱਚ ਨਹੀਂ। ਯੂਰਪ ਵਿੱਚ ਸਰਮਾਏ ਅਤੇ ਕਿਰਤ ਵਿਚਕਾਰ ਹੋਣ ਵਾਲ਼ੀਆਂ ਮਹਾਨ ਫੈਸਲਾਕੁਨ ਲੜਾਈਆਂ ਵਿੱਚ ਉਹ ਫ਼ੈਸਲਾਕੁਨ ਰੋਲ ਅਦਾ ਕਰਨਗੀਆਂ। ਇਹ ਹੈ ਜੋ ਕਾਊਟਸਕੀ ਕਹਿੰਦਾ ਹੈ।

ਸ਼ਾਨਦਾਰ। ਪਰ ਕੀ "ਸਰਮਾਏ ਅਤੇ ਕਿਰਤ ਵਿਚਕਾਰ ਫ਼ੈਸਲਾਕੁਨ ਲੜਾਈਆਂ" ਇਸ ਗੱਲ ਦਾ ਫ਼ੈਸਲਾ ਨਹੀਂ ਕਰਨਗੀਆਂ ਕਿ ਦੋਹਾਂ ਵਿੱਚੋਂ ਕਿਸ ਸ਼੍ਰੇਣੀ ਨੂੰ ਰਾਜਕੀ ਸੱਤਾ ਆਪਣੇ ਹੱਥ ਲੈਣੀ ਚਾਹੀਦੀ ਹੈ?

ਇਹੋ ਜਿਹੀ ਕੋਈ ਗੱਲ ਨਹੀਂ। ਰੱਬ ਨਾ ਕਰੇ!

ਸੋਵੀਅਤਾਂ ਨੂੰ, ਜਿਹੜੀਆਂ ਕਿ ਸਾਰੇ ਉਜਰਤੀ ਮਜ਼ਦੂਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ, ਇਹਨਾਂ "**ਫੈਸਲਾਕੁਨ**" ਲੜਾਈਆਂ ਵਿਚ **ਰਾਜਕੀ ਜਥੇਬੰਦੀਆਂ ਨਹੀਂ ਬਣਨਾ ਚਾਹੀਦਾ**;

ਪਰ ਰਾਜ ਕੀ ਹੈ?

ਰਾਜ ਇਕ ਸ਼੍ਰੇਣੀ ਵੱਲੋਂ ਦੂਜੀ ਸ਼੍ਰੇਣੀ ਨੂੰ ਦਬਾਉਣ ਵਾਲੀ ਮਸ਼ੀਨਰੀ ਤੋਂ ਵੱਧ ਹੋਰ ਕੁਝ ਨਹੀਂ।

ਇਸ ਤਰ੍ਹਾਂ, ਦੱਬੀ-ਕੁਚਲੀ ਸ਼੍ਰੇਣੀ ਨੂੰ, ਮੌਜੂਦਾ ਸਮਾਜ ਵਿੱਚ ਸਾਰੇ ਮਜ਼ਦੂਰ ਅਤੇ ਸ਼ੋਸ਼ਿਤ ਲੋਕਾਂ ਦੇ ਹਰਾਵਲ-ਦਸਤੇ ਨੂੰ "ਸਰਮਾਏ ਅਤੇ ਕਿਰਤ ਵਿਚਕਾਰ ਫ਼ੈਸਲਾਕੁਨ ਲੜਾਈਆਂ" ਵੱਲ ਵਧਣਾ ਚਾਹੀਦਾ ਹੈ, ਪਰ ਉਸ ਮਸ਼ੀਨਰੀ ਨੂੰ **ਹੱਥ ਨਹੀਂ ਲਾਉਣਾ ਚਾਹੀਦਾ** ਜਿਸ ਰਾਹੀਂ ਸਰਮਾਇਆ ਕਿਰਤ ਨੂੰ ਦਬਾਉਂਦਾ ਹੈ! —ਇਸਨੂੰ ਉਹ ਮਸ਼ੀਨਰੀ **ਤੋੜਨੀ ਨਹੀਂ ਚਾਹੀਦੀ**!—ਇਸਨੂੰ **ਸ਼ੋਸ਼ਕਾਂ ਨੂੰ ਦਬਾਉਣ ਵਾਸਤੇ** ਸਾਰਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਜਥੇਬੰਦੀ ਦੀ **ਵਰਤੋਂ ਨਹੀਂ ਕਰਨੀ ਚਾਹੀਦੀ**!

ਸ਼ਾਨਦਾਰ, ਸ਼੍ਰੀਮਾਨ ਕਾਊਟਸਕੀ, ਸ਼ਾਨਦਾਰ! "ਅਸੀਂ" ਸ਼੍ਰੇਣੀ ਘੋਲ਼ ਨੂੰ ਮਾਨਤਾ ਦੇਂਦੇ ਹਾਂ- ਉਸੇ ਤਰ੍ਹਾਂ ਜਿਸ ਤਰ੍ਹਾਂ ਸਾਰੇ ਉਦਾਰਵਾਦੀ ਇਸਨੂੰ ਮਾਨਤਾ ਦੇਂਦੇ ਹਨ, ਅਰਥਾਤ, ਬੁਰਜੂਆਜ਼ੀ ਦਾ ਤਖਤਾ ਉਲਟਾਏ ਤੋਂ ਬਿਨਾਂ...

ਇਹ ਹੈ ਜਿਥੇ ਕਾਊਟਸਕੀ ਦਾ ਮਾਰਕਸਵਾਦ ਅਤੇ ਸੋਸ਼ਲਿਜ਼ਮ ਦੋਹਾਂ ਨਾਲ਼ੋਂ ਹੀ ਟੁੱਟਣਾ ਸਪੱਸ਼ਟ ਹੋ ਜਾਂਦਾ ਹੈ। ਦਰਅਸਲ, ਇਹ ਗੱਦਾਰੀ ਕਰਕੇ ਬੁਰਜੂਆਜ਼ੀ ਦੇ ਧੜੇ ਵਿੱਚ ਚਲੇ ਜਾਣਾ ਹੈ, ਜਿਹੜੇ ਸਭ ਕੁਝ ਮੰਨਣ ਨੂੰ ਤਿਆਰ ਹਨ ਸਿਵਾਏ ਇਸਦੇ ਕਿ ਉਸ ਸ਼੍ਰੇਣੀ

ਦੀਆਂ ਜਥੇਬੰਦੀਆਂ ਨੂੰ, ਜਿਸਨੂੰ ਉਹ ਦਬਾਉਂਦੇ ਹਨ, ਰਾਜਕੀ ਜਥੇਬੰਦੀਆਂ ਵਿੱਚ ਬਦਲ ਦਿੱਤਾ ਜਾਵੇ। ਸਭ ਕੁਝ ਨਾਲ਼ ਸਮਝੌਤਾ ਕਰਨ ਦੀ ਅਤੇ ਸਾਰੀਆਂ ਗੰਭੀਰ ਵਿਰੋਧਤਾਈਆਂ ਤੋਂ ਸਿਰਫ਼ ਲੱਫ਼ਾਜੀ ਨਾਲ਼ ਬਚ ਨਿਕਲਣ ਦੀ ਕੋਸ਼ਿਸ਼ ਕਰਨ ਦੀ ਆਪਣੀ ਪੁਜ਼ੀਸ਼ਨ ਨੂੰ ਹੁਣ ਹੋਰ ਨਹੀਂ ਬਚਾ ਸਕਦਾ।

ਕਾਊਟਸਕੀ ਜਾਂ ਤਾਂ ਮਜ਼ਦੂਰ ਜਮਾਤ ਵੱਲੋਂ ਰਾਜ ਸੱਤ੍ਹਾ ਹੱਥ ਵਿੱਚ ਲੈਣ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ, ਜਾਂ ਉਹ ਮੰਨਦਾ ਹੈ ਕਿ ਮਜ਼ਦੂਰ ਜਮਾਤ ਪੁਰਾਣੀ, ਬੁਰਜੂਆ ਰਾਜਕੀ ਮਸ਼ੀਨਰੀ ਬੇਸ਼ਕ ਆਪਣੇ ਹੱਥ ਲੈ ਸਕਦੀ ਹੈ। ਪਰ ਉਹ ਕਦੀ ਨਹੀਂ ਮੰਨੇਗਾ ਕਿ ਇਸਨੂੰ ਇਹ ਮਸ਼ੀਨਰੀ ਤੋੜ ਦੇਣੀ ਚਾਹੀਦੀ ਹੈ, ਫ਼ੀਤਾ-ਫ਼ੀਤਾ ਕਰ ਦੇਣੀ ਚਾਹੀਦੀ ਹੈ, ਅਤੇ ਇਸਦੀ ਥਾਂ ਨਵੀਂ, ਪ੍ਰੋਲਤਾਰੀ ਮਸ਼ੀਨਰੀ ਨੂੰ ਦੇ ਦੇਣੀ ਚਾਹੀਦੀ ਹੈ। ਕਾਊਟਸਕੀ ਦੀਆਂ ਦਲੀਲਾਂ ਦਾ ਭਾਵੇਂ ਕਿਸੇ ਵੀ ਤਰ੍ਹਾਂ "ਅਰਥ ਕੱਢ ਲਵੋ" ਜਾਂ "ਵਿਆਖਿਆ ਕਰ ਲਵੋ", ਮਾਰਕਸਵਾਦ ਨਾਲ਼ੋਂ ਉਸਦਾ ਤੋੜ-ਵਿਛੋੜਾ ਅਤੇ ਗ਼ੱਦਾਰੀ ਕਰਕੇ ਬੁਰਜੂਆਜ਼ੀ ਵੱਲ ਚਲੇ ਜਾਣਾ ਪ੍ਰਤੱਖ ਹੋ ਜਾਂਦਾ ਹੈ।

ਬਹੁਤ ਪਹਿਲਾਂ "ਕਮਿਊਨਿਸਟ ਮੈਨੀਫ਼ੈਸਟੋ" ਵਿੱਚ, ਇਸ ਗੱਲ ਦਾ ਵਰਨਣ ਕਰਦਿਆਂ ਕਿ ਜੇਤੂ ਮਜ਼ਦੂਰ ਜਮਾਤ ਨੂੰ ਕਿਸ ਤਰ੍ਹਾਂ ਦਾ ਰਾਜ ਲੋੜੀਂਦਾ ਹੈ, ਮਾਰਕਸ ਨੇ ਲਿਖਿਆ ਸੀ: "ਰਾਜ, ਅਰਥਾਤ, ਹਾਕਮ ਜਮਾਤ ਵਜੋਂ ਜਥੇਬੰਦ ਪ੍ਰੋਲੇਤਾਰੀ।" ਹੁਣ ਇੱਕ ਐਸਾ ਆਦਮੀ ਹੈ, ਜਿਹੜਾ ਅਜੇ ਵੀ ਮਾਰਕਸਵਾਦੀ ਹੋਣ ਦਾ ਦਾਅਵਾ ਕਰਦਾ ਹੈ, ਜਿਹੜਾ ਅੱਗੇ ਆਉਂਦਾ ਹੈ ਤੇ ਐਲਾਨ ਕਰਦਾ ਹੈ ਕਿ ਪ੍ਰੋਲੇਤਾਰੀਆਂ ਨੂੰ, ਜਿਹੜੇ ਪੂਰੀ ਤਰ੍ਹਾਂ ਜਥੇਬੰਦ ਹਨ ਅਤੇ ਸਰਮਾਏ ਦੇ ਖਿਲਾਫ "ਫ਼ੈਸਲਾਕੁਨ ਲੜਾਈ" ਲੜ ਰਹੇ ਹਨ, ਆਪਣੀ ਸ਼੍ਰੇਣੀ ਜਥੇਬੰਦੀ ਰਾਜਕੀ ਜਥੇਬੰਦੀ ਵਿੱਚ ਨਹੀਂ ਬਦਲਣੀ ਚਾਹੀਦੀ। ਇੱਥੇ ਕਾਊਟਸਕੀ "ਰਾਜ ਵਿੱਚ ਆਪਣੇ ਵਹਿਮਪ੍ਰਸਤੀ ਵਾਲ਼ੇ ਵਿਸ਼ਵਾਸ ਨੂੰ" ਜ਼ਾਹਰ ਕਰ ਗਿਆ ਹੈ, ਜਿਹੜਾ ਜਰਮਨੀ ਵਿੱਚ, ਜਿਵੇਂ ਕਿ ਏਂਗਲਜ਼ ਨੇ 1891 ਵਿਚ ਲਿਖਿਆ ਸੀ, "ਬੁਰਜੂਆਜ਼ੀ ਦੀ ਅਤੇ ਕਈ ਮਜ਼ਦੂਰਾਂ ਦੀ ਵੀ ਆਮ ਸੋਚਣੀ ਵਿੱਚ ਵਸਾ ਦਿੱਤਾ ਗਿਆ ਹੈ।"[29] ਮਜ਼ਦੂਰੋ, ਲੜੋ! — ਸਾਡਾ ਤੰਗਨਜ਼ਰ ਇਸ ਗੱਲ ਨਾਲ਼ "ਸਹਿਮਤ ਹੈ" (ਜਿਵੇਂ ਕਿ ਹਰ ਬੁਰਜੂਆ "ਸਹਿਮਤ ਹੁੰਦਾ ਹੈ", ਕਿਉਂਕਿ ਮਜ਼ਦੂਰ ਫਿਰ ਵੀ ਲੜਾਈ ਲੜੀ ਜਾਂਦੇ ਹਨ, ਪਰ ਕਰਨ ਵਾਲ਼ੀ ਇੱਕੋ ਇੱਕ ਚੀਜ਼ ਇਹ ਹੈ ਕਿ ਉਹਨਾਂ ਦੀ ਤਲਵਾਰ ਦੀ ਧਾਰ ਨੂੰ ਖੁੰਢਾ ਕਰਨ ਲਈ ਸਾਧਨ ਘੜੇ ਜਾਣ) —ਲੜੋ, ਪਰ **ਜਿੱਤਣ ਦੀ ਹਿੰਮਤ ਨਾ ਕਰਨਾ!** ਬੁਰਜੂਆਜ਼ੀ ਦੀ ਰਾਜਕੀ ਮਸ਼ੀਨਰੀ ਨੂੰ ਤਬਾਹ ਨਾ ਕਰੋ, ਬੁਰਜੂਆ "ਰਾਜਕੀ ਜਥੇਬੰਦੀ" ਦੀ ਥਾਂ ਪ੍ਰੋਲੇਤਾਰੀ "ਰਾਜਕੀ ਜਥੇਬੰਦੀ" ਨੂੰ ਨਾ ਦਿਓ।

ਜਿਹੜਾ ਵੀ ਕੋਈ ਇਸ ਮਾਰਕਸਵਾਦੀ ਵਿਚਾਰ ਨਾਲ਼ ਦਿਲੋਂ ਸਹਿਮਤ ਹੈ ਕਿ ਰਾਜ ਇੱਕ ਸ਼੍ਰੇਣੀ ਵੱਲੋਂ ਦੂਜੀ ਸ਼੍ਰੇਣੀ ਨੂੰ ਦਬਾਉਣ ਵਾਲ਼ੀ ਮਸ਼ੀਨਰੀ ਤੋਂ ਛੁੱਟ ਹੋਰ ਕੁਝ ਨਹੀਂ, ਅਤੇ ਜਿਸਨੇ ਇਸ ਸੱਚਾਈ ਬਾਰੇ ਜ਼ਰਾ ਵੀ ਸੋਚਿਆ ਹੈ, ਉਹ ਇਸ ਬੇਹੂਦਾ ਸਿੱਟੇ ਉਤੇ ਕਦੀ ਨਹੀਂ ਸੀ ਪੁੱਜ ਸਕਦਾ ਕਿ ਵਿੱਤੀ ਸਰਮਾਏ ਨੂੰ ਹਰਾਉਣ ਦੇ ਸਮਰੱਥ ਪ੍ਰੋਲੇਤਾਰੀ ਜਥੇਬੰਦੀਆਂ

ਨੂੰ ਆਪਣੇ ਆਪ ਨੂੰ ਰਾਜਕੀ ਜਥੇਬੰਦੀਆਂ ਵਿੱਚ ਨਹੀਂ ਬਦਲਣਾ ਚਾਹੀਦਾ। ਇਹ ਨੁਕਤਾ ਹੈ ਜਿਹੜਾ ਪੈਟੀ-ਬੁਰਜੂਆ ਨੂੰ ਪ੍ਰਗਟ ਕਰ ਗਿਆ ਹੈ ਜਿਹੜਾ ਵਿਸ਼ਵਾਸ ਰੱਖਦਾ ਹੈ ਕਿ "ਸਭ ਕੁਝ ਕਹਿ ਅਤੇ ਕਰ ਲੈਣ ਪਿਛੋਂ" ਰਾਜ ਸ਼੍ਰੇਣੀਆਂ ਤੋਂ ਬਾਹਰਲੀ ਜਾਂ ਸ਼੍ਰੇਣੀਆਂ ਤੋਂ ਉਪਰ ਕੋਈ ਚੀਜ਼ ਹੈ। ਸੱਚਮੁੱਚ, ਪ੍ਰੋਲੇਤਾਰੀਆਂ ਨੂੰ "**ਇੱਕ ਸ਼੍ਰੇਣੀ**" ਨੂੰ **ਸਰਮਾਏ** ਦੇ ਖਿਲਾਫ਼, ਜਿਹੜਾ ਸਿਰਫ਼ ਪ੍ਰੋਲੇਤਾਰੀਆਂ ਉੱਪਰ ਹੀ ਨਹੀਂ, ਸਗੋਂ ਸਾਰੇ ਲੋਕਾਂ ਉੱਪਰ, ਸਾਰੀ ਪੈਟੀ ਬੁਰਜੂਆਜ਼ੀ ਉਪਰ, ਸਾਰੇ ਕਿਸਾਨਾਂ ਉੱਪਰ ਰਾਜ ਕਰਦਾ ਹੈ, ਫੈਸਲਾਕੁਨ ਜੰਗ ਲੜਨ ਦੀ ਆਗਿਆ ਕਿਉਂ ਦਿੱਤੀ ਜਾਏ, ਪਰ ਤਾਂ ਵੀ ਇਹਨਾਂ ਪ੍ਰੋਲੇਤਾਰੀਆਂ ਨੂੰ, ਇਸ "**ਇਕ ਸ਼੍ਰੇਣੀ**" ਨੂੰ, ਆਪਣੀ ਜਥੇਬੰਦੀ ਰਾਜਕੀ ਜਥੇਬੰਦੀ ਵਿਚ ਬਦਲਣ ਦੀ ਆਗਿਆ ਨਹੀਂ ਮਿਲਣੀ ਚਾਹੀਦੀ ? ਕਿਉਂਕਿ ਪੈਟੀ-ਬੁਰਜੂਆ ਸ਼੍ਰੇਣੀ ਘੋਲ਼ ਤੋਂ **ਡਰਦਾ** ਹੈ ਅਤੇ ਇਸਨੂੰ ਇਸਦੇ ਮੰਤਕੀ ਸਿੱਟੇ ਤੱਕ, ਇਸਦੇ **ਮੁੱਖ ਨਿਸ਼ਾਨੇ ਤੱਕ** ਨਹੀਂ ਲਿਜਾਂਦਾ।

ਕਾਊਟਸਕੀ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਘਚੋਲ਼ੇ ਵਿੱਚ ਪਾ ਲਿਆ ਹੈ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨੰਗਾ ਕਰ ਗਿਆ ਹੈ। ਧਿਆਨ ਦਿਉ, ਉਹ ਖੁਦ ਮੰਨਦਾ ਹੈ ਕਿ ਯੂਰਪ ਸਰਮਾਏ ਅਤੇ ਕਿਰਤ ਵਿਚਕਾਰ ਫ਼ੈਸਲਾਕੁਨ ਲੜਾਈਆਂ ਵੱਲ ਵਧ ਰਿਹਾ ਹੈ, ਅਤੇ ਪ੍ਰੋਲੇਤਾਰੀਆਂ ਦੇ ਆਰਥਕ ਅਤੇ ਰਾਜਨੀਤਕ ਘੋਲ਼ ਦੇ ਪੁਰਾਣੇ ਢਗ ਨਾਕਾਫ਼ੀ ਹਨ। ਪਰ ਇਹ ਪੁਰਾਣੇ ਢੰਗ **ਬੁਰਜੂਆ** ਜਮਹੂਰੀਅਤ ਨੂੰ ਵਰਤਣ ਦੇ ਹੀ ਢੰਗ ਸਨ। ਇਸ ਲਈ ਸਿੱਟਾ ਇਹ ਨਿਕਲਦਾ ਹੈ... ?

ਪਰ ਕਾਊਟਸਕੀ ਇਸ ਬਾਰੇ ਸੋਚਣ ਤੋਂ ਡਰਦਾ ਹੈ ਕਿ ਸਿੱਟਾ ਕੀ ਨਿਕਲਦਾ ਹੈ।

...ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਸਿਰਫ਼ ਪ੍ਰਤੀਕਿਰਿਆਵਾਦੀ, ਮਜ਼ਦੂਰ ਜਮਾਤ ਦਾ ਦੁਸ਼ਮਣ, ਬੁਰਜੂਆਜ਼ੀ ਦਾ ਪਿੱਠੂ ਹੀ ਹੁਣ ਸਮਾਂ ਵਿਹਾਅ ਚੁੱਕੇ ਭੂਤ ਕਾਲ ਵੱਲ ਮੂੰਹ ਫੇਰ ਸਕਦਾ ਹੈ, ਬੁਰਜੂਆ ਜਮਹੂਰੀਅਤ ਦੀਆਂ ਖੂਬਸੂਰਤੀਆਂ ਚਿਤਰ ਸਕਦਾ ਹੈ ਅਤੇ ਨਿਰੋਲ ਜਮਹੂਰੀਅਤ ਬਾਰੇ ਊਲ-ਜਲੂਲ ਗੱਲਾਂ ਕਰ ਸਕਦਾ ਹੈ। ਬੁਰਜੂਆ ਜਮਹੂਰੀਅਤ ਮੱਧਕਾਲੀਨਵਾਦ ਦੇ ਮੁਕਾਬਲੇ ਵਿੱਚ ਪ੍ਰਗਤੀਸ਼ੀਲ **ਸੀ**, ਅਤੇ ਇਸਦੀ ਵਰਤੋਂ ਕੀਤੀ ਜਾਣੀ ਜ਼ਰੂਰੀ ਸੀ। ਪਰ ਹੁਣ ਇਹ ਮਜ਼ਦੂਰ ਜਮਾਤ ਲਈ **ਕਾਫ਼ੀ ਨਹੀਂ।** ਹੁਣ ਸਾਨੂੰ ਪਿੱਛੇ ਦੇਖਣ ਦੀ ਥਾਂ ਅੱਗੇ ਵੱਲ ਵੱਧਣਾ ਚਾਹੀਦਾ ਹੈ—ਬੁਰਜੂਆ ਜਮਹੂਰੀਅਤ ਦਾ ਥਾਂ **ਪ੍ਰੋਲੇਤਾਰੀ** ਜਮਹੂਰੀਅਤ ਨੂੰ ਦੇਣ ਵੱਲ। ਅਤੇ ਜਦ ਕਿ ਪ੍ਰੋਲੇਤਾਰੀ ਇਨਕਲਾਬ ਲਈ ਤਿਆਰੀ ਦਾ ਕੰਮ, ਪ੍ਰੋਲੇਤਾਰੀ ਫ਼ੌਜ ਬਣਾਉਣ ਅਤੇ ਉਸਨੂੰ ਸਿਖਲਾਈ ਦੇਣ ਦਾ ਕੰਮ ਬੁਰਜੂਆ-ਜਮਹੂਰੀ ਰਾਜ ਦੇ **ਢਾਂਚੇ ਦੇ ਅੰਦਰ ਅੰਦਰ** ਸੰਭਵ ਸੀ (ਅਤੇ ਜ਼ਰੂਰੀ ਸੀ), ਤਾਂ ਹੁਣ ਜਦੋਂ ਅਸੀਂ "ਫੈਸਲਾਕੁਨ ਲੜਾਈਆਂ" ਦੀ ਅਵਸਥਾ ਉੱਤੇ ਪੁੱਜ ਗਏ ਹਾਂ, ਪ੍ਰੋਲੇਤਾਰੀਆਂ ਨੂੰ ਇਸ ਢਾਂਚੇ ਤੱਕ ਸੀਮਤ ਕਰ ਦੇਣ ਦਾ ਮਤਲਬ ਪ੍ਰੋਲੇਤਾਰੀਆਂ ਦੇ ਉਦੇਸ਼ ਨਾਲ ਗ਼ੱਦਾਰੀ ਹੋਵੇਗਾ, ਇਸਦਾ ਮਤਲਬ ਭਗੌੜਾ ਬਣਨਾ ਹੋਵੇਗਾ।

ਕਾਊਟਸਕੀ ਨੇ ਮਾਰਤੋਵ ਦੀ ਦਲੀਲ ਇਸ ਗੱਲ ਵੱਲ **ਧਿਆਨ ਦਿੱਤੇ ਬਿਨਾਂ** ਦੁਹਰਾਅ ਕੇ ਆਪਣੇ ਆਪ ਨੂੰ ਖਾਸ ਕਰਕੇ ਹਾਸੋਹੀਣਾ ਬਣਾ ਲਿਆ ਹੈ ਕਿ ਮਾਰਤੋਵ ਦੀ

ਸੂਰਤ ਵਿੱਚ ਇਹ ਦਲੀਲ **ਇੱਕ ਹੋਰ** ਦਲੀਲ ਉਪਰ ਅਧਾਰਿਤ ਸੀ ਜਿਸਦੀ ਵਰਤੋਂ ਕਾਊਟਸਕੀ ਨਹੀਂ ਕਰਦਾ! ਮਾਰਤੋਵ ਨੇ ਕਿਹਾ ਸੀ (ਅਤੇ ਕਾਊਟਸਕੀ ਉਸਦੇ ਮਗਰ ਦੁਹਰਾਉਂਦਾ ਹੈ) ਕਿ ਰੂਸ ਅਜੇ ਸੋਸ਼ਲਿਜ਼ਮ ਲਈ ਤਿਆਰ ਨਹੀਂ; ਜਿਸ ਤੋਂ ਮੰਤਕੀ ਸਿੱਟਾ ਇਹ ਨਿਕਲਦਾ ਸੀ ਕਿ ਸੋਵੀਅਤਾਂ ਨੂੰ ਘੋਲ਼ ਦੀਆਂ ਜਥੇਬੰਦੀਆਂ ਤੋਂ ਰਾਜਕੀ ਜਥੇਬੰਦੀਆਂ ਵਿਚ ਬਦਲਣਾ ਸਮੇਂ ਤੋਂ ਬਹੁਤ ਪਹਿਲਾਂ ਹੋਵੇਗਾ, (ਇਸਨੂੰ ਇਸ ਤਰ੍ਹਾਂ ਪੜ੍ਹਿਆ ਜਾਏ: ਸਮਾਂ ਹੈ ਕਿ ਸੋਵੀਅਤਾਂ ਨੂੰ ਮੈਨਸ਼ਵਿਕ ਆਗੂਆਂ ਦੀ ਸਹਾਇਤਾ ਨਾਲ਼ ਮਜ਼ਦੂਰਾਂ ਨੂੰ ਸਾਮਰਾਜੀ ਬੁਰਜੂਆਜ਼ੀ ਨੂੰ **ਅਧੀਨ ਕਰਨ** ਦੇ ਸਾਧਨਾਂ ਵਿੱਚ ਬਦਲ ਦਿੱਤਾ ਜਾਏ)। ਕਾਊਟਸਕੀ ਖੁੱਲ੍ਹਮ-ਖੁੱਲਾ ਤਾਂ **ਨਹੀਂ** ਕਹਿ **ਸਕਦਾ** ਕਿ ਯੂਰਪ ਅਜੇ ਸੋਸ਼ਲਿਜ਼ਮ ਲਈ ਤਿਆਰ ਨਹੀਂ। 1909 ਵਿੱਚ, ਜਦੋਂ ਉਹ ਅਜੇ ਭਗੌੜਾ ਨਹੀਂ ਸੀ ਹੋਇਆ, ਤਾਂ ਉਸਨੇ ਲਿਖਿਆ ਸੀ ਕਿ ਉਦੋਂ **ਸਮੇਂ ਤੋਂ ਪਹਿਲਾਂ ਆਏ** ਇਨਕਲਾਬ ਤੋਂ ਡਰਨ ਦਾ ਕੋਈ ਕਾਰਨ ਨਹੀਂ ਸੀ, ਕਿ ਜਿਹੜਾ ਵੀ ਕੋਈ ਹਾਰ ਦੇ ਡਰੋਂ ਇਨਕਲਾਬ ਦਾ ਤਿਆਗ ਕਰ ਦੇਂਦਾ ਹੈ, ਉਹ ਗੱਦਾਰ ਹੈ। ਕਾਊਟਸਕੀ **ਖੁੱਲ੍ਹਮ-ਖੁੱਲ੍ਹਾ** ਤਾਂ ਇਸਦਾ ਤਿਆਗ ਨਹੀਂ ਕਰ ਸਕਦਾ। ਇਸ ਲਈ ਸਾਡੇ ਸਾਮ੍ਹਣੇ ਇਹ ਬੇਥਵ੍ਹਾਪਣ ਆਉਂਦਾ ਹੈ ਜਿਹੜਾ ਪੈਟੀ-ਬੁਰਜੂਆ ਦੀ ਮੂਰਖਤਾ ਅਤੇ ਬੁਜ਼ਦਿਲੀ ਨੂੰ ਪੂਰੀ ਤਰ੍ਹਾਂ ਨੰਗਿਆ ਕਰ ਦੇਂਦਾ ਹੈ: ਇੱਕ ਪਾਸੇ, ਯੂਰਪ ਸੋਸ਼ਲਿਜ਼ਮ ਲਈ ਤਿਆਰ ਹੈ ਅਤੇ ਸਰਮਾਏ ਅਤੇ ਕਿਰਤ ਵਿਚਕਾਰ ਫ਼ੈਸਲਾਕੁਨ ਲੜਾਈਆਂ ਵੱਲ ਵੱਧ ਰਿਹਾ ਹੈ; ਪਰ ਦੂਜੇ ਪਾਸੇ, **ਲੜਾਕਾ ਜਥੇਬੰਦੀ** ਨੂੰ (ਅਰਥਾਤ, ਐਸੀ ਜਥੇਬੰਦੀ ਨੂੰ ਜਿਹੜੀ ਲੜਾਈ ਵਿੱਚ ਰੂਪ ਧਾਰਦੀ, ਵਧਦੀ ਅਤੇ ਤਾਕਤ ਫ਼ੜਦੀ ਹੈ), ਮੋਹਰੀ ਅਤੇ ਜਥੇਬੰਦਕ, ਦੱਬਿਆਂ-ਕੁਚਲਿਆਂ ਦੇ ਆਗੂ, ਪ੍ਰੋਲੇਤਾਰੀਆਂ ਦੀ ਜਥੇਬੰਦੀ ਨੂੰ ਰਾਜਕੀ ਜਥੇਬੰਦੀ ਵਿੱਚ **ਨਹੀਂ** ਬਦਲਿਆ ਜਾਣਾ **ਚਾਹੀਦਾ**!

* * *

ਇਹ ਵਿਚਾਰ ਕਿ ਸੋਵੀਅਤ ਲੜਾਕਾ ਜਥੇਬੰਦੀਆਂ ਵਜੋਂ ਜ਼ਰੂਰੀ ਹਨ ਪਰ ਉਹਨਾਂ ਨੂੰ ਰਾਜਕੀ ਜਥੇਬੰਦੀ ਵਿੱਚ ਨਹੀਂ ਬਦਲਿਆ ਜਾਣਾ ਚਾਹੀਦਾ, ਸਿਧਾਂਤ ਦੇ ਦ੍ਰਿਸ਼ਟੀਕੋਣ ਨਾਲੋਂ ਅਮਲੀ ਰਾਜਨੀਤੀ ਦੇ ਦ੍ਰਿਸ਼ਟੀਕੋਣ ਤੋਂ ਕਿਤੇ ਜ਼ਿਆਦਾ ਬੇਹੂਦਾ ਹੈ। ਸ਼ਾਂਤਮਈ ਸਮਿਆਂ ਵਿੱਚ ਵੀ, ਜਦੋਂ ਕੋਈ ਇਨਕਲਾਬੀ ਸਥਿਤੀ ਨਹੀਂ ਹੁੰਦੀ, ਸਰਮਾਏਦਾਰਾਂ ਦੇ ਖ਼ਿਲਾਫ ਮਜ਼ਦੂਰਾਂ ਦਾ ਵਿਸ਼ਾਲ ਘੋਲ਼—ਉਦਾਹਰਣ ਵਜੋਂ, ਆਮ ਹੜਤਾਲ - ਦੋਹਾਂ ਪਾਸਿਆਂ ਵੱਲ ਭਾਰੀ ਕੁੜੱਤਣ ਪੈਦਾ ਕਰ ਦੇਂਦੀ ਹੈ, ਘੋਲ ਵਿੱਚ ਸ਼ਿੱਦਤ ਦੇ ਜ਼ਜ਼ਬੇ ਪੈਦਾ ਕਰ ਦੇਂਦੀ ਹੈ, ਬੁਰਜੂਆਜ਼ੀ ਲਗਾਤਾਰ ਇਸ ਗੱਲ ਉੱਤੇ ਜ਼ੋਰ ਦੇਂਦੀ ਹੈ ਕਿ ਉਹ "ਖੁਦ ਆਪਣੇ ਘਰ ਵਿੱਚ ਮਾਲਕ" ਹੈ ਅਤੇ ਮਾਲਕ ਬਣੇ ਰਹਿਣ ਦਾ ਇਰਾਦਾ ਰੱਖਦੀ ਹੈ, ਆਦਿ। ਅਤੇ ਇਨਕਲਾਬ ਦੇ ਸਮੇਂ, ਜਦੋਂ ਰਾਜਸੀ ਜੀਵਨ ਖੌਲਣ ਤੱਕ ਪੁੱਜਾ ਹੁੰਦਾ ਹੈ, ਤਾਂ ਸੋਵੀਅਤਾਂ ਵਰਗੀ ਜਥੇਬੰਦੀ, ਜਿਹੜੀ ਸਨਅਤ ਦੀਆਂ **ਸਾਰੀਆਂ** ਸ਼ਾਖਾ ਵਿਚਲੇ **ਸਾਰੇ** ਮਜ਼ਦੂਰਾਂ ਨੂੰ, ਫਿਰ **ਸਾਰੇ** ਸਿਪਾਹੀਆਂ ਨੂੰ ਅਤੇ ਪੇਂਡੂ ਵਸੋਂ ਦੇ ਸਾਰੇ ਮਜ਼ਦੂਰ ਅਤੇ ਗ਼ਰੀਬ ਤੋਂ ਗ਼ਰੀਬ ਹਿੱਸਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ- ਇਹੋ ਜਿਹੀ ਜਥੇਬੰਦੀ, ਆਪਣੀ ਹੀ ਮਰਜ਼ੀ ਨਾਲ, ਘੋਲ਼ ਦੇ ਵਿਕਾਸ ਕਰਨ ਨਾਲ਼, ਹਮਲੇ ਅਤੇ ਰੱਖਿਆ ਦੇ ਸਾਧਾਰਣ "ਮੰਤਕ" ਨਾਲ

ਅੱਟਲ ਤੌਰ ਉੱਤੇ ਸਿੱਧਾ ਇਹ ਸਵਾਲ **ਪੁੱਛਣ ਤੱਕ** ਆ ਜਾਂਦੀ ਹੈ। ਵਿਚਕਾਰਲੀ ਪੁਜ਼ੀਸ਼ਨ ਮੱਲਣ ਅਤੇ ਪ੍ਰੋਲੇਤਾਰੀਆਂ ਦੀ ਬੁਰਜੂਆਜ਼ੀ ਨਾਲ਼ ਸੁਲਹ-ਸਫ਼ਾਈ ਕਰਾਉਣ ਦਾ ਯਤਨ ਹੀ ਨਿਰੋਲ ਮੂਰਖ਼ਤਾ ਹੈ, ਅਤੇ ਬਦਨਾਮ ਅਸਫ਼ਲਤਾ ਇਸਦੇ ਭਾਗ ਵਿੱਚ ਲਿਖੀ ਗਈ ਹੈ। ਇਹ ਕੁਝ ਹੈ ਜੋ ਰੂਸ ਵਿੱਚ ਮਾਰਤੋਵ ਅਤੇ ਦੂਜੇ ਮੈਨਸ਼ਵਿਕਾਂ ਦੀ ਸਿੱਖਿਆ ਨਾਲ਼ ਵਾਪਰਿਆ ਸੀ ਅਤੇ ਇਹੀ ਅਟੱਲ ਤੌਰ ਉੱਤੇ ਜਰਮਨੀ ਵਿੱਚ ਅਤੇ ਦੂਜੇ ਦੇਸ਼ਾਂ ਵਿੱਚ ਵਾਪਰੇਗਾ ਜੇ ਸੋਵੀਅਤਾਂ ਕਿਸੇ ਵੀ ਵਿਸ਼ਾਲ ਪੈਮਾਨੇ ਉੱਤੇ ਵਿਕਾਸ ਕਰਨ ਵਿੱਚ ਸਫ਼ਲ ਹੋ ਜਾਂਦੀਆਂ ਹਨ, ਇੱਕਮੁਠ ਅਤੇ ਮਜ਼ਬੂਤ ਹੋਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਸੋਵੀਅਤਾਂ ਨੂੰ ਕਹਿਣਾ: ਲੜੋ, ਪਰ ਸਾਰੀ ਰਾਜਕੀ ਸੱਤਾ ਆਪਣੇ ਹੱਥਾਂ ਵਿਚ ਨਾ ਲਵੋ, ਰਾਜਕੀ ਜਥੇਬੰਦੀਆਂ ਨਾ ਬਣ ਜਾਓ—ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਵਿਚਕਾਰ ਜਮਾਤੀ ਗਠਜੋੜ ਅਤੇ "ਸਮਾਜਕ ਸ਼ਾਂਤੀ" ਪ੍ਰਚਾਰਨ ਦੇ ਬਰਾਬਰ ਹੈ। ਇਹ ਸੋਚਣਾ ਵੀ ਹਾਸੋਹੀਣੀ ਗੱਲ ਹੈ ਕਿ ਤੀਖ਼ਣ ਘੋਲ਼ ਦੇ ਦਰਮਿਆਨ ਇਹੋ ਜਿਹੀ ਪੁਜੀਸ਼ਨ ਬਦਨਾਮ ਅਸਫ਼ਲਤਾ ਤੋਂ ਸਿਵਾ ਕਿਸੇ ਹੋਰ ਪਾਸੇ ਵੱਲ ਲੈ ਜਾਏਗੀ। ਪਰ ਦੋ ਬੇੜੀਆਂ ਵਿੱਚ ਸਵਾਰ ਹੋਣਾ ਕਾਊਟਸਕੀ ਦੀ ਸਦੀਵੀ ਹੋਣੀ ਹੈ। ਉਹ ਸਿਧਾਂਤ ਵਿੱਚ ਹਰ ਮਸਲੇ ਉੱਤੇ ਮੌਕਾਪ੍ਰਸਤਾਂ ਨਾਲ਼ ਸਹਿਮਤ ਨਾ ਹੋਣ ਦਾ ਦਿਖਾਵਾ ਕਰਦਾ ਹੈ, ਪਰ **ਅਮਲ ਵਿਚ** ਉਹ ਹਰ ਬੁਨਿਆਦੀ ਗੱਲ ਉਤੇ (ਅਰਥਾਤ, ਇਨਕਲਾਬ ਨਾਲ਼ ਸਬੰਧਤ ਸਭ ਕੁਝ ਉੱਤੇ) ਉਹਨਾਂ ਨਾਲ਼ ਸਹਿਮਤ ਹੁੰਦਾ ਹੈ।

## ਵਿਧਾਨ-ਘੜਨੀ ਅਸੈਂਬਲੀ ਅਤੇ ਸੋਵੀਅਤ ਰਿਪਬਲਿਕ

ਵਿਧਾਨ-ਘੜਨੀ ਅਸੈਂਬਲੀ ਅਤੇ ਬਾਲਸ਼ਵਿਕਾਂ ਵੱਲੋਂ ਇਸਨੂੰ ਭੰਗ ਕਰਨ ਦਾ ਸਵਾਲ ਕਾਊਟਸਕੀ ਦੇ ਸਾਰੇ ਪੈਂਫ਼ਲਟ ਦਾ ਧੁਰਾ ਹੈ। ਉਹ ਮੁੜ ਮੁੜ ਕੇ ਇਸ ਵੱਲ ਆਉਂਦਾ ਹੈ ਅਤੇ ਦੂਜੀ ਇੰਟਰਨੈਸ਼ਨਲ ਦੇ ਵਿਚਾਰਧਾਰਕ ਆਗੂ ਦੀ ਸਾਰੀ ਸਾਹਿਤਕ ਉਪਜ ਇਸ ਤਰ੍ਹਾਂ ਦੀਆਂ ਗੁੱਝੀਆਂ ਚੋਭਾਂ ਨਾਲ਼ ਭਰੀ ਪਈ ਹੈ ਕਿ ਬਾਲਸ਼ਵਿਕਾਂ ਨੇ "ਜਮਹੂਰੀਅਤ ਨੂੰ ਤਬਾਹ ਕਰ ਦਿੱਤਾ ਹੈ" (ਉੱਪਰ ਦਿੱਤੀ ਗਈ ਕਾਊਟਸਕੀ ਦੀ ਇੱਕ ਟੂਕ ਦੇਖੋ)। ਇਹ ਸਵਾਲ ਸੱਚਮੁੱਚ ਹੀ ਦਿਲਚਸਪ ਅਤੇ ਮਹੱਤਵਪੂਰਨ ਹੈ, ਕਿਉਂਕਿ ਬੁਰਜੂਆ ਜਮਹੂਰੀਅਤ ਅਤੇ ਪ੍ਰੋਲੇਤਾਰੀ ਜਮਹੂਰੀਅਤ ਵਿਚਕਾਰ ਸਬੰਧ ਇੱਥੇ **ਅਮਲੀ ਰੂਪ ਵਿੱਚ** ਇਨਕਲਾਬ ਦੇ ਰੂਬਰੂ ਹੈ। ਆਓ ਦੇਖੀਏ ਕਿ "ਮਾਰਕਸਵਾਦੀ ਸਿਧਾਂਤਕਾਰ" ਨੇ ਇਸ ਸਵਾਲ ਨੂੰ ਕਿਵੇਂ ਲਿਆ ਹੈ।

ਉਹ "ਵਿਧਾਨ-ਘੜਨੀ ਅਸੈਂਬਲੀ ਸਬੰਧੀ ਥੀਸਿਸ" ਦਾ ਹਵਾਲਾ ਦੇਂਦਾ ਹੈ ਜਿਹੜੇ ਮੈਂ ਲਿਖੇ ਸਨ ਅਤੇ 26 ਦਸੰਬਰ, 1917 ਦੇ "ਪਰਾਵਦਾ"[30] ਵਿਚ ਪ੍ਰਕਾਸ਼ਤ ਹੋਏ ਸਨ।* ਬੰਦਾ ਸੋਚ ਸਕਦਾ ਹੈ ਵਿਸ਼ੇ ਵੱਲ ਕਾਊਟਸਕੀ ਦੀ ਗੰਭੀਰ ਪਹੁੰਚ ਦੇ ਹੋਰ ਚੰਗੇ ਸਬੂਤ

---

* ਲੈਨਿਨ, ਚੋਣਵੀਆਂ ਕਿਰਤਾਂ ਬਾਰ੍ਹਾਂ ਸੰਚੀਆਂ ਵਿਚ, ਐਡੀਸ਼ਨ 1990, ਸੈਂਚੀ 7, ਸਫ਼ੇ 64-69, ਪ੍ਰਗਤੀ ਪ੍ਰਕਾਸ਼ਨ, ਮਾਸਕੋ)

ਦੀ ਲੋੜ ਨਹੀਂ, ਜਦ ਕਿ ਉਹ ਦਸਤਾਵੇਜ਼ਾਂ ਵਿੱਚੋਂ ਟੂਕਾਂ ਦੇ ਰਿਹਾ ਹੈ। ਪਰ ਦੇਖੋ ਉਹ ਟੂਕਾਂ ਕਿਵੇਂ ਦੇਂਦਾ ਹੈ। ਉਹ ਇਹ ਨਹੀਂ ਦੱਸਦਾ ਕਿ ਇਹ 19 ਥੀਸਿਸ ਸਨ; ਉਹ ਇਹ ਨਹੀਂ ਦੱਸਦਾ ਕਿ ਉਹ ਸਧਾਰਣ ਬੁਰਜੂਆ ਰਿਪਬਲਿਕ ਦੇ ਵਿਧਾਨ-ਘੜਨੀ ਅਸੈਂਬਲੀ ਨਾਲ਼ ਅਤੇ ਸੋਵੀਅਤ ਰਿਪਬਲਿਕ ਨਾਲ਼ ਸਬੰਧ ਬਾਰੇ ਸਨ ਅਤੇ ਨਾ ਹੀ ਇਹ ਕਿ ਉਹ ਵਿਧਾਨ-ਘੜਨੀ ਅਸੈਂਬਲੀ ਅਤੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਸਾਡੇ ਇਨਕਲਾਬ ਵਿੱਚ ਆਏ ਮੱਤਭੇਦਾਂ ਦੇ **ਇਤਿਹਾਸ** ਬਾਰੇ ਸਨ। ਕਾਊਟਸਕੀ ਇਸ ਸਭ ਕੁਝ ਨੂੰ ਅੱਖੋਂ ਉਹਲੇ ਕਰ ਦੇਂਦਾ ਹੈ ਅਤੇ ਪਾਠਕ ਨੂੰ ਸਿਰਫ਼ ਇਹ ਦੱਸਦਾ ਹੈ ਕਿ (ਇਹਨਾਂ ਥੀਸਸਾਂ ਵਿੱਚੋਂ) "ਦੋ ਥੀਸਿਸ ਵਿਸ਼ੇਸ਼ ਕਰਕੇ ਮਹੱਤਵਪੂਰਨ ਹਨ" ਇੱਕ, ਜਿਸ ਵਿੱਚ ਕਿਹਾ ਗਿਆ ਹੈ ਕਿ ਵਿਧਾਨ-ਘੜਨੀ ਅਸੈਂਬਲੀ ਦੀਆਂ ਚੋਣਾਂ ਤੋਂ ਮਗਰੋਂ, ਪਰ ਇਸਦੇ ਬੁਲਾਏ ਜਾਣ ਤੋਂ ਪਹਿਲਾਂ ਸੋਸ਼ਲਿਸਟ-ਇਨਕਲਾਬੀਆਂ ਵਿੱਚ ਫੁੱਟ ਪੈ ਗਈ (ਕਾਊਟਸਕੀ ਇਹ ਨਹੀਂ ਦੱਸਦਾ ਕਿ ਇਹ ਪੰਜਵਾਂ ਥੀਸਿਸ ਸੀ) ਅਤੇ ਦੂਜਾ ਇਹ ਕਿ ਸੋਵੀਅਤਾਂ ਦੀ ਰਿਪਬਲਿਕ ਵਿਧਾਨ-ਘੜਨੀ ਅਸੈਂਬਲੀ ਨਾਲ਼ੋਂ ਆਮ ਕਰਕੇ ਉਚੇਰਾ ਜਮਹੂਰੀ ਰੂਪ ਹੈ (ਕਾਊਟਸਕੀ ਇਹ ਨਹੀਂ ਦੱਸਦਾ ਕਿ ਇਹ ਤੀਜਾ ਥੀਸਿਸ ਸੀ।)

ਸਿਰਫ਼ ਇਸ ਤੀਜੇ ਥੀਸਿਸ ਵਿੱਚੋਂ ਕਾਊਟਸਕੀ ਇੱਕ ਹਿੱਸੇ ਦਾ ਪੂਰਾ ਹਵਾਲਾ ਦੇਂਦਾ ਹੈ, ਹੇਠ ਲਿਖੇ ਪੈਰ੍ਹੇ ਦਾ:

"ਸੋਵੀਅਤਾਂ ਦੀ ਰਿਪਬਲਿਕ (ਆਮ ਬੁਰਜੂਆ ਰਿਪਬਲਿਕ ਦੇ ਮੁਕਾਬਲੇ ਉਤੇ, ਜਿਸਦੀ ਸਿਖਰ ਵਿਧਾਨ-ਘੜ੍ਹਨੀ ਅਸੈਂਬਲੀ ਹੁੰਦੀ ਹੈ) ਨਾ ਸਿਰਫ਼ ਉਚੇਰੀ ਕਿਸਮ ਦੀ ਜਮਹੂਰੀ ਸੰਸਥਾ ਹੈ, ਸਗੋਂ ਇੱਕੋ ਇੱਕ ਸੰਸਥਾ ਹੈ ਜਿਹੜੀ ਸੋਸ਼ਲਿਜ਼ਮ ਵੱਲ ਸਭ ਤੋਂ ਵੱਧ ਕਸ਼ਟ-ਰਹਿਤ ਤਬਦੀਲੀ ਨੂੰ ਯਕੀਨੀ ਬਣਾਉਣ ਦੇ ਸਮਰੱਥ ਹੈ"* (ਕਾਊਟਸਕੀ ਸ਼ਬਦ "ਆਮ" ਅਤੇ ਇਸ ਥੀਸਿਸ ਦੇ ਆਰੰਭਕ ਸ਼ਬਦ ਖਾ ਜਾਂਦਾ ਹੈ: "ਬੁਰਜੂਆ ਤੋਂ ਸੋਸ਼ਲਿਸਟ ਪ੍ਰਬੰਧ ਵੱਲ ਤਬਦੀਲੀ ਲਈ, ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਲਈ")।

ਇਹਨਾਂ ਸ਼ਬਦਾਂ ਦਾ ਹਵਾਲਾ ਦੇਣ ਤੋਂ ਪਿੱਛੋਂ ਸ਼ਾਨਦਾਰ ਕਟਾਖ਼ਸ਼ ਨਾਲ਼ ਕਾਊਟਸਕੀ ਕਹਿ ਉੱਠਦਾ ਹੈ:

---

* ਵੈਸੇ, ਕਾਊਟਸਕੀ, ਪ੍ਰਤੱਖ ਤੌਰ ਉੱਤੇ ਕਟਾਖਸ਼ ਕਰਨ ਦੀ ਕੋਸ਼ਿਸ਼ ਵਿੱਚ, "ਸਭ ਤੋਂ ਵੱਧ ਕਸ਼ਟ-ਰਹਿਤ" ਤਬਦੀਲੀ ਵਾਕੰਸ਼ ਦਾ ਮੁੜ ਮੁੜ ਕੇ ਹਵਾਲਾ ਦੇਂਦਾ ਹੈ; ਪਰ ਤੀਰ ਟਿਕਾਣੇ ਨਹੀਂ ਬੈਠਦਾ, ਕੁਝ ਸਫ਼ੇ ਅੱਗੇ ਜਾ ਕੇ ਉਹ ਮਾੜ੍ਹੀ ਜਿਹੀ ਜਾਅਲਸਾਜ਼ੀ ਕਰਦਾ ਹੈ ਅਤੇ ਝੂਠੀ ਤਰ੍ਹਾਂ ਇਸਦਾ ਹਵਾਲਾ "ਕਸ਼ਟ-ਰਹਿਤ" ਤਬਦੀਲੀ ਵਜੋਂ ਦੇਂਦਾ ਹੈ! ਬੇਸ਼ੱਕ, ਇਹੋ ਜਿਹੇ ਸਾਧਨਾਂ ਰਾਹੀਂ ਕਿਸੇ ਤਰ੍ਹਾਂ ਦੀ ਵੀ ਬੇਹੂਦਗੀ ਆਪਣੇ ਵਿਰੋਧੀ ਦੇ ਮੂੰਹ ਵਿੱਚ ਪਾਈ ਜਾ ਸਕਦੀ ਹੈ। ਇਹ ਜਾਅਲਸਾਜ਼ੀ ਦਲੀਲ ਦੇ ਤੱਤ ਤੋਂ ਕਤਰਾਉਣ ਵਿੱਚ ਵੀ ਉਸਦੀ ਮਦਦ ਕਰਦੀ ਹੈ, ਅਰਥਾਤ, ਕਿ ਸੋਸ਼ਲਿਜ਼ਮ ਵੱਲ ਸਭ ਤੋਂ ਵੱਧ ਕਸ਼ਟ-ਰਹਿਤ ਤਬਦੀਲੀ ਸਿਰਫ਼ ਉਦੋਂ ਹੀ ਸੰਭਵ ਹੈ ਜਦੋਂ ਸਾਰੇ ਗ਼ਰੀਬ ਲੋਕ ਆਖਰੀ ਬੰਦੇ ਤੱਕ ਜਥੇਬੰਦ ਹੋਣ (ਸੋਵੀਅਤਾਂ) ਅਤੇ ਜਦੋਂ ਰਾਜ ਸੱਤਾ ਦਾ ਕੇਂਦਰਿਕ (ਪ੍ਰੋਲੇਤਾਰੀ) ਉਹਨਾਂ ਦੀ ਜਥੇਬੰਦ ਹੋਣ ਵਿੱਚ ਮਦਦ ਕਰਨ।

"ਇਹ ਤਰਸਯੋਗ ਗੱਲ ਹੈ ਕਿ ਇਹ ਸਿੱਟਾ ਸਿਰਫ਼ ਉਦੋਂ ਹੀ ਕੱਢਿਆ ਗਿਆ ਜਦੋਂ ਬਾਲਸ਼ਵਿਕਾਂ ਨੇ ਆਪਣੇ ਆਪ ਨੂੰ ਵਿਧਾਨ-ਘੜਨੀ ਅਸੈਂਬਲੀ ਵਿੱਚ ਘੱਟਗਿਣਤੀ ਵਿੱਚ ਪਾਇਆ। ਇਸਤੋਂ ਪਹਿਲਾਂ ਇਸਦੀ ਲੈਨਿਨ ਤੋਂ ਸਿਵਾ ਹੋਰ ਕਿਸੇ ਨੇ ਵਧੇਰੇ ਜ਼ੋਰਦਾਰ ਢੰਗ ਨਾਲ਼ ਮੰਗ ਨਹੀਂ ਸੀ ਕੀਤੀ।"

ਇਹ ਲਫ਼ਜ-ਬਲਫ਼ਜ ਉਹੋ ਕੁਝ ਹੈ, ਜੋ ਕੁਝ ਕਾਊਟਸਕੀ ਆਪਣੀ ਕਿਤਾਬ ਦੇ ਸਫ਼ਾ 31 ਉਤੇ ਕਹਿੰਦਾ ਹੈ!

ਇਹ ਸੱਚਮੁੱਚ ਇੱਕ ਨਗ ਹੈ! ਸਿਰਫ਼ ਬੁਰਜੂਆਜ਼ੀ ਦਾ ਝੋਲ਼ੀ-ਚੁੱਕ ਹੀ ਸਵਾਲ ਨੂੰ ਇਸ ਤਰ੍ਹਾਂ ਦੇ ਗ਼ਲਤ ਤਰੀਕੇ ਨਾਲ਼ ਪੇਸ਼ ਕਰ ਸਕਦਾ ਸੀ ਕਿ ਪਾਠਕ ਨੂੰ ਇਹ ਪ੍ਰਭਾਵ ਮਿਲੇ ਕਿ ਰਾਜ ਦੀ ਉਚੇਰੀ ਕਿਸਮ ਬਾਰੇ ਬਾਲਸ਼ਵਿਕਾਂ ਦੀ ਸਾਰੀ ਗੱਲਬਾਤ ਇੱਕ ਕਾਢ ਸੀ ਜਿਹੜੀ ਵਿਧਾਨ-ਘੜਨੀ ਅਸੈਂਬਲੀ ਵਿੱਚ ਆਪਣੇ ਆਪ ਨੂੰ ਘੱਟਗਿਣਤੀ ਵਿਚ ਪਾਉਣ ਤੋਂ **ਮਗਰੋਂ** ਹੀ ਸਾਮ੍ਹਣੇ ਆਈ!! ਇਹੋ ਜਿਹਾ ਬਦਨਾਮ ਝੂਠ ਸਿਰਫ਼ ਇੱਕ ਬਦਮਾਸ਼ ਹੀ ਬੱਕ ਸਕਦਾ ਸੀ ਜਿਹੜਾ ਆਪਣੇ ਆਪ ਨੂੰ ਬੁਰਜੂਆਜ਼ੀ ਕੋਲ਼ ਵੇਚ ਚੁੱਕਾ ਹੈ, ਜਾਂ, ਜੋ ਕਿ ਬਿਲਕੁਲ ਉਹੀ ਗੱਲ ਹੈ, ਜਿਸਨੇ ਆਪਣਾ ਵਿਸ਼ਵਾਸ ਐਕਸਲਰੋਦ ਵਿੱਚ ਰੱਖਿਆ ਹੋਇਆ ਹੈ ਅਤੇ ਆਪਣੀ ਸੂਚਨਾ ਦੇ ਸੋਮੇ ਨੂੰ ਲੁਕਾ ਰਿਹਾ ਹੈ।

ਕਿਉਂਕਿ ਹਰ ਕੋਈ ਜਾਣਦਾ ਹੈ ਕਿ ਰੂਸ ਵਿੱਚ ਪਰਤਣ ਦੇ ਦਿਨ ਹੀ, 4 ਅਪ੍ਰੈਲ, 1917 ਨੂੰ, ਮੈਂ ਆਪਣੇ ਥੀਸਿਸ ਲੋਕਾਂ ਦੇ ਸਾਮ੍ਹਣੇ ਪੜ੍ਹ ਕੇ ਸੁਣਾਏ, ਜਿਨ੍ਹਾਂ ਵਿੱਚ ਮੈਂ ਬੁਰਜੂਆ ਪਾਰਲੀਮੈਂਟਰੀ ਰਿਪਬਲਿਕ ਨਾਲ਼ੋਂ ਪੈਰਿਸ ਕਮਿਊਨ ਵਰਗੇ ਰਾਜ ਦੀ ਉੱਤਮਤਾ ਦਾ ਐਲਾਨ ਕੀਤਾ ਸੀ। ਮਗਰੋਂ, ਮੈਂ **ਮੁੜ ਮੁੜ ਕੇ ਲਿਖਤੀ** ਰੂਪ ਵਿੱਚ ਇਸ ਉੱਤੇ ਜ਼ੋਰ ਦੇਂਦਾ ਰਿਹਾ ਹਾਂ, ਜਿਵੇਂ ਕਿ, ਉਦਾਹਰਣ ਵਜੋਂ, ਰਾਜਨੀਤਕ ਪਾਰਟੀਆਂ ਬਾਰੇ ਪੈਂਫ਼ਲਟ ਵਿੱਚ ਜਿਹੜਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ ਸੀ ਅਤੇ ਜਨਵਰੀ 1918 ਵਿਚ ਨਿਊਯਾਰਕ "ਈਵਨਿੰਗ ਪੋਸਟ" ਵੱਲੋਂ ਪ੍ਰਕਾਸ਼ਤ ਕੀਤਾ ਗਿਆ ਸੀ।[31] ਇਸਤੋਂ ਵੀ ਵੱਧ, ਅਪ੍ਰੈਲ 1917 ਦੇ ਅਖੀਰ ਵਿਚ ਹੋਈ ਬਾਲਸ਼ਵਿਕ ਪਾਰਟੀ ਦੀ ਕਾਨਫਰੰਸ ਨੇ ਇਸ ਤਰ੍ਹਾਂ ਦਾ ਇੱਕ ਮਤਾ ਪਾਸ ਕੀਤਾ ਕਿ ਪ੍ਰੋਲੇਤਾਰੀ ਅਤੇ ਕਿਸਾਨ ਰਿਪਬਲਿਕ ਬੁਰਜੂਆ ਪਾਰਲੀਮੈਂਟਰੀ ਰਿਪਬਲਿਕ ਨਾਲ਼ੋਂ ਉੱਤਮ ਹੁੰਦੀ ਹੈ, ਕਿ ਸਾਡੀ ਪਾਰਟੀ ਬੁਰਜੂਆ ਪਾਰਲੀਮੈਂਟਰੀ ਰਿਪਬਲਿਕ ਨਾਲ਼ ਸਤੁੰਸ਼ਟ ਨਹੀਂ ਹੋਵੇਗੀ ਅਤੇ ਪਾਰਟੀ ਪ੍ਰੋਗਰਾਮ ਇਸ ਗੱਲ ਦੇ ਅਨੁਕੂਲ ਢਾਲ਼ ਲਿਆ ਜਾਣਾ ਚਾਹੀਦਾ ਹੈ।[32]

ਇਹਨਾਂ ਤੱਥਾਂ ਦੇ ਰੂਬਰੂ, ਕਾਊਟਸਕੀ ਵਲੋਂ ਆਪਣੇ ਜਰਮਨ ਪਾਠਕਾਂ ਨੂੰ ਇਹ ਯਕੀਨ ਦਿਵਾਉਣ ਦੀ ਚਾਲ ਨੂੰ ਕੀ ਨਾਂ ਦਿਤਾ ਜਾ ਸਕਦਾ ਹੈ, ਕਿ ਮੈਂ ਵਿਧਾਨ-ਘੜਨੀ ਅਸੈਂਬਲੀ ਦੇ ਬੁਲਾਏ ਜਾਣ ਦੀ ਜ਼ੋਰਦਾਰ ਮੰਗ ਕਰ ਰਿਹਾ ਸਾਂ ਅਤੇ ਮੈਂ ਵਿਧਾਨ-ਘੜਨੀ ਅਸੈਂਬਲੀ ਦੀ ਇੱਜ਼ਤ ਅਤੇ ਮਾਣ ਨੂੰ "ਛੁਟਿਆਉਣਾ" ਸਿਰਫ਼ ਉਦੋਂ ਸ਼ੁਰੂ ਕੀਤਾ, ਜਦੋਂ ਬਾਲਸ਼ਵਿਕਾਂ ਨੇ ਆਪਣੇ ਆਪ ਨੂੰ ਘੱਟਗਿਣਤੀ ਵਿੱਚ ਪਾਇਆ? ਇਸ ਤਰ੍ਹਾਂ ਦੀ ਚਾਲ ਨੂੰ

ਕੋਈ ਕਿਵੇਂ ਮੁਆਫ਼ ਕਰ ਸਕਦਾ ਹੈ ?* ਇਹ ਦਲੀਲ ਦੇ ਕੇ ਕਿ ਕਾਊਟਸਕੀ ਨੂੰ ਤੱਥਾਂ ਦਾ ਪਤਾ ਨਹੀਂ ਸੀ ? ਜੇ ਗੱਲ ਇਹ ਸੀ, ਤਾਂ ਉਸਨੇ ਇਹਨਾਂ ਬਾਰੇ ਲਿਖਣ ਦਾ ਕੰਮ ਹੱਥ ਵਿੱਚ ਕਿਉਂ ਲਿਆ ? ਜਾਂ ਉਸਨੇ ਈਮਾਨਦਾਰੀ ਨਾਲ਼ ਇਹ ਕਿਉਂ ਨਾ ਦੱਸ ਦਿਤਾ ਕਿ ਉਹ ਮੈਨਸ਼ਵਿਕਾਂ ਸਤੀਨ, ਐਕਸਲਰੋਦ ਐਂਡ ਕੰਪਨੀ ਵੱਲੋਂ ਦਿੱਤੀ ਗਈ ਸੂਚਨਾ ਦੇ ਅਧਾਰ ਉੱਤੇ ਲਿਖ ਰਿਹਾ ਹੈ ? ਵਸਤੂਪਰਕ ਹੋਣ ਦਾ ਬਹਾਨਾ ਕਰਕੇ, ਕਾਊਟਸਕੀ ਮੈਨਸ਼ਵਿਕਾਂ ਦੇ ਸੇਵਾਦਾਰ ਵਜੋਂ ਆਪਣੇ ਰੋਲ ਨੂੰ ਲੁਕਾਉਣਾ ਚਾਹੁੰਦਾ ਹੈ, ਜਿਹੜੇ ਮੈਨਸ਼ਵਿਕ ਕਿ ਅਸਤੁੰਸ਼ਟ ਹਨ ਕਿਉਂਕਿ ਉਹ ਹਾਰ ਗਏ ਹਨ।

ਪਰ ਅੱਗੋਂ ਜੋ ਕੁਝ ਆਉਣ ਵਾਲ਼ਾ ਹੈ, ਉਸਦੇ ਮੁਕਾਬਲੇ ਉੱਤੇ ਇਹ ਸਿਰਫ਼ ਇੱਕ ਮਾਮੂਲੀ ਜਿਹੀ ਗੱਲ ਹੈ।

ਫ਼ਰਜ਼ ਕਰ ਲਵੋ ਕਿ ਕਾਊਟਸਕੀ ਇਸ ਸਵਾਲ ਬਾਰੇ, ਕਿ ਬੁਰਜੂਆ ਪਾਰਲੀਮੈਂਟਰੀ ਜਮਹੂਰੀ ਰੀਪਬਲਿਕ ਨਾਲ਼ ਬਾਲਸ਼ਵਿਕ ਸਤੁੰਸ਼ਟ ਹੋਣਗੇ ਜਾਂ ਨਹੀਂ, ਬਾਲਸ਼ਵਿਕਾਂ ਦੇ ਮਤਿਆਂ ਅਤੇ ਐਲਾਨਾਮਿਆਂ ਦਾ ਅਨੁਵਾਦ ਆਪਣੇ ਸੂਚਨਾਕਾਰਾਂ ਤੋਂ ਪ੍ਰਾਪਤ ਨਹੀਂ ਸੀ ਕਰਨਾ ਚਾਹੁੰਦਾ, ਜਾਂ ਨਹੀਂ ਕਰ ਸਕਿਆ( ? ?)। ਇਹ ਫ਼ਰਜ਼ ਕਰ ਲਵੋ, ਭਾਵੇਂ ਕਿ ਇਹ ਯਕੀਨੋ-ਬਾਹਰੀ ਗੱਲ ਹੈ। ਪਰ ਕਾਊਟਸਕੀ ਆਪਣੀ ਕਿਤਾਬ ਦੇ ਸਫ਼ਾ 30 ਉੱਤੇ ਮੇਰੇ 26 ਦਸਬੰਰ, 1917 ਵਾਲ਼ੇ ਥੀਸਸਾਂ ਦਾ **ਸਿੱਧਾ ਜ਼ਿਕਰ ਕਰਦਾ ਹੈ।**

ਕੀ ਉਸਨੂੰ ਸਾਰੇ ਥੀਸਸਾਂ ਦਾ ਪੂਰਾ ਪਤਾ ਨਹੀਂ ਸੀ, ਜਾਂ ਉਸਨੂੰ ਸਿਰਫ਼ ਉਸ ਹਿੱਸੇ ਦਾ ਹੀ ਪਤਾ ਸੀ ਜਿਹੜਾ ਸਤੀਨਾਂ, ਐਕਸਲਰੋਦਾਂ ਐਂਡ ਕੰਪਨੀ ਨੇ ਉਸਨੂੰ ਅਨੁਵਾਦ ਕਰਕੇ ਦਿੱਤਾ ਸੀ ? ਇਸ **ਬੁਨਿਆਦੀ** ਸਵਾਲ ਬਾਰੇ ਕਿ ਕੀ ਬਾਲਸ਼ਵਿਕਾਂ ਨੂੰ ਵਿਧਾਨ-ਘੜਨੀ ਅਸੈਂਬਲੀ ਦੀਆਂ ਚੋਣਾਂ **ਤੋਂ ਪਹਿਲਾਂ** ਇਹ ਅਹਿਸਾਸ ਹੋ ਗਿਆ ਸੀ ਕਿ ਸੋਵੀਅਤ ਰਿਪਬਲਿਕ ਬੁਰਜੂਆ ਰਿਪਬਲਿਕ ਨਾਲ਼ੋਂ ਉੱਤਮ ਹੈ: ਅਤੇ ਕੀ ਉਹਨਾਂ ਨੇ **ਲੋਕਾਂ ਨੂੰ** ਇਹ ਗੱਲ ਦੱਸੀ ਸੀ, ਕਾਊਟਸਕੀ **ਤੀਜੇ** ਥੀਸਿਸ ਦਾ ਹਵਾਲਾ ਦੇਂਦਾ ਹੈ। **ਪਰ ਉਹ ਦੂਜੇ ਥੀਸਿਸ ਬਾਰੇ ਚੁੱਪ ਰਹਿੰਦਾ ਹੈ।**

ਦੂਜਾ ਥੀਸਿਸ ਇਸ ਪ੍ਰਕਾਰ ਹੈ:

"ਵਿਧਾਨ-ਘੜਨੀ ਅਸੈਂਬਲੀ ਬੁਲਾਏ ਜਾਣ ਦੀ ਮੰਗ ਕਰਨ ਦੇ ਨਾਲ਼ ਨਾਲ਼ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਨੇ 1917 ਦੇ ਇਨਕਲਾਬ ਦੇ ਆਰੰਭ ਤੋਂ ਹੀ **ਮੁੜ ਮੁੜ ਕੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ** ਕਿ **ਸੋਵੀਅਤਾਂ ਦੀ ਰਿਪਬਲਿਕ ਵਿਧਾਨ -ਘੜਨੀ ਅਸੈਂਬਲੀ ਵਾਲ਼ੀ ਆਮ ਬੁਰਜੂਆ ਰਿਪਬਲਿਕ ਨਾਲ਼ੋਂ ਜਮਹੂਰੀਅਤ ਦਾ ਉਚੇਰਾ ਰੂਪ ਹੈ**" (ਜ਼ੋਰ ਮੇਰੇ ਵੱਲੋਂ)

ਬਾਲਸ਼ਵਿਕਾਂ ਨੂੰ ਬੇਅਸੂਲੇ ਲੋਕਾਂ ਵਜੋਂ ਪੇਸ਼ ਕਰਨ ਲਈ, "ਇਨਕਲਾਬੀ ਮੌਕਾਪ੍ਰਸਤਾਂ" (ਇਹ ਸ਼ਬਦ ਕਾਊਟਸਕੀ ਨੇ ਆਪਣੀ ਕਿਤਾਬ ਵਿੱਚ ਕਿਤੇ ਵਰਤਿਆ ਹੈ, ਮੈਨੂੰ ਯਾਦ ਨਹੀਂ ਆ ਰਿਹਾ ਕਿ ਕਿਸ ਸਬੰਧ ਵਿਚ) ਵਜੋਂ ਪੇਸ਼ ਕਰਨ ਲਈ ਸ਼੍ਰੀਮਾਨ ਕਾਊਟਸਕੀ

---

* ਵੈਸੇ, ਕਾਊਟਸਕੀ ਦੇ ਪੈਂਫ਼ਲਟ ਵਿਚ ਇਸ ਤਰ੍ਹਾਂ ਦੇ ਬਹੁਤ ਸਾਰੇ ਮੈਨਸ਼ਵਿਕ ਝੂਠ ਹਨ। ਇਹ ਛਿੱਥੇ ਪਏ ਹੋਏ ਮੈਨਸ਼ਵਿਕ ਵਲੋਂ ਲਿਖੀ ਗਈ ਵਿਅੰਗ-ਰਚਨਾ ਹੈ।

ਨੇ ਆਪਣੇ **ਜਰਮਨ ਪਾਠਕਾਂ ਕੋਲੋਂ** ਇਹ ਤੱਥ **ਲੁਕਾ ਲਿਆ ਹੈ** ਕਿ ਇਹਨਾਂ ਥੀਸਿਸਾਂ ਵਿੱਚ "**ਮੁੜ ਮੁੜ ਕੀਤੇ ਗਏ**" ਐਲਾਨਾਂ ਦਾ ਸਿੱਧਾ ਹਵਾਲਾ ਦਿੱਤਾ ਗਿਆ ਹੈ!

ਇਹ ਹਨ ਤੁੱਛ ਜਿਹੇ, ਕਮੀਨੇ ਅਤੇ ਘ੍ਰਿਣਾਯੋਗ ਢੰਗ, ਜਿਨ੍ਹਾਂ ਦੀ ਸ਼੍ਰੀਮਾਨ ਕਾਊਟਸਕੀ ਵਰਤੋਂ ਕਰਦਾ ਹੈ। ਇਹ ਹੈ ਤਰੀਕਾ ਜਿਸ ਨਾਲ਼ ਉਹ **ਸਿਧਾਂਤਕ** ਸਵਾਲ ਤੋਂ ਕੰਨੀ ਕਤਰਾ ਗਿਆ ਹੈ।

ਕੀ ਇਹ ਸੱਚਾਈ ਹੈ ਜਾਂ ਨਹੀਂ ਕਿ ਬੁਰਜੂਆ-ਜਮਹੂਰੀ ਪਾਰਲੀਮੈਂਟਰੀ ਰਿਪਬਲਿਕ ਪੈਰਿਸ ਕਮਿਊਨ ਜਾਂ ਸੋਵੀਅਤ ਕਿਸਮ ਦੀ ਰਿਪਬਲਿਕ ਨਾਲ਼ੋਂ **ਘਟੀਆ** ਹੁੰਦੀ ਹੈ? ਸਾਰਾ ਨੁਕਤਾ ਇਹ ਹੈ ਅਤੇ ਕਾਊਟਸਕੀ ਇਸਨੂੰ ਟਾਲ ਗਿਆ ਹੈ। ਕਾਊਟਸਕੀ ਉਹ ਸਭ ਕੁਝ "ਭੁੱਲ ਗਿਆ ਹੈ", ਜੋ ਕੁਝ ਮਾਰਕਸ ਨੇ ਪੈਰਿਸ ਕਮਿਊਨ ਦੇ ਆਪਣੇ ਵਿਸ਼ਲੇਸ਼ਣ ਵਿੱਚ ਕਿਹਾ ਸੀ। ਉਹ ਏਂਗਲਜ਼ ਵੱਲੋਂ 28 ਮਾਰਚ 1875 ਨੂੰ ਬੇਬੇਲ ਨੂੰ ਲਿਖੀ ਗਈ ਚਿੱਠੀ ਨੂੰ ਵੀ "ਭੁੱਲ ਗਿਆ" ਹੈ, ਜਿਸ ਵਿਚ ਮਾਰਕਸ ਦਾ ਇਹੀ ਵਿਚਾਰ ਵਧੇਰੇ ਸਪੱਸ਼ਟ ਅਤੇ ਸਮਝ ਆਉਣ ਵਾਲ਼ੇ ਢੰਗ ਨਾਲ਼ ਲਿਖਿਆ ਗਿਆ ਹੈਃ —"ਕਮਿਊਨ ਇਸ ਸ਼ਬਦ ਦੇ ਠੀਕ ਅਰਥਾਂ ਵਿੱਚ ਰਾਜ ਨਹੀਂ ਸੀ ਰਹੀ"।

ਇਹ ਹੈ ਦੂਜੀ ਇੰਟਰਨੈਸ਼ਨਲ ਦਾ ਸਭ ਤੋਂ ਸਿਰਕੱਢ ਸਿਧਾਂਤਕਾਰ, ਜਿਹੜਾ ਖਾਸ ਕਰਕੇ ਰੂਸ ਨਾਲ਼ ਸਬੰਧਤ ਉਚੇਚਾ ਪੈਂਫ਼ਲਟ ਲਿਖ ਰਿਹਾ ਹੈ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ" ਜਿਸ ਵਿੱਚ ਸਿੱਧੀ ਤਰ੍ਹਾਂ ਅਤੇ ਮੁੜ ਮੁੜ ਕੇ ਰਾਜ ਦੇ ਉਸ ਰੂਪ ਬਾਰੇ ਸਵਾਲ ਉਠਾਇਆ ਗਿਆ ਹੈ ਜਿਹੜਾ ਜਮਹੂਰੀ ਬੁਰਜੂਆ ਰਿਪਬਲਿਕ ਨਾਲ਼ੋਂ ਉਚੇਰਾ ਹੈ ਅਤੇ ਉਹ ਇਸ ਸਵਾਲ ਨੂੰ ਹੀ ਟਾਲ਼ ਗਿਆ ਹੈ। ਇਹ ਗ਼ੱਦਾਰੀ ਕਰਕੇ ਬੁਰਜੂਆ ਧੜੇ ਵਿੱਚ ਚਲੇ ਜਾਣ ਨਾਲ਼ੋਂ **ਅਸਲ ਵਿਚ** ਕਿਵੇਂ ਵੱਖਰੀ ਗੱਲ ਹੈ?

(ਇੱਥੇ ਬਰੈਕਟਾਂ ਵਿੱਚ ਇਸ ਗੱਲ ਨੂੰ ਦੇਖ ਲਈਏ ਕਿ ਇਸ ਪੱਖੋਂ ਵੀ, ਕਾਊਟਸਕੀ ਰੂਸੀ ਮੈਨਸ਼ਵਿਕਾਂ ਦੇ ਸਿਰਫ਼ ਮਗਰ-ਮਗਰ ਹੀ ਜਾ ਰਿਹਾ ਹੈ। ਰੂਸੀ ਮੈਨਸ਼ਵਿਕਾਂ ਵਿੱਚ ਕਾਫ਼ੀ ਗਿਣਤੀ ਵਿੱਚ ਐਸੇ ਲੋਕ ਹਨ, ਜਿਹੜੇ ਮਾਰਕਸ ਅਤੇ ਏਂਗਲਜ਼ ਵਿੱਚੋਂ "ਸਾਰੀਆਂ ਟੂਕਾਂ" ਬਾਰੇ ਜਾਣਦੇ ਹਨ। ਫਿਰ ਵੀ, ਇੱਕ ਵੀ ਮੈਨਸ਼ਵਿਕ ਨੇ, ਅਪ੍ਰੈਲ ਤੋਂ ਅਕਤੂਬਰ, 1917 ਤੱਕ ਅਤੇ ਅਕਤੂਬਰ 1917 ਤੋਂ ਅਕਤੂਬਰ 1918 ਤੱਕ ਪੈਰਿਸ ਕਮਿਊਨ ਵਰਗੇ ਰਾਜ ਦੇ ਸਵਾਲ ਦੀ ਨਿਰਖ-ਪਰਖ ਕਰਨ ਦਾ ਕਦੀ **ਇੱਕ ਵਾਰੀ ਵੀ** ਯਤਨ **ਨਹੀਂ** ਕੀਤਾ। ਪਲੈਖ਼ਾਨੋਵ ਵੀ ਇਸ ਸਵਾਲ ਨੂੰ ਟਾਲ਼ ਗਿਆ ਹੈ। **ਪ੍ਰਤੱਖ ਹੈ ਕਿ ਉਸਨੂੰ ਟਾਲ਼ਣਾ ਹੀ ਪੈਣਾ ਸੀ**।)

ਇਹ ਦੱਸਣ ਦੀ ਲੋੜ ਨਹੀਂ ਕਿ ਵਿਧਾਨ-ਘੜਨੀ ਅਸੈਂਬਲੀ ਭੰਗ ਕਰਨ ਦੇ ਸਵਾਲ ਬਾਰੇ ਐਸੇ ਲੋਕਾਂ ਨਾਲ਼ ਬਹਿਸ ਕਰਨੀ, ਜਿਹੜੇ ਆਪਣੇ ਆਪ ਨੂੰ ਸੋਸ਼ਲਿਸਟ ਅਤੇ ਮਾਰਕਸਵਾਦੀ ਕਹਿੰਦੇ ਹਨ, ਪਰ ਜਿਹੜੇ **ਮੁੱਖ** ਸਵਾਲ ਉੱਤੇ , ਪੈਰਿਸ ਕਮਿਊਨ ਵਰਗੇ ਰਾਜ ਦੇ ਸਵਾਲ ਉੱਤੇ, ਗ਼ੱਦਾਰੀ ਕਰਕੇ ਬੁਰਜੂਆਜ਼ੀ ਵੱਲ ਚਲੇ ਜਾਂਦੇ ਹਨ, ਬੋਲ਼ੇ ਅੱਗੇ ਬੀਨ ਵਜਾਉਣ ਵਾਲ਼ੀ ਗੱਲ ਹੋਵੇਗੀ। ਹੱਥਲੀ ਕਿਤਾਬ ਦੀ ਅੰਤਿਕਾ ਵਜੋਂ ਵਿਧਾਨ-ਘੜਨੀ ਅਸੈਂਬਲੀ ਬਾਰੇ ਮੇਰੇ ਥੀਸਿਸਾਂ ਦਾ ਪੂਰਨ ਪਾਠ ਦੇਣਾ ਹੀ ਕਾਫ਼ੀ ਹੋਵੇਗਾ। ਪਾਠਕ ਫਿਰ ਦੇਖ

ਲਵੇਗਾ ਕਿ 26 ਦਸੰਬਰ, 1917 ਨੂੰ ਇਹ ਸਵਾਲ ਸਿਧਾਂਤ, ਇਤਿਹਾਸ ਅਤੇ ਅਮਲੀ ਰਾਜਨੀਤੀ ਦੀ ਰੌਸ਼ਨੀ ਵਿੱਚ ਪੇਸ਼ ਕੀਤਾ ਗਿਆ ਸੀ।

ਜੇ ਕਾਊਟਸਕੀ ਸਿਧਾਂਤਕਾਰ ਵਜੋਂ ਮਾਰਕਸਵਾਦ ਦਾ ਪੂਰੀ ਤਰ੍ਹਾਂ ਤਿਆਗ ਕਰ ਵੀ ਚੁੱਕਾ ਹੈ, ਤਾਂ ਵੀ ਉਸਨੂੰ ਇਤਿਹਾਸਕਾਰ ਵਜੋਂ ਵਿਧਾਨ-ਘੜਨੀ ਅਸੈਂਬਲੀ ਨਾਲ਼ ਸੋਵੀਅਤਾਂ ਦੇ ਘੋਲ਼ ਦੇ ਸਵਾਲ ਦੀ ਨਿਰਖ-ਪਰਖ ਕਰ ਲੈਣੀ ਚਾਹੀਦੀ ਸੀ। ਕਾਊਟਸਕੀ ਦੀਆਂ ਬਹੁਤ ਸਾਰੀਆਂ ਕਿਰਤਾਂ ਤੋਂ ਸਾਨੂੰ ਪਤਾ ਹੈ ਕਿ ਉਹ **ਜਾਣਦਾ** ਸੀ ਕਿ ਮਾਰਕਸਵਾਦੀ ਇਤਿਹਾਸਕਾਰ ਕਿਵੇਂ ਬਣੀਂਦਾ ਹੈ, ਅਤੇ ਉਸਦੀਆਂ ਇਹੋ ਜਿਹੀਆਂ ਕਿਰਤਾਂ ਉਸਦੇ ਮਗਰੋਂ ਦੇ ਭਗੌੜਾਵਾਦ ਦੇ ਬਾਵਜੂਦ ਪ੍ਰੋਲੇਤਾਰੀਆਂ ਦੀ ਸਦੀਵੀ ਜਾਇਦਾਦ ਰਹਿਣਗੀਆਂ। ਪਰ ਇਸ ਸਵਾਲ ਉੱਤੇ ਇਤਿਹਾਸਕਾਰ ਵਜੋਂ ਵੀ ਕਾਊਟਸਕੀ ਸੱਚਾਈ ਵਲੋਂ **ਮੂੰਹ ਫ਼ੇਰ ਲੈਂਦਾ ਹੈ**, **ਚੰਗੀ ਤਰ੍ਹਾਂ ਜਾਣੇ ਜਾਂਦੇ** ਤੱਥਾਂ ਨੂੰ ਅੱਖੋਂ ਉਹਲੇ ਕਰ ਦੇਂਦਾ ਹੈ ਅਤੇ ਝੋਲ਼ੀ-ਚੁੱਕਾਂ ਵਾਲ਼ਾ ਵਿਵਹਾਰ ਕਰਦਾ ਹੈ। ਉਹ ਬਾਲਸ਼ਵਿਕਾਂ ਨੂੰ ਬੇਅਸੂਲੇ ਲੋਕਾਂ ਵਜੋਂ ਪੇਸ਼ ਕਰਨਾ **ਚਾਹੁੰਦਾ** ਹੈ ਅਤੇ ਉਹ ਆਪਣੇ ਪਾਠਕਾਂ ਨੂੰ ਦੱਸਦਾ ਹੈ ਕਿ ਉਸਨੇ ਵਿਧਾਨ-ਘੜਨੀ ਅਸੈਂਬਲੀ ਤੋੜੇ ਜਾਣ ਤੋਂ ਪਹਿਲਾਂ ਇਸ ਨਾਲ ਟਕਰਾਓ ਨੂੰ **ਘਟਾਉਣ** ਦੀ ਕੋਸ਼ਿਸ਼ ਕੀਤੀ ਸੀ। ਇਸ ਵਿੱਚ ਬਿਲਕੁੱਲ ਕੁਝ ਵੀ ਗ਼ਲਤ ਨਹੀਂ, ਇਸ ਤੋਂ ਮੁਕਰਣ ਵਾਲੀ ਕੋਈ ਗੱਲ ਨਹੀਂ: ਮੈਂ ਥੀਸਿਸ ਪੂਰੇ ਦੇ ਪੂਰੇ ਦੇ ਰਿਹਾ ਹਾਂ ਅਤੇ ਉੱਥੇ ਪੂਰੀ ਸਪੱਸ਼ਟਤਾ ਨਾਲ਼ ਇਹ ਕਿਹਾ ਗਿਆ ਹੈ ਵਿਧਾਨ-ਘੜਨੀ ਅਸੈਂਬਲੀ ਵਿੱਚ ਥਾਂ ਮੱਲੀ ਬੈਠੇ ਡਿੱਕੋ-ਡੋਲੇ ਖਾਂਦੀ ਪੈਟੀ-ਬੁਰਜੂਆਜ਼ੀ ਦੇ ਭੱਦਰ ਪੁਰਸ਼ੋ, ਜਾਂ ਤਾਂ ਪ੍ਰੋਲੇਤਾਰੀ ਡਿਕਟੇਟਰਸ਼ਿਪ ਨਾਲ਼ ਸਹਿਮਤੀ ਲਈ ਆਪਣੇ ਮਨ ਨੂੰ ਮਨਾ ਲਵੋ, ਜਾਂ ਫਿਰ ਅਸੀਂ "ਇਨਕਲਾਬੀ ਸਾਧਨਾਂ" ਰਾਹੀਂ ਤੁਹਾਨੂੰ ਹਰਾ ਦੇਵਾਂਗੇ (ਥੀਸਿਸ 18 ਅਤੇ 19)

ਇਹ ਹੈ ਜਿਸ ਤਰ੍ਹਾਂ ਨਾਲ਼ ਸੱਚਮੁੱਚ ਦੇ ਇਨਕਲਾਬੀ ਪ੍ਰੋਲੇਤਾਰੀਆਂ ਨੇ ਹਮੇਸ਼ਾਂ ਹੀ ਵਿਵਹਾਰ ਕੀਤਾ ਹੈ ਅਤੇ ਜਿਸ ਤਰ੍ਹਾਂ ਡਿੱਕੋ-ਡੱਲੇ ਖਾਂਦੀ ਪੈਟੀ ਬੁਰਜੂਆਜ਼ੀ ਵੱਲ ਹਮੇਸ਼ਾਂ ਹੀ ਵਿਵਹਾਰ ਕਰਨਗੇ।

ਵਿਧਾਨ-ਘੜਨੀ ਅਸੈਂਬਲੀ ਦੇ ਸਵਾਲ ਉੱਤੇ ਕਾਊਟਸਕੀ ਰਸਮੀ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਮੇਰੇ ਥੀਸਸਾਂ ਵਿਚ ਸਪਸ਼ਟ ਅਤੇ ਮੁੜ ਮੁੜ ਕੇ ਕਿਹਾ ਗਿਆ ਹੈ ਕਿ ਵਿਧਾਨ-ਘੜਨੀ ਅਸੈਂਬਲੀ ਦੇ ਰਸਮੀ ਹੱਕਾਂ ਨਾਲ਼ੋਂ ਇਨਕਲਾਬ ਦੇ ਹਿੱਤ ਉਚੇਰੇ ਹਨ (ਦੇਖੋ ਥੀਸਿਸ 16 ਅਤੇ 17)। ਰਸਮੀ ਜਮਹੂਰੀ ਦ੍ਰਿਸ਼ਟੀਕੋਨ ਬਿਲਕੁਲ **ਬੁਰਜੂਆ** ਜਮਹੂਰੀਅਤਪਸੰਦ ਦਾ ਹੀ ਦ੍ਰਿਸ਼ਟੀਕੋਣ ਹੈ, ਜਿਹੜਾ ਇਹ ਮੰਨਣ ਤੋਂ ਇਨਕਾਰ ਕਰਦਾ ਹੈ ਕਿ ਪ੍ਰੋਲੇਤਾਰੀਆਂ ਦੇ ਅਤੇ ਪ੍ਰੋਲੇਤਾਰੀ ਸ਼੍ਰੇਣੀ ਘੋਲ ਦੇ ਹਿੱਤ ਸਰਵਉੱਚ ਹਨ। ਇਤਿਹਾਸਕਾਰ ਵਜੋਂ, ਕਾਊਟਸਕੀ ਇਸ ਗੱਲ ਤੋਂ ਇਨਕਾਰੀ ਨਹੀਂ ਸੀ ਹੋ ਸਕਦਾ ਕਿ ਬੁਰਜੂਆ ਪਾਰਲੀਮੈਂਟਾਂ ਇਕ ਜਾਂ ਦੂਜੀ ਸ਼੍ਰੇਣੀ ਦੀਆਂ ਹੀ ਰਾਜਸੀ ਜਥੇਬੰਦੀਆਂ ਹੁੰਦੀਆਂ ਨਹੀਂ। ਪਰ ਹੁਣ (ਇਨਕਲਾਬ ਨੂੰ ਤਿਆਗਣ ਦੇ ਘਿਣਾਉਣੇ ਮੰਤਵ ਨਾਲ਼) ਕਾਊਟਸਕੀ ਆਪਣੇ ਮਾਰਕਸਵਾਦ ਨੂੰ ਭੁੱਲ ਜਾਣਾ ਜ਼ਰੂਰੀ ਸਮਝਦਾ ਹੈ, ਅਤੇ **ਉਹ ਇਹ ਸਵਾਲ ਪੁੱਛਣ ਤੋਂ ਕੰਨੀਂ ਕਤਰਾਉਂਦਾ ਹੈ**: ਰੂਸ

ਵਿੱਚ ਵਿਧਾਨ-ਘੜਨੀ ਐਸੰਬਲੀ ਕਿਸ **ਸ਼੍ਰੇਣੀ** ਦੀ ਜਥੇਬੰਦੀ ਸੀ। ਕਾਊਟਸਕੀ ਠੋਸ ਹਾਲਤਾਂ ਦੀ ਨਿਰਖ-ਪਰਖ ਨਹੀਂ ਕਰਦਾ; ਉਹ ਤੱਥਾਂ ਦਾ ਸਾਮ੍ਹਣਾ ਨਹੀਂ ਕਰਨਾ ਚਾਹੁੰਦਾ; ਉਹ ਆਪਣੇ ਜਰਮਨ ਪਾਠਕਾਂ ਨੂੰ ਇਸ ਤੱਥ ਬਾਰੇ ਇੱਕ ਸ਼ਬਦ ਵੀ ਨਹੀਂ ਕਹਿੰਦਾ, ਕਿ ਥੀਸਿਸਾਂ ਵਿਚ ਨਾ ਸਿਰਫ਼ ਬੁਰਜੂਆ ਜਮਹੂਰੀਅਤ ਦੇ ਸੀਮਤ ਖਾਸੇ ਦੇ ਸਵਾਲ ਦੀ ਹੀ ਸਿਧਾਂਤਕ ਵਿਆਖਿਆ ਕੀਤੀ ਗਈ ਹੋਈ ਹੈ (ਥੀਸਿਸ 1-3), ਨਾ ਸਿਰਫ਼ ਉਹਨਾਂ ਠੋਸ ਹਾਲਤਾਂ ਦਾ ਹੀ ਵਰਣਨ ਕੀਤਾ ਗਿਆ ਹੈ ਜਿਹੜੀਆਂ ਅਕਤੂਬਰ 1917 ਦੇ ਅੱਧ ਵਿੱਚ ਉਮੀਦਵਾਰਾਂ ਦੀਆਂ ਪਾਰਟੀ ਸੂਚੀਆਂ ਅਤੇ ਦਸੰਬਰ 1917 ਵਿਚਲੀਆਂ ਅਸਲ ਹਾਲਤਾਂ ਵਿਚਕਾਰ ਅਜੋੜਤਾ ਨੂੰ ਨਿਰਧਾਰਿਤ ਕਰਦੀਆਂ ਸਨ, (ਥੀਸਿਸ 4-6), ਸਗੋਂ ਅਕਤੂਬਰ -ਦਸਬੰਰ, 1917 ਦੇ ਸਮੇਂ ਵਿਚਲੇ **ਸ਼੍ਰੇਣੀ ਘੋਲ਼ ਅਤੇ ਘਰੇਲੂ ਜੰਗ ਦਾ ਇਤਿਹਾਸ** ਵੀ ਦਿੱਤਾ ਗਿਆ ਹੈ (ਥੀਸਿਸ 7 -15)। ਇਸ ਠੋਸ ਇਤਿਹਾਸ ਤੋਂ ਅਸੀਂ ਇਹ ਸਿੱਟਾ ਕੱਢਿਆ ਸੀ (ਥੀਸਿਸ 14) ਕਿ "ਕੁੱਲ ਸੱਤ੍ਹਾ ਵਿਧਾਨ-ਘੜਨੀ ਅਸੈਂਬਲੀ ਨੂੰ ਦਿਓ!" ਦਾ ਨਾਅਰਾ, **ਅਸਲ ਵਿਚ** ਕੈਡਟਾਂ[33] ਦਾ, ਕਾਲੇਦਿਨ ਦੇ ਆਦਮੀਆਂ ਅਤੇ ਉਹਨਾਂ ਨੂੰ ਸ਼ਹਿ ਦੇਣ ਵਾਲ਼ਿਆਂ ਦਾ ਨਾਅਰਾ ਬਣ ਚੁੱਕਾ ਸੀ।

ਇਤਿਹਾਸਕਾਰ ਕਾਊਟਸਕੀ ਇਹ ਦੇਖਣ ਵਿੱਚ ਅਸਫ਼ਲ ਰਹਿੰਦਾ ਹੈ। ਇਤਿਹਾਸਕਾਰ ਕਾਊਟਸਕੀ ਨੇ ਕਦੀ ਨਹੀਂ ਸੁਣਿਆ ਕਿ ਸਰਬ-ਵਿਆਪਕ ਮੱਤਾਧਿਕਾਰ ਕਦੀ ਕਦੀ ਪੈਟੀ-ਬੁਰਜੂਆ, ਕਦੀ ਕਦੀ ਪ੍ਰਤੀਕਿਰਿਆਵਾਦੀ ਅਤੇ ਉਲਟ-ਇਨਕਲਾਬੀ ਪਾਰਲੀਮੈਂਟਾਂ ਵੀ ਕਾਇਮ ਕਰ ਦੇਂਦਾ ਹੈ। ਮਾਰਕਸਵਾਦੀ ਇਤਿਹਾਸਕਾਰ ਕਾਊਟਸਕੀ ਨੇ ਕਦੀ ਨਹੀਂ ਸੁਣਿਆ ਕਿ ਚੋਣਾਂ ਦਾ ਰੂਪ, ਜਮਹੂਰੀਅਤ ਦਾ ਰੂਪ, ਇੱਕ ਚੀਜ਼ ਹੈ ਅਤੇ ਸਬੰਧਤ ਸੰਸਥਾ ਦਾ ਸ਼੍ਰੇਣੀ ਵਸਤੂ ਦੂਜੀ ਚੀਜ਼ ਹੈ। ਵਿਧਾਨ-ਘੜਨੀ ਅਸੈਂਬਲੀ ਦੇ ਸ਼੍ਰੇਣੀ ਵਸਤੂ ਦਾ ਇਹ ਸਵਾਲ ਮੇਰੇ ਥੀਸਸਾਂ ਵਿਚ ਸਿੱਧੀ ਤਰ੍ਹਾਂ ਉਠਾਇਆ ਗਿਆ ਅਤੇ ਉਸਦਾ ਉੱਤਰ ਦਿਤਾ ਗਿਆ ਹੈ। ਸ਼ਾਇਦ ਮੇਰਾ ਉੱਤਰ ਗ਼ਲਤ ਹੈ। ਇੱਕ ਬਾਹਰਲੇ ਵਿਅਕਤੀ ਵੱਲੋਂ ਸਾਡੇ ਵਿਸ਼ਲੇਸ਼ਣ ਦੀ ਮਾਰਕਸਵਾਦੀ ਆਲੋਚਨਾ ਨਾਲੋਂ ਵਧੇਰੇ ਖੁਸ਼ੀ ਦੀ ਗੱਲ ਸਾਡੇ ਲਈ ਹੋਰ ਕੋਈ ਨਹੀਂ ਸੀ ਹੋ ਸਕਦੀ। ਇਸ ਬਾਰੇ, ਕਿ ਕੋਈ ਬਾਲਸ਼ਵਿਕਵਾਦ ਦੀ ਅਲੋਚਨਾ ਨੂੰ ਰੋਕ ਰਿਹਾ ਹੈ, ਬਿਲਕੁਲ ਬੇਹੂਦਾ ਫ਼ਿਕਰੇ ਲਿਖਣ ਦੀ ਥਾਂ (ਜਿਸ ਤਰ੍ਹਾਂ ਦੇ ਕਿ ਕਾਊਟਸਕੀ ਦੀ ਕਿਤਾਬ ਵਿੱਚ ਬਥੇਰੇ ਮਿਲਦੇ ਹਨ), ਇਸਨੂੰ ਇਸ ਤਰ੍ਹਾਂ ਦੀ ਆਲੋਚਨਾ ਕਰਨ ਦਾ ਕੰਮ ਹੱਥ ਲੈਣਾ ਚਾਹੀਦਾ ਸੀ। ਪਰ ਗੱਲ ਤਾਂ ਇਹ ਹੈ ਕਿ ਉਹ ਕੋਈ ਆਲੋਚਨਾ ਨਹੀਂ ਕਰਦਾ। ਇਥੋਂ ਤੱਕ ਕਿ ਉਹ, ਇਕ ਪਾਸੇ, ਸੋਵੀਅਤਾਂ ਦੇ ਅਤੇ ਦੂਜੇ ਪਾਸੇ ਵਿਧਾਨ-ਘੜਨੀ ਅਸੈਂਬਲੀ ਦੇ ਸ਼੍ਰੇਣੀ ਵਿਸ਼ਲੇਸ਼ਣ ਦਾ **ਸਵਾਲ ਹੀ ਨਹੀਂ ਉਠਾਉਂਦਾ।** ਇਸ ਲਈ ਕਾਊਟਸਕੀ ਨਾਲ਼ ਦਲੀਲ ਜਾਂ ਬਹਿਸ **ਅਸੰਭਵ** ਹੈ। ਅਸੀਂ ਜੋ ਕੁਝ ਕਰ ਸਕਦੇ ਹਾਂ ਉਹ ਇਹ ਕਿ ਪਾਠਕਾਂ ਨੂੰ ਇਹ **ਦਿਖਾ ਦੇਈਏ** ਕਿ ਕਿਉਂ ਕਾਊਟਸਕੀ ਨੂੰ ਭਗੌੜੇ ਤੋਂ ਛੁੱਟ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

ਸੋਵੀਅਤਾਂ ਅਤੇ ਵਿਧਾਨ-ਘੜਨੀ ਅਸੈਂਬਲੀ ਵੱਲੋਂ ਵੱਖ ਵੱਖ ਰਾਹ ਲੈਣ ਦਾ ਵੀ

ਆਪਣਾ ਇਤਿਹਾਸ ਹੈ, ਜਿਸਨੂੰ ਐਸਾ ਇਤਿਹਾਸਕਾਰ ਵੀ ਅੱਖੋਂ ਉਹਲੇ ਨਹੀਂ ਸੀ ਕਰ ਸਕਦਾ, ਜਿਹੜਾ ਸ਼੍ਰੇਣੀ ਘੋਲ਼ ਦੇ ਦ੍ਰਿਸ਼ਟੀਕੋਨ ਨਾਲ਼ ਸਹਿਮਤ ਨਾ ਹੋਵੇ। ਕਾਊਟਸਕੀ ਇਸ ਅਸਲ ਇਤਿਹਾਸ ਨੂੰ **ਛੂੰਹਦਾ** ਤੱਕ ਨਹੀਂ। ਕਾਊਟਸਕੀ ਨੇ ਆਪਣੇ ਜਰਮਨ ਪਾਠਕਾਂ ਤੋਂ ਇਹ ਆਮ ਜਾਣਿਆ ਜਾਂਦਾ ਤੱਥ ਲੁਕਾ ਲਿਆ ਹੈ (ਜਿਹੜਾ ਕਿ ਹੁਣ ਸਿਰਫ਼ ਖੋਰੀ ਮੈਨਸ਼ਵਿਕ ਹੀ ਲੁਕਾਉਂਦੇ ਹਨ) ਕਿ ਸੋਵੀਅਤਾਂ ਅਤੇ "ਆਮ ਰਾਜਕੀ" (ਅਰਥਾਤ, ਬੁਰਜੂਆ) ਸੰਸਥਾਵਾਂ ਵਿਚਕਾਰ ਮੱਤਭੇਦ ਮੈਨਸ਼ਵਿਕਾਂ ਦੀ ਹਕੂਮਤ ਵੇਲ਼ੇ, ਅਰਥਾਤ, ਫਰਵਰੀ ਦੇ ਅਖੀਰ ਤੋਂ ਅਕਤੂਬਰ, 1917 ਤੱਕ, ਵੀ ਮੌਜੂਦ ਸੀ। ਅਸਲ ਵਿੱਚ, ਕਾਊਟਸਕੀ ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਵਿਚਕਾਰ ਸੁਲਹ-ਸਫ਼ਾਈ, ਸਮਝੌਤੇ ਅਤੇ ਗੰਢ-ਸੰਢ ਦੀ ਪੁਜ਼ੀਸ਼ਨ ਅਪਣਾਉਂਦਾ ਹੈ। ਕਾਉਟਸਕੀ ਭਾਵੇਂ ਇਸ ਤੋਂ ਕਿੰਨਾਂ ਵੀ ਮੁਨਕਰ ਹੋ ਲਵੇ, ਪਰ ਇਹ ਇੱਕ ਐਸਾ ਤੱਥ ਹੈ ਜਿਸਦੀ ਗਵਾਹੀ ਉਸਦਾ ਸਾਰਾ ਪੈਂਫ਼ਲਟ ਦੇਂਦਾ ਹੈ। ਇਹ ਕਹਿਣਾ ਕਿ ਵਿਧਾਨ-ਘੜਨੀ ਅਸੈਂਬਲੀ ਨੂੰ ਭੰਗ ਨਹੀਂ ਸੀ ਕੀਤਾ ਜਾਣਾ ਚਾਹੀਦਾ, ਇਹ ਕਹਿਣ ਦੇ ਬਰਾਬਰ ਹੈ ਕਿ ਬੁਰਜੂਆਜ਼ੀ ਦੇ ਖਿਲਾਫ਼ ਲੜਾਈ ਅੰਤ ਤੱਕ ਨਹੀਂ ਸੀ ਲੜੀ ਜਾਣੀ ਚਾਹੀਦੀ, ਕਿ ਬੁਰਜੂਆਜ਼ੀ ਦਾ ਤਖ਼ਤਾ ਨਹੀਂ ਸੀ ਉਲਟਾਇਆ ਜਾਣਾ ਚਾਹੀਦਾ ਅਤੇ ਪ੍ਰੋਲੇਤਾਰੀਆਂ ਨੂੰ ਇਸ ਨਾਲ਼ ਸਮਝੌਤਾ ਕਰ ਲੈਣਾ ਚਾਹੀਦਾ ਸੀ।

ਕਾਊਟਸਕੀ ਇਸ ਤੱਥ ਬਾਰੇ ਕਿਉਂ ਚੁੱਪ ਰਿਹਾ ਹੈ ਕਿ ਫਰਵਰੀ ਅਤੇ ਅਕਤੂਬਰ 1917 ਦੇ ਵਿਚਲੇ ਸਮੇਂ ਵਿੱਚ ਮੈਨਸ਼ਵਿਕ ਇਸ ਬਦਨਾਮ ਕੰਮ ਵਿੱਚ ਜੁੱਟੇ ਰਹੇ ਸਨ ਅਤੇ ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਸੀ ਹੋਇਆ? ਜੇ ਬੁਰਜੂਆਜ਼ੀ ਦੀ ਪ੍ਰੋਲੇਤਾਰੀਆਂ ਨਾਲ਼ ਸੁਲਹ-ਸਫ਼ਾਈ ਸੰਭਵ ਸੀ, ਤਾਂ ਫਿਰ ਇੰਝ ਕਰਨ ਵਿੱਚ ਮੈਨਸ਼ਵਿਕ ਕਿਉਂ ਨਹੀਂ ਸਨ ਸਫ਼ਲ ਹੋਏ? ਬੁਰਜੂਆਜ਼ੀ ਸੋਵੀਅਤਾਂ ਤੋਂ ਕਿਉਂ ਲਾਂਭੇ ਖੜੀ ਰਹੀ ਸੀ? **ਮੈਨਸ਼ਵਿਕ** ਕਿਉਂ ਸੋਵੀਅਤਾਂ ਨੂੰ "ਇਨਕਲਾਬੀ ਜਮਹੂਹੀਅਤ" ਅਤੇ ਬੁਰਜੂਆਜ਼ੀ ਨੂੰ "ਜਾਇਦਾਦ ਵਾਲ਼ੇ ਅਨਸਰ" ਕਹਿੰਦੇ ਰਹੇ ਸਨ?

ਕਾਊਟਸਕੀ ਆਪਣੇ ਜਰਮਨ ਪਾਠਕਾਂ ਤੋਂ ਲੁਕਾ ਗਿਆ ਹੈ ਕਿ ਮੈਨਸ਼ਵਿਕ ਹੀ ਸਨ, ਜਿਨ੍ਹਾਂ ਨੇ ਆਪਣੀ ਹਕੂਮਤ (ਫ਼ਰਵਰੀ ਤੋਂ ਅਕਤੂਬਰ 1917) ਦੇ "ਦੌਰ" ਵਿੱਚ ਸੋਵੀਅਤਾਂ ਨੂੰ "ਇਨਕਲਾਬੀ ਜਮਹੂਰੀਅਤ" ਦਾ ਨਾਂ ਦਿੱਤਾ ਸੀ, ਅਤੇ **ਇਸ ਤਰ੍ਹਾਂ** ਉਹਨਾਂ ਨੇ ਦੂਜੀਆਂ ਸੰਸਥਾਵਾਂ ਨਾਲ਼ੋਂ ਸੋਵੀਅਤਾਂ ਦੀ ਉਤਮਤਾ ਨੂੰ ਮੰਨਿਆ ਸੀ। ਸਿਰਫ਼ ਇਹ ਤੱਥ ਲੁਕਾ ਕੇ ਹੀ ਇਤਿਹਾਸਕਾਰ ਕਾਊਟਸਕੀ ਇਹ ਇਹ ਪ੍ਰਭਾਵ ਪਾ ਸਕਿਆ ਹੈ ਕਿ ਸੋਵੀਅਤਾਂ ਅਤੇ ਬੁਰਜੂਆਜ਼ੀ ਵਿਚਕਾਰ ਮੱਤਭੇਦ ਦਾ ਕੋਈ ਇਤਿਹਾਸ ਨਹੀਂ ਸੀ, ਕਿ ਇਹ ਅਚਨਚੇਤ ਹੀ, ਬਿਨਾਂ ਕਾਰਨ, ਇੱਕਦਮ ਬਾਲਸ਼ਵਿਕਾਂ ਦੇ ਭੈੜੇ ਵਿਵਹਾਰ ਕਾਰਨ ਪੈਦਾ ਹੋ ਗਿਆ। ਪਰ, ਅਸਲ ਵਿਚ, ਮੈਨਸ਼ਵਿਕ ਸਮਝੌਤੇ ਦੇ, ਪ੍ਰੋਲੇਤਾਰੀਆਂ ਦੀ ਬੁਰਜੂਆਜ਼ੀ ਨਾਲ਼ ਸੁਲਹ-ਸਫ਼ਾਈ ਕਰਾਉਣ ਦੇ ਉਹਨਾਂ ਦੇ ਯਤਨਾਂ ਦੇ, **ਛੇ ਮਹੀਨੇ ਤੋਂ ਵਧ ਸਮੇਂ ਦਾ** (ਜੋ ਕਿ ਇਨਕਲਾਬ ਦੇ ਸਮੇ ਬਹੁਤ ਜ਼ਿਆਦਾ ਸਮਾਂ ਹੁੰਦਾ ਹੈ) **ਤਜਰਬਾ** ਹੀ ਸੀ, ਜਿਸਨੇ ਲੋਕਾਂ ਸਾਮ੍ਹਣੇ ਇਹਨਾਂ ਯਤਨਾਂ ਦੀ ਨਿਰਫ਼ਲਤਾ ਨੂੰ ਸਿੱਧ ਕੀਤਾ ਅਤੇ ਪ੍ਰੋਲੇਤਾਰੀਆਂ ਨੂੰ ਮੈਨਸ਼ਵਿਕਾਂ ਤੋਂ ਦੂਰ ਕਰ

ਦਿਤਾ।

ਕਾਊਟਸਕੀ ਮੰਨਦਾ ਹੈ ਕਿ ਸੋਵੀਅਤਾਂ ਪ੍ਰੋਲੇਤਾਰੀਆਂ ਦੀਆਂ ਸ਼ਾਨਦਾਰ, ਲੜਾਕਾ ਜਥੇਬੰਦੀਆਂ ਹਨ ਅਤੇ ਉਹਨਾਂ ਅੱਗੇ ਮਹਾਨ ਭਵਿੱਖ ਪਿਆ ਹੈ। ਪਰ ਜੇ ਗੱਲ ਇਹ ਹੈ ਤਾਂ ਕਾਊਟਸਕੀ ਦੀ ਪੁਜ਼ੀਸ਼ਨ ਰੇਤ ਦੇ ਕਿਲ੍ਹੇ ਵਾਂਗ, ਜਾਂ ਇਕ ਪੈਟੀ-ਬੁਰਜੂਆ ਦੇ ਸੁਫ਼ਨਿਆਂ ਵਾਂਗ ਢਹਿ ਜਾਂਦੀ ਹੈ, ਕਿ ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਵਿਚਕਾਰ ਤੀਖਣ ਘੋਲ਼ ਟਾਲ਼ਿਆ ਜਾ ਸਕਦਾ ਹੈ। ਕਿਉਂਕਿ ਇਨਕਲਾਬ ਇੱਕ ਨਿਰੰਤਰ, ਅਤੇ ਇਸਤੋਂ ਵੀ ਵੱਧ, ਇੱਕ ਸਿਰੱਲਥ ਘੋਲ਼ ਹੈ ਅਤੇ ਪ੍ਰੋਲੇਤਾਰੀ **ਸਾਰੇ** ਦੱਬੇ-ਕੁਚਲੇ ਲੋਕਾਂ ਦੀ ਮੁਹਰੈਲ ਸ਼੍ਰੇਣੀ ਹੈ, ਆਪਣੀ ਮੁਕਤੀ ਲਈ ਸਾਰੇ ਹੀ ਦੱਬੇ-ਕੁਚਲੇ ਲੋਕਾਂ ਦੀਆਂ ਸਾਰੀਆਂ ਅਕਾਂਖਿਆਵਾਂ ਦਾ ਧੁਰਾ ਅਤੇ ਕੇਂਦਰ ਹੈ। ਇਸ ਲਈ, ਕੁਦਰਤੀ ਤੌਰ ਉਤੇ, ਦੱਬੇ-ਕੁਚਲੇ ਲੋਕਾਂ ਦੇ ਘੋਲ ਦੇ ਅੰਗ ਵਜੋਂ, ਸੋਵੀਅਤਾਂ ਇਹਨਾਂ ਲੋਕਾਂ ਦੀਆਂ ਮਨੋ-ਸਥਿਤੀਆਂ ਅਤੇ ਰਾਵਾਂ ਦੀ ਤਬਦੀਲੀ ਨੂੰ ਹੋਰ ਕਿਸੇ ਵੀ ਸੰਸਥਾ ਨਾਲ਼ੋਂ ਕਿਤੇ ਵਧੇਰੇ ਤੇਜ਼ੀ ਨਾਲ਼, ਪੂਰੀ ਤਰ੍ਹਾਂ ਅਤੇ ਵਫ਼ਾਦਾਰੀ ਨਾਲ਼ ਪ੍ਰਤਿਬਿੰਬਤ ਅਤੇ ਪ੍ਰਗਟ ਕਰਦੀਆਂ ਸਨ (ਵੈਸੇ, ਇਹ ਇੱਕ ਕਾਰਨ ਹੈ ਕਿ ਕਿਉਂ ਸੋਵੀਅਤ ਜਮਹੂਰੀਅਤ ਸਰਵੁੱਚ ਕਿਸਮ ਦੀ ਜਮਹੂਰੀਅਤ ਹੈ)।

28 ਫਰਵਰੀ (ਪੁਰਾਣੇ ਢੰਗ ਨਾਲ਼) ਅਤੇ 25 ਅਕਤੂਬਰ, 1917 ਦੇ ਵਿਚਕਾਰਲੇ ਸਮੇਂ ਵਿਚ ਸਥਾਨਕ, ਊਯੇਜ਼ਦ, ਕਸਬਿਆਂ, ਗੁਬੇਰਨੀਆਂ ਅਤੇ ਖੰਡਾਂ ਦੀਆਂ ਬਹੁਤ ਗਿਣਤੀ ਵਿੱਚ ਕੀਤੀਆਂ ਕਾਨਫ਼ਰੰਸਾਂ ਨੂੰ ਜੇ ਛੱਡ ਵੀ ਦਿੱਤਾ ਜਾਏ ਤਾਂ, ਸੋਵੀਅਤ ਰੂਸ ਦੀ ਵਸੋਂ ਦੀ ਭਾਰੀ ਬਹੁਗਿਣਤੀ ਦੇ, ਸਾਰੇ ਮਜ਼ਦੂਰਾਂ ਅਤੇ ਫ਼ੌਜੀਆਂ ਦੇ, ਅਤੇ 70 ਤੋਂ 80 ਫ਼ੀਸਦੀ ਤੱਕ ਕਿਸਾਨਾਂ ਦੇ ਪ੍ਰਤੀਨਿਧਾਂ ਦੀਆਂ ਦੋ ਕੁੱਲ-ਰੂਸ ਕਾਂਗਰਸਾਂ ਸੱਦਣ ਵਿਚ ਸਫ਼ਲ ਰਹੀਆਂ। ਇਸ ਸਮੇਂ ਵਿੱਚ ਬੁਰਜੂਆਜ਼ੀ ਬਹੁਗਿਣਤੀ ਦੀ ਪ੍ਰਤਿਨਿਧਤਾ ਕਰਦੀ ਕਿਸੇ ਇੱਕ ਵੀ ਸੰਸਥਾ ਨੂੰ ਬੁਲਾਉਣ ਵਿੱਚ ਸਫ਼ਲ ਨਾ ਹੋਈ (ਸਿਵਾਏ "ਜਮਹੂਰੀ ਕਾਨਫਰੰਸ"[34] ਨਾਂ ਦੇ ਉਸ ਪ੍ਰਤੱਖ ਢਕੌਂਜ ਅਤੇ ਮਜ਼ਾਕ ਦੇ, ਜਿਸਨੇ ਪ੍ਰੋਲੇਤਾਰੀਆਂ ਨੂੰ ਗ਼ੁੱਸੇ ਵਿੱਚ ਲੈ ਆਂਦਾ)। ਵਿਧਾਨ-ਘੜਨੀ ਅਸੈਂਬਲੀ ਸੋਵੀਅਤਾਂ ਦੀ ਪਹਿਲੀ (ਜੂਨ) ਕੁੱਲ-ਰੂਸ ਕਾਂਗਰਸ ਵਾਲ਼ੇ ਹੀ ਜਨਤਕ ਮੂਡ ਨੂੰ ਅਤੇ **ਉਸ ਵਾਲ਼ੀ ਹੀ** ਰਾਜਨੀਤਕ ਗਰੁੱਪ-ਬੰਦੀ ਨੂੰ ਪ੍ਰਤਿਬਿੰਬਤ ਕਰਦੀ ਸੀ। ਜਦੋਂ ਨੂੰ ਵਿਧਾਨ-ਘੜਨੀ ਅਸੈਂਬਲੀ ਬੁਲਾਈ ਗਈ (ਜਨਵਰੀ 1918), ਉਦੋਂ ਤੱਕ ਸੋਵੀਅਤਾਂ ਦੀ ਦੂਜੀ (ਅਕਤੂਬਰ 1917) ਅਤੇ ਤੀਜੀ (ਜਨਵਰੀ 1918) ਕਾਂਗਰਸ ਹੋ ਚੁੱਕੀ ਸੀ, ਇਹਨਾਂ ਦੋਹਾਂ ਕਾਂਗਰਸਾਂ ਨੇ ਹੀ **ਪੂਰਨ ਸਪੱਸ਼ਟਤਾ ਨਾਲ਼ ਇਹ ਦਰਸਾ ਦਿੱਤਾ ਸੀ** ਕਿ ਲੋਕ ਖੱਬੇ ਵੱਲ ਨੂੰ ਧਾ ਕੇ ਆ ਗਏ ਹਨ, ਉਹਨਾਂ ਦਾ ਇਨਕਲਾਬੀਕਰਣ ਹੋ ਗਿਆ ਹੈ, ਉਹ ਮੈਨਸ਼ਵਿਕਾਂ ਅਤੇ ਸੋਸ਼ਲਿਸ਼ਟ-ਇਨਕਲਾਬੀਆਂ ਤੋਂ ਦੂਰ ਹਟ ਗਏ ਹਨ, ਅਤੇ ਬਾਲਸ਼ਵਿਕਾਂ ਦੇ ਪਾਸੇ ਆ ਗਏ ਹਨ; **ਅਰਥਾਤ**, ਉਹ ਪੈਟੀ-ਬੁਰਜੂਆ ਆਗੂਆਂ ਤੋਂ, ਇਸ ਭੁਲੇਖੇ ਤੋਂ ਕਿ ਬੁਰਜੂਆਜ਼ੀ ਨਾਲ਼ ਸਮਝੌਤੇ ਉਤੇ ਪਹੁੰਚਣਾ ਸੰਭਵ ਹੈ, ਦੂਰ ਹਟ ਗਏ ਹਨ, ਅਤੇ ਬੁਰਜੂਆਜ਼ੀ ਦਾ ਤਖਤਾ ਉਲਟਾਉਣ ਲਈ ਪ੍ਰੋਲੇਤਾਰੀ ਇਨਕਲਾਬੀ ਘੋਲ਼ ਵਿੱਚ ਸ਼ਾਮਲ ਹੋ ਗਏ ਹਨ।

ਇਸ ਤਰ੍ਹਾਂ, ਸੋਵੀਅਤਾਂ ਦਾ **ਬਾਹਰੀ ਇਤਿਹਾਸ** ਵੀ ਦਰਸਾਉਂਦਾ ਹੈ ਕਿ ਵਿਧਾਨ

-ਘੜਨੀ ਅਸੈਂਬਲੀ ਇਕ **ਪ੍ਰਤੀਕਿਰਿਆਵਾਦੀ** ਸੰਸਥਾ ਸੀ ਅਤੇ ਇਸਨੂੰ ਭੰਗ ਕੀਤਾ ਜਾਣਾ ਅਟੱਲ ਸੀ। ਪਰ ਕਾਊਟਸਕੀ ਦ੍ਰਿੜਤਾ ਨਾਲ਼ ਆਪਣੇ "ਨਾਅਰੇ" ਉੱਤੇ ਡਟਿਆ ਹੋਇਆ ਹੈ: "ਨਿਰੋਲ ਜਮਹੂਰੀਅਤ" ਨੂੰ ਕਾਇਮ ਰਹਿਣ ਦਿਓ, ਭਾਵੇਂ ਇਨਕਲਾਬ ਤਬਾਹ ਹੋ ਜਾਏ ਅਤੇ ਬੁਰਜੂਆਜ਼ੀ ਪ੍ਰੋਲੇਤਾਰੀਆਂ ਉੱਤੇ ਜਿੱਤ ਪ੍ਰਾਪਤ ਕਰ ਲਵੇ! Fiat justitia, pereat mundus!*

ਰੂਸੀ ਇਨਕਲਾਬ ਦੇ ਇਤਿਹਾਸ ਦੇ ਦੌਰਾਨ ਸੋਵੀਅਤਾਂ ਦੀਆਂ ਕੁੱਲ-ਰੂਸ ਕਾਂਗਰਸਾਂ ਨਾਲ਼ ਸਬੰਧਤ ਸੰਖੇਪ ਅੰਕੜੇ ਇਸ ਪ੍ਰਕਾਰ ਹਨ:

| ਸੋਵੀਅਤਾਂ ਦੀਆਂ ਕੁੱਲ-ਰੂਸ ਕਾਂਗਰਸਾਂ | ਡੈਲੀਗੇਟਾਂ ਦੀ ਗਿਣਤੀ | ਬਾਲਸ਼ਵਿਕਾਂ ਦੀ ਗਿਣਤੀ | ਬਾਲਸ਼ਵਿਕਾਂ ਦੀ ਫ਼ੀਸਦੀ |
|---|---|---|---|
| ਪਹਿਲੀ (3 ਜੂਨ, 1917) | 790 | 103 | 13 |
| ਦੂਜੀ (25 ਅਕਤੂਬਰ, 1917) | 675 | 343 | 51 |
| ਤੀਜੀ (10 ਜਨਵਰੀ, 1918) | 710 | 434 | 61 |
| ਚੌਥੀ (14 ਮਾਰਚ, 1918) | 1,232 | 795 | 64 |
| ਪੰਜਵੀਂ (5 ਜੁਲਾਈ, 1918) | 1,164 | 773 | 66 |

ਇਹਨਾਂ ਅੰਕੜਿਆਂ ਉੱਤੇ ਇੱਕ ਨਜ਼ਰ ਹੀ ਇਹ ਸਮਝਣ ਲਈ ਕਾਫ਼ੀ ਹੋਵੇਗੀ ਕਿ ਵਿਧਾਨ-ਘੜਨੀ ਅਸੈਂਬਲੀ ਦੀ ਵਕਾਲਤ ਅਤੇ (ਕਾਊਟਸਕੀ ਵੱਲੋਂ) ਵਸੋਂ ਦੀ ਬਹੁਗਿਣਤੀ ਬਾਲਸ਼ਵਿਕਾਂ ਦੇ ਪਿੱਛੇ ਨਾ ਹੋਣ ਦੀ ਗੱਲ ਦਾ ਰੂਸ ਵਿੱਚ ਮਜ਼ਾਕ ਕਿਉਂ ਉਡਾਇਆ ਜਾਂਦਾ ਹੈ।

## ਸੋਵੀਅਤ ਸੰਵਿਧਾਨ

ਜਿਵੇਂ ਕਿ ਮੈਂ ਪਹਿਲਾਂ ਹੀ ਧਿਆਨ ਦੁਆ ਚੁੱਕਾ ਹਾਂ, ਬੁਰਜੂਆਜ਼ੀ ਦਾ ਮੱਤਾਧਿਕਾਰ ਖੋਹਣਾ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਕੋਈ ਜ਼ਰੂਰੀ ਅਤੇ ਲਾਜ਼ਮੀ ਲੱਛਣ ਨਹੀਂ। ਅਤੇ ਰੂਸ ਵਿੱਚ, ਬਾਲਸ਼ਵਿਕਾਂ ਨੇ, ਜਿਹੜੇ ਅਕਤੂਬਰ ਤੋਂ ਬਹੁਤ ਪਹਿਲਾਂ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਨਾਅਰਾ ਦੇ ਚੁੱਕੇ ਸਨ, ਸ਼ੋਸ਼ਕਾਂ ਦਾ ਮੱਤਾਧਿਕਾਰ ਖੋਹਣ ਬਾਰੇ ਅਗੇਤਾ ਹੀ ਕੁਝ ਨਹੀਂ ਸੀ ਕਿਹਾ। ਡਿਕਟੇਟਰਸ਼ਿਪ ਦਾ **ਇਹ** ਪੱਖ ਕਿਸੇ ਵੀ ਵਿਸ਼ੇਸ਼ ਪਾਰਟੀ ਦੀ "ਯੋਜਨਾ ਦੇ ਮੁਤਾਬਕ" ਪ੍ਰਗਟ ਨਹੀਂ ਸੀ ਹੋਇਆ; ਘੋਲ਼ ਦੇ ਦੌਰਾਨ ਇਹ ਆਪਣੇ ਆਪ **ਉੱਠ ਖੜ੍ਹਾ ਹੋਇਆ** ਸੀ। ਬੇਸ਼ੱਕ, ਇਤਿਹਾਸਕਾਰ ਕਾਊਟਸਕੀ ਇਸਨੂੰ ਦੇਖਣ ਤੋਂ ਅਸਮਰੱਥ ਰਿਹਾ। ਉਹ ਇਸਨੂੰ ਉਦੋਂ ਵੀ ਸਮਝਣ ਤੋਂ ਅਸਮਰਥ ਰਿਹਾ ਜਦੋਂ ਮੈਨਸ਼ਵਿਕ (ਜਿਹੜੇ ਬੁਰਜੂਆਜ਼ੀ ਨਾਲ਼ ਸਮਝੌਤਾ ਕਰਦੇ ਸਨ) ਅਜੇ ਸੋਵੀਅਤਾਂ ਉੱਪਰ ਹਕੂਮਤ ਕਰ ਰਹੇ ਸਨ,

* ਇਨਸਾਫ਼ ਹੋਣਾ ਚਾਹੀਦਾ ਹੈ, ਭਾਵੇਂ ਇਹ ਦੁਨੀਆ ਖਤਮ ਹੋ ਜਾਏ।

ਬੁਰਜੂਆਜ਼ੀ ਨੇ ਆਪਣੀ ਮਰਜ਼ੀ ਨਾਲ਼ ਹੀ ਆਪਣੇ ਆਪ ਨੂੰ ਸੋਵੀਅਤਾਂ ਤੋਂ ਵੱਖ ਕਰ ਲਿਆ, ਇਹਨਾਂ ਦਾ ਬਾਈਕਾਟ ਕਰ ਦਿਤਾ, ਆਪਣੇ ਆਪ ਨੂੰ ਉਹਨਾਂ ਦੇ ਵਿਰੋਧ ਵਿੱਚ ਖੜ੍ਹਾ ਕਰ ਲਿਆ ਅਤੇ ਉਹਨਾਂ ਦੇ ਖਿਲਾਫ਼ ਸਾਜ਼ਿਸ਼ਾਂ ਕਰਨ ਲੱਗ ਪਏ। ਸੋਵੀਅਤਾਂ ਕਿਸੇ ਵੀ ਸੰਵਿਧਾਨ ਤੋਂ ਬਿਨਾਂ ਹੀ ਕਾਇਮ ਹੋਈਆਂ ਅਤੇ **ਇੱਕ ਸਾਲ ਤੋਂ ਵੀ ਵੱਧ ਸਮਾਂ** (1917 ਦੀ ਬਸੰਤ ਤੋਂ ਲੈ ਕੇ 1918 ਦੇ ਹੁਨਾਲ ਤੱਕ) ਬਿਨਾਂ ਕਿਸੇ ਸੰਵਿਧਾਨ ਦੇ ਚੱਲਦੀਆਂ ਰਹੀਆਂ। ਦੱਬਿਆਂ-ਕੁਚਲਿਆਂ ਦੀ ਇਸ ਸਵੈਧੀਨ ਅਤੇ ਸਰਬ-ਸ਼ਕਤੀਮਾਨ (ਕਿਉਂਕਿ ਇਹ ਸਭ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਸੀ) ਜਥੇਬੰਦੀ ਦੇ ਖਿਲਾਫ਼ ਬੁਰਜੂਆਜ਼ੀ ਦਾ ਲੋਹਾ-ਲਾਖਾ ਹੋਣਾ; ਸੋਵੀਅਤਾਂ ਦੇ ਖਿਲਾਫ਼ ਬੁਰਜੂਆਜ਼ੀ ਵੱਲੋਂ ਜਿਹੜੀ ਬੇਕਿਰਕ, ਖ਼ੁਦਗਰਜ਼ ਅਤੇ ਘਿਣਾਉਣੀ ਲੜਾਈ ਲੜੀ ਗਈ; ਅਤੇ, ਆਖਰੀ ਗੱਲ, ਕੋਰਨੀਲੋਵ ਬਗਾਵਤ[35] ਵਿੱਚ ਬੁਰਜੂਆਜ਼ੀ ਦੀ (ਕੈਡਟਾਂ ਤੋਂ ਲੈ ਕੇ ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਤੱਕ, ਮੀਲਯੂਕੋਵ ਤੋਂ ਲੈ ਕੇ ਕੇਰੇਨਸਕੀ ਤੱਕ) ਹੱਦੋਂ ਵੱਧ ਸ਼ਮੂਲੀਅਤ – ਇਸ ਸਭ ਕੁਝ ਨੇ ਬੁਰਜੂਆਜ਼ੀ ਨੂੰ ਸੋਵੀਅਤਾਂ ਵਿੱਚੋਂ ਉਪਚਾਰਕ ਢੰਗ ਨਾਲ਼ ਬਾਹਰ ਕੱਢਣ ਲਈ **ਰਾਹ ਤਿਆਰ ਕਰ ਲਿਆ।**

ਕਾਊਟਸਕੀ ਨੇ ਕੋਰਨੀਲੋਵ ਬਗ਼ਾਵਤ ਬਾਰੇ ਸੁਣਿਆ ਹੋਇਆ ਹੈ, ਪਰ ਉਹ ਸ਼ਾਹੀ ਅੰਦਾਜ਼ ਵਿੱਚ ਇਤਿਹਾਸਕ ਤੱਥਾਂ ਉਤੇ, ਅਤੇ ਘੋਲ਼ ਦੇ ਵਹਿਣ ਅਤੇ ਰੂਪਾਂ ਉੱਤੇ ਨੱਕ ਚਾੜ੍ਹਦਾ ਹੈ, ਜਿਹੜੇ ਡਿਕਟੇਟਰਸ਼ਿਪ ਦੇ **ਰੂਪਾਂ** ਨੂੰ ਨਿਸ਼ਚਿਤ ਕਰਦੇ ਹਨ। ਸੱਚਮੁੱਚ, ਜਿਥੇ ਸਵਾਲ "ਨਿਰੋਲ" ਜਮਹੂਰੀਅਤ ਦਾ ਹੋਵੇ, ਉਥੇ ਤੱਥਾਂ ਦੀ ਕਿਸਨੂੰ ਪ੍ਰਵਾਹ ਹੈ? ਇਹੀ ਕਾਰਨ ਹੈ ਕਿ ਬੁਰਜੂਆਜ਼ੀ ਦਾ ਮੱਤਾਧਿਕਾਰ ਖੋਹਣ ਦੀ ਕਾਊਟਸਕੀ ਵੱਲੋਂ ਕੀਤੀ ਗਈ, "ਆਲੋਚਨਾ" ਏਨੇਂ ...ਮਿੱਠੇ ਮਿੱਠੇ ਸਿੱਧੜਪੁਣੇ ਕਰਕੇ ਵਿਲੱਖਣ ਹੈ, ਜਿਹੜਾ ਕਿਸੇ ਬੱਚੇ ਵਿਚ ਤਾਂ ਏਨਾਂ ਦਿਲ ਨੂੰ ਮੋਹਣ ਵਾਲ਼ਾ ਹੋਵੇਗਾ, ਪਰ ਐਸੇ ਵਿਅਕਤੀ ਵਿਚ ਘ੍ਰਿਣਾਯੋਗ ਹੁੰਦਾ ਹੈ, ਜਿਸਨੂੰ ਅਜੇ ਅਧਿਕਾਰਿਤ ਤੌਰ ਉਤੇ ਕਮਜ਼ੋਰ ਦਿਮਾਗ਼ ਵਾਲ਼ਾ ਹੋਣ ਦਾ ਸਰਟੀਫ਼ਿਕੇਟ ਨਹੀਂ ਦਿੱਤਾ ਗਿਆ।

"...ਜੇ ਸਰਬ-ਵਿਆਪਕ ਮੱਤਾਧਿਕਾਰ ਹੇਠ ਸਰਮਾਏਦਾਰ ਆਪਣੇ ਆਪ ਨੂੰ ਨਿਗੂਣੀ ਘੱਟਗਿਣਤੀ ਵਿੱਚ ਦੇਖਦੇ ਹਨ, ਤਾਂ ਉਹ ਆਪਣੀ ਹੋਣੀ ਨਾਲ਼ ਵਧੇਰੇ ਜਲਦੀ ਸਹਿਮਤ ਹੋ ਜਾਣਗੇ," (ਸਫ਼ਾ 33) ।...ਸੁੰਦਰ, ਨਹੀਂ? ਹੁਸ਼ਿਆਰ ਕਾਊਟਸਕੀ ਇਤਿਹਾਸ ਵਿੱਚ ਕਈ ਉਦਾਹਰਣਾਂ ਦੇਖ ਚੁੱਕਾ ਹੈ, ਅਤੇ ਆਮ ਕਰਕੇ, ਦੱਬੇ-ਕੁਚਲੇ ਲੋਕਾਂ ਦੀ ਬਹੁਗਿਣਤੀ ਦੀ ਰਜ਼ਾ ਨਾਲ਼ ਨਿਪਟਣ ਵਾਲੇ ਭੂਮੀਪਤੀਆਂ ਅਤੇ ਪੂੰਜੀਪਤੀਆਂ ਦੇ ਜੀਵਨ ਦੇ ਖੁਦ ਆਪਣੇ ਵੱਲੋਂ ਕੀਤੇ ਨਿਰੀਖਣਾਂ ਤੋਂ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਹੁਸ਼ਿਆਰ ਕਾਊਟਸਕੀ ਦ੍ਰਿੜਤਾ ਨਾਲ਼ "ਵਿਰੋਧੀ ਦਲ" ਦੀ, ਅਰਥਾਤ, ਪਾਰਲੀਮੈਂਟਰੀ ਘੋਲ਼ ਦੀ ਵਕਾਲਤ ਕਰਦਾ ਹੈ। ਬਿਲਕੁਲ ਲਫ਼ਜ-ਬਲਫ਼ਜ ਇਹੀ ਹੈ ਜੋ ਉਹ ਕਹਿੰਦਾ ਹੈ: "ਵਿਰੋਧੀ ਦਲ" (ਸਫ਼ਾ 34 ਅਤੇ ਹੋਰ ਥਾਵਾਂ ਉੱਤੇ)

ਮੇਰੇ ਪਿਆਰੇ ਵਿਦਵਾਨ ਇਤਿਹਾਸਕਾਰ ਅਤੇ ਸਿਆਸਤਦਾਨ! ਤੈਨੂੰ ਇਸ

ਜਾਣਕਾਰੀ ਤੋਂ ਕੋਈ ਨੁਕਸਾਨ ਨਹੀਂ ਹੋਣ ਲੱਗਾ ਕਿ "ਵਿਰੋਧੀ ਦਲ" ਇੱਕ ਐਸਾ ਸੰਕਲਪ ਹੈ, ਜਿਹੜਾ ਸ਼ਾਂਤਮਈ ਅਤੇ ਸਿਰਫ਼ ਪਾਰਲੀਮੈਂਟਰੀ ਘੋਲ਼ ਨਾਲ਼ ਸੰਬੰਧਤ ਹੈ, ਅਰਥਾਤ, ਐਸਾ ਸੰਕਲਪ ਜਿਹੜਾ ਗ਼ੈਰ-ਇਨਕਲਾਬੀ ਸਥਿਤੀ ਦੇ ਅਨੁਕੂਲ ਹੈ, ਐਸਾ ਸੰਕਲਪ, ਜਿਹੜਾ **ਇਨਕਲਾਬ ਦੀ ਅਣਹੋਂਦ** ਦੇ ਮੁਤਾਬਕ ਹੈ। ਇਨਕਲਾਬ ਦੇ ਦੌਰਾਨ ਸਾਨੂੰ ਘਰੇਲੂ ਜੰਗ ਵਿੱਚ ਇੱਕ ਬੇਕਿਰਕ ਦੁਸ਼ਮਣ ਨਾਲ਼ ਨਿਪਟਣਾ ਪੈਂਦਾ ਹੈ; ਅਤੇ ਇਹੋ ਜਿਹੀ ਜੰਗ ਤੋਂ ਡਰਨ ਵਾਲੇ, ਜਿਵੇਂ ਕਿ ਕਾਊਟਸਕੀ ਹੈ, ਪੈਟੀ-ਬੁਰਜੂਆ ਦੇ ਕੋਈ ਵੀ ਪ੍ਰਤੀਕਿਰਿਆਵਾਦੀ ਵਿਰਲਾਪ ਇਸ ਤੱਥ ਨੂੰ ਬਦਲ ਨਹੀਂ ਸਕਦੇ। ਐਸੇ ਸਮੇਂ, ਜਦੋਂ ਕਿ ਬੁਰਜੂਆਜ਼ੀ ਕੋਈ ਵੀ ਜ਼ੁਰਮ ਕਰਨ ਨੂੰ ਤਿਆਰ ਹੈ-ਵਰਸੇਲਜ਼ ਦੇ ਆਦਮੀਆਂ ਦੀ ਅਤੇ ਬਿਸਮਾਰਕ ਨਾਲ਼ ਉਹਨਾਂ ਦੀਆਂ ਸੌਦੇਬਾਜ਼ੀਆਂ ਦੀ ਉਦਾਹਰਣ ਦਾ ਹਰ ਐਸੇ ਬੰਦੇ ਲਈ ਕੋਈ ਮਤਲਬ ਜ਼ਰੂਰ ਹੋਣਾ ਚਾਹੀਦਾ ਹੈ, ਜਿਹੜਾ ਇਤਿਹਾਸ ਨੂੰ ਗੋਗੋਲ ਦੇ ਪਿਤਰੂਸ਼ਕਾ[36] ਵਾਂਗ ਨਹੀਂ ਲੈਂਦਾ-ਜਦੋਂ ਕਿ ਬੁਰਜੂਆਜ਼ੀ ਵਿਦੇਸ਼ੀ ਰਾਜਾਂ ਨੂੰ ਆਪਣੀ ਸਹਾਇਤਾ ਲਈ ਬੁਲਾ ਰਹੀ ਹੈ ਅਤੇ ਉਹਨਾਂ ਦੇ ਨਾਲ਼ ਮਿਲ਼ ਕੇ ਇਨਕਲਾਬ ਦੇ ਖਿਲਾਫ਼ ਸਾਜ਼ਿਸ਼ ਕਰ ਰਹੀ ਹੈ, "ਵਿਰੋਧੀ ਦਲ" ਦੇ ਦ੍ਰਿਸ਼ਟੀਕੋਣ ਤੋਂ ਬੇਕਿਰਕ ਘਰੇਲੂ ਜੰਗ ਦੇ ਮਸਲਿਆਂ ਦੀ ਨਿਰਖ-ਪਰਖ ਕਰਨਾ ਬੱਸ ਹਾਸੋਹੀਣਾ ਹੀ ਹੈ। "ਘਾਲ਼ਾ-ਮਾਲ਼ਾ ਸੋਚਣੀ ਵਾਲ਼ੇ ਕੌਂਸਲਰ" ਕਾਊਟਸਕੀ ਵਾਂਗ ਇਨਕਲਾਬੀ ਪ੍ਰੋਲੇਤਾਰੀਆਂ ਨੂੰ ਸ਼ਰਾਬ ਪੀ ਕੇ ਸੌਂ ਜਾਣਾ ਚਾਹੀਦਾ ਹੈ, ਅਤੇ ਬੁਰਜੂਆਜ਼ੀ ਨੂੰ, ਜਿਹੜੀ ਦੂਤੋਵ, ਕਰਾਸਨੋਵ ਐਤ ਚੈਕ ਉਲਟ-ਇਨਕਲਾਬੀ ਬਗਾਵਤਾਂ[37] ਜਥੇਬੰਦ ਕਰ ਰਹੀ ਹੈ ਅਤੇ ਤੋੜ-ਫੋੜ ਕਰਨ ਵਾਲ਼ਿਆਂ ਨੂੰ ਲੱਖਾਂ ਕਰੋੜਾਂ ਦੇ ਰਹੀ ਹੈ, ਕਾਨੂੰਨੀ "ਵਿਰੋਧੀ ਦਲ" ਮੰਨ ਲੈਣਾ ਚਾਹੀਦਾ ਹੈ। ਓ, ਕਿਆ ਗੰਭੀਰਤਾ ਹੈ!

ਕਾਊਟਸਕੀ ਸਵਾਲ ਦੇ ਸਿਰਫ਼ ਰੂਪਗਤ, ਕਾਨੂੰਨੀ ਪੱਖ ਵਿੱਚ ਦਿਲਚਸਪੀ ਰੱਖਦਾ ਹੈ, ਅਤੇ ਸੋਵੀਅਤ ਸੰਵਿਧਾਨ ਬਾਰੇ ਉਸਦੀ ਵਿਆਖਿਆ ਨੂੰ ਪੜ੍ਹਦਿਆਂ ਬੰਦੇ ਨੂੰ ਆਪਣੇ ਆਪ ਹੀ ਬੇਬੇਲ ਦੇ ਸ਼ਬਦ ਯਾਦ ਆ ਜਾਂਦੇ ਹਨ: ਵਕੀਲ ਰੜ੍ਹੇ ਹੋਏ ਪ੍ਰਤੀਕਿਰਿਆਵਾਦੀ ਹੁੰਦੇ ਹਨ। "ਅਸਲ ਵਿਚ", ਕਾਊਟਸਕੀ ਲਿਖਦਾ ਹੈ, "ਸਿਰਫ਼ ਪੂੰਜੀਪਤੀਆਂ ਦਾ ਹੀ ਮੱਤਾਧਿਕਾਰ ਨਹੀਂ ਖੋਹਿਆ ਜਾ ਸਕਦਾ। ਸ਼ਬਦ ਦੇ ਕਾਨੂੰਨੀ ਅਰਥਾਂ ਵਿਚ ਪੂੰਜੀਪਤੀ ਕੀ ਚੀਜ਼ ਹੈ? ਜਾਇਦਾਦ-ਮਾਲਕ? ਐਸੇ ਦੇਸ਼ ਵਿੱਚ ਵੀ, ਜਿਹੜਾ ਆਰਥਕ ਤਰੱਕੀ ਦੇ ਰਾਹ ਉੱਤੇ ਏਨਾਂ ਅੱਗੇ ਵੱਧ ਚੁੱਕਾ ਹੈ, ਜਿਵੇਂ ਕਿ ਜਰਮਨੀ ਹੈ, ਜਿੱਥੇ ਪ੍ਰੋਲੇਤਾਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਸੋਵੀਅਤ ਰਿਪਬਲਿਕ ਦੀ ਸਥਾਪਨਾ ਲੋਕਾਂ ਦੇ ਭਾਰੀ ਸਮੂਹ ਨੂੰ ਮੱਤਾਧਿਕਾਰ ਤੋਂ ਵਾਂਝਿਆਂ ਕਰ ਦੇਵੇਗੀ। 1907 ਵਿੱਚ, ਜਰਮਨੀ ਸਲਤਨਤ ਵਿੱਚ ਤਿੰਨ ਮੁੱਖ ਕਿੱਤਿਆਂ- ਖੇਤੀ, ਸਨਅਤ ਅਤੇ ਵਪਾਰ -ਵਿੱਚ ਜੁੱਟੇ ਲੋਕਾਂ ਦੀ ਗਿਣਤੀ, 350 ਲੱਖ ਉਜਰਤੀ ਅਤੇ ਤਨਖਾਹਦਾਰ ਕਾਮਿਆਂ ਦੀ ਸੀ, ਅਤੇ170 ਲੱਖ ਸਵੈਧੀਨ ਕਾਮਿਆਂ ਦੀ ਸੀ, ਸਮੇਤ ਉਹਨਾਂ ਦੇ ਪਰਿਵਾਰਾਂ ਦੇ। ਇਸ ਲਈ ਇਹ ਹੋ ਸਕਦਾ ਹੈ ਕਿ ਕੋਈ ਪਾਰਟੀ, ਉਜਰਤੀ ਮਜ਼ਦੂਰਾਂ ਵਿੱਚ ਬਹੁਗਿਣਤੀ ਵਿੱਚ ਹੋਵੇ, ਪਰ ਸਮੁੱਚੀ ਵਸੋਂ ਵਿੱਚ ਘਟਗਿਣਤੀ ਵਿੱਚ" (ਸਫ਼ਾ33)

ਇਹ ਕਾਊਟਸਕੀ ਦੀ ਤਰਕ–ਵਿਧੀ ਦੀ ਇੱਕ ਉਦਾਹਰਣ ਹੈ। ਕੀ ਇਹ ਇੱਕ ਬੁਰਜੂਆ ਦਾ ਉਲਟ–ਇਨਕਲਾਬੀ ਵਿਰਲਾਪ ਨਹੀਂ ? ਸ਼੍ਰੀਮਾਨ ਕਾਊਟਸਕੀ, ਤੁਸੀਂ ਸਾਰੇ ਹੀ "ਸਵੈਧੀਨ ਕਾਮਿਆਂ" ਨੂੰ ਮੱਤਾਧਿਕਾਰ ਤੋਂ ਸੱਖਣੇ ਲੋਕਾਂ ਦੇ ਖਾਨੇ ਵਿਚ ਸੁੱਟ ਦਿਤਾ ਹੈ, ਜਦ ਕਿ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਰੂਸੀ ਕਿਸਾਨਾਂ ਦੀ ਭਾਰੀ ਬਹੁਗਿਣਤੀ ਭਾੜੇ ਦੇ ਮਜ਼ਦੂਰ ਨਹੀਂ ਰੱਖਦੀ ਅਤੇ, ਇਸ ਲਈ, ਉਹ ਆਪਣਾ ਮੱਤਾਧਿਕਾਰ ਨਹੀਂ ਗੁਆਉਂਦੀ ? ਕੀ ਇਹ ਜਾਅਲਸਾਜ਼ੀ ਨਹੀਂ ?

ਵਿਦਵਾਨ ਅਰਥ–ਸ਼ਾਸਤਰੀ ਜੀ, ਤੁਸੀਂ ਉਹ ਤੱਥ ਕਿਉਂ ਨਹੀਂ ਦਿੱਤੇ ਜਿਨ੍ਹਾਂ ਤੋਂ ਤੁਸੀਂ ਚੰਗੀ ਤਰ੍ਹਾਂ ਵਾਕਫ਼ ਹੋ ਅਤੇ ਜਿਹੜੇ ਫ਼ਾਰਮਾਂ ਦੇ ਆਕਾਰ ਅਨੁਸਾਰ ਜ਼ਰਾਇਤ ਵਿੱਚ ਭਾੜੇ ਦੇ ਮਜ਼ਦੂਰਾਂ ਦੇ ਸਬੰਧ ਵਿੱਚ 1907 ਲਈ ਉਹਨਾਂ ਹੀ ਜਰਮਨ ਅੰਕੜਾ ਰਿਪੋਰਟਾਂ ਵਿੱਚ ਮਿਲਦੇ ਹਨ ? ਜਰਮਨ ਮਜ਼ਦੂਰਾਂ, ਆਪਣੇ ਪੈਂਫ਼ਲਟ ਦੇ ਪਾਠਕਾਂ, ਨੂੰ ਇਹ ਸਮਝਣ ਦੇ ਯੋਗ ਬਣਾਉਣ ਲਈ, ਕਿ **ਸ਼ੋਸ਼ਕ ਇੰਨੇ** ਕੁ ਹਨ, ਅਤੇ ਜਰਮਨ ਅੰਕੜਿਆਂ ਵਿੱਚ ਦਿੱਤੀ ਗਈ "ਕਿਸਾਨਾਂ" ਦੀ ਕੁੱਲ ਗਿਣਤੀ ਦੇ ਮੁਕਾਬਲੇ ਵਿੱਚ ਉਹ ਕਿੰਨੇ ਥੋੜ੍ਹੇ ਹਨ, ਤੁਸੀਂ ਇਹਨਾਂ ਤੱਥਾਂ ਦਾ ਹਵਾਲਾ ਕਿਉਂ ਨਹੀਂ ਦਿੱਤਾ ?

ਤੁਸੀਂ ਨਹੀਂ ਦਿਤਾ ਕਿਉਂ ਕਿ ਤੁਹਾਡੇ ਧਰਮ–ਤਿਆਗ ਨੇ ਤੁਹਾਨੂੰ ਬੁਰਜੂਆਜ਼ੀ ਦਾ ਸਿਰਫ਼ ਝੋਲੀ ਚੁੱਕ ਬਣਾ ਦਿਤਾ ਹੈ।

ਕਾਊਟਸਕੀ ਦਲੀਲ ਦਿੰਦਾ ਹੈ ਕਿ ਸ਼ਬਦ ਪੂੰਜੀਪਤੀ, ਕਾਨੂੰਨੀ ਤੌਰ ਉੱਤੇ, ਇੱਕ ਅਸਪੱਸ਼ਟ ਸੰਕਲਪ ਹੈ, ਅਤੇ ਕਈ ਸਫ਼ਿਆਂ ਉੱਤੇ ਉਹ ਸੋਵੀਅਤ ਸੰਵਿਧਾਨ ਦੇ "ਆਪਹੁਦਰੇਪਣ" ਦੇ ਖਿਲਾਫ਼ ਗਰਜਦਾ ਹੈ। ਇਸ "ਗੰਭੀਰ ਵਿਦਵਾਨ" ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਕਿ ਬਰਤਾਨਵੀਂ ਬੁਰਜੂਆਜ਼ੀ ਨੇ ਨਵੇਂ (ਮੱਧ ਕਾਲ ਲਈ ਨਵੇਂ) ਬੁਰਜੂਆ ਸੰਵਿਧਾਨ ਨੂੰ ਘੜਨ ਅਤੇ ਵਿਕਸਿਤ ਕਰਨ ਉੱਤੇ ਕਈ ਸਦੀਆਂ ਲਾ ਦਿੱਤੀਆਂ ਹਨ, ਪਰ ਝੋਲ਼ੀ–ਚੁੱਕਾਂ ਦੇ ਵਿਗਿਆਨ ਦਾ ਪ੍ਰਤਿਨਿੱਧ ਸੀ, ਜੋ ਕਿ ਕਾਊਟਸਕੀ ਹੈ ਹੀ, ਸਾਨੂੰ, ਰੂਸ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕੋਈ ਸਮਾਂ ਨਹੀਂ ਦੇਵੇਗਾ। ਉਹ ਸਾਡੇ ਕੋਲ਼ੋਂ ਕੁਝ ਹੀ ਮਹੀਨਿਆਂ ਦੇ ਅੰਦਰ ਅੰਦਰ ਆਖਰੀ ਹਰਫ਼ ਤੱਕ ਘੜੇ–ਘੜਾਏ ਸਾਰੇ ਸੰਵਿਧਾਨ ਦੀ ਆਸ ਰੱਖ ਰਿਹਾ ਹੈ...

..."ਆਪਹੁਦਰੇਪਣ !" ਜ਼ਰਾ ਕਲਪਣਾ ਕਰੋ ਕਿ **ਇਹੋ ਜਿਹੀ** ਗਾਹਲ਼ ਵਿੱਚ ਬੁਰਜੂਆਜ਼ੀ ਦੀ ਕਿੰਨੀਂ ਡੂੰਘੀ ਘਿਣਾਉਣੀ ਸੇਵਾਦਾਰੀ ਅਤੇ ਵੱਧ ਤੋਂ ਵੱਧ ਅਨਾੜੀ ਪੰਡਤਾਉਪੁਣਾ ਸ਼ਾਮਲ ਹੈ। ਜਦੋਂ ਸਰਮਾਏਦਾਰ ਦੇਸ਼ਾਂ ਵਿਚਲੇ ਪੂਰੀ ਤਰ੍ਹਾਂ ਬੁਰਜੂਆ ਅਤੇ ਬਹੁਤਾ ਕਰਕੇ ਪ੍ਰਤੀਕਿਰਿਆਵਾਦੀ ਵਕੀਲ ਮਜ਼ਦੂਰਾਂ ਨੂੰ **ਦਬਾਉਣ** ਲਈ ਅਤੇ **ਗ਼ਰੀਬ** ਦੇ ਹੱਥ ਪੈਰ ਬੰਨ੍ਹਣ ਲਈ, ਅਤੇ ਆਮ ਕਿਰਤੀ ਲੋਕਾਂ ਵਿੱਚੋਂ ਹਰ ਇੱਕ ਦੇ ਰਾਸਤੇ ਵਿੱਚ ਹਜ਼ਾਰਾਂ ਦੀ ਰੁਕਾਵਟਾਂ ਖੜ੍ਹੀਆਂ ਕਰਨ ਲਈ ਸਦੀਆਂ ਤੋਂ ਅਤਿ ਵਿਸਤ੍ਰਿਤ ਨਿਯਮ–ਅਧਿਨਿਯਮ ਘੜ ਰਹੇ ਹਨ ਅਤੇ ਕਾਨੂੰਨ ਦੀਆਂ ਵਿਆਖਿਆਵਾਂ ਉੱਤੇ ਦਰਜਨਾਂ, ਸਗੋਂ ਸੈਂਕੜੇ ਸੈਂਚੀਆਂ ਲਿਖ ਰਹੇ ਹਨ–ਉਥੇ ਬੁਰਜੂਆ ਉਦਾਰਵਾਦੀਆਂ ਅਤੇ ਸ਼੍ਰੀਮਾਨ ਕਾਊਟਸਕੀ ਨੂੰ ਕੋਈ

"ਆਪਹੁਦਰਾਪਣ" ਦਿਖਾਈ ਨਹੀਂ ਦੇਂਦਾ! ਇਹ "ਕਾਨੂੰਨ" ਹੈ ਅਤੇ "ਵਿਵਸਥਾ" ਹੈ! ਉਹ ਸਾਰੇ ਤਰੀਕੇ ਸੋਚੇ ਅਤੇ ਲਿਖੇ ਜਾ ਚੁੱਕੇ ਹਨ, ਜਿਨ੍ਹਾਂ ਨਾਲ਼ ਗ਼ਰੀਬਾਂ ਨੂੰ ਦਬਾ ਕੇ ਰੱਖਣਾ ਹੈ। ਹਜ਼ਾਰਾਂ ਹੀ ਬੁਰਜੂਆ ਵਕੀਲ ਅਤੇ ਦਫ਼ਤਰਸ਼ਾਹ ਹਨ (ਉਹਨਾਂ ਬਾਰੇ ਕਾਊਟਸਕੀ ਬਿਲਕੁਲ ਕੁਝ ਨਹੀਂ ਕਹਿੰਦਾ, ਸ਼ਾਇਦ ਸਿਰਫ਼ ਇਸ ਕਰਕੇ ਕਿ ਮਾਰਕਸ ਦਫ਼ਤਰਸ਼ਾਹੀ ਮਸ਼ੀਨਰੀ ਨੂੰ **ਫ਼ੀਤਾ-ਫ਼ੀਤਾ ਕਰਨ** ਨੂੰ ਅਥਾਹ ਮਹੱਤਤਾ ਦਿੰਦੇ ਸਨ...) –ਵਕੀਲ ਅਤੇ ਦਫ਼ਤਰਸ਼ਾਹ ਜਿਹੜੇ ਜਾਣਦੇ ਹਨ ਕਿ ਕਾਨੂੰਨਾਂ ਦੀ ਇਸ ਤਰੀਕੇ ਨਾਲ਼ ਵਿਆਖਿਆ ਕਿਵੇਂ ਕਰਨੀ ਹੈ ਕਿ ਮਜ਼ਦੂਰ ਅਤੇ ਔਸਤ ਕਿਸਾਨ ਇਹਨਾਂ ਕਾਨੂੰਨਾਂ ਦੇ ਕੰਡੇਦਾਰ ਤਾਰਾਂ ਦੇ ਜਾਲ਼ ਵਿੱਚੋਂ ਕਦੀ ਵੀ ਨਾ ਨਿਕਲ਼ ਸਕੇ। ਇਹ ਬੁਰਜੂਆਜ਼ੀ ਦਾ "ਆਪਹੁਦਰਾਪਣ" ਨਹੀਂ, ਇਹ ਨੀਚ ਅਤੇ ਪਦ–ਲਾਲਸੀ ਸ਼ੋਸ਼ਕਾਂ ਦੀ ਡਿਕਟੇਟਰਸ਼ਿਪ ਨਹੀਂ, ਜਿਹੜੇ ਲੋਕਾਂ ਦਾ ਖ਼ੂਨ ਚੂਸ ਰਹੇ ਹਨ। ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ। ਇਹ "ਨਿਰੋਲ ਜਮਹੂਰੀਅਤ" ਹੈ, ਜਿਹੜੀ ਹਰ ਲੰਘਦੇ ਦਿਨ ਨਾਲ਼ ਹੋਰ ਨਿਰੋਲ ਹੁੰਦੀ ਜਾ ਰਹੀ ਹੈ।

ਪਰ ਹੁਣ ਜਦੋਂ ਮਿਹਨਤਕਸ਼ ਅਤੇ ਸ਼ੋਸ਼ਤ ਸ਼੍ਰੇਣੀਆਂ ਨੇ, ਸਾਮਰਾਜੀ ਜੰਗ ਵਲੋਂ ਸਰਹੱਦ ਪਾਰਲੇ ਆਪਣੇ ਭਰਾਵਾਂ ਤੋਂ ਵੱਖ ਕੀਤੇ ਗਏ ਹੋਣ ਦੇ ਬਾਵਜੂਦ, ਇਤਿਹਾਸ ਵਿੱਚ ਪਹਿਲੀ ਵਾਰੀ **ਆਪਣੀਆਂ** ਸੋਵੀਅਤਾਂ ਕਾਇਮ ਕਰ ਲਈਆਂ ਹਨ, **ਉਹਨਾਂ ਲੋਕਾਂ** ਨੂੰ ਜਿਨ੍ਹਾਂ ਨੂੰ ਬੁਰਜੂਆਜ਼ੀ ਦਬਾਇਆ ਕਰਦੀ ਸੀ, ਪੀਸਿਆ ਕਰਦੀ ਸੀ ਅਤੇ ਮੂਰਖ ਬਣਾਇਆ ਕਰਦੀ ਸੀ, ਰਾਜਨੀਤਕ ਉਸਾਰੀ ਦੇ ਕੰਮ ਲਈ ਸੱਦਾ ਦਿੱਤਾ ਹੈ, **ਆਪ ਖ਼ੁਦ** ਇੱਕ **ਨਵਾਂ**, ਪ੍ਰੋਲੇਤਾਰੀ ਰਾਜ ਉਸਾਰਨਾ ਸ਼ੁਰੂ ਕਰ ਦਿਤਾ ਹੈ, ਸਖਤ ਘੋਲ ਦੀ ਗਰਮੀ ਵਿਚ, ਘਰੇਲੂ ਜੰਗ ਦੀ ਅੱਗ ਵਿੱਚ **ਸ਼ੋਸ਼ਕਾਂ ਤੋਂ ਖਾਲੀ** ਇੱਕ ਰਾਜ ਦੇ ਬੁਨਿਆਦੀ ਅਸੂਲ **ਉਲ਼ੀਕਣੇ** ਸ਼ੁਰੂ ਕਰ ਦਿਤੇ ਹਨ– ਤਾਂ ਸਾਰੇ ਬੁਰਜੂਆ ਬਦਮਾਸ਼, ਖ਼ੂਨ ਚੂਸਣ ਵਾਲ਼ਿਆਂ ਦਾ ਸਾਰਾ ਟੋਲਾ, ਕਾਊਟਸਕੀ ਜਿਨ੍ਹਾਂ ਦੀਆਂ ਗੱਲ੍ਹਾਂ ਦੁਹਰਾਅ ਰਿਹਾ ਹੈ, "ਆਪਹੁਦਰੇਪਣ" ਬਾਰੇ ਚੀਖ਼–ਚਿਹਾੜਾ ਪਾ ਰਿਹਾ ਹੈ! ਸਚਮੁਚ ਹੀ, ਇਹ ਜਾਹਲ ਲੋਕ, ਇਹ ਮਜ਼ਦੂਰ ਅਤੇ ਕਿਸਾਨ, ਇਹ "ਭੀੜ", ਉਹਨਾਂ ਦੇ ਕਾਨੂੰਨਾਂ ਦੀ ਵਿਆਖਿਆ ਕਰਨ ਦੇ ਕਿਵੇਂ ਸਮਰੱਥ ਹੋ ਸਕੇਗੀ ? ਪੜ੍ਹੇ–ਲਿਕੇ ਵਕੀਲਾਂ, ਬੁਰਜੂਆ ਲੇਖਕਾਂ ਕਾਊਟਸਕੀਆਂ ਅਤੇ ਸਿਆਣੇ ਬਜ਼ੁਰਗ ਦਫ਼ਤਰਸ਼ਾਹਾਂ ਦੀ ਸਲਾਹ ਤੋਂ ਬਿਨਾਂ ਇਹ ਆਮ ਮਜ਼ਦੂਰ ਨਿਆਂ ਦੀ ਭਾਵਨਾ ਕਿਵੇਂ ਪ੍ਰਾਪਤ ਕਰ ਸਕਦੇ ਹਨ ?

ਸ਼੍ਰੀਮਾਨ ਕਾਊਟਸਕੀ ਮੇਰੀ 28 ਅਪ੍ਰੈਲ, 1918 ਦੀ ਤਕਰੀਰ[38] ਵਿੱਚੋਂ ਇਹਨਾਂ ਸ਼ਬਦਾਂ ਦਾ ਹਵਾਲਾ ਦੇਂਦਾ ਹੈ: "ਲੋਕ ਖ਼ੁਦ ਚੋਣਾਂ ਦਾ ਜ਼ਾਬਤਾ ਅਤੇ ਸਮਾਂ ਨਿਰਧਾਰਿਤ ਕਰਦੇ ਹਨ" ਅਤੇ "ਨਿਰੋਲ ਜਨਵਾਦੀ" ਕਾਊਟਸਕੀ ਇਸ ਤੋਂ ਇਹ ਸਿੱਟਾ ਕੱਢਦਾ ਹੈ:

> "...ਇਸ ਤਰ੍ਹਾਂ ਇਸਦਾ ਮਤਲਬ ਇਹ ਹੋਵੇਗਾ ਕਿ ਚੋਣਕਾਰਾਂ ਦੀ ਹਰ ਸਭਾ ਆਪਣੀ ਹੀ ਇੱਛਾ ਅਨੁਸਾਰ ਚੋਣਾਂ ਦਾ ਜ਼ਾਬਤਾ ਨਿਰਧਾਰਿਤ ਕਰ ਸਕਦੀ ਹੈ। ਆਪਹੁਦਰੇਪਣ ਅਤੇ ਪ੍ਰੋਲੇਤਾਰੀਆਂ ਦੀਆਂ ਸਫ਼ਾਂ ਵਿਚਲੇ ਅਣਚਾਹੇ ਵਿਰੋਧੀਆਂ ਤੋਂ ਛੁਟਕਾਰਾ ਪਾਉਣ ਦੇ ਮੌਕੇ ਨੂੰ ਚਰਮ ਸੀਮਾ ਤੱਕ ਲਿਜਾਇਆ

ਜਾਏਗਾ ?" (ਸਫ਼ਾ 37)।

ਅੱਛਾ, ਇਹ ਗੱਲ ਪੂੰਜੀਪਤੀਆਂ ਵੱਲੋਂ ਭਾੜੇ ਉੱਤੇ ਕੀਤੇ ਗਏ ਕਲਮ-ਘਸੀਏ ਦੀ ਗੱਲ ਤੋਂ ਕਿਵੇਂ ਵੱਖਰੀ ਹੈ, ਜਿਹੜਾ ਚੀਖ-ਚਿਹਾੜਾ ਪਾਉਂਦਾ ਹੈ ਕਿ ਹੜਤਾਲ ਦੇ ਦੌਰਾਨ "ਕੰਮ ਕਰਨ ਲਈ ਤਿਆਰ" ਮਿਹਨਤੀ ਕਾਮਿਆਂ ਨੂੰ ਲੋਕ ਦਬਾ ਰਹੇ ਹਨ ? "ਨਿਰੋਲ" ਬੁਰਜੂਆ ਜਮਹੂਰੀਅਤ ਹੇਠ ਚੋਣਾਂ ਦਾ ਜ਼ਾਬਤਾ ਨਿਰਧਾਰਿਤ ਕਰਨ ਦਾ **ਬੁਰਜੂਆ** ਦਫ਼ਤਰਸ਼ਾਹੀ ਢੰਗ ਆਪਹੁਦਰਾਪਣ ਕਿਉਂ **ਨਹੀਂ** ? ਉਹਨਾਂ **ਲੋਕ-ਸਮੂਹਾਂ ਵਿਚਕਾਰ**, **ਜਿਹੜੇ** ਆਪਣੇ ਯੁੱਗਾਂ-ਪੁਰਾਣੇ ਸ਼ੋਸ਼ਕਾਂ ਦੇ ਖ਼ਿਲਾਫ਼ **ਲੜਨ ਲਈ ਉੱਠ ਖੜੇ ਹੋਏ ਹਨ** ਅਤੇ ਜਿਹੜੇ ਇਸ ਜਾਨ-ਹੂਲਵੇਂ ਘੋਲ਼ ਵਿੱਚ ਵਿਦਿਆ ਪ੍ਰਾਪਤ ਕਰ ਰਹੇ ਅਤੇ ਪਾਣ ਚੜ੍ਹ ਰਹੇ ਹਨ, ਨਿਆਂ ਦੀ ਭਾਵਨਾ **ਬੁਰਜੂਆ** ਤੁਅੱਸਬਾਂ ਵਿੱਚ ਪਲ਼ੇ ਹੋਏ **ਮੁੱਠੀ ਕੁ ਭਰ** ਦਫ਼ਤਰਸ਼ਾਹਾਂ, ਬੁੱਧੀਜੀਵੀਆਂ ਅਤੇ ਵਕੀਲਾਂ ਦੀ ਨਿਆਂ ਦੀ ਭਾਵਨਾ ਨਾਲ਼ੋਂ ਕਿਉਂ ਘੱਟ ਹੈ ?

ਕਾਊਟਸਕੀ ਸੱਚਾ ਸੋਸ਼ਲਿਸਟ ਹੈ। ਇੱਕ ਪਰਿਵਾਰ ਦੇ ਇਸ ਬੜੇ ਸਤਿਕਾਰਯੋਗ ਪਿਤਾ ਦੀ, ਇਸ ਬੜੇ ਈਮਾਨਦਾਰ ਸ਼ਹਿਰੀ ਦੀ ਸੁਹਿਰਦਤਾ ਉੱਤੇ ਸ਼ੱਕ ਕਰਨ ਦੀ ਹਿੰਮਤ ਨਾ ਕਰਨਾ। ਉਹ ਮਜ਼ਦੂਰਾਂ ਦੀ, ਪ੍ਰੋਲੇਤਾਰੀ ਇਨਕਲਾਬ ਦੀ ਜਿੱਤ ਦਾ ਉਤਸ਼ਾਹੀ ਅਤੇ ਪੱਕਾ ਹਿਮਾਇਤੀ ਹੈ। ਉਹ ਸਿਰਫ਼ ਇਹ ਚਾਹੁੰਦਾ ਹੈ ਕਿ — **ਇਸਤੋਂ ਪਹਿਲਾਂ ਕਿ** ਜਨਤਾ ਹਰਕਤ ਵਿੱਚ ਆਵੇ, **ਇਸ ਤੋਂ ਪਹਿਲਾਂ** ਕਿ ਉਹ ਸ਼ੋਸ਼ਕਾਂ ਨਾਲ਼ ਘੋਰ ਲੜਾਈ ਸ਼ੁਰੂ ਕਰਨ ਅਤੇ ਯਕੀਨਨ **ਬਿਨਾਂ** ਘਰੇਲੂ ਜੰਗ ਦੇ — **ਇਸਤੋਂ ਪਹਿਲਾਂ** ਮਿਠਬੋਲੜੇ, ਪੈਟੀ-ਬੁਰਜੂਆ ਬੁੱਧੀਜੀਵੀਆਂ ਅਤੇ ਸੌਣ ਵੇਲ਼ੇ ਦੀਆਂ ਟੋਪੀਆਂ ਪਾਈ ਤੰਗ-ਨਜ਼ਰਾਂ ਨੂੰ **ਇਨਕਲਾਬ ਦੇ ਵਿਕਾਸ ਲਈ** ਸੰਜਮੀ ਅਤੇ ਠੀਕ ਠੀਕ **ਨਿਯਮ** ਤਿਆਰ ਕਰ ਲੈਣ ਦੇਣਾ ਚਾਹੀਦਾ ਹੈ।...

ਡੂੰਘੇ ਇਖਲਾਕੀ ਰੋਹ ਨਾਲ਼ ਸੜ ਰਿਹਾ, ਸਾਡਾ ਅਤਿ ਵਿਦਵਾਨ ਜੂਦਾਸ ਗੋਲੋਵਲਯੋਵ[39] ਜਰਮਨ ਮਜ਼ਦੂਰਾਂ ਨੂੰ ਦੱਸਦਾ ਹੈ ਕਿ 14 ਜੂਨ, 1918 ਨੂੰ ਸੋਵੀਅਤਾਂ ਦੀ ਕੁੱਲ-ਰੂਸ ਕੇਂਦਰੀ ਕਾਰਜ-ਕਾਰਨੀ ਕਮੇਟੀ ਨੇ ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਪ੍ਰਤਿਨਿੱਧਾਂ ਅਤੇ ਮੈਨਸ਼ਵਿਕਾਂ ਨੂੰ ਸੋਵੀਅਤਾਂ ਤੋਂ ਕੱਢਣ ਦਾ ਫ਼ੈਸਲਾ ਕਰ ਲਿਆ। "ਇਹ ਕਦਮ", ਉੱਚੇ-ਸੁੱਚੇ ਰੋਹ ਨਾਲ ਸਾਰਾ ਭਾਂਬੜ ਬਣਿਆ ਜੂਦਾਸ ਕਾਊਟਸਕੀ ਲਿਖਦਾ ਹੈ, "ਨਿਸ਼ਚਿਤ ਸਜ਼ਾਯੋਗ ਜ਼ੁਰਮਾਂ ਦੇ ਮੁਜਰਮ ਨਿਸ਼ਚਿਤ ਵਿਅਕਤੀਆਂ ਦੇ ਖਿਲਾਫ਼ ਨਹੀਂ ਸੀ। ...ਸੋਵੀਅਤ ਰਿਪਬਲਿਕ ਦੇ ਸੰਵਿਧਾਨ ਵਿੱਚ ਸੋਵੀਅਤ ਡਿਪਟੀਆਂ ਦੀ ਸਜ਼ਾ ਤੋਂ ਛੋਟ ਬਾਰੇ ਇਕ ਵੀ ਸ਼ਬਦ ਨਹੀਂ। ਨਿਸ਼ਚਿਤ **ਵਿਅਕਤੀਆਂ** ਨੂੰ ਨਹੀਂ, ਸਗੋਂ ਨਿਸ਼ਚਿਤ **ਪਾਰਟੀਆਂ** ਨੂੰ ਸੋਵੀਅਤਾਂ ਵਿੱਚੋਂ ਕੱਢਿਆ ਜਾਂਦਾ ਹੈ।" (ਸਫ਼ਾ 37)

ਹਾਂ, ਇਹ ਸਚਮੁਚ ਭਿਆਨਕ ਗੱਲ ਹੈ, ਨਿਰੋਲ ਜਮਹੂਰੀਅਤ ਤੋਂ ਅਸਹਿਣਯੋਗ ਲਾਂਭੇ ਜਾਣਾ ਹੈ, ਜਿਸ ਨਿਰੋਲ ਜਮਹੂਰੀਅਤ ਦੇ ਨਿਯਮਾਂ ਅਨੁਸਾਰ ਸਾਡਾ ਇਨਕਲਾਬੀ ਜੂਦਾਸ ਕਾਊਟਸਕੀ ਇਨਕਲਾਬ ਲਿਆਵੇਗਾ। ਸਾਨੂੰ, ਰੂਸੀ ਬਾਲਸ਼ਵਿਕਾਂ ਨੂੰ, ਚਾਹੀਦਾ ਸੀ ਕਿ ਪਹਿਲਾਂ ਅਸੀਂ ਸਾਵੀਨਕੋਵ ਐਂਡ ਕੰਪਨੀ ਨੂੰ, ਲੀਬਰਡਾਨਾਂ [40], ਪੋਤਰੇਸੋਵਾਂ ("ਸਰਗਰਮਾਂ")[41] ਐਂਡ ਕੰਪਨੀ ਨੂੰ ਸਜ਼ਾ ਤੋਂ ਛੋਟ ਦਾ ਯਕੀਨ ਦੁਆਉਂਦੇ, ਫਿਰ ਇਸ

ਫ਼ੌਜਦਾਰੀ ਕਾਨੂੰਨ ਬਣਾਉਂਦੇ ਜਿਸ ਵਿੱਚ ਚੈਕ ਉਲਟ-ਇਨਕਲਾਬੀ ਜੰਗ ਵਿੱਚ ਹਿੱਸਾ ਲੈਣ ਨੂੰ, ਜਾਂ ਆਪਣੇ ਹੀ ਦੇਸ਼ ਦੇ ਮਜ਼ਦੂਰਾਂ ਦੇ **ਖਿਲਾਫ਼** ਯੂਕਰੇਨ ਜਾਂ ਜਾਰਜੀਆ ਵਿੱਚ ਜਰਮਨ ਸਾਮਰਾਜੀਆਂ ਨਾਲ਼ ਗਠਜੋੜ ਵਿਚ ਸ਼ਾਮਲ ਹੋਣ ਨੂੰ, "ਸਜ਼ਾਯੋਗ ਜ਼ੁਰਮ" ਐਲਾਨਿਆ ਗਿਆ ਹੁੰਦਾ, ਅਤੇ ਉਸਤੋਂ **ਪਿਛੋਂ** ਹੀ, ਇਸ ਫ਼ੌਜਦਾਰੀ ਕਾਨੂੰਨ ਦੇ ਅਧਾਰ ਉੱਤੇ, ਅਸੀਂ "ਨਿਰੋਲ ਜਮਹੂਰੀਅਤ" ਦੇ ਅਸੂਲਾਂ ਮੁਤਾਬਕ "ਨਿਸ਼ਚਿਤ ਬੰਦਿਆਂ" ਨੂੰ ਸੋਵੀਅਤਾਂ ਵਿੱਚੋਂ ਕੱਢਣ ਦੇ ਹੱਕਦਾਰ ਹੋ ਸਕਦੇ ਸਾਂ। ਇਹ ਕਹਿਣ ਦੀ ਲੋੜ ਨਹੀਂ ਕਿ ਚੈਕ, ਜਿਨ੍ਹਾਂ ਨੂੰ ਸਾਵੀਨਕੋਵਾਂ, ਪੋਤਰੇਸੋਵਾਂ ਅਤੇ ਲੀਬਰਡਾਨਾਂ ਦੇ ਮਾਧਿਅਮ ਰਾਹੀਂ (ਜਾਂ ਉਹਨਾਂ ਦੇ ਅੰਦੋਲਨ ਸਦਕਾ) ਬਰਤਾਨਵੀ ਅਤੇ ਫਰਾਂਸੀਸੀ ਪੂੰਜੀਪਤੀਆਂ ਤੋਂ ਸਹਾਇਤਾ ਮਿਲ ਰਹੀ ਹੈ, ਅਤੇ ਕਰਾਸਨੋਵ, ਜਿਨ੍ਹਾਂ ਨੂੰ ਯੂਕਰੇਨ ਅਤੇ ਤਿਫ਼ਲਿਸ ਦੇ ਮੈਨਸ਼ਵਿਕਾਂ ਦੇ ਮਾਧਿਅਮ ਰਾਹੀਂ ਜਰਮਨਾਂ ਤੋਂ ਅਸਲਾ ਪ੍ਰਾਪਤ ਹੋ ਰਿਹਾ ਹੈ, ਚੁੱਪ ਕਰਕੇ ਬੈਠੇ ਰਹਿੰਦੇ ਅਤੇ ਉਡੀਕਦੇ ਰਹਿੰਦੇ ਕਿ ਕਦੋਂ ਅਸੀਂ ਉਚਿੱਤ ਫ਼ੌਜਦਾਰੀ ਕਾਨੂੰਨ ਤਿਆਰ ਕਰ ਦੇਂਦੇ ਹਾਂ, ਅਤੇ, ਅਤਿ ਨਿਰੋਲ ਜਮਹੂਰੀਅਤਪਸੰਦਾਂ ਵਾਂਗ, ਜਿਵੇਂ ਕਿ ਉਹ ਹਨ ਹੀ, ਉਹ ਆਪਣੇ ਆਪ ਨੂੰ, "ਵਿਰੋਧੀ ਦਲ" ਦੇ ਰੋਲ ਤੱਕ ਸੀਮਤ ਰੱਖਦੇ।

ਕਾਊਟਸਕੀ ਦੇ ਦਿਲ ਵਿੱਚ ਇਸ ਤੱਥ ਤੋਂ ਕੋਈ ਘੱਟ ਗੰਭੀਰ ਇਖਲਾਕੀ ਰੋਹ ਨਹੀਂ ਪੈਦਾ ਹੁੰਦਾ ਕਿ ਸੋਵੀਅਤ ਸੰਵਿਧਾਨ ਉਹਨਾਂ ਸਾਰਿਆਂ ਦਾ ਮੱਤਾਧਿਕਾਰ ਖੋਹ ਲੈਂਦਾ ਹੈ ਜਿਹੜੇ "ਮੁਨਾਫ਼ੇ ਦੇ ਖਿਆਲ ਨਾਲ਼ ਭਾੜੇ ਦੇ ਮਜ਼ਦੂਰਾਂ ਨੂੰ **ਕੰਮ** ਉੱਤੇ ਲਾਉਂਦੇ ਹਨ"। ਕਾਊਟਸਕੀ ਲਿਖਦਾ ਹੈ—"ਘਰ ਕੰਮ ਕਰਨ ਵਾਲ਼ਾ, ਜਾਂ ਸਿਰਫ਼ ਇਕ ਕਾਰੀਗਰ ਨੂੰ ਲਾਉਣ ਵਾਲ਼ਾ ਛੋਟਾ ਮਾਲਕ ਪ੍ਰੋਲੇਤਾਰੀ ਵਾਂਗ ਰਹਿੰਦਾ ਅਤੇ ਮਹਿਸੂਸ ਕਰਦਾ ਹੋ ਸਕਦਾ ਹੈ, ਪਰ ਉਸਨੂੰ ਵੋਟ ਦਾ ਹੱਕ ਨਹੀਂ ਹੈ" (ਸਫ਼ਾ 36)।

"ਨਿਰੋਲ ਜਮਹੂਰੀਅਤ" ਤੋਂ ਕਿਨਾਂ ਲਾਂਭੇ ਚਲੇ ਗਏ ਹਾਂ! ਕਿੰਨਾਂ ਅਨਿਆਂ ਹੈ! ਠੀਕ ਹੈ, ਹੁਣ ਤੱਕ ਸਾਰੇ ਮਾਰਕਸਵਾਦੀ ਇਹ ਸੋਚਦੇ ਰਹੇ ਹਨ— ਅਤੇ ਹਜ਼ਾਰਾਂ ਤੱਥ ਇਸਨੂੰ ਸਾਬਤ ਕਰਦੇ ਹਨ— ਕਿ ਛੋਟੇ ਮਾਲਕ ਭਾੜੇ ਦੇ ਮਜ਼ਦੂਰਾਂ ਦੇ ਬੇਹੱਦ ਬੇਦਰੇਗ਼ ਅਤੇ ਲਾਲਚੀ ਸ਼ੋਸ਼ਕ ਹੁੰਦੇ ਹਨ, ਪਰ ਸਾਡਾ ਜੂਦਾਸ ਕਾਊਟਸਕੀ ਛੋਟੇ ਮਾਲਕ ਨੂੰ **ਸ਼੍ਰੇਣੀ** ਵਜੋਂ ਨਹੀਂ (ਸ਼੍ਰੇਣੀ ਘੋਲ਼ ਦੇ ਇਸ ਘਾਤਕ ਸਿਧਾਂਤ ਦੀ ਕਾਢ ਕਿਸਨੇ ਕੱਢੀ ਸੀ ?) ਸਗੋਂ ਇੱਕੋ ਇੱਕ ਵਿਅਕਤੀ ਵਜੋਂ ਲੈਂਦਾ ਹੈ, ਐਸੇ ਸ਼ੋਸ਼ਕ ਜਿਹੜੇ "ਬਿਲਕੁਲ ਪ੍ਰੋਲੇਤਾਰੀਆਂ ਵਾਂਗ ਰਹਿੰਦੇ ਅਤੇ ਮਹਿਸੂਸ ਕਰਦੇ ਹਨ"। ਪ੍ਰਸਿੱਧ "ਸੰਜਮੀ ਆਗਨਿਸ", ਜਿਸ ਬਾਰੇ ਖਿਆਲ ਕੀਤਾ ਜਾਂਦਾ ਸੀ ਕਿ ਬਹੁਤ ਸਮੇਂ ਤੋਂ ਮਰ ਚੁੱਕੀ ਅਤੇ ਦਫ਼ਨਾਈ ਜਾ ਚੁੱਕੀ ਹੈ, ਕਾਊਟਸਕੀ ਦੀ ਕਲਮ ਹੇਠ ਮੁੜ ਕੇ ਜਿਉਂ ਪਈ ਹੈ। ਇਸ ਸੰਜਮੀ ਆਗਿਨਸ ਦੀ ਕੁਝ ਦਹਾਕੇ ਪਹਿਲਾਂ ਉਸ "ਨਿਰੋਲ" ਜਮਹੂਰੀਅਤਪਸੰਦ, ਬੁਰਜੂਆ ਯੂਜੀਨ ਰਿਖ਼ਟਰ ਨੇ ਕਾਢ ਕੱਢੀ ਸੀ ਅਤੇ ਇਸਨੂੰ ਜਰਮਨ ਸਾਹਿਤ ਵਿੱਚ ਲਿਆਂਦਾ ਸੀ। ਉਸਨੇ ਅਕਿਹ ਮੁਸੀਬਤਾਂ ਬਾਰੇ ਪੇਸ਼ਗੋਈ ਕੀਤੀ ਸੀ ਜਿਹੜੀਆਂ ਪ੍ਰੋਲੇਤਾਰੀ ਡਿਕਟੇਟਰਸ਼ਿਪ ਤੋਂ ਪਿੱਛੋਂ, ਸ਼ੋਸ਼ਕਾਂ ਦੀ ਪੂੰਜੀ ਜ਼ਬਤ ਕਰਨ ਤੋਂ ਪਿੱਛੋਂ ਆਉਣਗੀਆਂ ਅਤੇ ਮਾਸੂਮ ਅੰਦਾਜ਼ ਵਿੱਚ ਪੁੱਛਿਆ ਸੀ: ਸ਼ਬਦ ਦੇ ਕਾਨੂੰਨੀ ਅਰਥਾਂ ਵਿੱਚ ਪੂੰਜੀਪਤੀ ਕੀ

ਹੈ ? ਉਸਨੇ ਇੱਕ ਕੰਗਾਲ, ਸੰਜਮੀ ਦਰਜੀ ("ਸੰਜਮੀ ਆਗਨਿਸ") ਦੀ ਉਦਾਹਰਣ ਲਈ, ਜਿਸਦਾ ਆਖਰੀ ਧੇਲਾ ਬਦਮਾਸ਼ "ਪ੍ਰੋਲੇਤਾਰੀ ਡਿਕਟੇਟਰਸ਼ਿਪ" ਲੁੱਟ ਲੈਂਦੇ ਹਨ। ਇੱਕ ਸਮਾਂ ਸੀ ਜਦੋਂ ਸਾਰੇ ਜਰਮਨ ਸੋਸ਼ਲ–ਡੈਮੋਕ੍ਰੈਟ ਨਿਰੋਲ ਜਮਹੂਰੀਅਤਪਸੰਦ ਯੂਜੀਨ ਰਿਖ਼ਟਰ ਦੀ ਇਸ "ਸੰਜਮੀ ਆਗਨਿਸ" ਦਾ ਮਜ਼ਾਕ ਉਡਾਇਆ ਕਰਦੇ ਸਨ। ਪਰ ਇਸ ਗੱਲ ਨੂੰ ਬਹੁਤ, ਬਹੁਤ ਸਮਾਂ ਗੁਜ਼ਰ ਗਿਆ ਹੈ, ਜਦੋਂ ਬੇਬੇਲ ਅਜੇ ਜਿਉਂਦਾ ਸੀ, ਜਿਹੜਾ ਆਪਣੀ ਪਾਰਟੀ ਵਿਚ ਕਈ ਕੌਮੀ–ਉਦਾਰਵਾਦੀਆਂ[42] ਦੇ ਹੋਣ ਬਾਰੇ ਬਿਲਕੁਲ ਸਾਫ਼ ਸਾਫ਼ ਅਤੇ ਖੁੱਲ੍ਹਮ–ਖੁੱਲ੍ਹਾ ਗੱਲ ਕਰ ਦੇਂਦਾ ਸੀ, ਇਹ ਬਹੁਤ ਪਹਿਲਾਂ ਦੀ ਗੱਲ ਹੈ, ਜਦੋਂ ਕਾਊਟਸਕੀ ਅਜੇ ਭਗੌੜਾ ਨਹੀਂ ਸੀ।

ਹੁਣ "ਸੰਜਮੀ ਆਗਨਿਸ" "ਛੋਟੇ ਮਾਲਕ" ਦੇ ਰੂਪ ਵਿੱਚ ਮੁੜ ਜਿਉਂ ਪਈ ਹੈ, "ਜਿਹੜਾ ਸਿਰਫ਼ ਇੱਕ ਕਾਰੀਗਰ ਨੂੰ ਕੰਮ ਉੱਤੇ ਲਾਉਂਦਾ ਹੈ ਅਤੇ ਬਿਲਕੁੱਲ ਪ੍ਰੋਲੇਤਾਰੀਆਂ ਵਾਂਗ ਮਹਿਸੂਸ ਕਰਦਾ ਹੈ"। ਬਦਮਾਸ਼ ਬਾਲਸ਼ਵਿਕ ਉਸ ਨਾਲ਼ ਜ਼ਿਆਦਤੀ ਕਰ ਰਹੇ ਹਨ, ਉਸਨੂੰ ਵੋਟ ਦੇ ਹੱਕ ਤੋਂ ਵਾਂਝਿਆਂ ਕਰ ਰਹੇ ਹਨ। ਇਹ ਠੀਕ ਹੈ ਕਿ ਸੋਵੀਅਤ ਰਿਪਬਲਿਕ ਵਿਚ "ਚੋਣਕਾਰਾਂ ਦਾ ਹਰ ਇਕੱਠ" , ਜਿਵੇਂ ਕਿ ਕਾਊਟਸਕੀ ਸਾਨੂੰ ਦੱਸਦਾ ਹੈ, ਗਰੀਬ ਛੋਟੇ ਮਾਲਕ ਨੂੰ ਆਪਣੇ ਵਿੱਚ ਸ਼ਾਮਲ ਕਰ ਸਕਦਾ ਹੈ, ਜਿਹੜਾ ਉਦਾਹਰਣ ਵਜੋਂ, ਇੱਕ ਜਾਂ ਦੂਜੀ ਫ਼ੈਕਟਰੀ ਨਾਲ਼ ਸਬੰਧਤ ਹੋ ਸਕਦਾ ਹੈ, ਜੇ, ਅਪਵਾਦ ਵਜੋਂ, ਉਹ ਸ਼ੋਸ਼ਕ ਨਹੀਂ, ਅਤੇ ਜੇ ਉਹ **ਸੱਚਮੁੱਚ** "ਪ੍ਰੋਲੇਤਾਰੀਆਂ ਵਾਂਗ ਰਹਿੰਦਾ ਅਤੇ ਮਹਿਸੂਸ ਕਰਦਾ ਹੈ"। ਪਰ ਕੀ ਕੋਈ ਬੰਦਾ ਲਿਖਤੀ ਜ਼ਾਬਤੇ ਤੋਂ ਬਿਨਾਂ ਕਾਰਵਾਈ ਕਰ ਰਹੇ (ਕਿੰਨੀ ਭਿਆਨਕ ਗੱਲ !) ਆਮ ਮਜ਼ਦੂਰਾਂ ਦੀ ਬੇਕਾਇਦਾ ਫ਼ੈਕਟਰੀ ਮੀਟਿੰਗ ਦੀ ਇਨਸਾਫ਼ ਦੀ ਭਾਵਨਾ ਉੱਤੇ, ਜੀਵਨ ਦੇ ਗਿਆਨ ਉਤੇ ਭਰੋਸਾ ਕਰ ਸਕਦਾ ਹੈ ? ਕੀ ਇਹ ਸਪੱਸ਼ਟ ਤੌਰ ਉੱਤੇ ਵਧੇਰੇ ਚੰਗਾ ਨਹੀਂ ਹੋਵੇਗਾ ਕਿ **ਸਾਰੇ** ਸ਼ੋਸ਼ਕਾਂ ਨੂੰ, **ਉਹਨਾਂ ਸਾਰਿਆਂ ਨੂੰ**, ਜਿਹੜੇ ਭਾੜੇ ਦੇ ਮਜ਼ਦੂਰ ਰੱਖਦੇ ਹਨ, ਵੋਟ ਦਾ ਹੱਕ ਦੇ ਦਿੱਤਾ ਜਾਏ, ਇਸ ਨਾਲੋਂ ਕਿ "ਸੰਜਮੀ ਆਗਨਿਸ" ਅਤੇ "ਬਿਲਕੁਲ ਪ੍ਰੋਲੇਤਾਰੀਆਂ ਵਾਂਗ ਰਹਿੰਦੇ ਅਤੇ ਮਹਿਸੂਸ ਕਰਦੇ ਹਨ ਛੋਟੇ ਮਾਲਕਾਂ" ਨਾਲ਼ ਮਜ਼ਦੂਰਾਂ ਵੱਲੋਂ ਜ਼ਿਆਦਤੀ ਕੀਤੇ ਜਾਣ ਦੀ ਸੰਭਾਵਨਾ ਦਾ ਖਤਰਾ ਸਹੇੜਿਆ ਜਾਏ ?

* * *

ਨਫ਼ਰਤਯੋਗ ਭਗੌੜੇ ਬਦਮਾਸ਼ਾਂ ਨੂੰ, ਬੁਰਜੂਆਜ਼ੀ ਅਤੇ ਸਮਾਜਕ–ਅੰਧਰਾਸ਼ਟਰਵਾਦੀਆਂ* ਦੀਆਂ ਤਾਲ਼ੀਆਂ ਵਿਚਕਾਰ, ਸ਼ੋਸ਼ਕਾਂ ਤੋਂ ਮੱਤਾਧਿਕਾਰ ਖੋਹਣ ਵਾਸਤੇ

---

* ਮੈਂ ਹੁਣੇ ਜਿਹੇ ਹੀ "Frankfurter Zeitung"[43] (ਨੰ. 293, 22 ਅਕਤੂਬਰ, 1918) ਵਿਚ ਇੱਕ ਲੇਖ ਪੜ੍ਹਿਆ ਹੈ, ਜਿਸ ਵਿਚ ਕਾਊਸਕੀ ਦੇ ਪੈਂਫ਼ਲਟ ਦਾ ਉਤਸ਼ਾਹਜਨਕ ਸੰਖੇਪ ਦਿਤਾ ਗਿਆ ਹੈ। ਸਟਾਕ ਐਕਸਚੈਂਜ ਦਾ ਇਹ ਅਖਬਾਰ ਸਤੁੰਸ਼ਟ ਹੈ। ਅਤੇ ਕੋਈ ਹੈਰਾਨੀ ਵਾਲੀ ਗੱਲ ਨਹੀਂ! ਅਤੇ ਬਰਲਿਨ ਤੋਂ ਮੈਨੂੰ ਇਕ ਸਾਥੀ ਨੇ ਲਿਖਿਆ ਹੈ ਕਿ ਸ਼ੀਦਮਾਨਾਂ ਦਾ ਅਖਬਾਰ "vorwärts"[44] ਇਕ ਵਿਸ਼ੇਸ਼ ਲੇਖ ਵਿਚ ਐਲਾਨ ਕਰ ਚੁੱਕਾ ਹੈ ਕਿ ਉਹ ਕਾਊਟਸਕੀ ਵਲੋਂ ਲਿਖੀ ਗਈ ਹਰ ਸਤਰ ਨਾਲ ਲਗਭਗ ਸਹਿਮਤ ਹੈ।[45] । ਹਾਰਦਿਕ ਵਧਾਈਆਂ !

ਸਾਡੇ ਸੋਵੀਅਤ ਸੰਵਿਧਾਨ ਨੂੰ ਗਾਹਲਾਂ ਕੱਢਣ ਦਿਓ! ਇਹ ਬਹੁਤ ਚੰਗੀ ਗੱਲ ਹੈ ਕਿਉਂਕਿ ਇਸ ਨਾਲ਼ ਯੂਰਪ ਦੇ ਇਨਕਲਾਬੀ ਮਜ਼ਦੂਰਾਂ ਅਤੇ ਸ਼ੀਦਮਾਨਾਂ ਅਤੇ ਕਾਊਟਸਕੀਆਂ, ਰੇਨਾਦੇਲਾਂ ਅਤੇ ਲੌਂਗੇ ਦੇ ਹਾਮੀਆਂ, ਹੈਂਡਰਸਨਾਂ ਅਤੇ ਰੈਮਜ਼ੇ ਮੈਕਡਾਨਲਡਾਂ ਵਿਚਕਾਰ, ਸੋਸ਼ਲਿਜ਼ਮ ਦੇ ਪੁਰਾਣੇ ਆਗੂਆਂ ਅਤੇ ਪੁਰਾਣੇ ਗੱਦਾਰਾਂ ਵਿਚਕਾਰ ਦੁਫੇੜ ਤੇਜ਼ ਹੋਵੇਗੀ ਅਤੇ ਵਧੇਗੀ।

ਦੱਬੀਆਂ-ਕੁਚਲੀਆਂ ਸ਼੍ਰੇਣੀਆਂ ਦਾ ਸਮੂਹ, ਸ਼੍ਰੇਣੀ-ਚੇਤਨਾ ਵਾਲ਼ੇ ਅਤੇ ਈਮਾਨਦਾਰ ਇਨਕਲਾਬੀ ਪ੍ਰੋਲੇਤਾਰੀ ਆਗੂ, ਸਾਡੇ **ਪਾਸੇ** ਹੋਣਗੇ। ਇਹੋ ਜਿਹੇ ਪ੍ਰੋਲੇਤਾਰੀਆਂ ਅਤੇ ਇਹੋ ਜਿਹੇ ਲੋਕਾਂ ਨੂੰ ਆਪਣੇ ਸੋਵੀਅਤ ਸੰਵਿਧਾਨ ਤੋਂ ਜਾਣੂ ਕਰਾਉਣਾ ਹੀ ਕਾਫ਼ੀ ਹੈ, ਅਤੇ ਉਹ ਕਹਿ ਉੱਠਣਗੇ: ਇਹ ਤਾਂ ਸੱਚਮੁੱਚ **ਸਾਡੇ ਲੋਕ** ਹਨ, ਇਹ ਤਾਂ ਸੱਚਮੁੱਚ ਦੀ ਮਜ਼ਦੂਰ ਪਾਰਟੀ ਹੈ, ਇਹ ਤਾਂ ਸੱਚਮੁੱਚ ਦੀ ਮਜ਼ਦੂਰਾਂ ਦੀ ਸਰਕਾਰ ਹੈ, ਕਿਉਂਕਿ ਇਹ ਸੁਧਾਰਾਂ ਬਾਰੇ ਗੱਲਾਂ ਕਰਕੇ ਮਜ਼ਦੂਰਾਂ ਨੂੰ ਧੋਖਾ ਨਹੀਂ ਦੇਣਾ ਚਾਹੁੰਦੀ ਜਿਵੇਂ ਕਿ **ਸਾਰੇ ਉਪ੍ਰੋਕਤ ਆਗੂਆਂ ਨੇ ਕੀਤਾ ਹੈ**, ਸਗੋਂ ਤਨੋ-ਮਨੋ ਸ਼ੋਸ਼ਕਾਂ ਦੇ ਖਿਲਾਫ਼ ਲੜ ਰਹੀ ਹੈ, ਤਨੋ-ਮਨੋ ਇਨਕਲਾਬ ਲਿਆ ਰਹੀ ਹੈ ਅਤੇ ਮਜ਼ਦੂਰਾਂ ਦੀ ਪੂਰਨ ਮੁਕਤੀ ਲਈ **ਸੱਚਮੁੱਚ** ਲੜ ਰਹੀ ਹੈ।

ਇਹ **ਤੱਥ**, ਕਿ ਇਹ ਸਾਲ ਦੇ, "ਤਜ਼ਰਬੇ" ਤੋਂ ਪਿੱਛੋਂ ਸੋਵੀਅਤਾਂ ਨੇ ਸ਼ੋਸ਼ਕਾਂ ਤੋਂ ਸੱਤਾਧਿਕਾਰ ਖੋਹ ਲਿਆ ਹੈ, **ਦਰਸਾਉਂਦਾ ਹੈ** ਕਿ ਸੋਵੀਅਤਾਂ ਸੱਚਮੁੱਚ ਹੀ ਦੱਬਿਆਂ-ਕੁਚਲਿਆਂ ਦੀਆਂ ਜਥੇਬੰਦੀਆਂ ਹਨ , ਨਾ ਕਿ ਸਮਾਜਿਕ-ਸਾਮਰਾਜੀਆਂ ਦੀਆਂ ਅਤੇ ਸਮਾਜਿਕ-ਸ਼ਾਂਤੀਵਾਦੀਆਂ ਦੀਆਂ, ਜਿਨ੍ਹਾਂ ਨੇ ਆਪਣੇ ਆਪ ਨੂੰ ਬੁਰਜੂਆਜ਼ੀ ਕੋਲ਼ ਵੇਚ ਦਿੱਤਾ ਹੈ। ਇਹ **ਤੱਥ**, ਕਿ ਸੋਵੀਅਤਾਂ ਨੇ ਸ਼ੋਸ਼ਕਾਂ ਤੋਂ ਸੱਤਾਧਿਕਾਰ ਖੋਹ ਲਿਆ ਹੈ, **ਦਰਸਾਉਂਦਾ ਹੈ** ਕਿ ਉਹ ਸਰਮਾਏਦਾਰਾਂ ਨਾਲ਼ ਪੈਟੀ-ਬੁਰਜੂਆ ਸਮਝੌਤੇ ਦੀਆਂ ਜਥੇਬੰਦੀਆਂ ਨਹੀਂ ਹਨ, (ਕਾਊਟਸਕੀਆਂ, ਲੌਂਗੇਆਂ ਅਤੇ ਮੈਕਡਾਨਲਡਾਂ ਵੱਲੋਂ) ਪਾਰਲੀਮੈਂਟਰੀ ਬੜ-ਬੜ ਦੀਆਂ ਜਥੇਬੰਦੀਆਂ ਨਹੀਂ ਹਨ, ਸਗੋਂ ਸੱਚੇ ਇਨਕਲਾਬੀ ਪ੍ਰੋਲੇਤਾਰੀਆਂ ਦੀਆਂ ਜਥੇਬੰਦੀਆਂ ਹਨ, ਜਿਹੜੇ ਕਿ ਸ਼ੋਸ਼ਕਾਂ ਦੇ ਖਿਲਾਫ਼ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ।

"ਕਾਊਟਸਕੀ ਦੀ ਕਿਤਾਬ ਨੂੰ ਏਥੇ ਕੋਈ ਨਹੀਂ ਜਾਣਦਾ", ਇੱਕ ਚੰਗੀ ਜਾਣਕਾਰੀ ਰੱਖਦੇ ਸਾਥੀ ਨੇ ਕੁਝ ਦਿਨ ਹੋਏ (ਅੱਜ 30 ਅਕਤੂਬਰ ਹੈ) ਮੈਨੂੰ ਬਰਲਿਨ ਤੋਂ ਲਿਖਿਆ। ਮੈਂ ਜਰਮਨੀ ਅਤੇ ਸਵਿਟਰਜ਼ਰਲੈਂਡ ਵਿਚਲੇ ਆਪਣੇ ਰਾਜਦੂਤਾਂ ਨੂੰ ਸਲਾਹ ਦੇਵਾਂਗਾਂ ਕਿ ਇਸ ਕਿਤਾਬ ਨੂੰ ਖਰੀਦਣ ਅਤੇ ਸ਼੍ਰੇਣੀ ਚੇਤਨਾ ਵਾਲੇ ਮਜ਼ਦੂਰਾਂ ਵਿਚਕਾਰ **ਮੁਫ਼ਤ ਵੰਡਣ** ਤੋਂ ਹਜ਼ਾਰਾਂ ਦਾ ਸਰਫ਼ਾ ਨਾ ਕਰਨ, ਤਾਂ ਕਿ ਇਸ "ਯੂਰਪੀ" — ਪੜ੍ਹੋ: ਸਾਮਰਾਜੀ ਅਤੇ ਸੁਧਾਰਵਾਦੀ—ਸੋਸ਼ਲ-ਡੈਮੋਕਰੈਸੀ ਨੂੰ ਚਿੱਕੜ ਵਿਚ ਮਧੋਲਿਆ ਜਾ ਸਕੇ, ਜਿਹੜੀ ਬਹੁਤ ਸਮੇਂ ਤੋਂ "ਬੋਅ ਮਾਰਦੀ ਲਾਸ਼" ਬਣੀ ਹੋਈ ਹੈ।

* * *

ਆਪਣੀ ਕਿਤਾਬ ਦੇ ਅਖੀਰ ਉੱਤੇ, ਸਫ਼ਾ 61 ਅਤੇ 63 ਉੱਤੇ ਸ਼੍ਰੀਮਾਨ ਕਾਊਟਸਕੀ ਇਸ ਤੱਥ ਉਤੇ ਜ਼ਾਰ ਜ਼ਾਰ ਰੋਂਦਾ ਹੈ ਕਿ "ਨਵੇਂ ਸਿਧਾਂਤ" (ਜਿਹੜਾ ਨਾਂ ਕਿ ਉਹ ਮਾਰਕਸ

ਅਤੇ ਏਂਗਲਜ਼ ਵੱਲੋਂ ਪੈਰਿਸ ਕਮਿਊਨ ਦੇ ਵਿਸ਼ਲੇਸ਼ਣ ਨੂੰ ਛੂਹਣ ਤੋਂ ਡਰਦਿਆਂ, ਬਾਲਸ਼ਵਿਕਵਾਦ ਨੂੰ ਦੇਂਦਾ ਹੈ) "ਨੂੰ ਸਵਿਟਰਜ਼ਰਲੈਂਡ ਵਿਚਲੀਆਂ, ਉਦਾਹਰਣ ਵਜੋਂ, ਪੁਰਾਣੀਆਂ ਜਮਹੂਰੀਅਤਾਂ ਵਿੱਚ ਵੀ ਹਿਮਾਇਤੀ ਮਿਲ ਰਹੇ ਹਨ"। ਕਾਊਟਸਕੀ ਨੂੰ "ਇਹ ਸਮਝ ਨਹੀਂ ਆਉਂਦੀ ਕਿ ਇਸ ਸਿਧਾਂਤ ਨੂੰ ਜਰਮਨ ਸੋਸ਼ਲ-ਡੈਮੋਕਰੈਟਾਂ ਵਲੋਂ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ"।

ਨਹੀਂ, ਇਹ ਬਿਲਕੁਲ ਆਉਂਦਾ ਹੈ, ਕਿਉਂਕਿ ਜੰਗ ਦੇ ਗੰਭੀਰ ਸਬਕਾਂ ਤੋਂ ਮਗਰੋਂ ਇਨਕਲਾਬੀ ਜਨਤਾ ਸ਼ੀਦਮਾਨਾਂ ਅਤੇ ਕਾਊਟਸਕੀਆਂ ਤੋਂ ਅੱਕਦੀ ਜਾ ਰਹੀ ਹੈ।

"ਅਸੀਂ" ਹਮੇਸ਼ਾ ਹੀ ਜਮਹੂਰੀਅਤ ਦੇ ਹੱਕ ਵਿੱਚ ਰਹੇ ਹਾਂ, ਕਾਊਟਸਕੀ ਲਿਖਦਾ ਹੈ, ਫਿਰ ਵੀ ਸਾਥੋਂ ਆਸ ਰੱਖੀ ਜਾ ਰਹੀ ਹੈ ਕਿ ਅਸੀਂ ਇਕਦਮ ਇਸਦਾ ਤਿਆਗ ਕਰ ਦੇਵਾਂਗੇ!

"ਅਸੀਂ" ਸੋਸ਼ਲ-ਡੈਮੋਕਰੈਸੀ ਦੇ ਮੌਕਾਪ੍ਰਸਤ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਹਮੇਸ਼ਾ ਹੀ ਵਿਰੋਧੀ ਰਹੇ ਹਾਂ, ਅਤੇ ਕੋਲਬ ਐਂਡ ਕੰਪਨੀ ਨੇ **ਬਹੁਤ** ਪਹਿਲਾਂ ਇਹ ਐਲਾਨ ਕਰ ਦਿੱਤਾ ਹੋਇਆ ਸੀ। ਕਾਊਟਸਕੀ ਇਹ ਜਾਣਦਾ ਹੈ ਅਤੇ ਫ਼ਜ਼ੂਲ ਆਸ ਰੱਖ ਰਿਹਾ ਹੈ ਕਿ ਅਸੀਂ ਇਹ ਸਪਸ਼ੱਟ ਤੱਥ ਉਸਦੇ ਪਾਠਕਾਂ ਤੋਂ ਲੁਕਾ ਰੱਖਾਂਗੇ ਕਿ ਉਹ ਬਰਨਸਟਾਈਨਾਂ ਅਤੇ ਕੋਲਬਾਂ "ਦੀ ਸੰਗਤ ਵਿੱਚ ਮੁੜ ਆਇਆ ਹੈ"।

"ਅਸੀਂ", ਇਨਕਲਾਬੀ ਮਾਰਕਸਵਾਦੀਆਂ ਨੇ "ਨਿਰੋਲ" (ਬੁਰਜੂਆ) ਜਮਹੂਰੀਅਤ ਨੂੰ ਕਦੀ ਪੂਜਾਯੋਗ ਵਸਤੂ ਨਹੀਂ ਸਮਝਿਆ। ਜਿਵੇਂ ਕਿ ਪਤਾ ਹੀ ਹੈ, 1903 ਵਿੱਚ ਪਲੈਖ਼ਾਨੋਵ ਇਨਕਲਾਬੀ ਮਾਰਕਸਵਾਦੀ ਸੀ (ਮਗਰੋਂ ਉਸਦੇ ਬਦਕਿਸਮਤੀ ਮੋੜੇ ਨੇ ਉਸਨੂੰ ਰੂਸੀ ਸ਼ੀਦਮਾਨਾਂ ਦੀਆਂ ਪੁਜ਼ੀਸ਼ਨਾਂ ਉੱਤੇ ਲੈ ਆਂਦਾ) ਅਤੇ ਉਸ ਸਾਲ ਪਲੈਖ਼ਾਨੋਵ ਨੇ ਸਾਡੀ ਪਾਰਟੀ ਕਾਨਫ਼ਰੰਸ ਵਿੱਚ, ਜਿਹੜੀ ਕਿ ਉਸ ਵੇਲ਼ੇ ਆਪਣਾ ਪ੍ਰੋਗਰਾਮ ਪਾਸ ਕਰ ਰਹੀ ਸੀ, ਇਹ ਐਲਾਨ ਕੀਤਾ ਸੀ ਕਿ ਇਨਕਲਾਬ ਵਿਚ, ਜੇ ਲੋੜ ਪਈ ਤਾਂ, ਪ੍ਰੋਲੇਤਾਰੀ ਪੂੰਜੀਪਤੀਆਂ ਨੂੰ ਮੱਤਾਧਿਕਾਰ ਤੋਂ ਵਾਂਝਿਆਂ ਕਰ ਦੇਣਗੇ ਅਤੇ **ਜਿਹੜੀ ਵੀ ਪਾਰਲੀਮੈਂਟ** ਉਲਟ-ਇਨਕਲਾਬੀ ਦਿਸਦੀ ਹੈ, ਉਸਨੂੰ **ਭੰਗ ਕਰ ਦੇਣਗੇ**[46]। ਇਹ ਇੱਕੋ ਇੱਕ ਐਸਾ ਵਿਚਾਰ ਹੈ ਜਿਹੜਾ ਮਾਰਕਸਵਾਦ ਦੇ ਨਾਲ਼ ਮੇਲ ਖਾਂਦਾ ਹੈ, ਅਤੇ ਮਾਰਕਸ ਅਤੇ ਏਂਗਲਜ਼ ਦੇ ਬਿਆਨਾਂ ਤੋਂ ਵੀ ਇਹ ਗੱਲ ਹਰ ਇੱਕ ਨੂੰ ਸਪਸ਼ਟ ਹੋ ਜਾਏਗੀ, ਜਿਨ੍ਹਾਂ ਬਿਆਨਾਂ ਦਾ ਹਵਾਲਾ ਕਿ ਮੈਂ ਉੱਪਰ ਦਿੱਤਾ ਹੈ; ਇਹ ਗੱਲ ਪ੍ਰਤੱਖ ਤੌਰ ਉੱਤੇ ਮਾਰਕਸਵਾਦ ਦੇ ਸਾਰੇ ਬੁਨਿਆਦੀ ਅਸੂਲਾਂ ਵਿੱਚੋਂ ਨਿਕਲਦੀ ਹੈ।

"ਅਸੀਂ", ਇਨਕਲਾਬੀ ਮਾਰਕਸਵਾਦੀਆਂ ਨੇ ਲੋਕਾਂ ਸਾਮ੍ਹਣੇ ਕਦੀ ਐਸੀਆਂ ਤਕਰੀਰਾਂ ਨਹੀਂ ਕੀਤੀਆਂ ਜਿਹੜੀਆਂ ਕਿ ਸਾਰੀਆਂ ਕੌਮਾਂ ਦੇ ਕਾਊਟਸਕੀਵਾਦੀਏ, ਬੁਰਜੂਆਜ਼ੀ ਅੱਗੇ ਰੀਂਗਦੇ ਹੋਏ, ਆਪਣੇ ਆਪ ਨੂੰ ਬੁਰਜੂਆ ਪਾਰਲੀਮੈਂਟਰੀ ਪ੍ਰਣਾਲੀ ਦੇ ਮੁਤਾਬਲ ਢਾਲ਼ਦੇ ਹੋਏ, ਆਧੁਨਿਕ ਜਮਹੂਰੀਅਤ ਦੇ **ਬੁਰਜੂਆ** ਖਾਸੇ ਬਾਰੇ ਚੁੱਪ ਰਹਿੰਦੇ ਹੋਏ, ਅਤੇ ਸਿਰਫ਼ **ਇਸਦੇ** ਪਸਾਰ ਦੀ ਮੰਗ ਕਰਦੇ ਹੋਏ, ਸਿਰਫ਼ ਇਹ ਮੰਗ ਕਰਦੇ ਹੋਏ ਕਿ ਇਸਨੂੰ

**ਇਸਦੇ** ਮੰਤਕੀ ਸਿੱਟੇ ਤੱਕ ਲਿਜਾਇਆ ਜਾਣਾ ਚਾਹੀਦਾ ਹੈ, ਕਰਨ ਨੂੰ ਪਿਆਰ ਕਰਦੇ ਹਨ।

"ਅਸੀਂ" ਬੁਰਜੂਆਜ਼ੀ ਨੂੰ ਇਹ ਕਿਹਾ ਸੀ: ਤੁਸੀਂ, ਸ਼ੋਸ਼ਕੋ ਅਤੇ ਦੰਭੀਓ, ਜਮਹੂਰੀਅਤ ਦੀ ਗੱਲ ਕਰਦੇ ਹੋ, ਜਦ ਕਿ ਹਰ ਕਦਮ ਉਤੇ ਤੁਸੀਂ **ਦੱਬੇ-ਕੁਚਲੇ ਲੋਕਾਂ** ਨੂੰ ਰਾਜਨੀਤੀ ਵਿੱਚ ਹਿੱਸਾ ਲੈਣ ਤੋਂ ਰੋਕਣ ਲਈ ਹਜ਼ਾਰਾਂ ਰੁਕਾਵਟਾਂ ਖੜ੍ਹੀਆਂ ਕਰਦੇ ਹੋ। ਅਸੀਂ ਤੁਹਾਡੀਆਂ ਗੱਲਾਂ ਵਿੱਚ ਯਕੀਨ ਕਰ ਲੈਂਦੇ ਹਾਂ ਅਤੇ, ਇਹਨਾਂ ਲੋਕਾਂ ਦੇ ਹਿੱਤਾਂ ਵਿੱਚ, ਤੁਹਾਨੂੰ, ਸ਼ੋਸ਼ਕਾਂ ਨੂੰ ਲਾਹ ਮਾਰਨ ਦੇ ਮੰਤਵ ਨਾਲ਼ **ਇਨਕਲਾਬ ਵਾਸਤੇ ਲੋਕਾਂ ਨੂੰ ਤਿਆਰ ਕਰਨ ਲਈ ਤੁਹਾਡੀ** ਬੁਰਜੂਆ ਜਮਹੂਰੀਅਤ ਦੇ ਪਸਾਰ ਦੀ ਮੰਗ ਕਰਦੇ ਹਾਂ। ਅਤੇ ਜੇ ਤੁਸੀਂ ਸ਼ੋਸ਼ਕਾਂ ਨੇ ਸਾਡੇ ਪ੍ਰੋਲੇਤਾਰੀ ਇਨਕਲਾਬ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਤੁਹਾਨੂੰ ਬੇਕਿਰਕੀ ਨਾਲ ਦਬਾ ਦੇਵਾਂਗੇ; ਅਸੀਂ ਤੁਹਾਨੂੰ ਸਾਰੇ ਹੱਕਾਂ ਤੋਂ ਵਾਂਝਿਆਂ ਕਰ ਦੇਵਾਂਗੇ; ਇਸ ਤੋਂ ਵੀ ਵੱਧ, ਅਸੀਂ ਤੁਹਾਨੂੰ ਕੋਈ ਰੋਟੀ ਨਹੀਂ ਦੇਵਾਂਗੇ, ਕਿਉਂਕਿ ਸਾਡੀ ਪ੍ਰੋਲਤਾਰੀ ਰਿਪਬਲਿਕ ਵਿੱਚ ਸ਼ੋਸ਼ਕਾਂ ਦੇ ਕੋਈ ਹੱਕ ਨਹੀਂ ਹੋਣਗੇ, ਉਹਨਾਂ ਨੂੰ ਅੱਗ ਅਤੇ ਪਾਣੀ ਤੋਂ ਵਾਂਝਿਆਂ ਕਰ ਦਿਤਾ ਜਾਏਗਾ ਕਿਉਂਕਿ ਅਸੀਂ ਤਨੋ-ਮਨੋ ਸੋਸ਼ਲਿਸਟ ਹਾਂ, ਨਾ ਕਿ ਸ਼ੀਦਮਾਨ ਜਾਂ ਕਾਊਟਸਕੀ ਦੀ ਕਿਸਮ ਦੇ।

ਇਹ ਹੈ ਜੋ "ਅਸੀਂ", ਇਨਕਲਾਬੀ ਮਾਰਕਸਵਾਦੀਆਂ ਨੇ ਕਿਹਾ ਸੀ ਅਤੇ ਕਹਾਂਗੇ—ਅਤੇ ਇਸੇ ਕਰਕੇ ਹੀ ਦੱਬੇ-ਕੁਚਲੇ ਲੋਕ ਸਾਡੀ ਹਮਾਇਤ ਕਰਨਗੇ ਅਤੇ ਸਾਡੇ ਨਾਲ਼ ਹੋਣਗੇ, ਜਦ ਕਿ ਸ਼ੀਦਮਾਨਾਂ ਅਤੇ ਕਾਊਟਸਕੀਆਂ ਨੂੰ ਹੂੰਝ ਕੇ ਭਗੌੜਿਆਂ ਵਾਲ਼ੀ ਗ਼ਰਕੀ ਵਿੱਚ ਸੁੱਟ ਦਿੱਤਾ ਜਾਏਗਾ।

## ਕੌਮਾਂਤਰੀਵਾਦ ਕੀ ਹੈ ?

ਕਾਊਟਸਕੀ ਨੂੰ ਪੂਰਾ ਯਕੀਨ ਹੈ ਕਿ ਉਹ ਕੌਮਾਂਤਰੀਵਾਦੀ ਹੈ ਕਿ ਆਪਣੇ ਆਪ ਨੂੰ ਉਹ ਇਹੀ ਕਹਿੰਦਾ ਹੈ। ਸ਼ੀਦਮਾਨਾਂ ਨੂੰ ਉਹ "ਸਰਕਾਰੀ ਸੋਸ਼ਲਿਸਟ" ਕਹਿੰਦਾ ਹੈ। ਮੈਨਸ਼ਵਿਕਾਂ ਦੀ ਵਕਾਲਤ ਕਰਦਿਆਂ (ਉਹ ਖੁੱਲ੍ਹਮ-ਖੁੱਲ੍ਹਾ ਉਹਨਾਂ ਨਾਲ਼ ਇਕਮੁੱਠਤਾ ਪ੍ਰਗਟ ਨਹੀਂ ਕਰਦਾ, ਪਰ ਵਫ਼ਾਦਾਰੀ ਨਾਲ਼ ਉਹ ਉਹਨਾਂ ਦੇ ਵਿਚਾਰ ਪ੍ਰਗਟ ਕਰਦਾ ਹੈ), ਕਾਊਟਸਕੀ ਨੇ ਪੂਰਨ ਸਪੱਸ਼ਟਤਾ ਨਾਲ ਦਰਸਾ ਦਿਤਾ ਹੈ ਕਿ ਉਹ ਕਿਸ ਕਿਸਮ ਦੇ "ਕੌਮਾਂਤਰੀਵਾਦ" ਨੂੰ ਮੰਨਦਾ ਹੈ। ਅਤੇ ਕਿਉਂ ਕਿ ਕਾਊਟਸਕੀ ਇਕੱਲਾ ਨਹੀਂ ਹੈ, ਸਗੋਂ ਇੱਕ ਰੁਝਾਣ ਦਾ ਬੁਲਾਰਾ ਹੈ, ਜਿਹੜਾ ਰੁਝਾਣ ਕਿ ਅਟੱਲ ਤੌਰ ਉੱਤੇ, ਦੂਜੀ ਇੰਟਰਨੈਸ਼ਨਲ ਦੇ ਮਾਹੌਲ ਵਿਚ ਵਧਿਆ-ਫੁੱਲਿਆ (ਫ਼ਰਾਂਸ ਵਿੱਚ ਲੌਂਗੇ, ਇਟਲੀ ਵਿੱਚ ਤੂਰਾਤੀ, ਸਵਿਟਰਜ਼ਰਲੈਂਡ ਵਿੱਚ ਨੋਬਜ਼ ਅਤੇ ਗਰਿੱਮ, ਗਰਾਬਰ ਅਤੇ ਨੈਨ, ਬਰਤਾਨੀਆ ਵਿਚ ਰੈਮਜ਼ੇ ਮੈਕਡਾਨਲਡ, ਆਦਿ), ਇਸ ਲਈ ਕਾਊਟਸਕੀ ਦੇ "ਕੌਮਾਂਤਰੀਵਾਦ" ਬਾਰੇ ਵਿਸਤ੍ਰਿਤ ਚਰਚਾ ਸਿੱਖਿਆਦਾਇਕ ਰਹੇਗੀ।

ਇਸ ਗੱਲ ਉਤੇ ਜ਼ੋਰ ਦੇਣ ਤੋਂ ਪਿਛੋਂ ਕਿ ਮੈਨਸ਼ਵਿਕ ਵੀ ਜ਼ਿਮਰਵਾਲਡ ਕਾਨਫ਼ਰੰਸ[47] ਵਿੱਚ ਸ਼ਾਮਲ ਹੋਏ (ਸਚਮੁਚ ਹੀ ਇਕ ਸਰਟੀਫ਼ਿਕੇਟ ਹੈ... ਪਰ ਦਾਗੀ ਹੈ), ਕਾਊਟਸਕੀ

ਮੈਨਸ਼ਵਿਕਾਂ ਦੇ, ਜਿਨ੍ਹਾਂ ਨਾਲ਼ ਉਹ ਸਹਿਮਤ ਹੈ, ਵਿਚਾਰ ਹੇਠ ਲਿਖੇ ਢੰਗ ਨਾਲ਼ ਪੇਸ਼ ਕਰਦਾ ਹੈ:

"...ਮੈਨਸ਼ਵਿਕ ਆਮ ਅਮਨ ਚਾਹੁੰਦੇ ਹਨ। ਉਹ ਚਾਹੁੰਦੇ ਸਨ ਕਿ ਲੜ ਰਹੇ ਸਾਰੇ ਮੁਲਕ ਇਹ ਫ਼ਾਰਮੂਲਾ ਪ੍ਰਵਾਨ ਕਰਨ: ਕੋਈ ਕਬਜ਼ੇ ਨਹੀਂ, ਕੋਈ ਹਰਜਾਨੇ ਨਹੀਂ। ਜਦੋਂ ਤੱਕ ਇਸ ਉੱਤੇ ਸਹਿਮਤ ਨਹੀਂ ਹੋ ਲਿਆ ਜਾਂਦਾ, ਰੂਸੀ ਫ਼ੌਜ, ਇਸ ਨਜ਼ਰੀਏ ਅਨੁਸਾਰ ਲੜਾਈ ਲਈ ਤਿਆਰ ਖੜੀ ਰਹੇਗੀ। ਦੂਜੇ ਪਾਸੇ, ਬਾਲਸ਼ਵਿਕ ਤੁਰੰਤ ਅਮਨ ਚਾਹੁੰਦੇ ਹਨ, ਭਾਵੇਂ ਉਹ ਕਿਸੇ ਕੀਮਤ ਉੱਤੇ ਵੀ ਮਿਲੇ; ਜੇ ਲੋੜ ਪਵੇ, ਤਾਂ ਉਹ ਵੱਖਰਾ ਅਮਨ ਸਮਝੌਤਾ ਵੀ ਕਰਨ ਲਈ ਤਿਆਰ ਸਨ; ਉਹਨਾਂ ਨੇ ਫ਼ੌਜ ਦੀ ਗੜਬੜ ਦੀ ਸਥਿਤੀ ਨੂੰ, ਜੋ ਕਿ ਪਹਿਲਾਂ ਹੀ ਕਾਫ਼ੀ ਖ਼ਰਾਬ ਸੀ, ਵਧਾ ਕੇ ਇਸ ਵਾਸਤੇ ਮਜਬੂਰ ਕਰਨ ਦੀ ਵੀ ਕੋਸ਼ਿਸ਼ ਕੀਤੀ"। (ਸਫ਼ਾ 27)। ਕਾਊਟਸਕੀ ਦੀ ਰਾਇ ਵਿੱਚ, ਬਾਲਸ਼ਵਿਕਾਂ ਨੂੰ ਸੱਤ੍ਹਾ ਆਪਣੇ ਹੱਥ ਨਹੀਂ ਸੀ ਲੈਣੀ ਚਾਹੀਦੀ, ਅਤੇ ਵਿਧਾਨ-ਘੜਨੀ ਅਸੈਂਬਲੀ ਨਾਲ ਹੀ ਸੰਤੁਸ਼ਟ ਰਹਿਣਾ ਚਾਹੀਦਾ ਸੀ।

ਇਸ ਲਈ, ਕਾਊਟਸਕੀ ਦੇ ਅਤੇ ਮੈਨਸ਼ਵਿਕਾਂ ਦੇ ਕੌਮਾਂਤਰੀਵਾਦ ਦਾ ਇਹ ਅਰਥ ਨਿਕਲਦਾ ਹੈ: ਸਾਮਰਾਜੀ ਬੁਰਜੂਆ ਸਰਕਾਰ ਤੋਂ ਸੁਧਾਰਾਂ ਦੀ ਮੰਗ ਕਰਨਾ, ਪਰ ਇਸਦੀ ਹਿਮਾਇਤ ਕਰਨਾ ਜਾਰੀ ਰੱਖਣਾ ਅਤੇ ਇਸ ਸਰਕਾਰ ਵਲੋਂ ਲੜੀ ਜਾ ਰਹੀ ਜੰਗ ਦੀ ਉਦੋਂ ਤੱਕ ਹਮਾਇਤ ਜਾਰੀ ਰੱਖਣਾ, ਜਦੋਂ ਤੱਕ ਜੰਗ ਵਿੱਚ ਸ਼ਾਮਲ ਸਾਰੇ ਹੀ ਇਹ ਫ਼ਾਰਮੂਲਾ ਪ੍ਰਵਾਨ ਨਹੀਂ ਕਰ ਲੈਂਦੇ: ਕੋਈ ਕਬਜ਼ੇ ਨਹੀਂ, ਕੋਈ ਹਰਜਾਨੇ ਨਹੀਂ। ਇਹ ਵਿਚਾਰ ਤੁਰਾਤੀ ਵਲੋਂ ਅਤੇ ਕਾਊਟਸਕੀ ਦੇ ਹਮਾਇਤੀਆਂ (ਹਾਜ਼ੇ ਆਦਿ) ਵੱਲੋਂ, ਅਤੇ ਲੌਂਗੇ ਐਂਡ ਕੰਪਨੀ ਵੱਲੋਂ ਮੁੜ ਮੁੜ ਕੇ ਪ੍ਰਗਟ ਕੀਤਾ ਗਿਆ ਸੀ, ਜਿਨ੍ਹਾਂ ਨੇ ਐਲਾਨ ਕੀਤਾ ਸੀ ਕਿ ਉਹ "ਪਿਤਾ-ਭੂਮੀ ਦੀ ਰਾਖੀ" ਦੇ **ਹੱਕ ਵਿੱਚ** ਹਨ।

ਸਿਧਾਂਤਕ ਤੌਰ ਉੱਤੇ, ਇਸਤੋਂ ਸਮਾਜਿਕ-ਅੰਧਰਾਸ਼ਟਰਵਾਦੀਆਂ ਨਾਲ਼ੋਂ ਆਪਣੇ ਆਪ ਨੂੰ ਤੋੜ ਸਕਣ ਦੀ ਪੂਰਨ ਅਸਮੱਰਥਾ ਦਾ ਅਤੇ ਪਿਤਾ-ਭੂਮੀ ਦੀ ਰਾਖੀ ਦੇ ਸਵਾਲ ਉੱਤੇ ਪੂਰਨ ਘਚੋਲ਼ੇ ਦਾ ਪਤਾ ਲੱਗਦਾ ਹੈ। ਰਾਜਨੀਤਕ ਤੌਰ ਉਤੇ, ਇਸਦਾ ਮਤਲਬ ਕੌਮਾਂਤਰੀਵਾਦ ਦੀ ਥਾਂ ਪੈਟੀ-ਬੁਰਜੂਆ ਕੌਮਪ੍ਰਸਤੀ ਨੂੰ ਦੇਣਾ ਹੈ, ਗੱਦਾਰੀ ਕਰਕੇ ਸੁਧਾਰਵਾਦੀਆਂ ਦੇ ਧੜੇ ਵਿਚ ਚਲੇ ਜਾਣਾ ਅਤੇ ਇਨਕਲਾਬ ਦਾ ਤਿਆਗ ਕਰ ਦੇਣਾ ਹੈ।

ਪ੍ਰੋਲੇਤਾਰੀਆਂ ਦੇ ਦ੍ਰਿਸ਼ਟੀਕੋਣ ਤੋਂ, "ਪਿਤਾ-ਭੂਮੀ ਦੀ ਰਾਖੀ" ਨੂੰ ਮੰਨਣ ਦਾ ਮਤਲਬ ਹੈ ਮੌਜੂਦਾ ਜੰਗ ਨੂੰ ਠੀਕ ਸਾਬਤ ਕਰਨਾ, ਇਹ ਸਵੀਕਾਰ ਕਰਨਾ ਕਿ ਇਹ ਕਾਨੂੰਨੀ ਜੰਗ ਹੈ। ਅਤੇ ਜੰਗ ਕਿਉਂਕਿ ਸਾਮਰਾਜੀ ਜੰਗ ਹੀ ਹੈ (ਤਾਜਸ਼ਾਹੀ ਹੇਠ ਵੀ ਅਤੇ ਰਿਪਬਲਿਕ ਹੇਠ ਵੀ), ਦੇਸ਼ ਭਾਵੇਂ ਕੋਈ ਵੀ ਹੋਵੇ-ਮੇਰਾ ਜਾਂ ਕੋਈ ਹੋਰ ਦੇਸ਼-ਜਿਸ ਵਿੱਚ ਸਬੰਧਤ ਸਮੇਂ ਦੁਸ਼ਮਣ ਦੀਆਂ ਫੌਜਾਂ ਠਹਿਰੀਆਂ ਹੋਈਆਂ ਹਨ, ਪਿਤਾ-ਭੂਮੀ ਦੀ ਰਾਖੀ ਨੂੰ ਮਾਣਤਾ ਦੇਣ ਦਾ, **ਅਸਲ ਵਿੱਚ**, ਮਤਲਬ ਹੈ ਸਾਮਰਾਜੀ, ਧਾੜਵੀਂ ਬੁਰਜੂਆਜ਼ੀ ਦੀ ਹਿਮਾਇਤ ਕਰਨਾ ਅਤੇ ਸੋਸ਼ਲਿਜ਼ਮ ਨਾਲ਼ ਪੂਰੀ ਤਰ੍ਹਾਂ ਗੱਦਾਰੀ ਕਰਨਾ। ਰੂਸ ਵਿੱਚ, ਕੇਰੇਨਸਕੀ ਦੇ ਵੇਲ਼ੇ ਵੀ,

ਬੁਰਜੂਆ–ਜਮਹੂਰੀ ਰੀਪਬਲਿਕ ਦੇ ਸਮੇਂ ਵੀ, ਜੰਗ ਸਾਮਰਾਜੀ ਜੰਗ ਹੀ ਰਹੀ, ਕਿਉਂਕਿ ਇਹ ਬੁਰਜੂਆਜ਼ੀ ਵਲੋਂ ਹਾਕਮ ਜਮਾਤ ਵਜੋਂ ਲੜੀ ਜਾ ਰਹੀ ਸੀ, (ਅਤੇ ਜੰਗ "ਰਾਜਨੀਤੀ ਦਾ ਜਾਰੀ ਰਹਿਣਾ" ਹੈ); ਅਤੇ ਜੰਗ ਦੇ ਸਾਮਰਾਜੀ ਖਾਸੇ ਦਾ ਖਾਸ ਕਰਕੇ ਉਘੜਵਾਂ ਪ੍ਰਗਟਾਅ ਦੁਨੀਆਂ ਦੀਆਂ ਵੰਡੀਆਂ ਪਾਉਣ ਅਤੇ ਦੂਜੇ ਦੇਸ਼ਾਂ ਨੂੰ ਲੁੱਟਣ ਲਈ ਕੀਤੀਆਂ ਗਈਆਂ ਉਹ ਖੁਫ਼ੀਆ ਸੰਧੀਆਂ ਸਨ ਜਿਹੜੀਆਂ ਉਸ ਵੇਲੇ ਜ਼ਾਰ ਵਲੋਂ ਬਰਤਾਨੀਆ ਅਤੇ ਫ਼ਰਾਂਸ ਦੇ ਸਰਮਾਏਦਾਰਾਂ ਨਾਲ਼ ਕੀਤੀਆਂ ਹੋਈਆਂ ਸਨ।

ਇਸ ਜੰਗ ਨੂੰ ਰਾਖੀ ਦੀ ਜੰਗ ਜਾਂ ਇਨਕਲਾਬੀ ਜੰਗ ਕਹਿ ਕੇ ਮੈਨਸ਼ਵਿਕਾਂ ਨੇ ਲੋਕਾਂ ਨੂੰ ਅਤਿਅੰਤ ਘਿਣਾਉਣੇ ਢੰਗ ਨਾਲ਼ ਧੋਖਾ ਦਿੱਤਾ। ਅਤੇ ਮੈਨਸ਼ਵਿਕਾਂ ਦੀ ਨੀਤੀ ਨੂੰ ਪ੍ਰਵਾਨਗੀ ਦੇ ਕੇ, ਕਾਊਟਸਕੀ ਖੁੱਲ੍ਹੇ ਦਗ਼ੇ ਨੂੰ ਪ੍ਰਵਾਨਗੀ ਦੇ ਰਿਹਾ ਹੈ, ਮਜ਼ਦੂਰਾਂ ਨੂੰ ਧੋਖਾ ਦੇਣ ਲਈ ਅਤੇ ਉਹਨਾਂ ਨੂੰ ਸਾਮਰਾਜੀਆਂ ਦੇ ਰਥ ਦੇ ਅੱਗੇ ਜੋਤਣ ਲਈ ਪੂੰਜੀਪਤੀਆਂ ਦੀ ਮਦਦ ਕਰਨ ਵਿੱਚ ਪੈਟੀ–ਬੁਰਜੂਆ ਵੱਲੋਂ ਅਦਾ ਕੀਤੇ ਗਏ ਰੋਲ ਨੂੰ ਪ੍ਰਵਾਨਗੀ ਦੇ ਰਿਹਾ ਹੈ। ਇਹ ਦਿਖਾਵਾ ਕਰਕੇ (ਅਤੇ ਇਸ ਬੇਹੂਦੇ ਵਿਚਾਰ ਵਿੱਚ ਲੋਕਾਂ ਦਾ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕਰਕੇ) ਕਿ **ਨਾਅਰਾ ਦੇ ਦੇਣਾ** ਹੀ ਸਥਿਤੀ ਨੂੰ ਬਦਲ ਦੇਂਦਾ ਹੈ, ਕਾਊਟਸਕੀ ਉਲੇਖਣੀ ਤੌਰ ਉਤੇ ਪੈਟੀ–ਬੁਰਜੂਆ, ਤੰਗ–ਨਜ਼ਰ, ਨੀਤੀ ਉੱਤੇ ਚੱਲ ਰਿਹਾ ਹੈ। ਬੁਰਜੂਆ ਜਮਹੂਰੀਅਤ ਦਾ ਸਾਰਾ ਇਤਿਹਾਸ ਇਸ ਭ੍ਰਾਵਲੇ ਨੂੰ ਗ਼ਲਤ ਸਾਬਤ ਕਰਦਾ ਹੈ; ਬੁਰਜੂਆ ਜਮਹੂਰੀਅਤਪਸੰਦਾਂ ਨੇ ਲੋਕਾਂ ਨੂੰ ਧੋਖਾ ਦੇਣ ਲਈ ਹਮੇਸ਼ਾਂ ਹੀ ਹਰ ਤਰ੍ਹਾਂ ਦੇ "ਨਾਅਰੇ" ਦਿੱਤੇ ਹਨ। ਪਰ ਨੁਕਤਾ ਇਹ ਹੈ ਕਿ ਉਹਨਾਂ ਦੀ ਸੁਹਿਰਦਤਾ ਨੂੰ **ਪਰਖਿਆ ਜਾਏ**, ਉਹਨਾਂ ਦੀ ਕਥਨੀ ਦਾ ਉਹਨਾਂ ਦੀ **ਕਰਨੀ** ਨਾਲ ਟਾਕਰਾ ਕੀਤਾ ਜਾਏ; ਆਦਰਸ਼ਵਾਦੀ ਜਾਂ ਪਖੰਡੀ ਲੱਫ਼ਾਜੀ ਨਾਲ਼ ਸੰਤੁਸ਼ਟ ਨਾ ਹੋਇਆ ਜਾਏ, ਸਗੋਂ ਉਹਨਾਂ ਦੀ **ਸ਼੍ਰੇਣੀ ਹਕੀਕਤ** ਤੱਕ ਡੂੰਘਾ ਜਾਇਆ ਜਾਏ। ਸਾਮਰਾਜੀ ਜੰਗ ਉਦੋਂ ਸਾਮਰਾਜੀ ਜੰਗ ਹੋਣੋਂ ਨਹੀਂ ਹਟ ਜਾਂਦੀ ਜਦੋਂ ਪਖੰਡੀ ਜਾਂ ਲੱਫ਼ਾਜੀ ਦੇ ਮਾਹਰ ਜਾਂ ਪੈਟੀ–ਬੁਰਜੂਆ ਤੰਗ–ਨਜ਼ਰ ਉਪਭਾਵਕ "ਨਾਅਰੇ" ਪੇਸ਼ ਕਰ ਦੇਂਦੇ ਹਨ, ਸਗੋਂ ਸਿਰਫ਼ ਉਦੋਂ ਹਟਦੀ ਹੈ ਜਦੋਂ ਉਸ **ਸ਼੍ਰੇਣੀ** ਦਾ, ਜਿਹੜੀ ਸਾਮਰਾਜੀ ਜੰਗ ਚਲਾ ਰਹੀ ਹੈ ਅਤੇ ਲੱਖਾਂ ਹੀ ਆਰਥਕ ਧਾਗਿਆਂ (ਜਾਂ ਸਗੋਂ ਰੱਸਿਆਂ) ਨਾਲ਼ ਇਸ ਨਾਲ਼ ਬੱਝੀ ਹੁੰਦੀ ਹੈ, ਸੱਚਮੁੱਚ **ਤਖਤਾ ਪਲਟ ਦਿੱਤਾ ਜਾਂਦਾ ਹੈ** ਅਤੇ ਇਸਦੀ ਥਾਂ ਸੱਚਮੁੱਚ ਦੀ ਇਨਕਲਾਬੀ ਜਮਾਤ, ਪ੍ਰੋਲੇਤਾਰੀਆਂ ਦੇ ਹੱਥ ਰਾਜ ਦੀ ਵਾਗਡੋਰ ਦੇ ਦਿੱਤੀ ਜਾਂਦੀ ਹੈ। **ਸਾਮਰਾਜੀ ਜੰਗ ਵਿਚੋਂ ਨਿਕਲਣ ਦਾ, ਅਤੇ ਸਾਮਰਾਜੀ ਧਾੜਵੀਆਨਾ ਅਮਨ ਵਿੱਚੋਂ ਵੀ ਨਿਕਲਣ ਦਾ ਹੋਰ ਕੋਈ ਤਰੀਕਾ ਨਹੀਂ।**

ਮੈਨਸ਼ਵਿਕਾਂ ਦੀ ਵਿਦੇਸ਼ ਨੀਤੀ ਨੂੰ ਪ੍ਰਵਾਨਗੀ ਦੇ ਕੇ, ਅਤੇ ਇਸ ਬਾਰੇ ਕੌਮਾਂਤਰੀਵਾਦੀ ਅਤੇ ਜ਼ਿੰਮਰਵਾਲਡਵਾਦੀ ਹੋਣ ਦਾ ਐਲਾਨ ਕਰਕੇ, ਕਾਊਟਸਕੀ, ਪਹਿਲੀ ਗੱਲ, ਮੌਕਾਪ੍ਰਸਤ ਜ਼ਿੰਮਰਵਾਲਡ ਬਹੁਗਿਣਤੀ ਦਾ ਪੂਰੀ ਤਰ੍ਹਾਂ ਗਲ਼ਿਆ–ਸੜਿਆ ਹੋਣਾ ਪ੍ਰਗਟ ਕਰਦਾ ਹੈ (ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਸੀਂ, **ਖੱਬੇ-ਪੱਖੀ** ਜ਼ਿੰਮਰਵਾਲਡਵਾਦੀਆਂ[48] ਨੇ ਆਪਣੇ ਆਪ ਨੂੰ ਇਹੋ ਜਿਹੀ ਬਹੁਗਿਣਤੀ ਨਾਲ਼ੋਂ ਇੱਕਦਮ

ਵੱਖ ਕਰ ਲਿਆ!) ਅਤੇ, ਦੂਜੀ ਗੱਲ-ਅਤੇ ਇਹ ਮੁੱਖ ਗੱਲ ਹੈ-ਕਾਊਟਸਕੀ ਪ੍ਰੋਲੇਤਾਰੀਆਂ ਦੀ ਪੁਜ਼ੀਸ਼ਨ ਤੋਂ ਪੈਟੀ-ਬੁਰਜੂਆ ਪੁਜ਼ੀਸ਼ਨ ਉੱਤੇ, ਇਨਕਲਾਬੀ ਤੋਂ ਸੁਧਾਰਵਾਦੀ ਪੁਜ਼ੀਸ਼ਨ ਉਤੇ ਚਲਾ ਜਾਂਦਾ ਹੈ।

ਪ੍ਰੋਲੇਤਾਰੀ ਸਾਮਰਾਜੀ ਬੁਰਜੂਆਜ਼ੀ ਦਾ ਇਨਕਲਾਬੀ ਢੰਗ ਨਾਲ਼ ਤਖਤਾ ਉਲਟਾਉਣ ਲਈ ਲੜਦੇ ਹਨ; ਪੈਟੀ-ਬੁਰਜੂਆਜ਼ੀ ਸਾਮਰਾਜ ਦੀ ਸੁਧਾਰਵਾਦੀ "ਬਿਹਤਰੀ" ਲਈ, ਇਸਦੀ ਈਨ **ਮੰਨਦਿਆਂ ਹੋਇਆਂ** ਇਸਦੇ ਅਨੁਕੂਲ ਢੱਲਣ ਲਈ ਲੜਦੀ ਹੈ। ਜਦੋਂ ਕਾਊਟਸਕੀ ਅਜੇ ਮਾਰਕਸਵਾਦੀ ਸੀ, ਉਦਾਹਰਣ ਵਜੋਂ 1909 ਵਿਚ, ਜਦੋਂ ਉਸਨੇ ਆਪਣੀ ਪੁਸਤਕ "ਸੱਤ੍ਹਾ ਨੂੰ ਜਾਂਦਾ ਰਾਹ" ਲਿਖੀ, ਤਾਂ ਜਿਸ ਵਿਚਾਰ ਦੀ ਉਸਨੇ ਵਕਾਲਤ ਕੀਤੀ ਸੀ, ਉਹ ਇਹ ਸੀ ਕਿ ਜੰਗ ਅਟੱਲ ਤੌਰ ਉੱਤੇ **ਇਨਕਲਾਬ** ਵੱਲ ਲੈ ਜਾਏਗੀ, ਅਤੇ ਉਸਨੇ **ਇਨਕਲਾਬਾਂ ਦੇ ਦੌਰ** ਦੇ ਪੁੱਜਣ ਦੀ ਗੱਲ ਕੀਤੀ ਸੀ। ਜਰਮਨ ਅਤੇ ਇਨਕਲਾਬੀ ਟੋਲਿਆਂ ਦੇ ਵਿਚਕਾਰ ਉਸੇ ਹੀ ਸਾਮਰਾਜੀ ਜੰਗ ਦੇ ਸਬੰਧ ਵਿੱਚ, ਜਿਹੜੀ ਅਸਲ ਵਿਚ 1914 ਵਿਚ ਛਿੜੀ, 1912 ਦਾ ਬਾਸਲ ਮੈਨੀਫ਼ੈਸਟੋ ਸਪੱਸ਼ਟ ਅਤੇ ਨਿਸ਼ਚਿਤ ਤਰ੍ਹਾਂ ਨਾਲ **ਪ੍ਰੋਲਤਾਰੀ ਇਨਕਲਾਬ** ਦੀ ਗੱਲ ਕਰਦਾ ਹੈ। ਪਰ 1918 ਵਿੱਚ, ਜਦੋਂ ਜੰਗ ਦੇ ਸਬੰਧ ਵਿੱਚ ਇਨਕਲਾਬ ਸ਼ੁਰੂ ਹੋ ਹੀ ਗਏ ਤਾਂ ਕਾਊਟਸਕੀ ਨੇ, ਇਸ ਗੱਲ ਦੀ ਵਿਆਖਿਆ ਕਰਨ ਦੀ ਥਾਂ ਕਿ ਉਹ ਅਟੱਲ ਹਨ, ਇਨਕਲਾਬ ਲਈ ਤਿਆਰੀ ਦੇ ਢੰਗ ਤਰੀਕੇ ਅਤੇ **ਇਨਕਲਾਬੀ** ਦਾਅ-ਪੇਚਾਂ ਉੱਤੇ ਧਿਆਨ ਲਾਉਣ ਅਤੇ ਸੋਚਣ ਦੀ ਥਾਂ, ਮੈਨਸ਼ਵਿਕਾਂ ਅਤੇ ਸੁਧਾਰਵਾਦੀ ਦਾਅ-ਪੇਚਾਂ ਨੂੰ ਕੌਮਾਂਤਰੀਵਾਦੀ ਦੱਸਣਾ ਸ਼ੁਰੂ ਕਰ ਦਿੱਤਾ। ਕੀ ਇਹ ਸਿਧਾਂਤ-ਤਿਆਗ ਨਹੀਂ?

ਕਾਊਟਸਕੀ ਫ਼ੌਜ ਦੀ ਲੜਾਕਾ ਸ਼ਕਤੀ ਕਾਇਮ ਰੱਖਣ ਉੱਤੇ ਜ਼ੋਰ ਦੇਣ ਲਈ ਮੈਨਸ਼ਵਿਕਾਂ ਦੀ ਤਾਰੀਫ਼ ਕਰਦਾ ਹੈ, ਅਤੇ ਉਹ ਬਾਲਸ਼ਵਿਕਾਂ ਨੂੰ ਦੋਸ਼ ਦੇਂਦਾ ਹੈ ਕਿ ਉਹਨਾਂ ਨੇ "ਫ਼ੌਜ ਦੀ ਅਵਿਵਸਥਾ ਵਿੱਚ" ਵਾਧਾ ਕੀਤਾ ਹੈ, ਜੋ ਕਿ ਪਹਿਲਾਂ ਹੀ ਕਾਫ਼ੀ ਅਵਿਵਸਥਿਤ ਹਾਲਤ ਵਿੱਚ ਸੀ। ਇਸਦਾ ਮਤਲਬ ਹੈ ਸੁਧਾਰਵਾਦ ਦੀ ਤਾਰੀਫ਼ ਕਰਨਾ ਅਤੇ ਸਾਮਰਾਜੀ ਬੁਰਜੂਆਜ਼ੀ ਅੱਗੇ ਗੋਡੇ ਟੇਕਣਾ ਅਤੇ ਇਨਕਲਾਬ ਉਤੇ ਦੋਸ਼ ਲਾਉਣਾ ਅਤੇ ਇਸਦਾ ਤਿਆਗ ਕਰਨਾ। ਕਿਉਂਕਿ ਕੇਰੇਨਸਕੀ ਹੇਠ ਫ਼ੌਜ ਦੀ ਲੜਾਕਾ ਸ਼ਕਤੀ ਕਾਇਮ ਰੱਖਣ ਦਾ ਮਤਲਬ ਸੀ ਇਸਨੂੰ **ਬੁਰਜੂਆ** (ਭਾਂਵੇਂ ਕਿ ਰਿਪਬਲਿਕਨ ਹੀ ਸਹੀ) ਕਮਾਂਡ ਹੇਠ ਕਾਇਮ ਰੱਖਣਾ। ਹਰ ਕੋਈ ਜਾਣਦਾ ਹੈ ਅਤੇ ਘਟਨਾਵਾਂ ਜਿਸ ਤਰੀਕੇ ਨਾਲ਼ ਚੱਲੀਆਂ ਹਨ ਉਸਨੇ ਉਘੜਵੇਂ ਢੰਗ ਨਾਲ ਇਸਦੀ ਪੁਸ਼ਟੀ ਕੀਤੀ ਹੈ, ਕਿ ਇਹ ਰਿਪਬਲਿਕਨ ਫ਼ੌਜ **ਕੋਰਨੀਲੋਵ** ਭਾਵਨਾ ਕਾਇਮ ਰੱਖ ਸਕੀ, ਕਿਉਂਕਿ ਇਸਦੇ ਅਫ਼ਸਰ ਕੋਰਨੀਲੋਵ ਦੇ ਬੰਦੇ ਸਨ। ਬੁਰਜੂਆ ਅਫ਼ਸਰ ਕੋਰਨੀਲੋਵ ਦੇ ਬੰਦੇ ਹੋਣ ਤੋਂ ਬਿਨਾਂ ਰਹਿ ਨਹੀਂ ਸਨ ਸਕਦੇ ਉਹ ਸਾਮਰਾਜਵਾਦ ਵੱਲ ਅਤੇ ਪ੍ਰੋਲੇਤਾਰੀਆਂ ਨੂੰ ਜ਼ਬਰਦਸਤੀ ਕੁਚਲਣ ਵੱਲ ਝੁਕੇ ਤੋਂ ਬਿਨਾਂ ਰਹਿ ਨਹੀਂ ਸਨ ਸਕਦੇ। ਮੈਨਸ਼ਵਿਕ ਦਾਅ-ਪੇਚਾਂ ਦਾ **ਵਿਵਹਾਰ ਵਿੱਚ** ਜਿਹੜਾ ਮਤਲਬ ਨਿਕਲਦਾ ਸੀ, ਉਹ ਸਾਰਾ ਇਹ ਸੀ ਕਿ ਸਾਮਰਾਜੀ ਜੰਗ ਦੀਆਂ ਸਾਰੀਆਂ ਬੁਨਿਆਦਾਂ ਨੂੰ ਅਤੇ **ਬੁਰਜੂਆ** ਡਿਕਟੇਟਰਸ਼ਿਪ ਦੀਆਂ ਸਾਰੀਆਂ ਬੁਨਿਆਦਾਂ ਨੂੰ ਜਿਉਂ ਦਾ ਤਿਉਂ ਰਹਿਣ ਦੇਣਾ, ਕੁਝ

ਵਿਸਥਾਰ ਠੀਕ ਠਾਕ ਕਰ ਦੇਣੇਂ ਅਤੇ ਕੁਝ ਨਿਗੂਣੀਆਂ ਗੱਲਾਂ ਦੀ ਪੋਚਾ-ਪੋਚੀ ਕਰ ਦੇਣਾ ("ਸੁਧਾਰ")।

ਦੂਜੇ ਪਾਸੇ, ਫ਼ੌਜ ਨੂੰ "ਅਵਿਵਸਥਿਤ ਕੀਤੇ" ਤੋਂ ਬਿਨਾਂ ਇੱਕ ਵੀ ਮਹਾਨ ਇਨਕਲਾਬ ਕਦੀ ਨਹੀਂ ਵਾਪਰਿਆ, ਅਤੇ ਨਾ ਹੀ ਕਦੀ ਵਾਪਰ ਸਕਦਾ ਹੈ। ਕਿਉਂਕਿ ਫ਼ੌਜ ਪੁਰਾਣੇ ਨਿਜ਼ਾਮ ਦੇ ਠੁੰਮਣੇ ਲਈ ਸਭ ਤੋਂ ਵੱਧ ਕਠੋਰਚਿੱਤ ਹੋ ਚੁੱਕਾ ਹਥਿਆਰ ਹੈ, ਬੁਰਜੂਆ ਅਨੁਸ਼ਾਸਨ ਦਾ ਸਭ ਤੋਂ ਵੱਧ ਪੱਕ ਚੁੱਕਾ ਪਰਕੋਟਾ ਹੈ, ਜਿਹੜਾ ਸਰਮਾਏ ਦੀ ਹਕੂਮਤ ਨੂੰ ਆਸਰਾ ਦੇਂਦਾ ਹੈ, ਅਤੇ ਮਜ਼ਦੂਰ ਲੋਕਾਂ ਵਿਚ ਸਰਮਾਏ ਦੀ ਤਾਬੇਦਾਰੀ ਅਤੇ ਇਸ ਵੱਲ ਅਧੀਨਗੀ ਦੀ ਗ਼ੁਲਾਮਾਂ ਵਾਲੀ ਭਾਵਨਾ ਭਰਦਾ ਅਤੇ ਕਾਇਮ ਰੱਖਦਾ ਹੈ। ਉਲਟ-ਇਨਕਲਾਬ ਨੇ ਕਦੀ ਬਰਦਾਸ਼ਤ ਨਹੀਂ ਕੀਤਾ, ਅਤੇ ਇਹ ਕਦੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਫ਼ੌਜ ਦੇ ਨਾਲ਼ ਨਾਲ਼ ਹਥਿਆਰਬੰਦ ਮਜ਼ਦੂਰ ਵੀ ਹੋਣ। ਫ਼ਰਾਂਸ ਵਿਚ, ਏਂਗਲਜ਼ ਨੇ ਲਿਖਿਆ ਸੀ, ਮਜ਼ਦੂਰ ਹਰ ਇਨਕਲਾਬ ਪਿਛੋਂ ਹਥਿਆਰਬੰਦ ਹੋ ਕੇ ਨਿਕਲੇ, "ਇਸ ਲਈ, ਮਜ਼ਦੂਰਾਂ ਨੂੰ ਸ਼ਸ਼ਤਰਹੀਣ ਕਰਨਾ ਬੁਰਜੂਆਜ਼ੀ ਲਈ, ਜਿਸਦੇ ਹੱਥ ਕਿ ਰਾਜ ਦੀ ਵਾਗਡੋਰ ਹੁੰਦੀ ਸੀ, ਪਹਿਲਾ ਰੱਬੀ ਹੁਕਮ ਹੁੰਦਾ ਸੀ।"[49] ਹਥਿਆਰਬੰਦ ਮਜ਼ਦੂਰ **ਨਵੀਂ** ਫ਼ੌਜ ਦਾ ਭਰੂਣ ਹੁੰਦੇ ਸਨ, **ਨਵੇਂ** ਸਮਾਜਕ ਨਿਜ਼ਾਮ ਦਾ ਸੰਗਠਿਤ ਕੇਂਦਰਿਕ ਹੁੰਦੇ ਸਨ। ਬੁਰਜੂਆਜ਼ੀ ਦਾ ਪਹਿਲਾ ਰੱਬੀ ਹੁਕਮ ਹੁੰਦਾ ਸੀ ਕਿ ਇਸ ਕੇਂਦਰਿਕ ਨੂੰ ਕੁਚਲਿਆ ਜਾਏ ਅਤੇ ਇਸਨੂੰ ਵਧਣ ਤੋਂ ਰੋਕਿਆ ਜਾਏ। ਹਰ ਜੇਤੂ ਇਨਕਲਾਬ ਦਾ ਪਹਿਲਾ ਆਦੇਸ਼, ਜਿਵੇਂ ਕਿ ਮਾਰਕਸ ਅਤੇ ਏਂਗਲਜ਼ ਨੇ ਮੁੜ-ਮੁੜ ਕੇ ਜ਼ੋਰ ਦਿਤਾ ਸੀ, ਪੁਰਾਣੀ ਫ਼ੌਜ ਨੂੰ ਤੋੜਨਾ, ਖਤਮ ਕਰਨਾ ਅਤੇ ਇਸਦੀ ਥਾਂ ਨਵੀਂ ਫ਼ੌਜ ਨੂੰ ਦੇਣਾ ਹੁੰਦਾ ਹੈ[50]। ਨਵੀਂ ਸਮਾਜਿਕ ਸ਼੍ਰੇਣੀ, ਜਦੋਂ ਸੱਤਾ ਵਿਚ ਆਉਂਦੀ ਹੈ, ਤਾਂ ਉਹ ਸੱਤ੍ਹਾ ਨੂੰ ਕਦੀ ਵੀ ਪ੍ਰਾਪਤ ਨਹੀਂ ਕਰ ਸਕੀ, ਅਤੇ ਹੁਣ ਵੀ ਨਹੀਂ ਕਰ ਸਕਦੀ ਅਤੇ ਮਜ਼ਬੂਤ ਬਣਾ ਸਕਦੀ ਜਿੰਨਾ ਚਿਰ ਤੱਕ ਉਹ ਪੁਰਾਣੀ ਫ਼ੌਜ ਨੂੰ ਪੂਰੀ ਤਰ੍ਹਾਂ ਖੇਰੂੰ-ਖੇਰੂੰ ਨਹੀਂ ਕਰ ਦੇਂਦੀ (ਅਵਿਵਸਥਿਤ ਕਰਨਾ!" ਪ੍ਰਤੀਕਿਰਿਆਵਾਦੀ ਜਾਂ ਬੁਜ਼ਦਿਲ ਤੰਗ-ਨਜ਼ਰ ਹੀ ਇਸ ਉਪਰ ਚੀਖ-ਚਿਹਾੜਾ ਪਾਉਂਦੇ ਹਨ), ਜਿੰਨਾਂ ਚਿਰ ਤੱਕ ਉਹ ਕਿਸੇ ਵੀ ਫੌਜ ਤੋਂ ਬਿਨਾਂ ਅਤਿ ਦੇ ਮੁਸ਼ਕਲ ਅਤੇ ਦੁਖਦਾਈ ਦੌਰ ਵਿੱਚੋਂ ਨਹੀਂ ਲੰਘਦੀ (ਮਹਾਨ ਫਰਾਂਸੀਸੀ ਇਨਕਲਾਬ ਵੀ ਇਹੋ ਜਿਹੇ ਦੁਖਦਾਈ ਦੌਰ ਵਿਚੋਂ ਲੰਘਿਆ ਸੀ), ਅਤੇ ਜਦੋਂ ਤੱਕ ਉਹ, ਸਖਤ ਘਰੇਲੂ ਜੰਗ ਦੇ ਦਰਮਿਆਨ, ਹੌਲ਼ੀ ਹੌਲ਼ੀ ਨਵੀਂ ਫ਼ੌਜ, ਨਵਾਂ ਅਨੁਸ਼ਾਸਣ, ਨਵੀਂ ਸ਼੍ਰੇਣੀ ਦਾ ਨਵਾਂ ਫ਼ੌਜੀ ਸੰਗਠਨ ਨਹੀਂ ਸਿਰਜ ਲੈਂਦੀ। ਪਹਿਲਾਂ, ਇਤਿਹਾਸਕਾਰ ਕਾਊਟਸਕੀ ਇਹ ਗੱਲ ਸਮਝਦਾ ਹੁੰਦਾ ਸੀ। ਹੁਣ, ਭਗੌੜਾ ਕਾਊਟਸਕੀ ਇਹ ਸਾਰਾ ਕੁਝ ਭੁੱਲ ਗਿਆ ਹੈ।

ਕਾਊਟਸਕੀ ਨੂੰ ਕੀ ਹੱਕ ਹੈ ਕਿ ਉਹ ਸ਼ੀਦਮਾਨਾਂ ਨੂੰ "ਸਰਕਾਰੀ ਸੋਸ਼ਲਿਸਟ" ਕਹੇ ਜੇ ਉਹ ਰੂਸੀ ਇਨਕਲਾਬ ਵਿੱਚ ਮੈਨਸ਼ਵਿਕਾਂ ਦੇ ਦਾਅ-ਪੇਚਾਂ ਨੂੰ **ਪ੍ਰਵਾਨਗੀ ਦੇਂਦਾ ਹੈ**? ਕੇਰੇਨਸਕੀ ਦੀ ਹਿਮਾਇਤ ਕਰਕੇ ਅਤੇ ਉਸਦੀ ਵਜ਼ਾਰਤ ਵਿੱਚ ਸ਼ਾਮਲ ਹੋ ਕੇ, ਮੈਨਸ਼ਵਿਕ ਵੀ ਸਰਕਾਰੀ ਸੋਸ਼ਲਿਸਟ ਬਣ ਗਏ ਸਨ। ਕਾਊਟਸਕੀ ਇਹ ਸਿੱਟਾ ਕੱਢੇ ਬਿਨਾਂ ਨਹੀਂ ਸੀ

ਇਹ ਰਹਿ ਸਕਦਾ ਜੇ ਉਹ ਇਹ ਸਵਾਲ ਪੁੱਛਦਾ ਕਿ ਕਿਹੜੀ **ਹਾਕਮ ਸ਼੍ਰੇਣੀ** ਹੈ ਜਿਹੜੀ ਸਾਮਰਾਜੀ ਜੰਗ ਚਲਾ ਰਹੀ ਹੈ। ਪਰ ਕਾਊਟਸਕੀ ਹਾਕਮ ਸ਼੍ਰੇਣੀ ਬਾਰੇ ਸਵਾਲ ਪੁੱਛਣ ਤੋਂ ਕਤਰਾਉਂਦਾ ਹੈ, ਜਿਹੜਾ ਸਵਾਲ ਕਿ ਮਾਰਕਸਵਾਦੀ ਲਈ ਲਾਜ਼ਮੀ ਹੈ, ਕਿਉਂਕਿ ਇਹ ਸਵਾਲ ਪੁੱਛਣਾ ਭਗੌੜੇ ਨੂੰ ਬੇਨਕਾਬ ਕਰ ਦੇਵੇਗਾ।

ਜਰਮਨੀ ਵਿੱਚ ਕਾਊਟਸਕੀ ਦੇ ਹਿਮਾਇਤੀ, ਫਰਾਂਸ ਵਿੱਚ ਲੌਂਗੇਵਾਦੀ, ਇਟਲੀ ਵਿਚ ਤੂਰਾਤੀ ਐਂਡ ਕੰਪਨੀ ਇਸ ਤਰੀਕੇ ਨਾਲ਼ ਦਲੀਲ ਦੇਂਦੇ ਹਨ: ਸੋਸ਼ਲਿਜ਼ਮ ਕੌਮਾਂ ਦੀ ਬਰਾਬਰੀ ਅਤੇ ਅਜ਼ਾਦੀ ਨੂੰ, ਉਹਨਾਂ ਦੇ ਆਤਮ-ਨਿਰਣੇ ਨੂੰ ਪਹਿਲਾਂ ਮਿੱਥ ਕੇ ਚੱਲਦਾ ਹੈ, **ਇਸ ਲਈ**, ਜਦੋਂ ਸਾਡੇ ਦੇਸ ਉੱਤੇ ਹਮਲਾ ਕੀਤਾ ਜਾਂਦਾ ਹੈ, ਜਾਂ ਜਦੋਂ ਦੁਸ਼ਮਣ ਦੀਆਂ ਫ਼ੌਜਾਂ ਸਾਡੇ ਇਲਾਕੇ ਉੱਤੇ ਚੜ੍ਹਾਈ ਕਰ ਦੇਂਦੀਆਂ ਹਨ, ਤਾਂ ਆਪਣੇ ਦੇਸ਼ ਦੀ ਰਾਖੀ ਕਰਨਾ ਸੋਸ਼ਲਿਸਟਾਂ ਦਾ ਹੱਕ ਅਤੇ ਫ਼ਰਜ਼ ਬਣ ਜਾਂਦਾ ਹੈ। ਪਰ ਸਿਧਾਂਤਕ ਤੌਰ ਉੱਤੇ ਇਹੋ ਜਿਹੀ ਦਲੀਲ ਜਾਂ ਤਾਂ ਸੋਸ਼ਲਿਜ਼ਮ ਨਾਲ਼ ਨਿਰੋਲ ਮਜ਼ਾਕ ਹੈ, ਜਾਂ ਧੋਖੇ ਭਰੀ ਢੁੱਚਰਬਾਜ਼ੀ, ਜਦ ਕਿ ਅਮਲੀ ਸਿਆਸਤ ਦੇ ਦ੍ਰਿਸ਼ਟੀਕੋਣ ਤੋਂ ਇਹ ਬਿਲਕੁਲ ਜਾਹਲ ਪੇਂਡੂ ਗੰਵਾਰ ਦੀ ਦਲੀਲ ਨਾਲ਼ ਮੇਲ ਖਾਂਦੀ ਹੈ ਜਿਸਨੂੰ ਜੰਗ ਦੇ ਸਮਾਜਕ, ਸ਼੍ਰੇਣੀ ਖ਼ਾਸੇ ਦਾ, ਅਤੇ ਪ੍ਰਤੀਕਿਰਿਆਵਾਦੀ ਜੰਗ ਦੇ ਦੌਰਾਨ ਇਨਕਲਾਬੀ ਪਾਰਟੀ ਦੇ ਕਾਰਜਾਂ ਦਾ ਜ਼ਰਾ ਇਲਮ ਤੱਕ ਨਹੀਂ ਹੁੰਦਾ।

ਸੋਸ਼ਲਿਜ਼ਮ ਕੌਮਾਂ ਉੱਪਰ ਹਿੰਸਾ ਦਾ ਵਿਰੋਧੀ ਹੈ। ਇਹ ਗੱਲ ਨਿਰਵਿਵਾਦ ਹੈ। ਪਰ ਸੋਸ਼ਲਿਜ਼ਮ ਆਮ ਕਰਕੇ ਮਨੁੱਖਾਂ ਉੱਪਰ ਹਿੰਸਾ ਦਾ ਵਿਰੋਧੀ ਹੈ। ਪਰ ਈਸਾਈ ਅਰਾਜਕਤਾਵਾਦੀਆਂ ਅਤੇ ਟਾਲਸਟਾਏਵਾਦੀਆਂ[51] ਨੂੰ ਛੱਡ ਕੇ, ਅਜੇ ਤੱਕ ਕਿਸੇ ਨੇ ਇਸਤੋਂ ਇਹ ਸਿੱਟਾ ਨਹੀਂ ਕੱਢਿਆ ਕਿ ਸੋਸ਼ਲਿਜ਼ਮ **ਇਨਕਲਾਬੀ** ਹਿੰਸਾ ਦੇ ਵਿਰੁੱਧ ਹੈ। ਇਸ ਲਈ, ਬਿਨਾਂ ਉਹਨਾਂ ਹਾਲਤਾਂ ਦੀ ਨਿਰਖ-ਪਰਖ ਕਰਨ ਦੇ ਜਿਹੜੀਆਂ ਪ੍ਰਤੀਕਿਰਿਆਵਾਦੀਆਂ ਹਿੰਸਾ ਨੂੰ ਇਨਕਲਾਬੀ ਹਿੰਸਾ ਨਾਲ਼ੋਂ ਨਿਖੇੜਦੀਆਂ ਹਨ, ਆਮ ਕਰਕੇ "ਹਿੰਸਾ" ਦੀ ਗੱਲ ਕਰਨ ਦਾ ਮਤਲਬ ਐਸਾ ਤੰਗ-ਨਜ਼ਰ ਹੋਣਾ ਹੈ ਜਿਹੜਾ ਇਨਕਲਾਬ ਦਾ ਤਿਆਗ ਕਰ ਦੇਂਦਾ ਹੈ, ਜਾਂ ਫ਼ਿਰ ਇਸਦਾ ਮਤਲਬ ਕੁਤਰਕਤਾ ਦੇ ਨਾਲ਼ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸਿਰਫ਼ ਧੋਖਾ ਦੇਣਾ ਹੀ ਹੁੰਦਾ ਹੈ।

ਕੌਮਾਂ ਉੱਤੇ ਹਿੰਸਾ ਕਰਨ ਬਾਰੇ ਵੀ ਇਹੀ ਠੀਕ ਹੈ। ਹਰ ਜੰਗ ਕੌਮਾਂ ਉੱਤੇ ਹਿੰਸਾ ਹੈ, ਪਰ ਇਹ ਗੱਲ ਇਨਕਲਾਬੀ ਜੰਗ ਦੇ **ਹੱਕ ਵਿੱਚ** ਹੋਣ ਤੋਂ ਸੋਸ਼ਲਿਸਿਟਾਂ ਨੂੰ ਨਹੀਂ ਵਰਜਦੀ। ਜੰਗ ਦਾ ਸ਼੍ਰੇਣੀ ਖਾਸਾ- ਇਹ ਹੈ ਬੁਨਿਆਦੀ ਸਵਾਲ ਜਿਹੜਾ ਇੱਕ ਸੋਸ਼ਲਿਸਟ ਅੱਗੇ ਖੜ੍ਹਾ ਹੁੰਦਾ ਹੈ (ਜੇ ਉਹ ਭਗੌੜਾ ਨਾ ਹੋਵੇ ਤਾਂ)। 1914-18 ਦੀ ਸਾਮਰਾਜੀ ਜੰਗ ਦੁਨੀਆਂ ਦੀ ਵੰਡ ਲਈ, ਲੁੱਟ ਦਾ ਮਾਲ ਵੰਡਣ ਲਈ ਅਤੇ ਛੋਟੀਆਂ ਅਤੇ ਕਮਜ਼ੋਰ ਕੌਮਾਂ ਨੂੰ ਲੁੱਟਣ ਅਤੇ ਉਹਨਾਂ ਦਾ ਗਲ਼ਾ ਘੁੱਟਣ ਲਈ ਸਾਮਰਾਜੀ ਬੁਰਜੂਆਜ਼ੀ ਦੇ ਦੋ ਟੋਲਿਆਂ ਵਿਚਕਾਰ ਜੰਗ ਹੈ। 1912 ਵਿੱਚ ਬਾਸਲ ਮੈਨੀਫ਼ੈਸਟੋ ਵਿੱਚ ਸਿਰ ਉੱਤੇ ਖੜ੍ਹੀ ਜੰਗ ਦਾ ਇਹ ਮੁਲਾਂਕਣ ਕੀਤਾ ਗਿਆ ਸੀ ਅਤੇ ਤੱਥਾਂ ਨੇ ਇਸਦੀ ਪੁਸ਼ਟੀ ਕੀਤੀ ਹੈ। ਜੰਗ ਬਾਰੇ ਇਸ ਦ੍ਰਿਸ਼ਟੀਕੋਣ ਤੋਂ ਜਿਹੜਾ ਵੀ ਕੋਈ ਲਾਂਭੇ ਜਾਂਦਾ ਹੈ, ਉਹ ਸੋਸ਼ਲਿਸਟ ਨਹੀਂ ਹੈ।

ਜੇ ਵਿਲਹੈਲਮ ਹੇਠ ਕੋਈ ਜਰਮਨ ਜਾਂ ਕਲੇਮਨਸੋ ਹੇਠ ਕੋਈ ਫ਼ਰਾਂਸੀਸੀ ਕਹਿੰਦਾ ਹੈ: "ਇੱਕ ਸੋਸ਼ਲਿਸਟ ਵਜੋਂ ਆਪਣੇ ਦੇਸ਼ ਦੀ ਰਾਖੀ ਕਰਨਾ ਮੇਰਾ ਹੱਕ ਅਤੇ ਫ਼ਰਜ ਬਣਦਾ ਹੈ, ਜੇ ਇਸ ਉੱਪਰ ਕੋਈ ਦੁਸ਼ਮਣ ਹਮਲਾ ਕਰ ਦੇਂਦਾ ਹੈ ਤਾਂ", ਤਾਂ ਉਹ ਸੋਸ਼ਲਿਸਟ ਵਾਂਗ, ਕੌਮਾਂਤਰੀਵਾਦੀ ਵਾਂਗ, ਇਨਕਲਾਬੀ ਪ੍ਰੋਲੇਤਾਰੀ ਵਾਂਗ ਦਲੀਲ ਨਹੀਂ ਦੇ ਰਿਹਾ ਹੁੰਦਾ, ਸਗੋਂ **ਪੈਟੀ-ਬੁਰਜੂਆ ਕੌਮਪ੍ਰਸਤ** ਵਾਂਗ ਦਲੀਲ ਦੇ ਰਿਹਾ ਹੁੰਦਾ ਹੈ। ਕਿਉਂਕਿ ਇਹ ਦਲੀਲ ਸਰਮਾਏ ਦੇ ਖਿਲਾਫ਼ ਮਜ਼ਦੂਰਾਂ ਦੇ ਇਨਕਲਾਬੀ ਸ਼੍ਰੇਣੀ-ਘੋਲ਼ ਨੂੰ ਅੱਖੋਂ ਉਹਲੇ ਕਰਦੀ ਹੈ, ਇਹ ਸੰਸਾਰ ਬੁਰਜੂਆਜ਼ੀ ਅਤੇ ਸੰਸਾਰ ਪ੍ਰੋਲੇਤਾਰੀਆਂ ਦੇ ਦ੍ਰਿਸ਼ਟੀਕੋਣ ਤੋਂ **ਸਮੁੱਚੇ ਤੌਰ ਉੱਤੇ** ਜੰਗ ਦੇ ਮੁਲਾਂਕਣ ਨੂੰ ਅੱਖੋਂ ਉਹਲੇ ਕਰਦੀ ਹੈ, ਅਰਥਾਤ, ਇਹ ਕੌਮਾਂਤਰੀਵਾਦ ਨੂੰ ਅੱਖੋਂ ਉਹਲੇ ਕਰਦੀ ਹੈ, ਅਤੇ ਬਾਕੀ ਜੋ ਬਚ ਜਾਂਦਾ ਹੈ, ਉਹ ਹੈ ਤਰਸਯੋਗ ਅਤੇ ਤੰਗ-ਨਜ਼ਰ ਕੌਮਪ੍ਰਸਤੀ। ਮੇਰੇ ਦੇਸ਼ ਨਾਲ਼ ਜ਼ਿਆਦਤੀ ਹੋ ਰਹੀ ਹੈ, ਬੱਸ ਇਹ ਕੁਝ ਹੈ ਜਿਸਦੀ ਮੈਂ ਪ੍ਰਵਾਹ ਕਰਦਾ ਹਾਂ- ਇਸ ਦਲੀਲ ਦਾ ਮਤਲਬ ਇਹ ਨਿਕਲਦਾ ਹੈ, ਅਤੇ ਇਹੀ ਹੈ ਜਿੱਥੇ ਇਸਦੀ ਪੈਟੀ-ਬੁਰਜੂਆ, ਕੌਮਪ੍ਰਸਤ, ਤੰਗ-ਨਜ਼ਰੀ ਟਿਕੀ ਹੋਈ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਵਿਅਕਤੀਗਤ ਹਿੰਸਾ, ਵਿਅਕਤੀ ਉੱਤੇ ਹਿੰਸਾ, ਦੇ ਸਬੰਧ ਵਿੱਚ ਕੋਈ ਇਹ ਦਲੀਲ ਦੇਵੇ ਕਿ ਸੋਸ਼ਲਿਜ਼ਮ ਹਿੰਸਾ ਦੇ ਵਿਰੁੱਧ ਹੈ ਅਤੇ ਇਸ ਲਈ ਮੈਂ ਜੇਲ੍ਹ ਵਿੱਚ ਜਾਣ ਨਾਲ਼ੋਂ ਗ਼ੱਦਾਰ ਹੋਣ ਨੂੰ ਤਰਜੀਹ ਦੇਵਾਂਗਾ।

ਫ਼ਰਾਂਸੀਸੀ, ਜਰਮਨ ਜਾਂ ਇਤਾਲਵੀ, ਜਿਹੜਾ ਕਹਿੰਦਾ ਹੈ: "ਸੋਸ਼ਲਿਜ਼ਮ ਕੌਮਾਂ ਉੱਤੇ ਹਿੰਸਾ ਕਰਨ ਦਾ ਵਿਰੋਧੀ ਹੈ, **ਇਸ ਲਈ** ਮੈਂ ਆਪਣੇ ਆਪ ਦੀ ਰਾਖੀ ਕਰਦਾ ਹਾਂ ਜਦੋਂ ਮੇਰੇ ਦੇਸ਼ ਉੱਤੇ ਹਮਲਾ ਹੁੰਦਾ ਹੈ", ਉਹ ਸੋਸ਼ਲਿਜ਼ਮ ਨਾਲ਼ ਅਤੇ ਕੌਮਾਂਤਰੀਵਾਦ ਨਾਲ਼ **ਗ਼ੱਦਾਰੀ ਕਰਦਾ** ਹੈ, ਕਿਉਂਕਿ ਇਹੋ ਜਿਹਾ ਆਦਮੀ **ਸਿਰਫ਼** ਆਪਣੇ "ਦੇਸ਼" ਨੂੰ **ਦੇਖਦਾ** ਹੈ, ਉਹ "ਆਪਣੀ ਹੀ"...**ਬੁਰਜੂਆਜ਼ੀ** ਨੂੰ ਬਾਕੀ ਸਭ ਕੁਝ ਤੋਂ ਉੱਤੇ ਰੱਖ ਲੈਂਦਾ ਹੈ ਅਤੇ **ਕੌਮਾਂਤਰੀ ਸੰਬੰਧਾਂ** ਬਾਰੇ ਜ਼ਰਾ ਨਹੀਂ ਸੋਚਦਾ, ਜਿਹੜੇ ਜੰਗ ਨੂੰ ਸਾਮਰਾਜੀ ਜੰਗ ਬਣਾ ਦੇਂਦੇ ਹਨ, ਅਤੇ **ਉਸਦੀ** ਬੁਰਜੂਆਜ਼ੀ ਨੂੰ ਸਾਮਰਾਜੀ ਲੁੱਟ ਦੀ ਜ਼ੰਜ਼ੀਰੀ ਵਿੱਚ ਇੱਕ ਕੜੀ ਬਣਾ ਦੇਂਦੇ ਹਨ।

ਸਾਰੇ ਤੰਗ-ਨਜ਼ਰ ਅਤੇ ਸਾਰੇ ਮੂਰਖ਼ ਅਤੇ ਜਾਹਲ ਗੰਵਾਰ ਉਸੇ ਤਰੀਕੇ ਨਾਲ਼ ਦਲੀਲ ਦੇਂਦੇ ਹਨ, ਜਿਸ ਤਰੀਕੇ ਨਾਲ਼ ਭਗੌੜੇ ਕਾਊਟਸਕੀ ਦੇ ਹਿਮਾਇਤੀ, ਲੌਂਗੇਵਾਦੀ, ਤੁਰਾਤੀ ਐਂਡ ਕੰਪਨੀ ਵਾਲ਼ੇ ਦੇਂਦੇ ਹਨ: "ਦੁਸ਼ਮਣ ਨੇ ਮੇਰੇ ਦੇਸ਼ ਉੱਤੇ ਹਮਲਾ ਕਰ ਦਿੱਤਾ ਹੈ, ਮੈਨੂੰ ਹੋਰ ਕਿਸੇ ਚੀਜ਼ ਦੀ ਪਰਵਾਹ ਨਹੀਂ।"*

---

* ਸਮਾਜੀ-ਅੰਧਰਾਸ਼ਟਰਵਾਦੀ (ਸ਼ੀਦਮਾਨ, ਰੇਨਾਦੇਲ, ਹੈਂਡਰਸਨ, ਗੋਮਪਰਜ਼ ਐਂਡ ਕੰਪਨੀ) ਜੰਗ ਦੇ ਦੌਰਾਨ "ਇੰਟਰਨੈਸ਼ਨਲ" ਬਾਰੇ ਗੱਲ ਕਰਨ ਤੋਂ ਬਿਲਕੁਲ ਇਨਕਾਰ ਕਰ ਦੇਂਦੇ ਹਨ। ਉਹ "**ਆਪੋ ਆਪਣੀਆਂ**" ਬੁਰਜੂਆਜ਼ੀਆਂ ਦੇ ਦੁਸ਼ਮਣਾਂ ਨੂੰ...ਸੋਸ਼ਲਿਜ਼ਮ ਦੇ "ਗੱਦਾਰ" ਸਮਝਦੇ ਹਨ। ਉਹ **ਆਪੋ ਆਪਣੀਆਂ** ਬੁਰਜੂਆਜ਼ੀਆਂ ਵਲੋਂ ਚਲਾਈ ਜਾ ਰਹੀ ਮੱਲਾਂ ਮਾਰਨ ਦੀ ਨੀਤੀ ਦੀ **ਹਿਮਾਇਤ ਕਰਦੇ** ਹਨ। ਸਮਾਜਿਕ-ਸ਼ਾਂਤੀਵਾਦੀ (ਅਰਥਾਤ, ਕਥਨੀ ਵਿਚ ਸੋਸ਼ਲਿਸਟ, ਕਰਨੀ ਵਿਚ ਪੈਟੀ- ⇨

ਸੋਸ਼ਲਿਸਟ, ਇਨਕਲਾਬੀ ਪ੍ਰੋਲੇਤਾਰੀ, ਕੌਮਾਂਤਰੀਵਾਦੀ, ਹੋਰ ਤਰ੍ਹਾਂ ਨਾਲ਼ ਦਲੀਲ ਦੇਂਦਾ ਹੈ। ਉਹ ਕਹਿੰਦਾ ਹੈ: "ਜੰਗ ਦਾ ਖਾਸਾ(ਕਿ ਇਹ ਪ੍ਰਤੀਕਿਰਿਆਵਾਦੀ ਹੈ ਜਾਂ ਇਨਕਲਾਬੀ) ਇਸ ਗੱਲ ਉਪਰ ਨਿਰਭਰ ਨਹੀਂ ਕਰਦਾ ਕਿ ਹਮਲਾਵਰ ਕੌਣ ਸੀ, ਜਾਂ ਕਿਸ ਦੇ ਦੇਸ਼ ਵਿੱਚ 'ਦੁਸ਼ਮਣ' ਦੀਆਂ ਫੌਜਾਂ ਟਿਕੀਆਂ ਹੋਈਆਂ ਹਨ; ਇਹ **ਇਸ ਗੱਲ ਉੱਪਰ** ਨਿਰਭਰ ਕਰਦਾ ਹੈ **ਕਿ ਕਿਹੜੀ ਸ਼ਰੇਣੀ** ਜੰਗ ਚਲਾ ਰਹੀ ਹੈ, ਅਤੇ ਇਹ ਜੰਗ ਕਿਸ ਰਾਜਨੀਤੀ ਦਾ ਜਾਰੀ ਰਹਿਣਾ ਹੈ। ਜੇ ਜੰਗ ਪ੍ਰਤੀਕਿਰਿਆਵਾਦੀ, ਸਾਮਰਾਜੀ ਜੰਗ ਹੈ, ਅਰਥਾਤ, ਜੇ ਇਹ ਸਾਮਰਾਜੀ, ਹਾਬੜੀ ਹੋਈ, ਧਾੜਵੀ, ਪ੍ਰਤੀਕਿਰਿਆਵਾਦੀ ਬੁਰਜੂਆਜ਼ੀ ਦੇ ਦੋ ਸੰਸਾਰ ਟੋਲਿਆਂ ਵੱਲੋਂ ਲੜੀ ਜਾ ਰਹੀ ਹੈ, ਤਾਂ ਫਿਰ ਹਰ ਬੁਰਜੂਆਜ਼ੀ (ਇੱਥੋਂ ਤੱਕ ਕਿ ਛੋਟੇ ਤੋਂ ਛੋਟੇ ਦੇਸ਼ ਦੀ ਵੀ) ਇਸ ਲੁੱਟ ਵਿੱਚ ਹਿੱਸੇਦਾਰ ਬਣ ਜਾਂਦੀ ਹੈ, ਅਤੇ ਇਨਕਲਾਬੀ ਪ੍ਰੋਲੇਤਾਰੀਆਂ ਦੇ ਪ੍ਰਤਿਨਿੱਧ ਵਜੋਂ ਮੇਰਾ ਫ਼ਰਜ਼ ਬਣ ਜਾਂਦਾ ਹੈ ਕਿ ਸੰਸਾਰ ਕਤਲਾਮ ਦੀਆਂ ਭਿਅੰਕਰਤਾਵਾਂ ਤੋਂ ਬਚਣ ਦੇ **ਇੱਕੋ ਇੱਕ** ਰਸਤੇ ਵਜੋਂ **ਸੰਸਾਰ ਪ੍ਰੋਲੇਤਾਰੀ ਇਨਕਲਾਬ** ਦੀ ਤਿਆਰੀ ਕਰਾਂ। ਮੈਨੂੰ ਦਲੀਲ ਦੇਣੀ ਚਾਹੀਦੀ ਹੈ, 'ਆਪਣੇ' ਦੇਸ਼ ਦੇ ਦ੍ਰਿਸ਼ਟੀਕੋਣ ਤੋਂ ਨਹੀਂ (ਕਿਉਂਕਿ ਇਹ ਜ਼ਲੀਲ, ਮੂਰਖ, ਪੈਟੀ-ਬੁਰਜੂਆ ਕੌਮਪ੍ਰਸਤ ਦੀ ਦਲੀਲ ਹੁੰਦੀ ਹੈ ਜਿਹੜਾ ਇਹ ਨਹੀਂ ਸਮਝਦਾ ਕਿ ਉਹ ਸਾਮਰਾਜੀ ਬੁਰਜੂਆਜ਼ੀ ਦੇ ਹੱਥਾਂ ਵਿੱਚ ਸਿਰਫ਼ ਇੱਕ ਖਿਡੌਣਾ ਹੈ), ਸਗੋਂ ਸੰਸਾਰ ਪ੍ਰੋਲੇਤਾਰੀ ਇਨਕਲਾਬ ਦੀ ਤਿਆਰੀ ਵਿਚ, ਪ੍ਰਚਾਰ ਵਿੱਚ, ਅਤੇ ਇਸ ਨੂੰ ਤੇਜ਼ ਕਰਨ ਵਿੱਚ ਪਾਏ ਗਏ **ਆਪਣੇ ਹਿੱਸੇ** ਦੇ ਦ੍ਰਿਸ਼ਟੀਕੋਣ ਤੋਂ।"

ਇਹ ਹੈ ਕੌਮਾਂਤਰੀਵਾਦ ਦਾ ਅਰਥ, ਅਤੇ ਇਹ ਹੈ ਇਕ ਕੌਮਾਂਤਰੀਵਾਦੀ ਇਨਕਲਾਬੀ ਮਜ਼ਦੂਰ, ਸੱਚੇ ਸੋਸ਼ਲਿਸਟ ਦਾ ਫ਼ਰਜ਼। ਇਹ ਹੈ **ੳ ਅ** ਜਿਹੜਾ ਭਗੌੜਾ ਕਾਊਟਸਕੀ "ਭੁੱਲ ਗਿਆ ਹੈ"। ਅਤੇ ਉਸਦਾ ਸਿਧਾਂਤ-ਤਿਆਗ ਹੋਰ ਵੀ ਪ੍ਰਤੱਖ ਹੋ ਜਾਂਦਾ ਹੈ ਜਦੋਂ ਉਹ ਪੈਟੀ-ਬੁਰਜੂਆ ਕੌਮਪ੍ਰਸਤਾਂ (ਰੂਸ ਵਿਚਲੇ ਮੈਨਸ਼ਵਿਕਾਂ, ਫ਼ਰਾਂਸ ਵਿਚਲੇ ਲੌਂਗੇਵਾਦੀਆਂ[52], ਇਟਲੀ ਵਿੱਚ ਤੂਰਾਤੀਆਂ, ਜਰਮਨੀ ਵਿਚ ਹਾਜ਼ੇ ਐਂਡ ਕੰਪਨੀ) ਦੇ ਦਾਅ-ਪੇਚਾਂ ਨੂੰ ਪ੍ਰਵਾਨਗੀ ਦੇਣ ਤੋਂ ਬਾਲਸ਼ਵਿਕ ਦਾਅ-ਪੇਚਾਂ ਦੀ ਆਲੋਚਨਾ ਵੱਲ ਚਲਾ ਜਾਂਦਾ ਹੈ। ਇਹ ਹੈ ਉਸਦੀ ਆਲੋਚਨਾ:

> "ਬਾਲਸ਼ਵਿਕ ਇਨਕਲਾਬ ਇਸ ਮਨੌਤ ਉਪਰ ਅਧਾਰਿਤ ਸੀ ਕਿ ਇਹ ਆਮ ਯੂਰਪੀ ਇਨਕਲਾਬ ਦਾ ਆਰੰਭਕ ਬਿੰਦੂ ਬਣ ਜਾਏਗਾ; ਕਿ ਰੂਸ ਦੀ ਦਲੇਰ ਪਹਿਲਕਦਮੀ ਸਾਰੇ ਯੂਰਪ ਦੇ ਪ੍ਰੋਲੇਤਾਰੀਆਂ ਨੂੰ ਉੱਠ ਖੜ੍ਹੇ ਹੋਣ ਦੀ

---

⇨ਬੁਰਜੂਆ ਸ਼ਾਂਤੀਵਾਦੀ) ਹਰ ਤਰ੍ਹਾਂ ਦੀਆਂ "ਕੌਮਾਂਤਰੀਵਾਦੀ" ਭਾਵਨਾਵਾਂ ਪ੍ਰਗਟ ਕਰਦੇ ਹਨ, ਕਬਜ਼ੇ ਕਰਨ ਦੇ ਖਿਲਾਫ਼ ਰੋਸ ਪ੍ਰਗਟ ਕਰਦੇ ਹਨ, ਆਦਿ, ਪਰ **ਅਮਲ ਵਿਚ** ਉਹ **ਆਪੋ ਆਪਣੀਆਂ** ਸਾਮਰਾਜੀ ਬੁਰਜੂਆਜ਼ੀਆਂ ਦੀ **ਹਿਮਾਇਤ ਕਰਨਾ** ਜਾਰੀ ਰੱਖਦੇ ਹਨ। ਦੋਹਾਂ ਵੰਨਗੀਆਂ ਵਿਚਕਾਰ ਫ਼ਰਕ ਕੋਈ ਮੱਹਤਵਪੂਰਨ ਨਹੀਂ; ਇਹ ਐਸੇ ਦੋ ਸਰਮਾਇਦਾਰਾਂ ਵਿਚਕਾਰ ਫ਼ਰਕ ਵਾਂਗ ਹੈ ਜਿਨ੍ਹਾਂ ਵਿਚੋਂ ਇਕ ਦੇ ਬੁਲ੍ਹਾਂ ਉਤੇ ਕੌੜੇ ਅਤੇ ਦੂਜੇ ਦਿਆਂ ਉਤੇ ਮਿੱਠੇ ਬੋਲ ਰਹਿੰਦੇ ਹਨ।

ਪ੍ਰੇਰਨਾ ਦੇਵੇਗੀ।

"ਇਸ ਮਨੌਤ ਉੱਤੇ, ਬੇਸ਼ੱਕ, ਇਹ ਗੱਲ ਕੋਈ ਬਹੁਤੀ, ਮਹੱਤਤਾ ਨਹੀਂ ਸੀ ਰੱਖਦੀ ਕਿ ਵੱਖਰੀ ਰੂਸੀ ਅਮਨ ਸੰਧੀ ਕਿਹੜੇ ਰੂਪ ਧਾਰਨ ਕਰੇਗੀ, ਰੂਸੀ ਲੋਕਾਂ ਨੂੰ ਇਸਤੋਂ ਕਿਹੜੀਆਂ ਮੁਸ਼ਕਲਾਂ ਅਤੇ ਕਿਹੜੇ ਇਲਾਕਾਈ ਨੁਕਸਾਨ (ਸ਼ਾਬਦਿਕ ਅਰਥਾਂ ਵਿੱਚ: ਅੰਗ-ਛੇਦਣ ਜਾਂ ਅੰਗ-ਕਾਟ, Verst,mmelungen) ਬਰਦਾਸ਼ਤ ਕਰਨੇ ਪੈਣਗੇ, ਅਤੇ ਕੌਮਾਂ ਦੇ ਆਤਮ-ਨਿਰਣੇ ਨੂੰ ਇਹ ਕਿਹੜੇ ਅਰਥ ਦੇਵੇਗਾ। ਉਸ ਵੇਲ਼ੇ ਇਹ ਵੀ ਬਹੁਤੀ ਮਹੱਤਤਾ ਨਹੀਂ ਸੀ ਰੱਖਦਾ ਕਿ ਰੂਸ ਆਪਣੀ ਰਾਖੀ ਕਰਨ ਦੇ ਵੀ ਯੋਗ ਸੀ ਜਾਂ ਨਹੀਂ। ਇਸ ਵਿਚਾਰ ਅਨੁਸਾਰ, ਯੂਰਪੀ ਇਨਕਲਾਬ ਰੂਸੀ ਇਨਕਲਾਬ ਦੀ ਸਭ ਤੋਂ ਚੰਗੀ ਰੱਖਿਆ ਹੁੰਦਾ, ਅਤੇ ਪਹਿਲਾਂ ਦੇ ਰੂਸੀ ਇਲਾਕੇ ਵਿਚ ਵੱਸਦੀਆਂ ਸਾਰੀਆਂ ਕੌਮਾਂ ਨੂੰ ਪੂਰਨ ਅਤੇ ਸੱਚਾ ਆਤਮ-ਨਿਰਣੇ ਦਾ ਹੱਕ ਦੇਂਦਾ।

"ਯੂਰਪ ਵਿਚਲਾ ਇਨਕਲਾਬ, ਜਿਹੜਾ ਉੱਥੇ ਸੋਸ਼ਲਿਜ਼ਮ ਸਥਾਪਤ ਕਰੇਗਾ ਅਤੇ ਪੱਕੇ-ਪੈਰੀਂ ਕਰੇਗਾ, ਉਹਨਾਂ ਰੁਕਾਵਟਾਂ ਨੂੰ ਹਰਾਉਣ ਦਾ ਸਾਧਨ ਵੀ ਬਣ ਜਾਏਗਾ ਜਿਹੜੀਆਂ ਦੇਸ਼ ਦੇ ਆਰਥਕ ਪਛੜੇਵੇਂ ਕਾਰਨ ਉਤਪਾਦਨ ਦੀ ਸੋਸ਼ਲਿਸਟ ਪ੍ਰਣਾਲੀ ਨੂੰ ਲਾਗੂ ਕਰਨ ਵਿੱਚ ਰੂਸ ਵਿਚ ਪੈਦਾ ਹੋਣਗੀਆਂ।

"ਇਹ ਸਾਰਾ ਕੁਝ ਬੜਾ ਮੰਤਕੀ ਅਤੇ ਠੀਕ ਸੀ- ਸਿਰਫ਼ ਜੇ ਮੁੱਖ ਮਨੌਤ ਠੀਕ ਹੋ ਜਾਂਦੀ, ਅਰਥਾਤ, ਕਿ ਰੂਸੀ ਇਨਕਲਾਬ ਬਿਨਾਂ ਉੱਕਿਆਂ ਯੂਰਪੀ ਇਨਕਲਾਬ ਛੇੜ ਦੇਂਦਾ। ਪਰ ਜੇ ਇੰਜ ਨਾ ਹੋਇਆ, ਤਾਂ ਫਿਰ ਕੀ ਬਣੇਗਾ ?

"ਹੁਣ ਤੱਕ ਇਹ ਮਨੌਤ ਠੀਕ ਸਾਬਤ ਨਹੀਂ ਹੋਈ ਅਤੇ ਯੂਰਪ ਦੇ ਪ੍ਰੋਲੇਤਾਰੀਆਂ ਉੱਤੇ ਹੁਣ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹਨਾਂ ਨੇ ਰੂਸੀ ਇਨਕਲਾਬ ਦਾ ਸਾਥ ਛੱਡ ਦਿਤਾ ਹੈ ਅਤੇ ਇਸ ਨਾਲ਼ ਗ਼ੱਦਾਰੀ ਕੀਤੀ ਹੈ। ਇਹ ਅਗਿਆਤ ਵਿਅਕਤੀਆਂ ਦੇ ਖਿਲਾਫ਼ ਦੋਸ਼ ਲਾਇਆ ਜਾ ਰਿਹਾ ਹੈ, ਕਿਉਂਕਿ ਯੂਰਪੀ ਪ੍ਰੋਲੇਤਾਰੀਆਂ ਦੇ ਵਿਵਹਾਰ ਲਈ ਕਿਸਨੂੰ ਜ਼ਿਮੇਵਾਰ ਸਮਝਿਆ ਜਾਏ ? (ਸਫ਼ਾ 28)

ਅਤੇ ਇਸਤੋਂ ਮਗਰੋਂ ਕਾਊਟਸਕੀ ਕਾਫ਼ੀ ਵਿਸਥਾਰ ਵਿੱਚ ਵਿਆਖਿਆ ਕਰਦਾ ਹੈ ਕਿ ਮਾਰਕਸ, ਏਂਗਲਜ਼ ਅਤੇ ਬੇਬੇਲ ਇਕ ਤੋਂ ਬਹੁਤੀ ਵਾਰੀ ਇਨਕਲਾਬ ਦੀ, ਜਿਸਦੀ ਉਹ ਉਮੀਦ ਰੱਖ ਰਹੇ ਸਨ, ਆਮਦ ਬਾਰੇ ਗ਼ਲਤੀ ਖਾ ਗਏ ਸਨ, ਪਰ ਉਹਨਾਂ ਨੇ ਆਪਣੇ ਦਾਅ-ਪੇਚ ਕਦੀ ਵੀ "**ਕਿਸੇ ਨਿਸ਼ਚਿਤ ਤਰੀਕ**" ਉੱਤੇ ਇਨਕਲਾਬ ਦੀ ਆਸ ਉੱਤੇ ਅਧਾਰਿਤ ਨਹੀਂ ਸਨ ਕੀਤੇ (ਸਫ਼ਾ 29), ਜਦ ਕਿ, ਉਹ ਲਿਖਦਾ ਹੈ, ਬਾਲਸ਼ਵਿਕਾਂ ਨੇ "ਸਭ ਕੁਝ ਇੱਕੋ ਹੀ ਪੱਤੇ ਉਪਰ ਦਾਅ ਉੱਤੇ ਲਾ ਦਿੱਤਾ, ਆਮ ਯੂਰਪੀ ਇਨਕਲਾਬ ਉੱਪਰ"।

ਅਸੀਂ ਜਾਣ-ਬੁਝ ਕੇ ਇਹ ਲੰਮਾਂ ਪੈਰ੍ਹਾ ਦਿੱਤਾ ਹੈ, ਆਪਣੇ ਪਾਠਕਾਂ ਨੂੰ ਇਹ

ਸਪੱਸ਼ਟ ਰੂਪ ਵਿੱਚ ਦਰਸਾਉਣ ਲਈ ਕਿ ਕਾਊਟਸਕੀ ਆਪਣੇ ਨੀਚ ਅਤੇ ਪ੍ਰਤੀਕਿਰਿਆਵਾਦੀ ਤੰਗ-ਨਜ਼ਰ ਵਿਚਾਰ ਨੂੰ ਮਾਰਕਸਵਾਦ ਦੀ ਥਾਂ ਦੇ ਕੇ ਜਾਅਲੀ ਮਾਰਕਸਵਾਦ ਤਿਆਰ ਕਰਨ ਵਿੱਚ ਕਿੰਨੀਂ "ਮੁਹਾਰਤ" ਰੱਖਦਾ ਹੈ।

ਪਹਿਲੀ ਗੱਲ, ਸਪੱਸ਼ਟ ਮੂਰਖ ਵਿਚਾਰ ਆਪਣੇ ਵਿਰੋਧੀ ਦੇ ਨਾਂ ਲਾਉਣਾ ਅਤੇ ਫਿਰ ਇਸਨੂੰ ਗ਼ਲਤ ਸਾਬਤ ਕਰਨਾ ਇਕ ਐਸੀ ਚਾਲ ਹੈ ਜਿਹੜੀ ਬਹੁਤੇ ਹੁਸ਼ਿਆਰ ਲੋਕ ਨਹੀਂ ਵਰਤਦੇ। ਜੇ ਬਾਲਸ਼ਵਿਕਾਂ ਨੇ ਆਪਣੇ ਦਾਅ-ਪੇਚ **ਕਿਸੇ ਨਿਸ਼ਚਿਤ ਤਰੀਕ ਤੱਕ** ਦੂਜੇ ਦੇਸ਼ਾਂ ਵਿੱਚ ਇਨਕਲਾਬ ਦੀ ਉਮੀਦ ਉੱਤੇ ਅਧਾਰਿਤ ਕੀਤੇ ਹੁੰਦੇ, ਤਾਂ ਇਹ ਐਸੀ ਮੂਰਖਤਾ ਹੁੰਦੀ ਜਿਸਤੋਂ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ। ਪਰ ਬਾਲਸ਼ਵਿਕ ਪਾਰਟੀ ਇਹੋ ਜਿਹੀ ਮੂਰਖਤਾ ਦੀ ਦੋਸ਼ੀ ਕਦੀ ਨਹੀਂ ਰਹੀ। ਅਮਰੀਕੀ ਮਜ਼ਦੂਰਾਂ ਨੂੰ ਆਪਣੀ ਚਿੱਠੀ (20 ਅਗਸਤ, 1918) ਵਿੱਚ, ਮੈਂ ਸਪੱਸ਼ਟ ਤੌਰ ਉੱਤੇ ਇਸ ਮੂਰਖ਼ ਵਿਚਾਰ ਤੋਂ ਇਹ ਕਹਿ ਕੇ ਇਨਕਾਰ ਕੀਤਾ ਸੀ, ਕਿ ਅਸੀਂ ਅਮਰੀਕੀ ਇਨਕਲਾਬ ਉੱਤੇ ਉਮੀਦ ਰੱਖਦੇ ਹਾਂ, ਪਰ ਕਿਸੇ ਨਿਸ਼ਚਿਤ ਤਰੀਕ ਤੱਕ ਨਹੀਂ।* ਖੱਬੇ-ਪੱਖੀ ਸੋਸ਼ਲਿਸਟ ਇਨਕਲਾਬੀਆਂ [53] ਅਤੇ "ਖੱਬੇ-ਪੱਖੀ ਕਮਿਊਨਿਸਟਾਂ"[54] ਨਾਲ਼ ਆਪਣੇ ਵਿਵਾਦ ਵਿੱਚ ਮੈਂ ਇੱਕ ਤੋਂ ਬਹੁਤੀ ਵਾਰੀ ਬਿਲਕੁਲ ਇਸੇ ਵਿਚਾਰ ਨੂੰ ਵਿਸਥਾਰ ਨਾਲ ਲਿਆ ਹੈ (ਜਨਵਰੀ-ਮਾਰਚ 1918)। ਕਾਊਟਸਕੀ ਨੇ ਮਾੜੀ ਜਿਹੀ... ਬੱਸ ਬਿਲਕੁਲ ਮਾੜੀ ਜਿਹੀ ਜਾਅਲਸਾਜ਼ੀ ਕੀਤੀ ਹੈ, ਜਿਸ ਉਤੇ ਉਸਨੇ ਅਸਲ ਵਿਚ ਬਾਲਸ਼ਵਿਕਵਾਦ ਦੀ ਆਪਣੀ ਆਲੋਚਨਾ ਅਧਾਰਿਤ ਕੀਤੀ ਹੈ। ਕਾਊਟਸਕੀ ਘੱਟ ਜਾਂ ਵੱਧ ਨਿਕਟ ਭਵਿੱਖ ਵਿਚ, ਪਰ ਕਿਸੇ ਨਿਸ਼ਚਿਤ ਤਰੀਕ ਉਪਰ ਨਹੀਂ, ਯੂਰਪੀ ਇਨਕਲਾਬ ਦੀ ਆਸ ਉੱਤੇ ਆਧਾਰਿਤ ਦਾਅ-ਪੇਚਾਂ ਨੂੰ, ਕਿਸੇ ਨਿਸ਼ਚਿਤ ਤਰੀਕ ਉਤੇ ਯੂਰਪੀ ਇਨਕਲਾਬ ਦੀ ਆਸ ਉੱਤੇ ਅਧਾਰਿਤ ਦਾਅ-ਪੇਚਾਂ ਨਾਲ ਰਲਗਡ ਕਰ ਗਿਆ ਹੈ। ਮਾੜੀ ਜਿਹੀ, ਬੱਸ ਬਿਲਕੁਲ ਮਾੜੀ ਜਿਹੀ ਜਾਅਲਸਾਜ਼ੀ!

ਮਗਰਲੀ ਤਰ੍ਹਾਂ ਦੇ ਦਾਅ-ਪੇਚ ਮੂਰਖ਼ਾਨਾ ਹਨ। ਪਹਿਲੀ ਤਰ੍ਹਾਂ ਦੇ ਦਾਅ-ਪੇਚ ਕਿਸੇ ਮਾਰਕਸਵਾਦੀ ਲਈ, ਹਰ ਇਨਕਲਾਬੀ ਪ੍ਰੋਲੇਤਾਰੀ ਲਈ ਅਤੇ ਕੌਮਾਂਤਰੀਵਾਦੀ ਲਈ **ਲਾਜ਼ਮੀ** ਹਨ— **ਲਾਜ਼ਮੀ**, ਕਿਉਂਕਿ ਸਿਰਫ਼ ਉਹ ਹੀ ਸਾਰੇ ਯੂਰਪੀ ਦੇਸ਼ਾਂ ਵਿੱਚ ਜੰਗ ਨਾਲ਼ ਪੈਦਾ ਹੋਈ ਵਸਤੂਪਰਕ ਸਥਿਤੀ ਨੂੰ ਉਚਿੱਤ ਮਾਰਕਸਵਾਦੀ ਤਰੀਕੇ ਨਾਲ਼ ਧਿਆਨ ਵਿੱਚ ਰੱਖਦੇ ਹਨ ਅਤੇ ਸਿਰਫ਼ ਉਹ ਹੀ ਪ੍ਰੋਲੇਤਾਰੀਆਂ ਦੇ ਕੌਮਾਂਤਰੀਵਾਦੀ ਕਾਰਜਾਂ ਦੇ ਅਨੁਕੂਲ ਹਨ।

ਪਰ ਆਮ ਕਰਕੇ ਇਨਕਲਾਬੀ ਦਾਅ-ਪੇਚਾਂ ਦੀਆਂ ਬੁਨਿਆਦਾਂ ਦੇ ਮਹੱਤਵਪੂਰਨ ਸਵਾਲ ਦੀ ਥਾਂ ਐਸੀ ਗ਼ਲਤੀ ਬਾਰੇ ਤੁੱਛ ਜਿਹੇ ਸਵਾਲ ਨੂੰ ਦੇ ਕੇ, ਜਿਹੜੀ ਬਾਲਸ਼ਵਿਕ ਇਨਕਲਾਬੀ ਕਰ ਸਕਦੇ ਸਨ, ਪਰ ਉਹਨਾਂ ਨੇ ਕੀਤੀ ਨਹੀਂ, ਕਾਊਟਸਕੀ ਬੜੀ ਹੁਸ਼ਿਆਰੀ ਨਾਲ਼ ਸਾਰੇ ਇਨਕਲਾਬੀ ਦਾਅ-ਪੇਚਾਂ ਨੂੰ ਤਿਲਾਂਜਲੀ ਦੇ ਰਿਹਾ ਹੈ।

---

* ਦੇਖੋ ਲੈਨਿਨ, ਚੋਣਵੀਆਂ ਕਿਰਤਾਂ ਬਾਰ੍ਹਾਂ ਸੰਚੀਆਂ ਵਿਚ, ਐਡੀਸ਼ਨ 1990, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਸੈਂਚੀ-8, ਸਫ਼ੇ 218-220

ਰਾਜਨੀਤੀ ਵਿੱਚ ਭਗੌੜਾ ਤਾਂ ਉਹ ਹੈ ਹੀ, ਪਰ ਉਹ ਇਨਕਲਾਬੀ ਦਾਅ-ਪੇਚਾਂ ਦੀਆਂ ਵਸਤੂਪਰਕ ਪੂਰਵ-ਲੋੜਾਂ ਦੇ **ਸਵਾਲ** ਨੂੰ ਸਿਧਾਂਤਕ ਤੌਰ ਉੱਤੇ **ਪੇਸ਼ ਕਰਨ ਤੋਂ ਅਸਮਰੱਥ** ਹੈ।

ਅਤੇ ਇਹ ਗੱਲ ਸਾਨੂੰ ਦੂਜੇ ਨੁਕਤੇ ਵੱਲ ਲੈ ਆਉਂਦੀ ਹੈ।

ਦੂਜੀ ਗੱਲ, ਇੱਕ ਮਾਰਕਸਵਾਦੀ ਲਈ ਯੂਰਪੀ ਇਨਕਲਾਬ ਉੱਤੇ ਟੇਕ ਰੱਖਣੀ ਲਾਜ਼ਮੀ ਹੈ, ਜੇ **ਇਨਕਲਾਬੀ ਸਥਿਤੀ** ਮੌਜੂਦ ਹੋਵੇ ਤਾਂ। ਇਹ ਮਾਰਕਸਵਾਦ ਦਾ ੳ ਅ ਹੈ ਕਿ ਦੋਹਾਂ ਸਥਿਤੀਆਂ ਵਿੱਚ-ਜਦੋਂ ਇਨਕਲਾਬੀ ਸਥਿਤੀ ਮੌਜੂਦ ਹੈ, ਅਤੇ ਜਦੋਂ ਇਨਕਲਾਬੀ ਸਥਿਤੀ ਮੌਜੂਦ ਨਹੀਂ-ਸੋਸ਼ਲਿਸਟ ਪ੍ਰੋਲੇਤਾਰੀਆਂ ਦੇ ਦਾਅ-ਪੇਚ ਇਕੋ ਜਿਹੇ ਨਹੀਂ ਹੋ ਸਕਦੇ।

ਜੇ ਕਾਊਟਸਕੀ ਨੇ ਇਹ ਸਵਾਲ ਪੁੱਛਿਆ ਹੁੰਦਾ, ਜਿਹੜਾ ਕਿ ਕਿਸੇ ਮਾਰਕਸਵਾਦ ਲਈ ਲਾਜ਼ਮੀ ਹੈ, ਤਾਂ ਉਹ ਦੇਖ ਲੈਂਦਾ ਕਿ ਜਵਾਬ ਉਸਦੇ ਬਿਲਕੁਲ ਉਲਟ ਜਾਂਦਾ ਹੈ। ਜੰਗ ਤੋਂ ਬਹੁਤ ਪਹਿਲਾਂ, ਸਾਰੇ ਮਾਰਕਸਵਾਦੀ, ਸਾਰੇ ਸੋਸ਼ਲਿਸ਼ਟ ਇਸ ਗੱਲ ਉੱਤੇ ਸਹਿਮਤ ਸਨ ਕਿ ਯੂਰਪੀ ਜੰਗ ਇਨਕਲਾਬੀ ਸਥਿਤੀ ਪੈਦਾ ਕਰ ਦੇਵੇਗੀ। ਭਗੌੜਾ ਬਣਨ ਤੋਂ ਪਹਿਲਾਂ ਕਾਊਟਸਕੀ ਖੁਦ ਸਪੱਸ਼ਟ ਅਤੇ ਨਿਸ਼ਚਿਤ ਤੌਰ ਉੱਤੇ ਇਹ ਮੰਨਦਾ ਸੀ-1902 ਵਿਚ (ਆਪਣੀ ਰਚਨਾ "ਸਮਾਜਕ ਇਨਕਲਾਬ" ਵਿਚ) ਅਤੇ 1909 ਵਿਚ (ਆਪਣੀ ਰਚਨਾ "ਸੱਤ੍ਹਾ ਨੂੰ ਜਾਂਦਾ ਰਾਹ" ਵਿੱਚ)। ਬਾਸਲ ਮੈਨੀਫ਼ੈਸਟੋ ਵਿਚ ਸਮੁੱਚੀ ਦੂਜੀ ਇੰਟਰਨੈਸ਼ਨਲ ਦੇ ਨਾਂ ਉੱਤੇ ਵੀ ਇਹ ਗੱਲ ਮੰਨੀ ਗਈ ਸੀ। ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਸਾਰੇ ਦੇਸ਼ਾਂ ਦੇ ਸਮਾਜਕ-ਅੰਧਰਾਸ਼ਟਰਵਾਦੀ ਅਤੇ ਕਾਊਟਸਕੀ ਦੇ ਹਮਾਇਤੀ ("ਵਿਚਾਲ-ਪੰਥੀਏ", ਅਰਥਾਤ, ਉਹ ਲੋਕ ਜਿਹੜੇ ਇਨਕਲਾਬੀਆਂ ਅਤੇ ਮੌਕਾਪਸਤਾਂ ਦੇ ਵਿਚਕਾਰ ਡਿੱਕੋ-ਡੋਲੇ ਖਾਂਦੇ ਹਨ) ਇਸ ਮਸਲੇ ਬਾਰੇ ਬਾਸਲ ਮੈਨੀਫ਼ੈਸਟੋ ਦੇ ਐਲਾਨਾਂ ਨੂੰ ਮਹਾਂਮਾਰੀ ਵਾਂਗ ਤਿਆਗਦੇ ਹਨ!

ਇਸ ਲਈ, ਯੂਰਪ ਵਿੱਚ ਇਨਕਲਾਬੀ ਸਥਿਤੀ ਦੀ ਉਮੀਦ ਬਾਲਸ਼ਵਿਕਾਂ ਦਾ ਕੋਈ ਝੱਲ ਨਹੀਂ ਸੀ, ਸਗੋਂ ਸਾਰੇ ਮਾਰਕਸਵਾਦੀਆਂ ਦੀ **ਆਮ ਰਾਇ** ਸੀ। ਜਦੋਂ ਇਹੋ ਜਿਹੇ ਵਾਕੰਸ਼ ਵਰਤ ਕੇ ਕਿ ਬਾਲਸ਼ਵਿਕ "ਹਮੇਸ਼ਾ ਹੀ ਹਿੰਸਾ ਅਤੇ ਇੱਛਾ-ਸ਼ਕਤੀ ਦੀ ਸਰਬਸ਼ਕਤੀਮਾਨਤਾ ਵਿੱਚ ਯਕੀਨ ਰੱਖਦੇ ਰਹੇ ਹਨ", ਕਾਊਟਸਕੀ ਇਸ ਨਿਰਵਿਵਾਦ ਸੱਚਾਈ ਤੋਂ ਕੰਨੀ ਕਤਰਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਇਨਕਲਾਬੀ ਸਥਿਤੀ ਬਾਰੇ ਸਵਾਲ ਪੁੱਛਣ ਤੋਂ ਇਸ ਕੰਨੀਂ ਕਤਰਾਉਣ ਨੂੰ, ਇਸ ਸ਼ਰਮਨਾਕ ਕੰਨੀ ਕਤਰਾਉਣ ਨੂੰ **ਢਕਣ ਲਈ** ਗੂੰਜਵੇਂ ਅਤੇ ਖਾਲੀ ਵਾਕੰਸ਼ ਹੀ ਸਿਰਫ਼ ਉਚਰ ਰਿਹਾ ਹੁੰਦਾ ਹੈ।

ਅੱਗੇ ਚਲੀਏ। ਕੀ ਇਨਕਲਾਬੀ ਸਥਿਤੀ ਸਚਮੁਚ ਆ ਗਈ ਜਾਂ ਨਹੀਂ? ਕਾਊਟਸਕੀ ਇਹ ਸਵਾਲ ਪੁੱਛਣ ਤੋਂ ਹੀ ਅਸਮਰੱਥ ਸਾਬਤ ਹੋਇਆ ਹੈ। ਆਰਥਕ ਤੱਥ ਇਸਦਾ ਜਵਾਬ ਪੇਸ਼ ਕਰਦੇ ਹਨ: ਜੰਗ ਵਲੋਂ ਹਰ ਥਾਂ ਪੈਦਾ ਕੀਤੀ ਗਈ ਤਬਾਹੀ ਅਤੇ ਕਾਲ ਇਨਕਲਾਬੀ ਸਥਿਤੀ ਦਾ ਸੰਕੇਤ ਹਨ। ਰਾਜਨੀਤਕ ਤੱਥ ਵੀ ਇਸਦਾ ਜਵਾਬ ਦੇਂਦੇ ਹਨ: 1915 ਤੋਂ ਲੈ ਕੇ ਪੁਰਾਣੀਆਂ ਅਤੇ ਤਰੱਕ ਚੁੱਕੀਆਂ ਸੋਸ਼ਲਿਸਟ ਪਾਰਟੀਆਂ ਦੇ ਅੰਦਰ **ਸਾਰੇ**

ਦੇਸ਼ਾਂ ਵਿੱਚ ਦੁਫ਼ੇੜ ਪੈਣ ਦਾ ਅਮਲ ਪ੍ਰਤੱਖ ਹੈ, ਜਿਸ ਅਮਲ ਵਿੱਚ ਪ੍ਰੋਲੇਤਾਰੀਆਂ ਦੇ **ਸਮੂਹ** ਸਮਾਜਕ-ਅੰਧਰਾਸ਼ਟਰਵਾਦੀਆਂ ਆਗੂਆਂ ਵੱਲੋਂ ਹਟ ਕੇ ਖੱਬੇ ਪਾਸੇ ਵੱਲ ਨੂੰ, ਇਨਕਲਾਬੀ ਵਿਚਾਰਾਂ ਅਤੇ ਭਾਵਨਾਵਾਂ ਵੱਲ ਨੂੰ, ਇਨਕਲਾਬੀ ਆਗੂਆਂ ਵੱਲ ਨੂੰ **ਜਾ ਰਹੇ** ਹਨ।

ਸਿਰਫ਼ ਇਨਕਲਾਬ ਤੋਂ ਤੱਰਾਹੁਣ ਵਾਲ਼ਾ ਅਤੇ ਇਸ ਨਾਲ ਗ਼ੱਦਾਰੀ ਕਰਨ ਵਾਲ਼ਾ ਬੰਦਾ ਹੀ 5 ਅਗਸਤ, 1918 ਨੂੰ, ਜਦੋਂ ਕਾਊਟਸਕੀ ਆਪਣਾ ਪੈਂਫ਼ਲਟ ਲਿਖ ਰਿਹਾ ਸੀ, ਇਹ ਤੱਥ ਦੇਖਣ ਤੋਂ ਅਸਮਰੱਥ ਰਹਿ ਸਕਦਾ ਹੈ। ਅਤੇ ਹੁਣ, ਅਕਤੂਬਰ 1918 ਦੇ ਅਖੀਰ ਉਤੇ, **ਕਈ** ਯੂਰਪੀ ਦੇਸ਼ਾਂ ਵਿੱਚ ਇਨਕਲਾਬ ਵਧ ਰਿਹਾ ਹੈ, ਸਾਰਿਆਂ ਦੀਆਂ ਨਜ਼ਰਾਂ ਸਾਮ੍ਹਣੇ ਵਧ ਰਿਹਾ ਹੈ ਅਤੇ ਬੜੀ ਤੇਜ਼ੀ ਨਾਲ਼ ਵਧ ਰਿਹਾ ਹੈ। "ਇਨਕਲਾਬੀ" ਕਾਊਟਸਕੀ, ਜਿਹੜਾ ਅਜੇ ਵੀ ਚਾਹੁੰਦਾ ਹੈ ਕਿ ਉਸਨੂੰ ਮਾਰਕਸਵਾਦੀ ਮੰਨਿਆ ਜਾਵੇ, ਨੇੜ-ਦਰਸ਼ੀ ਤੰਗ-ਨਜ਼ਰ ਸਾਬਤ ਹੋਇਆ ਹੈ, ਜਿਹੜਾ 1847 ਦੇ ਤੰਗ-ਨਜ਼ਰਾਂ ਵਾਂਗ, ਜਿਨ੍ਹਾਂ ਦਾ ਮਾਰਕਸ ਨੇ ਮਜ਼ਾਕ ਉਡਾਇਆ ਸੀ, ਆ ਰਹੇ ਇਨਕਲਾਬ ਨੂੰ ਦੇਖਣ ਤੋਂ ਅਸਫ਼ਲ ਰਿਹਾ ਹੈ!!

ਹੁਣ ਤੀਜੇ ਨੁਕਤੇ ਵੱਲ ਆਈਏ।

ਤੀਜੀ ਗੱਲ, ਜਦੋਂ ਯੂਰਪ ਵਿੱਚ ਇਨਕਲਾਬੀ ਸਥਿਤੀ ਮੌਜੂਦ ਹੋਵੇ ਤਾਂ ਇਨਕਲਾਬੀ ਦਾਅ-ਪੇਚਾਂ ਦੇ ਵਿਸ਼ੇਸ਼ ਲੱਛਣ ਕੀ ਹੋਣੇ ਚਾਹੀਦੇ ਹਨ ? ਭਗੌੜਾ ਬਣ ਗਿਆ ਹੋਣ ਕਾਰਨ, ਕਾਊਟਸਕੀ ਇਹ ਸਵਾਲ ਪੁੱਛਣ ਤੋਂ ਡਰਦਾ ਹੈ, ਜਿਹੜਾ ਇੱਕ ਮਾਰਕਸਵਾਦੀ ਲਈ ਲਾਜ਼ਮੀ ਹੈ। ਕਾਊਟਸਕੀ ਇੱਕ ਪ੍ਰਤਿਨਿੱਧ ਪੈਟੀ-ਬੁਰਜੂਆ ਤੰਗ-ਨਜ਼ਰ ਵਾਂਗ, ਜਾਂ ਇੱਕ ਜਾਹਲ ਕਿਸਾਨ ਵਾਂਗ ਦਲੀਲ ਦੇਂਦਾ ਹੈ; ਕੀ "ਆਮ ਯੂਰਪੀ ਇਨਕਲਾਬ" ਸ਼ੁਰੂ ਹੋ ਗਿਆ ਹੈ ਜਾਂ ਨਹੀ ? ਜੇ ਸ਼ੁਰੂ ਹੋ ਗਿਆ ਹੈ, **ਤਾਂ ਉਹ ਵੀ** ਇਨਕਲਾਬੀ ਬਣਨ ਨੂੰ ਤਿਆਰ ਹੈ! ਪਰ ਫਿਰ ਤਾਂ, ਜ਼ਰਾ ਧਿਆਨ ਦਿਓ, ਹਰ ਬਦਮਾਸ਼ (ਉਹਨਾਂ ਬਦਮਾਸ਼ਾਂ ਵਾਂਗ ਜਿਹੜੇ ਹੁਣ ਕਦੀ ਕਦੀ ਆਪਣੇ ਆਪ ਨੂੰ ਜੇਤੂ ਬਾਲਸ਼ਵਿਕਾਂ ਨਾਲ਼ ਨੱਥੀ ਕਰ ਲੈਂਦੇ ਹਨ) ਆਪਣੇ ਆਪ ਬਾਰੇ ਇਨਕਲਾਬੀ ਹੋਣ ਦਾ ਐਲਾਨ ਕਰ ਦੇਵੇਗਾ!

ਜੇ ਸ਼ੁਰੂ ਨਹੀਂ ਹੋਇਆ, ਤਾਂ ਫਿਰ ਕਾਊਟਸਕੀ ਇਨਕਲਾਬ ਵੱਲੋਂ ਮੂੰਹ ਫੇਰ ਲਵੇਗਾ! ਕਾਊਟਸਕੀ ਇਸ ਸੱਚਾਈ ਦੀ ਰਤਾ ਜਿੰਨੀ ਵੀ ਸੂਝ ਨਹੀਂ ਦਰਸਾਉਂਦਾ ਕਿ ਇਨਕਲਾਬੀ ਮਾਰਕਸਵਾਦੀ ਅਣਪੜ੍ਹ ਜਨਤਾ ਸਾਮ੍ਹਣੇ ਇਹ **ਪ੍ਰਚਾਰਣ** ਦੀ, ਕਿ ਪੱਕ ਰਿਹਾ ਇਨਕਲਾਬ ਜ਼ਰੂਰੀ ਹੈ, ਇਹ **ਸਿੱਧ ਕਰਨ** ਦੀ, ਕਿ ਇਹ ਅਟੱਲ ਹੈ, ਇਹ **ਸਮਝਾਉਣ** ਦੀ ਕਿ ਇਸਦਾ ਲੋਕਾਂ ਨੂੰ ਲਾਭ ਹੋਵੇਗਾ ਅਤੇ ਪ੍ਰੋਲੇਤਾਰੀਆਂ ਨੂੰ ਸਾਰੇ ਕਾਮੇ ਅਤੇ ਸ਼ੋਸ਼ਤ ਲੋਕਾਂ ਨੂੰ ਇਸ ਵਾਸਤੇ **ਤਿਆਰ ਕਰਨ** ਦੀ ਆਪਣੀ ਸਮਰੱਥਾ ਵਿੱਚ ਤੰਗ-ਨਜ਼ਰ ਅਤੇ ਪੈਟੀ-ਬੁਰਜੂਆ ਨਾਲੋਂ ਵੱਖਰਾ ਹੁੰਦਾ ਹੈ।

ਕਾਊਟਸਕੀ ਇੱਕ ਬੇਹੂਦਗੀ ਬਾਲਸ਼ਵਿਕਾਂ ਦੇ ਨਾਂ ਮੜ੍ਹਦਾ ਹੈ, ਅਰਥਾਤ, ਕਿ ਉਹਨਾਂ ਨੇ ਸਾਰਾ ਕੁਝ ਇੱਕ ਪੱਤੇ ਉੱਤੇ, ਇੱਕ ਨਿਸ਼ਚਿਤ ਤਰੀਕ ਨੂੰ ਯੂਰਪੀ ਇਨਕਲਾਬ ਦੇ ਸ਼ੁਰੂ ਹੋਣ ਉੱਤੇ, ਦਾਅ ਉੱਪਰ ਲਾ ਦਿਤਾ ਸੀ। ਇਹ ਬੇਹੂਦਗੀ ਖੁਦ ਕਾਊਟਸਕੀ ਦੇ ਹੀ ਖ਼ਿਲਾਫ਼ ਚਲੀ ਗਈ ਹੈ, ਕਿਉਂਕਿ ਉਸਦੀ ਦਲੀਲ ਦਾ ਮੰਤਕੀ ਸਿੱਟਾ ਇਹ ਨਿਕਲਦਾ ਹੈ

ਕਿ ਬਾਲਸ਼ਵਿਕਾਂ ਦੇ ਦਾਅ-ਪੇਚ ਠੀਕ ਹੋਣੇ ਸਨ, ਜੇ 5 ਅਗਸਤ, 1918 ਨੂੰ ਯੂਰਪੀ ਇਨਕਲਾਬ ਸ਼ੁਰੂ ਹੋ ਜਾਂਦਾ! ਇਸੇ ਤਰੀਕ ਦਾ ਕਾਊਟਸਕੀ ਨੇ ਉਸ ਸਮੇਂ ਵਜੋਂ ਜ਼ਿਕਰ ਕੀਤਾ ਹੈ, ਜਦੋਂ ਉਹ ਪੈਂਫ਼ਲਟ ਲਿਖ ਰਿਹਾ ਸੀ। ਅਤੇ ਜਦੋਂ, ਇਸ 5 ਅਗਸਤ ਤੋਂ ਕੁਝ ਹਫ਼ਤੇ ਪਿੱਛੋਂ ਇਹ ਸਪੱਸ਼ਟ ਹੋ ਗਿਆ ਕਿ ਇਨਕਲਾਬ ਕਈ ਯੂਰਪੀ ਦੇਸ਼ਾਂ ਵਿੱਚ ਆ ਰਿਹਾ ਹੈ, ਤਾਂ ਕਾਊਟਸਕੀ ਦਾ ਸਾਰਾ ਸਿਧਾਂਤ-ਤਿਆਗ, ਮਾਰਕਸਵਾਦ ਦੀ ਉਸ ਵੱਲੋਂ ਸਾਰੀ ਗ਼ਲਤ ਪੇਸ਼ਕਾਰੀ ਅਤੇ ਦਲੀਲ ਦੇਣ ਤੋਂ, ਸਗੋਂ ਸਵਾਲਾਂ ਨੂੰ ਇਨਕਲਾਬੀ ਢੰਗ ਨਾਲ਼ ਪੇਸ਼ ਕਰਨ ਤੋਂ ਵੀ ਉਸਦੀ ਅਸਮਰੱਥਾ ਆਪਣੇ ਸਾਰੇ ਸ਼ਬਾਬ ਵਿਚ ਸਾਮ੍ਹਣੇ ਆ ਗਈ!

ਜਦੋਂ ਯੂਰਪ ਦੇ ਪ੍ਰੋਲੇਤਾਰੀਆਂ ਉੱਪਰ ਦਗ਼ਾ ਦੇਣ ਦਾ ਦੋਸ਼ ਲਾਇਆ ਜਾਂਦਾ ਹੈ, ਕਾਊਟਸਕੀ ਲਿਖਦਾ ਹੈ, ਤਾਂ ਇਹ ਅਗਿਆਤ ਵਿਅਕਤੀਆਂ ਦੇ ਖਿਲਾਫ਼ ਲਾਇਆ ਗਿਆ ਦੋਸ਼ ਹੁੰਦਾ ਹੈ।

ਤੁਹਾਨੂੰ ਗ਼ਲਤੀ ਲੱਗੀ ਹੈ, ਸ਼੍ਰੀਮਾਨ ਕਾਊਟਸਕੀ! ਜ਼ਰਾ ਸ਼ੀਸ਼ੇ ਵਿੱਚ ਦੇਖੋ ਅਤੇ ਤਹਾਨੂੰ ਉਹ "ਅਗਿਆਤ ਵਿਅਕਤੀ" ਦਿੱਸ ਪੈਣਗੇ ਜਿਨ੍ਹਾਂ ਦੇ ਖਿਲਾਫ਼ ਇਹ ਦੋਸ਼ ਲਾਇਆ ਗਿਆ ਹੈ। ਕਾਊਟਸਕੀ ਸਿੱਧੜਪੁਣੇ ਦਾ ਅੰਦਾਜ਼ ਧਾਰਨ ਕਰ ਲੈਂਦਾ ਹੈ ਅਤੇ ਦਿਖਾਵਾ ਕਰਦਾ ਹੈ ਕਿ ਉਹ ਨਹੀਂ ਸਮਝਦਾ ਕਿ ਇਹ ਦੋਸ਼ **ਕਿਸ ਨੇ** ਲਾਇਆ ਹੈ ਅਤੇ ਇਸਦਾ **ਕੀ ਅਰਥ** ਹੈ। ਪਰ ਅਸਲ ਵਿੱਚ, ਕਾਊਟਸਕੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਦੋਸ਼ ਜਰਮਨ "ਖੱਬੇ-ਪੱਖੀਆਂ" ਵੱਲੋਂ ਸਪਾਰਟੇਕਸਵਾਦੀਆਂ[55] ਵੱਲੋਂ, ਲੀਬਕਨੇਖ਼ਟ ਅਤੇ ਉਸਦੇ ਦੋਸਤਾਂ ਵਲੋਂ ਲਾਇਆ ਗਿਆ ਹੈ ਅਤੇ ਲਾਇਆ ਜਾ ਰਿਹਾ ਹੈ। ਇਹ ਦੋਸ਼ ਇਸ ਤੱਥ ਦਾ **ਸੱਪਸ਼ਟ ਮੁਲਾਂਕਣ** ਪੇਸ਼ ਕਰਦਾ ਹੈ ਕਿ ਜਰਮਨ ਪ੍ਰੋਲੇਤਾਰੀਆਂ ਨੇ ਰੂਸੀ (ਅਤੇ ਸੰਸਾਰ) ਇਨਕਲਾਬ ਨਾਲ਼ ਗ਼ੱਦਾਰੀ ਕੀਤੀ ਜਦੋਂ ਉਹਨਾਂ ਨੇ ਫ਼ਿਨਲੈਂਡ, ਯੂਕਰੈਨ, ਲਤਵੀਆ ਅਤੇ ਐਸਟੋਨੀਆ ਦਾ ਗਲ਼ਾ ਘੁੱਟਿਆ। ਇਹ ਦੋਸ਼ ਪਹਿਲੀ ਥਾਂ ਉੱਤੇ ਅਤੇ ਸਭ ਤੋਂ ਵੱਧ **ਜਨਤਾ** ਦੇ ਖਿਲਾਫ਼ ਨਹੀਂ, ਜਿਹੜੀ ਹਮੇਸ਼ਾਂ ਹੀ ਦੱਬੀ-ਕੁਚਲੀ ਰਹੀ ਹੈ, ਸਗੋਂ ਉਹਨਾਂ **ਆਗੂਆਂ** ਦੇ ਖਿਲਾਫ਼ ਲਾਇਆ ਜਾਂਦਾ ਹੈ ਜਿਹੜੇ, ਸ਼ੀਦਮਾਨਾਂ ਅਤੇ ਕਾਊਟਸਕੀਆਂ ਵਾਂਗ, ਜਮੂਦ ਤੋੜਨ ਲਈ ਜਨਤਾ ਵਿਚਕਾਰ ਇਨਕਲਾਬੀ ਅੰਦੋਲਣ, ਇਨਕਲਾਬੀ ਪ੍ਰਚਾਰ, ਇਨਕਲਾਬੀ ਕੰਮ ਕਰਨ ਦੇ ਆਪਣੇ ਫ਼ਰਜ਼ ਵਿਚ **ਅਸਫ਼ਲ** ਰਹੇ, ਜਿਨ੍ਹਾਂ ਦੇ ਅਸਲ ਵਿੱਚ ਉਹਨਾਂ ਇਨਕਲਾਬੀ ਮੂਲ-ਪ੍ਰਵਿਰਤੀਆਂ ਅਤੇ ਅਕਾਂਖਿਆਵਾਂ ਦੇ **ਖਿਲਾਫ਼** ਕੰਮ ਕੀਤਾ, ਜਿਹੜੀਆਂ ਦੱਬੇ-ਕੁੱਚਲੇ ਲੋਕਾਂ ਦੇ ਸਮੂਹ ਵਿੱਚ ਡੂੰਘੀਆਂ ਕਿਤੇ ਹਮੇਸ਼ਾਂ ਹੀ ਦਗ਼ਦਗ਼ ਕਰ ਰਹੀਆਂ ਹੁੰਦੀਆਂ ਹਨ। ਸ਼ੀਦਮਾਨ ਸਿੱਧੀ ਤਰ੍ਹਾਂ, ਕੱਚ-ਘਰੜ ਅਤੇ ਸਨਕੀ ਤਰੀਕੇ ਨਾਲ ਅਤੇ ਬਹੁਤੀਆਂ ਸੂਰਤਾਂ ਵਿੱਚ ਖ਼ੁਦਗਰਜ਼ ਮੰਤਵਾਂ ਲਈ ਪ੍ਰੋਲੇਤਾਰੀਆਂ ਨਾਲ ਗੱਦਾਰੀ ਕਰ ਗਏ ਅਤੇ ਉਹਨਾਂ ਨੂੰ ਛੱਡ ਕੇ ਬੁਰਜੂਆਜ਼ੀ ਵੱਲ ਚਲੇ ਗਏ। ਕਾਊਟਸਕੀ ਅਤੇ ਲੌਂਗੇ ਦੇ ਹਿਮਾਇਤੀਆਂ ਨੇ ਵੀ ਉਹੀ ਕੀਤਾ, ਪਰ ਹਿਚਕਚਾਉਂਦਿਆਂ ਅਤੇ ਰੁਕ-ਰੁਕ ਕੇ, ਉਹਨਾਂ ਲੋਕਾਂ ਵੱਲ ਬੁਜ਼ਦਿਲਾਂ ਵਾਂਗ ਦੇਖ਼ਦਿਆਂ, ਜਿਹੜੇ ਉਸ ਘੜੀ ਵਧੇਰੇ ਤਗੜੇ ਸਨ। ਜੰਗ ਦੇ ਦੌਰਾਨ ਆਪਣੀਆਂ ਸਾਰੀਆਂ ਲਿਖਤਾਂ ਵਿੱਚ ਕਾਊਟਸਕੀ ਨੇ ਇਨਕਲਾਬੀ ਭਾਵਨਾ ਨੂੰ ਪਾਲਣ ਅਤੇ ਹਵਾ ਦੇਣ ਦੀ ਥਾਂ **ਬੁਝਾਉਣ**

ਦੀ ਕੋਸ਼ਿਸ਼ ਕੀਤੀ।

ਇਹ ਤੱਥ ਕਿ ਕਾਊਟਸਕੀ ਇਸ "ਦੋਸ਼" ਦੀ, ਕਿ ਯੂਰਪ ਦੇ ਪ੍ਰੋਲੇਤਾਰੀਆਂ ਨੇ ਰੂਸੀ ਇਨਕਲਾਬ ਨਾਲ਼ ਗ਼ੱਦਾਰੀ ਕੀਤੀ ਹੈ, ਅਥਾਹ **ਸਿਧਾਂਤਕ** ਮਹੱਤਤਾ ਨੂੰ, ਅਤੇ ਇਸਤੋਂ ਵੀ ਵੱਧ ਅੰਦੋਲਨ ਅਤੇ ਪ੍ਰਚਾਰ ਲਈ ਇਸਦੀ ਮਹੱਤਤਾ ਨੂੰ ਸਮਝਦਾ ਤੱਕ ਨਹੀਂ, ਜਰਮਨ ਅਧਿਕਾਰਿਤ ਸੋਸ਼ਲ-ਡੈਮੋਕਰੈਸੀ ਦੇ "ਔਸਤ" ਆਗੂ ਦੀ ਤੰਗ-ਨਜ਼ਰ ਬੇਸੁਰਤੀ ਦੀ ਇੱਕ ਸਾਖਸ਼ਾਤ ਇਤਿਹਾਸਕ ਯਾਦਗਾਰ ਬਣਿਆ ਰਹੇਗਾ! ਕਾਊਟਸਕੀ ਇਹ ਨਹੀਂ ਸਮਝਦਾ ਕਿ ਜਰਮਨ "ਰਾਈਖ਼" ਵਿੱਚ ਕਾਇਮ ਸੈਂਸਰਸ਼ਿਪ ਕਾਰਨ, ਇਹ "ਦੋਸ਼ ਆਰੋਪਣ" ਸ਼ਾਇਦ ਇੱਕੋ ਇੱਕ ਰੂਪ ਹੈ ਜਿਸ ਵਿੱਚ ਜਰਮਨ ਸੋਸ਼ਲਿਸਟ, ਜਿਨ੍ਹਾਂ ਨੇ ਸੋਸ਼ਲਿਜ਼ਮ ਨਾਲ਼ ਗ਼ੱਦਾਰੀ ਨਹੀਂ ਕੀਤੀ - ਲੀਬਕਨੇਖ਼ਟ ਅਤੇ ਉਸਦੇ ਮਿੱਤਰ—**ਜਰਮਨ ਮਜ਼ਦੂਰਾਂ ਨੂੰ ਇਹ ਆਪਣੀ ਅਪੀਲ** ਸੰਬੋਧਨ ਕਰ ਸਕਦੇ ਹਨ ਕਿ ਉਹ ਸ਼ੀਦਮਾਨਾਂ ਅਤੇ ਕਾਊਟਸਕੀਆਂ ਨੂੰ ਲਾਹ ਮਾਰਨ, ਇਹੋ ਜਿਹੇ "ਆਗੂਆਂ" ਨੂੰ ਇੱਕ ਪਾਸੇ ਧੱਕ ਦੇਣ, ਉਹਨਾਂ ਦੇ ਬੇਤੁਕਾ ਅਤੇ ਨੀਚ ਬਣਾਉਂਦੇ ਪ੍ਰਚਾਰ ਤੋਂ ਆਪਣੇ ਆਪ ਨੂੰ ਮੁਕਤ ਕਰਾਉਣ, ਉਹਨਾਂ ਦੇ **ਬਾਵਜੂਦ**, ਉਹਨਾਂ ਤੋਂ **ਬਿਨਾਂ**, ਬਗਾਵਤ ਕਰ ਦੇਣ, ਅਤੇ ਉਹਨਾਂ ਦੇ ਸਿਰਾਂ ਦੇ **ਉੱਪਰੋਂ** ਦੀ **ਇਨਕਲਾਬ ਵੱਲ** ਵਧਣ!

ਕਾਊਟਸਕੀ ਇਹ ਨਹੀਂ ਸਮਝਦਾ। ਅਤੇ ਉਹ ਬਾਲਸ਼ਵਿਕਾਂ ਦੇ ਦਾਅ-ਪੇਚ ਕਿਵੇਂ ਸਮਝ ਸਕਦਾ ਸੀ? ਕੀ ਐਸੇ ਆਦਮੀ ਤੋਂ, ਜਿਹੜਾ ਆਮ ਕਰਕੇ ਇਨਕਲਾਬ ਨੂੰ ਤਿਆਗ ਦੇਂਦਾ ਹੈ, ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਸਭ ਤੋਂ "ਮੁਸ਼ਕਲ" ਸੂਰਤਾਂ ਵਿੱਚੋਂ ਇੱਕ ਵਿੱਚ ਇਨਕਲਾਬ ਦੇ ਵਿਕਾਸ ਦੀਆਂ ਹਾਲਤਾਂ ਨੂੰ ਮਾਪੇ-ਤੋਲੇਗਾ ਅਤੇ ਉਹਨਾਂ ਦਾ ਮੁਲਾਂਕਣ ਕਰੇਗਾ?

ਬਾਲਸ਼ਵਿਕਾਂ ਦੇ ਦਾਅ-ਪੇਚ ਠੀਕ ਸਨ; ਇਹ ਹੀ **ਸਿਰਫ਼** ਕੌਮਾਂਤਰੀਵਾਦੀ ਦਾਅ-ਪੇਚ ਸਨ, ਕਿਉਂਕਿ ਇਹ ਸੰਸਾਰ ਇਨਕਲਾਬ ਦੇ ਬੁਜ਼ਦਿਲਾਂ ਵਾਲ਼ੇ ਡਰ ਉੱਤੇ ਨਹੀਂ, ਇਸ ਵਿੱਚ ਤੰਗ-ਨਜ਼ਰਾਂ ਵਾਲ਼ੀ ਵਿਸ਼ਵਾਸ ਦੀ ਘਾਟ ਉੱਪਰ ਨਹੀਂ, ਬਾਕੀ ਸਾਰਿਆਂ ਦੀ ਕੌਡੀ ਪ੍ਰਵਾਹ ਨਾ ਕਰਦਿਆਂ ਹੋਇਆਂ, "ਆਪਣੀ" ਹੀ ਪਿਤਾ-ਭੂਮੀ (ਆਪਣੀ ਬੁਰਜੂਆਜ਼ੀ ਦੀ ਪਿਤਾ-ਭੂਮੀ) ਦੀ ਰਾਖੀ ਦੀ ਤੰਗ ਕੌਮਪ੍ਰਸਤ ਇੱਛਾ ਉੱਪਰ ਨਹੀਂ, ਸਗੋਂ ਯੂਰਪ ਵਿਚਲੀ ਇਨਕਲਾਬੀ ਸਥਿਤੀ ਦੇ ਠੀਕ (ਅਤੇ, ਜੰਗ ਤੋਂ ਪਹਿਲਾਂ ਅਤੇ ਸਮਾਜਕ-ਅੰਧਰਾਸ਼ਟਰਵਾਦੀਆਂ ਅਤੇ ਸਮਾਜਕ-ਸ਼ਾਂਤੀਵਾਦੀਆਂ ਦੇ ਸਿਧਾਂਤ-ਤਿਆਗ ਤੋਂ ਪਹਿਲਾਂ, ਸਰਬ-ਵਿਆਪਕ ਤੌਰ ਉੱਤੇ ਪ੍ਰਵਾਣਿਤ) **ਮੁਲਾਂਕਣ** ਉੱਤੇ ਆਧਾਰਿਤ ਸੀ। ਇਹ ਦਾਅ-ਪੇਚ ਹੀ ਸਿਰਫ਼ ਕੌਮਾਂਤਰੀਵਾਦੀ ਦਾਅ-ਪੇਚ ਸਨ, ਕਿਉਂਕਿ ਇਹਨਾਂ ਨੇ **ਸਾਰੇ ਦੇਸ਼ਾਂ ਵਿੱਚ** ਇਨਕਲਾਬ ਪੈਦਾ ਕਰਨ, ਵਿਕਸਾਉਣ ਅਤੇ ਇਸਦੀ ਸਹਾਇਤਾ ਕਰਨ **ਲਈ** ਇਕ ਦੇਸ਼ ਵਿੱਚ ਵੱਧ ਤੋਂ ਵੱਧ ਜੋ ਕੁਝ ਹੋ ਸਕਦਾ ਸੀ, ਉਹ ਕੀਤਾ। ਇਹਨਾਂ ਦਾਅ-ਪੇਚਾਂ ਨੂੰ ਮਿਲੀ ਅਥਾਹ ਸਫ਼ਲਤਾ ਨੇ ਇਹਨਾਂ ਨੂੰ ਉਚਿੱਤ ਠਹਿਰਾਇਆ ਹੈ, ਕਿਉਂਕਿ ਬਾਲਸ਼ਵਿਕਵਾਦ (ਕਿਸੇ ਤਰ੍ਹਾਂ ਵੀ ਰੂਸੀ ਬਾਲਸ਼ਵਿਕਾਂ ਦੇ ਆਪਣੇ ਗੁਣਾਂ ਕਰਕੇ ਨਹੀਂ, ਸਗੋਂ ਹਰ ਥਾਂ ਦੇ **ਲੋਕਾਂ** ਦੀ ਐਸੇ ਦਾਅ-ਪੇਚਾਂ ਨਾਲ, ਜਿਹੜੇ ਅਮਲ ਵਿੱਚ ਇਨਕਲਾਬੀ ਹਨ, ਅਤਿ ਡੂੰਘੀ

ਹਮਦਰਦੀ ਕਾਰਨ) **ਸੰਸਾਰ** ਬਾਲਸ਼ਵਿਕਵਾਦ ਬਣ ਗਿਆ ਹੈ, ਇਸਨੇ ਐਸਾ ਵਿਚਾਰ, ਸਿਧਾਂਤ, ਪ੍ਰੋਗਰਾਮ ਅਤੇ ਦਾਅ-ਪੇਚ ਪੈਦਾ ਕੀਤੇ ਹਨ, ਜਿਹੜੇ ਸਮਾਜਕ-ਅੰਧਰਾਸ਼ਟਰਵਾਦੀਆਂ ਅਤੇ ਸਮਾਜਕ-ਸ਼ਾਂਤੀਵਾਦੀਆਂ ਨਾਲ਼ੋਂ ਠੋਸ ਤਰ੍ਹਾਂ ਨਾਲ਼ ਅਤੇ ਅਮਲ ਵਿੱਚ ਵੱਖਰੇ ਹਨ। ਬਾਲਸ਼ਵਿਕਵਾਦ ਦੇ ਸ਼ੀਦਮਾਨਾਂ ਅਤੇ ਕਾਊਟਸਕੀਆਂ, ਰੇਨਾਦੇਲਾਂ ਅਤੇ ਲੌਂਗੇਆਂ, ਹੈਂਡਰਸਨਾਂ ਅਤੇ ਮੈਕਡਾਨਲਡਾਂ ਦੀ ਪੁਰਾਣੀ, ਗਲਸੜ ਚੁੱਕੀ ਇੰਟਰਨੈਸ਼ਨਲ ਨੂੰ ਕਾਰੀ **ਸੱਟ ਮਾਰੀ** ਹੈ; ਹੁਣ ਤੋਂ ਇਹ ਲੋਕ "ਏਕਤਾ" ਦੇ ਸੁਫ਼ਨੇ ਲੈਂਦੇ ਹੋਏ ਅਤੇ ਲਾਸ਼ ਵਿੱਚ ਮੁੜ ਜਾਨ ਪਾਉਣ ਦੀ ਕੋਸ਼ਿਸ਼ ਕਰਦਿਆਂ, ਇੱਕ ਦੂਜੇ ਦੇ ਨਾਲ਼ ਨਾਲ਼ ਚੱਲਿਆ ਕਰਨਗੇ। ਬਾਲਸ਼ਵਿਕਵਾਦ ਨੇ ਤੀਜੀ ਇੰਟਰਨੈਸ਼ਨਲ ਦੀਆਂ, ਸੱਚਮੁੱਚ ਦੀ ਪ੍ਰੋਲੇਤਾਰੀ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੀਆਂ ਵਿਚਾਰਧਾਰਕ ਅਤੇ ਦਾਅ-ਪੇਚੀ ਨੀਹਾਂ **ਧਰ ਦਿੱਤੀਆਂ** ਹਨ, ਜਿਹੜੀ ਸ਼ਾਂਤ ਸਮੇਂ ਦੇ ਲਾਭਾਂ ਨੂੰ ਵੀ ਅਤੇ **ਇਨਕਲਾਬਾਂ ਦੇ ਦੌਰ** ਦੇ ਤਜ਼ਰਬੇ ਨੂੰ ਵੀ ਧਿਆਨ ਵਿੱਚ ਰੱਖੇਗੀ, ਜਿਹੜਾ ਦੌਰ **ਕਿ ਸ਼ੁਰੂ ਹੋ ਗਿਆ ਹੈ।**

ਬਾਲਸ਼ਵਿਕਵਾਦ ਨੇ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ" ਦਾ ਵਿਚਾਰ ਦੁਨੀਆਂ ਭਰ ਵਿੱਚ ਹਰਮਨਪਿਆਰਾ ਬਣਾ ਦਿੱਤਾ ਹੈ, ਇਸਨੇ ਇਹਨਾਂ ਸ਼ਬਦਾਂ ਦਾ ਲਾਤੀਨੀ ਤੋਂ ਪਹਿਲਾਂ ਰੂਸੀ ਵਿਚ ਅਤੇ ਫਿਰ ਦੁਨੀਆਂ ਦੀਆਂ **ਸਾਰੀਆਂ** ਭਾਸ਼ਾਵਾਂ ਵਿੱਚ ਅਨੁਵਾਦ ਕਰ ਦਿੱਤਾ ਹੈ ਅਤੇ **ਸੋਵੀਅਤ ਸੱਤਾ** ਦੀ ਉਦਾਹਰਣ ਨਾਲ਼ ਦਿਖਾ ਦਿੱਤਾ ਹੈ ਕਿ ਮਜ਼ਦੂਰ ਅਤੇ ਗ਼ਰੀਬ ਕਿਸਾਨ, **ਇਥੋਂ ਤੱਕ** ਕਿ ਪੱਛੜੇ ਦੇਸ਼ ਦੇ ਵੀ, ਸਭ ਤੋਂ ਘੱਟ ਤਜ਼ਰਬੇ, ਵਿੱਦਿਆ ਅਤੇ ਜਥੇਬੰਦੀ ਦੀਆਂ ਆਦਤਾਂ ਵਾਲ਼ੇ ਮਜ਼ਦੂਰ ਅਤੇ ਕਿਸਾਨ ਵੀ, ਦੇਵਕੱਦ ਮੁਸ਼ਕਲਾਂ ਦੇ ਦਰਮਿਆਨ ਅਤੇ ਸ਼ੋਸ਼ਕਾਂ ਦੇ (ਜਿਨ੍ਹਾਂ ਦੇ ਹਿਮਾਇਤ **ਸਾਰੀ** ਦੁਨੀਆਂ ਦੀ ਬੁਰਜੂਆਜ਼ੀ ਕਰ ਰਹੀ ਸੀ) ਵਿਰੁੱਧ ਘੋਲ਼ ਦੇ ਦਰਮਿਆਨ ਇੱਕ ਪੂਰਾ ਸਾਲ ਮਜ਼ਦੂਰ ਲੋਕਾਂ ਦੀ ਸੱਤਾ ਨੂੰ ਕਾਇਮ ਰੱਖਣ ਦੇ, ਐਸੀ ਜਮਹੂਰੀਅਤ ਸਿਰਜਣ ਦੇ ਜਿਹੜੀ ਦੁਨੀਆਂ ਵਿਚਲੀਆਂ ਪਹਿਲੀਆਂ ਸਾਰੀਆਂ ਜਮਹੂਰੀਅਤਾਂ ਨਾਲ਼ੋਂ ਅਥਾਹ ਤੌਰ ਉੱਤੇ ਉਚੇਰੀ ਅਤੇ ਵਧੇਰੇ ਵਿਸ਼ਾਲ ਹੈ ਅਤੇ ਸੋਸ਼ਲਿਜ਼ਮ ਦੀ ਅਮਲੀ ਉਸਾਰੀ ਲਈ ਕਰੋੜਾਂ ਹੀ ਮਜ਼ਦੂਰਾਂ ਅਤੇ ਕਿਸਾਨਾਂ ਦੇ ਰਚਣੇਈ ਕੰਮ ਨੂੰ **ਸ਼ੁਰੂ ਕਰਨ ਦੇ ਸਮਰੱਥ ਹੋ ਸਕੀ** ਹੈ।

ਬਾਲਸ਼ਵਿਕਵਾਦ ਨੇ ਯੂਰਪ ਅਤੇ ਅਮਰੀਕਾ ਵਿੱਚ ਪ੍ਰੋਲੇਤਾਰੀ ਇਨਕਲਾਬ ਨੂੰ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ਼ ਵਿਕਸਾਉਣ ਵਿੱਚ ਹਕੀਕਤ ਵਿੱਚ ਏਨੀਂ ਸਹਾਇਤਾ ਕੀਤੀ ਹੈ, ਜਿੰਨੀ ਹੋਰ ਕਿਸੇ ਵੀ ਦੇਸ਼ ਵਿੱਚ ਕੋਈ ਵੀ ਪਾਰਟੀ ਅਜੇ ਤੱਕ ਕਰਨ ਵਿੱਚ ਸਫ਼ਲ ਨਹੀਂ ਹੋ ਸਕੀ। ਉਸ ਵੇਲ਼ੇ, ਜਦੋਂ ਕਿ ਦੁਨੀਆਂ ਭਰ ਦੇ ਮਜ਼ਦੂਰ ਦਿਨੋਂ ਦਿਨ ਵਧੇਰੇ ਸਪੱਸ਼ਟਤਾ ਨਾਲ਼ ਇਹ ਮਹਿਸੂਸ ਕਰਦੇ ਜਾ ਰਹੇ ਹਨ ਕਿ ਸ਼ੀਦਮਾਨਾਂ ਅਤੇ ਕਾਊਟਸਕੀਆਂ ਦੇ ਦਾਅ-ਪੇਚਾਂ ਨੇ ਜੰਗ ਤੋਂ ਅਤੇ ਸਾਮਰਾਜੀ ਬੁਰਜੂਆਜ਼ੀ ਦੀ ਉਜਰਤੀ ਗ਼ੁਲਾਮੀ ਤੋਂ ਉਹਨਾਂ ਦੀ ਬੰਦ-ਖਲਾਸੀ ਨਹੀਂ ਕਰਾਈ ਅਤੇ ਇਹ ਕਿ ਇਹ ਦਾਅ-ਪੇਚ ਸਾਰੇ ਦੇਸ਼ਾਂ ਲਈ ਮਾਡਲ ਦਾ ਕੰਮ ਨਹੀਂ ਦੇ ਸਕਦੇ, ਸਾਰੇ ਦੇਸ਼ਾਂ ਵਿਚਲੇ ਮਜ਼ਦੂਰਾਂ ਦੇ ਸਮੂਹ ਦਿਨੋਂ ਦਿਨ ਵਧੇਰੇ ਸਪੱਸ਼ਟਤਾ ਨਾਲ਼ ਇਹ ਮਹਿਸੂਸ ਕਰ ਰਹੇ ਹਨ ਕਿ ਬਾਲਸ਼ਵਿਕਵਾਦ ਨੇ ਜੰਗ ਅਤੇ ਸਾਮਰਾਜ ਦੀਆਂ ਭਿਅੰਕਰਤਾਵਾਂ

ਤੋਂ ਬਚਣ ਦਾ ਠੀਕ ਰਸਤਾ ਦਰਸਾ ਦਿੱਤਾ ਹੈ, ਕਿ ਬਾਲਸ਼ਵਿਕਵਾਦ **ਸਾਰਿਆਂ ਲਈ ਦਾਅ-ਪੇਚਾਂ ਦੇ ਮਾਡਲ ਦਾ ਕੰਮ ਕਰ ਸਕਦਾ ਹੈ।**

ਨਾ ਸਿਰਫ਼ ਆਮ ਯੂਰਪੀ, ਸਗੋਂ ਸੰਸਾਰ ਪ੍ਰੋਲੇਤਾਰੀ ਇਨਕਲਾਬ ਸਾਰਿਆਂ ਦੀਆਂ ਨਜ਼ਰਾਂ ਸਾਮ੍ਹਣੇ ਪੱਕ ਰਿਹਾ ਹੈ ਅਤੇ ਰੂਸ ਵਿੱਚ ਪ੍ਰੋਲੇਤਾਰੀਆਂ ਦੀ ਜਿੱਤ ਨੇ ਇਸਦੀ ਸਹਾਇਤਾ ਕੀਤੀ ਹੈ, ਹਿਮਾਇਤ ਕੀਤੀ ਹੈ ਅਤੇ ਇਸ ਵਿਚ ਤੇਜ਼ੀ ਲਿਆਂਦੀ ਹੈ। ਤੁਸੀਂ ਕਹਿੰਦੇ ਹੋ ਕਿ ਸੋਸ਼ਲਿਜ਼ਮ ਦੀ ਪੂਰਨ ਜਿੱਤ ਲਈ ਇਹ ਸਾਰਾ ਕੁਝ ਕਾਫ਼ੀ ਨਹੀਂ ? ਬੇਸ਼ਕ ਇਹ ਕਾਫ਼ੀ ਨਹੀਂ। ਇੱਕ ਦੇਸ਼ ਇਕੱਲਾ ਵਧੇਰੇ ਕੁਝ ਨਹੀਂ ਕਰ ਸਕਦਾ। ਪਰ ਇਸ ਇੱਕ ਦੇਸ਼ ਨੇ, ਸੋਵੀਅਤ ਸਰਕਾਰ ਦੀ ਬਦੌਲਤ, ਏਨਾਂ ਕੁਝ ਕਰ ਦਿੱਤਾ ਹੈ ਕਿ ਜੇ ਭਲਕ ਨੂੰ, ਉਦਾਹਰਣ ਵਜੋਂ, ਜਰਮਨ ਅਤੇ ਐਂਗਲੋਂ-ਫ਼ਰਾਂਸੀਸੀ ਸਾਮਰਾਜ ਵਿਚਕਾਰ ਕਿਸੇ ਸਮਝੌਤੇ ਦੇ ਸਿੱਟੇ ਵਜੋਂ, ਸੰਸਾਰ ਸਾਮਰਾਜ ਵਲੋਂ ਸੋਵੀਅਤ ਸੱਤਾ ਕੁਚਲ ਵੀ ਦਿਤੀ ਜਾਂਦੀ ਹੈ—ਇਸ ਸਭ ਤੋਂ ਮਾੜੀ ਸੰਭਾਵਨਾ ਨੂੰ ਵੀ ਮੰਨਦਿਆਂ— ਤਾਂ ਵੀ ਇਹ ਪਤਾ ਲੱਗੇਗਾ ਕਿ ਬਾਲਸ਼ਵਿਕ ਦਾਅ-ਪੇਚਾਂ ਨੇ ਸੋਸ਼ਲਿਜ਼ਮ ਨੂੰ ਅਥਾਹ ਲਾਭ ਪੁਚਾਇਆ ਹੈ ਅਤੇ ਅਜਿੱਤ ਸੰਸਾਰ ਇਨਕਲਾਬ ਦੇ ਵਾਧੇ ਵਿੱਚ ਸਹਾਇਤਾ ਕੀਤੀ ਹੈ।

## "ਆਰਥਕ ਵਿਸ਼ਲੇਸ਼ਣ" ਦੇ ਪਰਦੇ ਹੇਠ ਬੁਰਜੂਆਜ਼ੀ ਦੀ ਸੇਵਾਦਾਰੀ

ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ, ਜੇ ਕਾਊਟਸਕੀ ਦੀ ਪੁਸਤਕ ਦੇ ਸਿਰਲੇਖ ਨੇ ਆਪਣੇ ਵਸਤੂ ਨੂੰ ਠੀਕ ਤਰ੍ਹਾਂ ਪ੍ਰਤਿਬਿੰਬਤ ਕਰਨਾ ਹੁੰਦਾ, ਤਾਂ ਇਸਦਾ ਨਾਂ ਹੋਣਾ ਚਾਹੀਦਾ ਸੀ "ਬਾਲਸ਼ਵਿਕਾਂ ਉੱਤੇ ਬੁਰਜੂਆ ਹਮਲਿਆਂ ਦਾ ਨਵਾਂ ਰੂਪ" ਨਾ ਕਿ "ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ"।

ਰੂਸੀ ਇਨਕਲਾਬ ਦੇ ਬੁਰਜੂਆ ਖਾਸੇ ਬਾਰੇ ਪੁਰਾਣੇ ਮੈਨਸ਼ਵਿਕ "ਸਿਧਾਂਤ" ਅਰਥਾਤ, ਮੈਨਸ਼ਵਿਕਾਂ ਵੱਲੋਂ ਮਾਰਕਸਵਾਦ ਦੇ ਪੁਰਾਣੇ ਵਿਗਾੜ (ਜਿਸਨੂੰ ਕਾਊਟਸਕੀ ਨੇ 1905 ਵਿੱਚ **ਰੱਦ ਕਰ ਦਿੱਤਾ** ਸੀ!) ਨੂੰ ਸਾਡੇ ਸਿਧਾਂਤਕਾਰ ਵੱਲੋਂ ਇੱਕ ਵਾਰੀ ਫਿਰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਸਾਨੂੰ ਇਹ ਸਵਾਲ ਲੈਣਾ ਹੀ ਪਵੇਗਾ, ਭਾਵੇਂ ਇਹ ਰੂਸੀ ਮਾਰਕਸਵਾਦੀਆਂ ਲਈ ਕਿੰਨਾਂ ਹੀ ਅਕਾਵਾਂ ਕਿਉਂ ਨਾ ਹੋਵੇ।

ਰੂਸੀ ਇਨਕਲਾਬ ਬੁਰਜੂਆ ਇਨਕਲਾਬ ਹੈ—ਇਹ ਗੱਲ 1905 ਤੋਂ ਪਹਿਲਾਂ ਰੂਸ ਦੇ ਸਾਰੇ ਮਾਰਕਸਵਾਦੀ ਕਹਿੰਦੇ ਹਨ। ਮਾਰਕਸਵਾਦ ਦੀ ਥਾਂ ਉਦਾਰਵਾਦ ਨੂੰ ਦੇਂਦੇ ਹੋਏ, ਮੈਨਸ਼ਵਿਕ ਇਸਤੋਂ ਇਹ ਸਿੱਟਾ ਕੱਢਦੇ ਸਨ: ਇਸ ਲਈ ਪ੍ਰੋਲੇਤਾਰੀਆਂ ਨੂੰ ਉਸਤੋਂ ਅੱਗੇ ਨਹੀਂ ਜਾਣਾ ਚਾਹੀਦਾ ਜੋ ਕੁਝ ਬੁਰਜੂਆਜ਼ੀ ਨੂੰ ਪ੍ਰਵਾਨ ਹੈ ਅਤੇ ਉਹਨਾਂ ਨਾਲ ਸਮਝੌਤੇ ਦੀ ਨੀਤੀ ਉੱਤੇ ਚੱਲਣਾ ਚਾਹੀਦਾ ਹੈ। ਬਾਲਸ਼ਵਿਕ ਕਹਿੰਦੇ ਸਨ ਕਿ ਇਹ ਬੁਰਜੂਆ-ਉਦਾਰਵਾਦੀ ਸਿਧਾਂਤ ਹੈ। ਤਾਜਦਾਰੀ, ਭੂਮੀਪਤੀ ਪ੍ਰਣਾਲੀ ਆਦਿ ਨੂੰ ਜਿੱਥੋਂ ਤੱਕ ਹੋ ਸਕੇ ਕਾਇਮ ਰੱਖਦਿਆਂ ਹੋਇਆਂ ਬੁਰਜੂਆਜ਼ੀ ਬੁਰਜੂਆ, **ਸੁਧਾਰਵਾਦੀ ਲੀਹਾਂ ਉੱਤੇ**, ਨਾ ਕਿ

ਇਨਕਲਾਬੀ ਲੀਹਾਂ ਉੱਤੇ, ਰਾਜ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰ ਰਹੀ ਸੀ। ਪ੍ਰੋਲੇਤਾਰੀਆਂ ਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਬੁਰਜੂਆਜ਼ੀ ਦੇ ਸੁਧਾਰਵਾਦ ਨਾਲ਼ "ਬੱਝਣ" ਦੀ ਆਗਿਆ ਦਿੱਤੇ ਬਿਨਾਂ ਬੁਰਜੂਆ-ਜਮਹੂਰੀ ਇਨਕਲਾਬ ਨੂੰ ਸਿਰੇ ਤੱਕ ਪੁਚਾਉਣ। ਬੁਰਜੂਆ ਇਨਕਲਾਬ ਵਿਚ ਬਾਲਸ਼ਵਿਕਾਂ ਨੇ **ਸ਼੍ਰੇਣੀ** ਸ਼ਕਤੀਆਂ ਦੀ ਕਤਾਰਬੰਦੀ ਇਸ ਤਰੀਕੇ ਨਾਲ਼ ਬਣਾਈ: ਕਿਸਾਨਾਂ ਨੂੰ ਆਪਣੇ ਵੱਲ ਲਿਆਉਂਦੇ ਹੋਏ, ਪ੍ਰੋਲੇਤਾਰੀ ਉਦਾਰ ਬੁਰਜੂਆਜ਼ੀ ਨੂੰ ਨਿਰਪੱਖ ਬਣਾਉਣਗੇ ਅਤੇ ਤਾਜਦਾਰੀ, ਮੱਧਕਾਲਵਾਦ ਅਤੇ ਭੂਮੀਪਤੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦੇਣਗੇ।

ਪ੍ਰੋਲੇਤਾਰੀਆਂ ਅਤੇ **ਆਮ ਕਰਕੇ** ਕਿਸਾਨਾਂ ਵਿਚਕਾਰ ਗਠਜੋੜ ਹੀ ਹੈ ਜਿਹੜਾ ਇਨਕਲਾਬ ਦੇ ਬੁਰਜੂਆ ਖਾਸੇ ਨੂੰ ਪ੍ਰਗਟ ਕਰਦਾ ਹੈ, ਕਿਉਂਕਿ ਕਿਸਾਨ ਆਮ ਕਰਕੇ ਛੋਟੇ ਉਤਪਾਦਕ ਹਨ, ਜਿਹੜੇ ਜਿਨਸ ਉਤਪਾਦਨ ਦੇ ਅਧਾਰ ਉੱਤੇ ਹੋਂਦ ਰੱਖਦੇ ਹਨ। ਅੱਗੇ ਜਾ ਕੇ, ਬਾਲਸ਼ਵਿਕ ਇਹ ਗੱਲ ਹੋਰ ਆਖਦੇ ਸਨ ਕਿ ਪ੍ਰੋਲੇਤਾਰੀ **ਸਮੁੱਚੇ ਅਰਧ-ਪ੍ਰੋਲਤਾਰੀਆਂ** (ਸਾਰੇ ਹੀ ਮਜ਼ਦੂਰ ਅਤੇ ਸ਼ੋਸ਼ਤ-ਲੋਕਾਂ) ਨੂੰ ਆਪਣੇ ਵੱਲ ਲਿਆਉਣਗੇ, ਵਿਚਲੇ ਕਿਸਾਨਾਂ ਨੂੰ ਨਿਰਪੱਖ ਬਣਾਉਣਗੇ ਅਤੇ ਬੁਰਜੂਆਜ਼ੀ ਦਾ **ਤਖਤਾ ਉਲਟਾਉਣਗੇ**; ਇਹ ਬੁਰਜੂਆ-ਜਮਹੂਰੀ ਇਨਕਲਾਬ ਤੋਂ ਵਿਲੱਖਣ ਸੋਸ਼ਲਿਸਟ ਇਨਕਲਾਬ ਹੋਵੇਗਾ। (ਦੇਖੋ ਮੇਰਾ ਪੈਂਫ਼ਲਟ "ਦੋ ਦਾਅ-ਪੇਚ"* 1905 ਵਿਚ ਪ੍ਰਕਾਸ਼ਿਤ; 1907 ਵਿੱਚ ਸੇਂਟ ਪੀਟਰਜ਼ਬਰਗ ਤੋਂ "ਬਾਰ੍ਹਾਂ ਵਰ੍ਹੇ ਵਿੱਚ" ਮੁੜ ਛਪਿਆ।)

1905 ਵਿੱਚ ਕਾਊਟਸਕੀ ਨੇ ਇਸ ਵਿਵਾਦ ਵਿੱਚ ਅਸਿੱਧਾ ਹਿੱਸਾ ਲਿਆ ਸੀ[56] ਜਦੋਂ, ਉਦੋਂ ਦੇ ਮੈਨਸ਼ਵਿਕ ਪਲੈਖਾਨੋਵ ਦੇ ਇੱਕ ਸਵਾਲ ਦੇ ਜਵਾਬ ਵਿੱਚ, ਉਸਨੇ ਇੱਕ ਰਾਇ ਜ਼ਾਹਰ ਕੀਤੀ ਸੀ ਜਿਹੜੀ ਤੱਤ ਰੂਪ ਵਿੱਚ ਪੈਲਖ਼ਾਨੋਵ ਦੇ ਖਿਲਾਫ਼ ਜਾਂਦੀ ਸੀ, ਜਿਸਨੇ ਉਸ ਸਮੇਂ ਦੀਆਂ ਬਾਲਸ਼ਵਿਕ ਅਖ਼ਬਾਰਾਂ ਵਿੱਚ ਖਾਸ ਮਜ਼ਾਕ ਪੈਦਾ ਕੀਤਾ। ਪਰ ਹੁਣ ਕਾਊਟਸਕੀ (ਆਪਣੇ ਹੀ ਬਿਆਨਾਂ ਨਾਲ਼ ਬੇਨਕਾਬ ਹੋਣ ਦੇ ਡਰ ਤੋਂ!) ਉਸ ਸਮੇਂ ਦੇ ਵਿਵਾਦਾਂ ਬਾਰੇ **ਇੱਕ ਵੀ ਲਫ਼ਜ ਨਹੀਂ** ਕਹਿੰਦਾ ਅਤੇ ਇਸ ਤਰ੍ਹਾਂ ਜਰਮਨ ਪਾਠਕ ਲਈ ਮਾਮਲੇ ਦੇ ਤੱਤ ਨੂੰ ਸਮਝਣਾ ਬਿਲਕੁਲ ਅਸੰਭਵ ਬਣ ਦੇਂਦਾ ਹੈ। ਸ਼ਿਰੀਮਾਨ ਕਾਊਟਸਕੀ 1918 ਵਿੱਚ ਰਮਨ ਮਜ਼ਦੂਰਾਂ ਨੂੰ ਇਹ **ਨਹੀਂ ਦੱਸ ਸਕਿਆ** ਕਿ 1905 ਵਿੱਚ ਉਹ ਉਦਾਰ ਬੁਰਜੂਆਜ਼ੀ ਨਾਲ਼ ਨਹੀਂ, ਸਗੋਂ ਕਿਸਾਨਾਂ ਨਾਲ ਮਜ਼ਦੂਰਾਂ ਦੇ ਗਠਜੋੜ ਦੇ ਹੱਕ ਵਿਚ ਸੀ; ਕਿ ਕਿਨ੍ਹਾਂ ਸ਼ਰਤਾਂ ਉਤੇ ਉਸਨੇ ਇਸ ਗਠਜੋੜ ਦੀ ਵਕਾਲਤ ਕੀਤੀ ਸੀ, ਅਤੇ ਇਸ ਲਈ ਉਸਨੇ ਕਿਹੜਾ ਪ੍ਰੋਗਰਾਮ ਉਲੀਕਿਆ ਸੀ।

ਆਪਣੀ ਪੁਰਾਣੀ ਪੁਜ਼ੀਸ਼ਨ ਤੋਂ ਪਿੱਛੇ ਹਟਦਿਆਂ, "ਆਰਥਕ ਵਿਸ਼ਲੇਸ਼ਣ" ਦੇ ਪਰਦੇ ਹੇਠ, ਅਤੇ "ਇਤਿਹਾਸਕ ਪਦਾਰਥਵਾਦ" ਬਾਰੇ ਮਾਣ ਨਾਲ ਗੱਲ ਕਰਦਿਆਂ ਹੁਣ ਕਾਊਟਸਕੀ ਮਜ਼ਦੂਰਾਂ ਨੂੰ ਬੁਰਜੂਆਜ਼ੀ ਦੇ ਅਧੀਨ ਕਰਨ ਦੀ ਵਕਾਲਤ ਕਰਦਾ ਹੈ, ਅਤੇ,

---

* ਦੇਖੋ ਲੈਨਿਨ, ਚੋਣਵੀਆਂ ਰਚਨਾਵਾਂ ਬਾਰ੍ਹਾਂ ਸੰਚੀਆਂ ਵਿੱਚ, ਸੈਂਚੀ-3,ਐਡੀਸ਼ਨ 1990, ਪ੍ਰਗਤੀ ਪ੍ਰਕਾਸ਼ਨ, ਸਫ਼ੇ 12-153)। **—ਸੰਪਾ.**

ਮੈਨਸ਼ਵਿਕ ਮਾਸਲੋਵ ਦੀਆਂ ਟੂਕਾਂ ਦੀ ਸਹਾਇਤਾ ਨਾਲ਼ ਮੈਨਸ਼ਵਿਕਾਂ ਦੇ ਪੁਰਾਣੇ ਉਦਾਰਵਾਦੀ ਵਿਚਾਰ ਦੁਹਰਾਉਂਦਾ ਹੈ। ਟੂਕਾਂ ਨੂੰ ਰੂਸ ਦੇ ਪਛੜੇਵੇਂ ਦੇ ਨਵੇਂ ਵਿਚਾਰ ਨੂੰ ਸਾਬਤ ਕਰਨ ਲਈ ਵਰਤਿਆ ਗਿਆ ਹੈ। ਪਰ ਇਸ ਨਵੇਂ ਵਿਚਾਰ ਤੋਂ ਕੱਢਿਆ ਗਿਆ ਨਤੀਜਾ ਪੁਰਾਣਾ ਹੈ, ਕਿ ਬੁਰਜੂਆ ਇਨਕਲਾਬ ਵਿੱਚ ਬੁਰਜੂਆਜੀ ਤੋਂ ਅੱਗੇ ਨਹੀਂ ਜਾਇਆ ਜਾਣਾ ਚਾਹੀਦਾ! ਅਤੇ ਇਹ ਗੱਲ ਉਸ ਸਾਰੇ ਕੁਝ ਦੇ ਬਾਵਜੂਦ ਕਹੀ ਗਈ ਹੈ, ਜੋ ਕੁਝ 1848 ਦੇ ਜਰਮਨ ਬੁਰਜੂਆ ਇਨਕਲਾਬ ਨਾਲ਼ ਫਰਾਂਸ ਵਿਚਲੇ 1789-93 ਦੇ ਬੁਰਜੂਆ ਇਨਕਲਾਬ ਦੀ ਤੁਲਨਾ ਕਰਦਿਆਂ ਹੋਇਆਂ ਮਾਰਕਸ ਅਤੇ ਏਂਗਲਜ਼ ਨੇ ਕਿਹਾ ਸੀ।[57]

ਕਾਉਟਸਕੀ ਦੇ "ਆਰਥਕ ਵਿਸ਼ਲੇਸ਼ਣ" ਦੀ ਮੁੱਖ "ਦਲੀਲ" ਅਤੇ ਇਸਦੇ ਮੁੱਖ ਵਸਤੂ ਵੱਲ ਆਉਣ ਤੋਂ ਪਹਿਲਾਂ, ਆਓ ਦੇਖੀਏ ਕਿ ਕਾਉਟਸਕੀ ਦੇ ਬਿਲਕੁਲ ਪਹਿਲੇ ਵਾਕ ਹੀ ਸੋਚਣੀ ਦੀ ਅਜੀਬ ਜਿਹੀ ਗੜਬੜ ਨੂੰ, ਜਾਂ ਸਤਹੀਪੁਣੇ ਨੂੰ ਜ਼ਾਹਰ ਕਰਦੇ ਹਨ।

ਸਾਡਾ "ਸਿਧਾਂਤਕਾਰ" ਐਲਾਨ ਕਰਦਾ ਹੈ ਕਿ "ਜ਼ਰਾਇਤ ਅਤੇ ਖਾਸ ਕਰਕੇ ਛੋਟੀ ਕਿਸਾਨ ਖੇਤੀ ਅੱਜ ਤੱਕ ਰੂਸ ਦੀ ਆਰਥਕ ਬੁਨਿਆਦ ਬਣੀ ਹੋਈ ਹੈ। ਵਸੋਂ ਦਾ 4/5, ਸ਼ਾਇਦ 5/6 ਹੀ ਹੋਵੇ, ਹਿੱਸਾ ਇਸ ਉੱਤੇ ਨਿਰਭਰ ਕਰਦਾ ਹੈ" (ਸਫਾ45)। ਸਭ ਤੋਂ ਪਹਿਲੀ ਗੱਲ, ਮੇਰੇ ਪਿਆਰੇ ਸਿਧਾਂਤਕਾਰ, ਕੀ ਤੁਸੀਂ ਸੋਚਿਆ ਹੈ ਕਿ ਛੋਟੇ ਉਤਪਾਦਕਾਂ ਦੇ ਇਸ ਸਮੂਹ ਵਿੱਚ ਕਿੰਨੇ ਕੁ ਸ਼ੋਸ਼ਕ ਹੋ ਸਕਦੇ ਹਨ ? ਯਕੀਨਨ ਦਸਵੇਂ ਹਿਸੇ ਤੋਂ ਵੱਧ ਨਹੀਂ ਅਤੇ ਸ਼ਹਿਰਾਂ ਵਿਚ ਹੋਰ ਵੀ ਘੱਟ ਹੋਣਗੇ, ਕਿਉਂਕਿ ਉਹਨਾਂ ਦਾ ਵੱਡੇ ਪੈਮਾਨੇ ਦਾ ਉਤਪਾਦਨ ਵਧੇਰੇ ਵਿਕਸਤ ਹੈ। ਚਲੋ, ਯਕੀਨੋਂ ਬਾਹਰੇ ਉੱਚੇ ਅੰਕੜਿਆਂ ਨੂੰ ਹੀ ਲਵੋ; ਫ਼ਰਜ਼ ਕਰ ਲਵੋ ਕਿ ਛੋਟੇ ਉਤਪਾਦਕਾਂ ਦਾ ਪੰਜਵਾਂ ਹਿੱਸਾ ਸ਼ੋਸ਼ਕ ਹਨ, ਜਿਨ੍ਹਾਂ ਦਾ ਮੱਤਾਧਿਕਾਰ ਖੋਹ ਲਿਆ ਜਾਂਦਾ ਹੈ। ਫਿਰ ਵੀ ਤੁਸੀਂ ਦੇਖੋਗੇ ਕਿ ਸੋਵੀਅਤਾਂ ਦਾ ਪੰਜਵੀ ਕਾਂਗਰਸ ਵਿੱਚ ਬਾਲਸ਼ਵਿਕਾਂ ਦੇ ਸਮੱਰਥਕ 66 ਫ਼ੀਸਦੀ ਵੋਟ **ਵੱਸੋਂ ਦੀ ਬਹੁਗਿਣਤੀ** ਬਣਦੇ ਹਨ। ਇਸ ਵਿੱਚ ਇਹ ਗੱਲ ਸ਼ਾਮਲ ਕਰ ਲੈਣੀ ਚਾਹੀਦੀ ਹੈ ਕਿ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦਾ ਹਮੇਸ਼ਾਂ ਹੀ ਕਾਫ਼ੀ ਵੱਡਾ ਹਿੱਸਾ ਸੋਵੀਅਤ ਸੱਤ੍ਹਾ ਦੇ ਹੱਕ ਵਿੱਚ ਹੁੰਦਾ ਸੀ—ਅਸੂਲ ਵਿੱਚ **ਸਾਰੇ** ਹੀ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਸੋਵੀਅਤ ਸੱਤ੍ਹਾ ਦੇ ਹੱਕ ਵਿੱਚ ਸਨ, ਅਤੇ ਜਦੋਂ ਜੁਲਾਈ 1918 ਵਿੱਚ ਉਹਨਾਂ ਦੇ ਇੱਕ ਹਿੱਸੇ ਨੇ ਇੱਕ ਮਾਅਰਕੇਬਾਜ਼ ਬਗ਼ਾਵਤ ਸ਼ੁਰੂ ਕਰ ਦਿੱਤੀ, ਤਾਂ ਪੁਰਾਣੀ ਪਾਰਟੀ ਨਾਲ਼ੋਂ ਦੋ ਹੋਰ ਨਵੀਂਆਂ ਪਾਰਟੀਆਂ ਵੱਖ ਹੋ ਗਈਆਂ, ਅਰਥਾਤ, "ਨਾਰੋਦਨਿਕ ਕਮਿਊਨਿਸਟ" ਅਤੇ "ਇਨਕਲਾਬੀ ਕਮਿਊਨਿਸਟ"[58] (ਪੁਰਾਣੀ ਪਾਰਟੀ ਵੱਲੋਂ ਸਰਕਾਰ ਦੀਆਂ ਮਹੱਤਵਪੂਰਨ ਪਦਵੀਆਂ ਲਈ ਨਾਮਜ਼ਦ ਕੀਤੇ ਗਏ ਉੱਘੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵਿੱਚੋਂ ਪਹਿਲੇ ਗਰੁੱਪ ਨਾਲ਼, ਉਦਾਹਰਣ ਵਜੋਂ, ਜ਼ਕਸ, ਅਤੇ ਦੂਜੇ ਨਾਲ਼ ਕੋਲੇਗਾਏਵ ਸਬੰਧਤ ਸੀ)। ਇਸ ਲਈ ਕਾਉਟਸਕੀ ਨੇ ਆਪ ਹੀ—ਅਣਜਾਣੇ ਵਿੱਚ—ਇਸ ਹਾਸੋਹੀਣੀ ਕਥਾ ਨੂੰ ਰੱਦ ਕਰ ਦਿੱਤਾ ਹੈ ਕਿ ਬਾਲਸ਼ਵਿਕਾਂ ਨੂੰ ਵਸੋਂ ਦੀ ਘੱਟਗਿਣਤੀ ਦਾ ਹੀ ਸਮਰੱਥਨ ਪ੍ਰਾਪਤ ਸੀ।

ਦੂਜੀ ਗੱਲ, ਮੇਰੇ ਪਿਆਰ ਸਿਧਾਂਤਕਾਰ, ਕੀ ਤੁਸੀਂ ਇਸ ਤੱਥ ਉੱਤੇ ਵਿਚਾਰ ਕੀਤਾ ਹੈ ਕਿ ਛੋਟਾ ਕਿਸਾਨ ਉਤਪਾਦਕ **ਅੱਟਲ ਤੌਰ ਉੱਤੇ** ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਵਿਚਕਾਰ ਡਿਕੋ-ਡੋਲੇ ਖਾਂਦਾ ਹੈ ? ਇਹ ਮਾਰਕਸਵਾਦੀ ਸੱਚਾਈ, ਜਿਸਦੀ ਪੁਸ਼ਟੀ ਯੂਰਪ ਦਾ ਸਾਰਾ ਆਧੁਨਿਕ ਇਤਿਹਾਸ ਕਰਦਾ ਹੈ, ਕਾਊਟਸਕੀ ਸੌਖੀ ਤਰ੍ਹਾਂ ਹੀ "ਭੁੱਲ ਗਿਆ" ਹੈ, ਕਿਉਂਕਿ ਮੈਨਸ਼ਵਿਕ ਸਿਧਾਂਤ ਨੂੰ ਭੰਨਦੀ ਹੈ, ਜਿਸਨੂੰ ਉਹ ਦੁਹਰਾਉਂਦਾ ਰਹਿੰਦਾ ਹੈ ! ਜੇ ਕਾਊਟਸਕੀ ਨੇ ਇਸਨੂੰ "ਭੁਲਾਇਆ" ਨਾ ਹੁੰਦਾ, ਤਾਂ ਉਹ ਐਸੇ ਦੇਸ਼ ਵਿੱਚ, ਜਿਸ ਵਿੱਚ ਛੋਟੇ ਕਿਸਾਨ ਉਤਪਾਦਕਾਂ ਦੀ ਬਹੁਗਿਣਤੀ ਹੈ, ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੀ ਲੋੜ ਤੋਂ ਮੁਨਕਰ ਨਹੀਂ ਸੀ ਹੋ ਸਕਦਾ।...

ਆਓ ਆਪਣੇ ਸਿਧਾਂਤਕਾਰ ਦੇ "ਆਰਥਕ ਵਿਸ਼ਲੇਸ਼ਣ" ਦੇ ਮੁੱਖ ਵਸਤੂ ਦੀ ਨਿਰਖ-ਪਰਖ ਕਰੀਏ।

ਇਸ ਗੱਲ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਸੋਵੀਅਤ ਸੱਤਾ ਡਿਕਟੇਟਰਸ਼ਿਪ ਹੈ, ਕਾਊਟਸਕੀ ਦਾ ਕਹਿਣਾ ਹੈ। "ਪਰ ਕੀ ਇਹ **ਪ੍ਰੋਲੇਤਾਰੀਆਂ** ਦੀ ਡਿਕਟੇਟਰਸ਼ਿਪ ਹੈ ? (ਸਫ਼ਾ 34)

> "ਸੋਵੀਅਤ ਸੰਵਿਧਾਨ ਅਨੁਸਾਰ, ਕਿਸਾਨ ਵਸੋਂ ਦੀ ਬਹੁਗਿਣਤੀ ਬਣਦੇ ਹਨ, ਜਿਨ੍ਹਾਂ ਨੂੰ ਕਾਨੂੰਨਸਾਜ਼ੀ ਅਤੇ ਰਾਜ-ਪ੍ਰਬੰਧ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ। ਜਿਹੜੀ ਚੀਜ਼ ਸਾਡੇ ਸਾਮ੍ਹਣੇ **ਪ੍ਰੋਲੇਤਾਰੀਆਂ** ਦੀ ਡਿਕਟੇਟਰਸ਼ਿਪ ਵਜੋਂ ਪੇਸ਼ ਕੀਤੀ ਜਾਂਦੀ ਹੈ, ਉਹ **ਕਿਸਾਨਾਂ** ਦੀ ਡਿਕਟੇਟਰਸ਼ਿਪ ਸਾਬਤ ਹੋਵੇਗੀ, ਜੇ ਇਸਨੂੰ ਇਕਸਾਰ ਢੰਗ ਨਾਲ਼ ਅਮਲ ਵਿੱਚ ਲਿਆਂਦਾ ਜਾਏ, ਅਤੇ ਜੇ, ਆਮ ਤੌਰ ਉੱਤੇ ਗੱਲ ਕੀਤਿਆਂ, ਕੋਈ ਸ਼੍ਰੇਣੀ ਸਿੱਧੇ ਤੌਰ ਉੱਤੇ ਡਿਕਟੇਟਰਸ਼ਿਪ ਚਲਾ ਸਕਦੀ ਹੋਵੇ ਤਾਂ, ਜੋ ਕਿ ਹਕੀਕਤ ਵਿੱਚ ਸਿਰਫ਼ ਪਾਰਟੀ ਹੀ ਚਲਾ ਸਕਦੀ ਹੈ।" (ਸਫ਼ਾ 35)।

ਅਤੇ, ਏਨੀਂ ਗੰਭੀਰ ਅਤੇ ਹੁਸ਼ਿਆਰ ਦਲੀਲ ਉਤੇ ਬਹੁਤ ਹੁਲਾਸ ਵਿਚ ਆਇਆ, ਸਾਡਾ ਚੰਗਾ ਕਾਊਟਸਕੀ ਵਿਅੰਗਾਤਮਕ ਹੋਣ ਦੀ ਕੋਸ਼ਿਸ਼ ਕਰਦਾ ਹੈ ਅਤੇ ਕਹਿੰਦਾ ਹੈ: "ਇਸ ਲਈ ਇੰਝ ਲੱਗੇਗਾ ਕਿ ਸੋਸ਼ਲਿਜ਼ਮ ਦੀ ਸਭ ਤੋਂ ਵੱਧ ਕਸ਼ਟ-ਰਹਿਤ ਪ੍ਰਾਪਤੀ ਸਭ ਤੋਂ ਚੰਗੀ ਤਰ੍ਹਾਂ ਤਾਂ ਹੀ ਯਕੀਨੀ ਬਣਾਈ ਜਾ ਸਕਦੀ ਹੈ, ਜਦੋਂ ਇਹ ਕਿਸਾਨਾਂ ਦੇ ਹੱਥਾਂ ਵਿਚ ਦੇ ਦਿਤੀ ਜਾਂਦੀ ਹੈ" (ਸਫ਼ਾ 35)।

ਵੱਧ ਤੋਂ ਵੱਧ ਵਿਸਥਾਰ ਵਿਚ ਅਤੇ ਅਰਧ-ਉਦਾਰਵਾਦੀ ਮਾਸਲੋਵ ਦੀਆਂ ਬਹੁਤ ਸਾਰੀਆਂ ਬੇਹੱਦ ਵਿਦਵਾਨ ਟੂਕਾਂ ਦੇਂਦਿਆਂ, ਸਾਡਾ ਸਿਧਾਂਤਕਾਰ ਇਸ ਨਵੇਂ ਵਿਚਾਰ ਨੂੰ ਸਿੱਧ ਕਰਨ ਲਈ ਜ਼ੋਰ ਲਾਉਂਦਾ ਹੈ ਕਿ ਕਿਸਾਨਾਂ ਦੀ ਦਿਲਚਸਪੀ ਅਨਾਜ ਦੀਆਂ ਉੱਚੀਆਂ ਕੀਮਤਾਂ ਵਿੱਚ, ਸ਼ਹਿਰੀ ਮਜ਼ਦੂਰਾਂ ਦੀਆਂ ਘੱਟ ਉਜ਼ਰਤਾਂ ਆਦਿ ਵਿੱਚ ਹੁੰਦੀ ਹੈ। ਵੈਸੇ, ਇਹਨਾਂ ਨਵੇਂ ਵਿਚਾਰਾਂ ਦੀ ਪੇਸ਼ਕਾਰੀ ਓਨੀ ਹੀ ਵਧੇਰੇ ਅਕਾਵੀਂ ਬਣ ਜਾਂਦੀ ਹੈ, ਜਿੰਨਾਂ ਘੱਟ

ਧਿਆਨ ਸਾਡਾ ਲੇਖਕ ਜੰਗ ਤੋਂ ਮਗਰਲੇ ਦੌਰ ਦੇ ਸੱਚਮੁੱਚ ਦੇ ਨਵੇਂ ਲੱਛਣਾਂ ਵੱਲ ਦੇਂਦਾ ਹੈ— ਉਦਾਹਰਣ ਵਜੋਂ, ਕਿ ਕਿਸਾਨ ਆਪਣੇ ਅਨਾਜ ਲਈ ਪੈਸੇ ਨਹੀਂ, ਸਗੋਂ ਸਾਮਾਨ ਚਾਹੁੰਦੇ ਹਨ ਅਤੇ ਇਹ ਕਿ ਉਹਨਾਂ ਕੋਲ ਕਾਫ਼ੀ ਜ਼ਰਾਇਤੀ ਔਜ਼ਾਰ ਨਹੀਂ, ਜਿਹੜੇ ਕਿ ਕਾਫ਼ੀ ਮਾਤਰਾ ਵਿਚ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਭਾਵੇਂ ਤੁਸੀਂ ਕਿੰਨੇ ਪੈਸੇ ਵੀ ਦੇਣ ਲਈ ਤਿਆਰ ਹੋਵੋ। ਪਰ ਇਸ ਬਾਰੇ ਹੋਰ ਮਗਰੋਂ ਗੱਲ ਕਰਾਂਗੇ।

ਇਸ ਤਰ੍ਹਾਂ ਕਾਊਟਸਕੀ, ਪ੍ਰੋਲੇਤਾਰੀਆਂ ਦੀ ਪਾਰਟੀ, ਬਾਲਸ਼ਵਿਕਾਂ, ਉੱਤੇ ਇਹ ਦੋਸ਼ ਲਾਉਂਦਾ ਹੈ ਕਿ ਇਸਨੇ ਡਿਕਟੇਟਰਸ਼ਿਪ, ਸੋਸ਼ਲਿਜ਼ਮ ਪ੍ਰਾਪਤ ਕਰਨ ਦਾ ਕੰਮ ਪੈਟੀ-ਬੁਰਜੂਆ ਕਿਸਾਨਾਂ ਦੇ ਹਵਾਲੇ ਕਰ ਦਿੱਤਾ ਹੈ। ਬਹੁਤ ਖ਼ੂਬ, ਸ਼੍ਰੀਮਾਨ ਕਾਊਟਸਕੀ! ਪਰ ਤੁਹਾਡੀ ਪ੍ਰਬੁੱਧ ਰਾਇ ਵਿੱਚ, ਪੈਟੀ-ਬੁਰਜੂਆ ਕਿਸਾਨਾਂ ਵੱਲ ਪ੍ਰੋਲੇਤਾਰੀ ਪਾਰਟੀ ਦਾ ਕੀ ਵਤੀਰਾ ਹੋਣਾ ਚਾਹੀਦਾ ਸੀ?

ਸਾਡੇ ਸਿਧਾਂਤਕਾਰ ਨੇ ਇਸ ਮਸਲੇ ਬਾਰੇ ਕੁਝ ਨਾ ਕਹਿਣ ਨੂੰ ਤਰਜੀਹ ਦਿੱਤੀ ਹੈ:ਪ੍ਰਤੱਖ ਤੌਰ ਉੱਤੇ, ਇਸ ਅਖਾਣ ਨੂੰ ਧਿਆਨ ਵਿੱਚ ਰੱਖਦਿਆਂ, "ਇੱਕ ਚੁੱਪ, ਸੌ ਸੁੱਖ"। ਪਰ ਹੇਠ ਲਿਖੀ ਦਲੀਲ ਉਹ ਆਪਣਾ ਆਪ ਫਿਰ ਜ਼ਾਹਰ ਕਰ ਜਾਂਦਾ ਹੈ:

> "ਸੋਵੀਅਤ ਰਿਪਬਲਿਕ ਦੇ ਆਰੰਭ ਵਿੱਚ, ਕਿਸਾਨਾਂ ਅਤੇ ਸੋਵੀਅਤਾਂ ਆਮ ਕਰਕੇ **ਕਿਸਾਨਾਂ** ਦੀਆਂ ਜਥੇਬੰਦੀਆਂ ਸਨ। ਹੁਣ ਰਿਪਬਲਿਕ ਇਹ ਐਲਾਨ ਕਰਦੀ ਹੈ ਕਿ ਸੋਵੀਅਤਾਂ ਪ੍ਰੋਲੇਤਾਰੀਆਂ ਅਤੇ ਗ਼ਰੀਬ ਕਿਸਾਨਾਂ ਦੀਆਂ ਜਥੇਬੰਦੀਆਂ ਹਨ। ਖਾਂਦੇ-ਪੀਂਦੇ ਕਿਸਾਨਾਂ ਨੂੰ ਸੋਵੀਅਤਾਂ ਦੀਆਂ ਚੋਣਾਂ ਵਿੱਚ ਮੱਤਾਧਿਕਾਰ ਤੋਂ ਵਾਂਝਿਆ ਰੱਖਿਆ ਗਿਆ ਹੈ। ਗਰੀਬ ਕਿਸਾਨ ਨੂੰ ਇੱਥੇ 'ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ' ਹੇਠ ਸੋਸ਼ਲਿਸਟ ਜ਼ੱਰਈ ਸੁਧਾਰ ਦੀ ਸਥਾਈ ਅਤੇ ਵਿਸ਼ਾਲ ਉਪਜ ਮੰਨਿਆ ਜਾਂਦਾ ਹੈ।"(ਸਫ਼ਾ48)

ਕਿਆ ਮਾਰੂ ਵਿਅੰਗ ਹੈ! ਇਹ ਉਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਰੂਸ ਵਿੱਚ ਕਿਸੇ ਵੀ ਬੁਰਜੂਆ ਤੋਂ ਸੁਣਿਆ ਜਾ ਸਕਦਾ ਹੈ: ਉਹ ਸਾਰੇ ਹੀ ਇਸ ਤੱਥ ਦਾ ਮਜ਼ਾਕ ਉਡਾਉਂਦੇ ਅਤੇ ਇਸ ਉੱਤੇ ਖ਼ੁਸ਼ ਹੁੰਦੇ ਹਨ ਕਿ ਸੋਵੀਅਤ ਰਿਪਬਲਿਕ ਗ਼ਰੀਬ ਕਿਸਾਨਾਂ ਦੀ ਹੋਂਦ ਨੂੰ ਖੁਲ੍ਹਮ-ਖੁੱਲ੍ਹਾ ਮੰਨਦੀ ਹੈ। ਉਹ ਸੋਸ਼ਲਿਜ਼ਮ ਦਾ ਮਜ਼ਾਕ ਉਡਾਉਂਦੇ ਹਨ। ਇਹ ਉਹਨਾਂ ਦਾ ਹੱਕ ਹੈ। ਪਰ ਐਸਾ "ਸੋਸ਼ਲਿਸਟ" ਜਿਹੜਾ ਇਸ ਤੱਥ ਦਾ ਮਜ਼ਾਕ ਉਡਾਉਂਦਾ ਹੈ ਕਿ ਚਾਰ ਸਾਲ ਦੀ ਅਤਿ-ਅੰਤ ਤਬਾਹਕੁਨ ਜੰਗ ਤੋਂ ਪਿਛੋਂ ਰੂਸ ਵਿੱਚ ਗ਼ਰੀਬ ਕਿਸਾਨ ਮੌਜੂਦ ਹੈ (ਅਤੇ ਲੰਮੇ ਸਮੇਂ ਤੱਕ ਰਹੇਗਾ)— ਇਹੋ ਜਿਹਾ "ਸੋਸ਼ਲਿਸਟ" ਥੋਕ ਸਿਧਾਂਤ-ਤਿਆਗ ਦੇ ਸਮੇਂ ਹੀ ਜਨਮ ਲੈ ਸਕਦਾ ਸੀ।

ਅਤੇ ਅੱਗੇ ਚਲ ਕੇ:

> "...ਸੋਵੀਅਤ ਰਿਪਬਲਿਕ ਅਮੀਰ ਅਤੇ ਗਰੀਬ ਕਿਸਾਨਾਂ ਵਿਚਾਲੇ ਸਬੰਧਾਂ ਵਿੱਚ ਮੁਦਾਖ਼ਲਤ ਕਰਦੀ ਹੈ, ਪਰ ਜ਼ਮੀਨ ਦੀ ਮੁੜ-ਵੰਡ ਕਰਕੇ ਨਹੀਂ।

ਸ਼ਹਿਰਾਂ ਵਿੱਚ ਰੋਟੀ ਦੀ ਥੁੜ੍ਹ ਨੂੰ ਦੂਰ ਕਰਨ ਲਈ, ਹਥਿਆਰਬੰਦ ਮਜ਼ਦੂਰਾਂ ਦੇ ਦਸਤੇ ਅਮੀਰ ਕਿਸਾਨਾਂ ਦੇ ਅਨਾਜ ਦੇ ਭੰਡਾਰ ਖੋਹਣ ਲਈ ਪਿੰਡਾਂ ਨੂੰ ਭੇਜੇ ਜਾਂਦੇ ਹਨ। ਇਸ ਭੰਡਾਰ ਦਾ ਇੱਕ ਹਿੱਸਾ ਸ਼ਹਿਰੀ ਵਸੋਂ ਨੂੰ ਦੇ ਦਿੱਤਾ ਜਾਂਦਾ ਹੈ, ਦੂਜਾ ਹਿੱਸਾ—ਗ਼ਰੀਬ ਕਿਸਾਨਾਂ ਨੂੰ" (ਸਫ਼ਾ 48)।

ਬੇਸ਼ਕ, ਸੋਸ਼ਲਿਸਟ ਅਤੇ ਮਾਰਕਸਵਾਦੀ ਕਾਊਟਸਕੀ ਇਸ ਅਧਾਰ ਉੱਤੇ ਗੰਭੀਰ ਰੋਹ ਵਿੱਚ ਆ ਜਾਂਦਾ ਹੈ ਕਿ ਇਹੋ ਜਿਹਾ ਕਦਮ ਵੱਡੇ ਸ਼ਹਿਰਾਂ ਦੀਆਂ ਹੱਦਾਂ ਤੋਂ ਪਰ੍ਹੇ ਤੱਕ ਲਿਜਾਇਆ ਜਾਂਦਾ ਹੈ (ਅਤੇ ਅਸੀਂ ਤਾਂ ਇਸਨੂੰ ਸਾਰੇ ਦੇਸ਼ ਤੱਕ ਫ਼ੈਲਾ ਦਿੱਤਾ ਹੈ)। ਤੰਗ-ਨਜ਼ਰ ਵਾਲ਼ੀ ਲਾਸਾਨੀ, ਬੇਮਿਸਾਲ ਅਤੇ ਪ੍ਰੰਸ਼ਸਾਯੋਗ ਸ਼ਾਂਤੀ (ਜਾਂ ਮੂੜ੍ਹਪੁਣੇ) ਨਾਲ਼, ਸੋਸ਼ਲਿਸਟ ਅਤੇ ਮਾਰਕਸਵਾਦੀ ਕਾਊਟਸਕੀ ਉਪਦੇਸ਼ ਦੇਂਦਾ ਹੈ "...ਇਹ [ਖਾਂਦੇ ਪੀਂਦੇ ਕਿਸਾਨਾਂ ਦੀ ਜਾਇਦਾਦ ਖੋਹਣਾ] ਉਤਪਾਦਨ ਦੇ ਅਮਲ ਵਿੱਚ ਅਸ਼ਾਂਤੀ ਅਤੇ ਖ਼ਾਨਾਜੰਗੀ ਦਾ ਨਵਾਂ ਅੰਸ਼ ਲੈ ਆਉਂਦਾ ਹੈ..." ("ਉਤਪਾਦਨ ਦੇ ਅਮਲ" ਵਿੱਚ ਲਿਆਂਦੀ ਗਈ ਖਾਨਾ ਜੰਗੀ-ਇਹ ਕੋਈ ਪਰਾ-ਪ੍ਰਕਿਰਤਕ ਚੀਜ਼ ਹੈ!) "...ਜਿਸਨੂੰ ਕਿ ਆਪਣੀ ਬਹਾਲੀ ਲਈ ਅਮਨ ਅਤੇ ਸੁਰੱਖਿਆ ਦੀ ਫ਼ੌਰੀ ਲੋੜ ਹੈ।" (ਸਫ਼ਾ49)

ਓ, ਹਾਂ, ਬੇਸ਼ਕ, ਮਾਰਕਸਵਾਦੀ ਅਤੇ ਸੋਸ਼ਲਿਸਟ ਕਾਊਟਸਕੀ ਨੂੰ ਸ਼ੋਸ਼ਕਾਂ ਅਤੇ ਅਨਾਜ ਦੇ ਮੁਨਾਫ਼ੇਖੋਰਾਂ ਲਈ, ਜਿਹੜੇ ਆਪਣੇ ਵਾਧੂ ਅਨਾਜ ਦੇ ਭੰਡਾਰ ਰੱਖ ਛੱਡਦੇ ਹਨ, ਅਨਾਜ ਦੀ ਅਜਾਰੇਦਾਰੀ ਦੇ ਕਾਨੂੰਨ ਨੂੰ ਤੋੜਦੇ ਹਨ ਅਤੇ ਸ਼ਹਿਰੀ ਵਸੋਂ ਨੂੰ ਕਾਲ ਦੀ ਹੱਦ ਤੱਕ ਲੈ ਆਉਂਦੇ ਹਨ, ਅਮਨ ਅਤੇ ਸੁਰੱਖਿਆ ਦੇ ਮਜ਼ਮੂਨ ਉੱਤੇ ਹਉਕੇ ਭਰਣੇ ਅਤੇ ਹੰਝੂ ਵਹਾਉਣੇ ਚਾਹੀਦੇ ਹਨ। "ਅਸੀਂ ਸਾਰੇ ਸੋਸ਼ਲਿਸਟ ਅਤੇ ਮਾਰਕਸਵਾਦੀ ਅਤੇ ਕੌਮਾਂਤਰੀਵਾਦੀ ਹਾਂ", ਕਾਊਟਸਕੀਆਂ, ਹਾਈਨਰਿਖ਼ ਵੈਬਰਾਂ (ਵੀਆਨਾ), ਲੌਂਗੇਆ (ਪੈਰਿਸ), ਮੈਕਡਾਨਲਡਾਂ (ਲੰਡਨ) ਆਦਿ ਵੱਲੋਂ ਮਿਲ ਕੇ ਗੀਤ ਗਾਇਆ ਜਾਂਦਾ ਹੈ। "ਅਸੀਂ ਸਾਰੇ ਮਜ਼ਦੂਰ-ਜਮਾਤ ਇਨਕਲਾਬ ਦੇ ਹੱਕ ਵਿਚ ਹਾਂ। ਸਿਰਫ਼ ...ਹਾਂ ਸਿਰਫ਼ ਅਸੀਂ ਇਹ ਚਾਹੁੰਦੇ ਹਾਂ ਕਿ ਇਨਕਲਾਬ ਅਨਾਜ ਦੇ ਮੁਨਾਫ਼ੇਖੋਰਾਂ ਦੇ ਅਮਨ ਅਤੇ ਸੁਰੱਖਿਆ ਉਤੇ ਛਾਪਾ ਨਾ ਮਾਰੇ! ਅਤੇ ਅਸੀਂ 'ਉਤਪਾਦਨ ਦੇ ਅਮਲ' ਦਾ 'ਮਾਰਕਸਵਾਦੀ' ਹਵਾਲਾ ਦੇ ਕੇ ਸਰਮਾਏਦਾਰਾਂ ਵੱਲ ਇਸ ਨੀਚ ਸੇਵਾਦਾਰੀ ਉੱਤੇ ਪਰਦਾ ਪਾਉਂਦੇ ਹਾਂ...।" ਜੇ ਇਹ ਮਾਰਕਸਵਾਦ ਹੈ, ਤਾਂ ਬੁਰਜੂਆਜ਼ੀ ਦੀ ਗ਼ੁਲਾਮੀ ਕੀ ਚੀਜ਼ ਹੁੰਦੀ ਹੈ?

ਜ਼ਰਾ ਦੇਖੋ, ਸਾਡਾ ਸਿਧਾਂਤਕਾਰ ਕੀ ਸਿੱਟਾ ਕੱਢਦਾ ਹੈ। ਉਹ ਕਿਸਾਨਾਂ ਦੀ ਡਿਕਟੇਟਰਸ਼ਿਪ ਨੂੰ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਵਜੋਂ ਪੇਸ਼ ਕਰਨ ਦਾ ਬਾਲਸ਼ਵਿਕਾਂ ਉੱਤੇ ਦੋਸ਼ ਲਾਉਂਦਾ ਹੈ। ਪਰ ਨਾਲ਼ ਹੀ ਉਹ ਪੇਂਡੂ ਇਲਾਕਿਆਂ ਵਿੱਚ ਖਾਨਾ ਜੰਗੀ ਸ਼ੁਰੂ ਕਰਨ ਦਾ (ਜਿਸ ਬਾਰੇ ਸਾਡਾ ਖਿਆਲ ਹੈ ਕਿ **ਇਹ ਗੱਲ ਸਾਡੇ ਹੱਕ ਵਿਚ ਹੈ**), ਮਜ਼ਦੂਰਾਂ ਦੇ ਹਥਿਆਰਬੰਦ ਦਸਤੇ ਪਿੰਡਾਂ ਵਿੱਚ ਭੇਜਣ ਦਾ ਦੋਸ਼ ਲਾਉਂਦਾ ਹੈ, ਜਿਹੜੇ ਖੁੱਲ੍ਹਮ-ਖੁੱਲ੍ਹਾ ਇਹ ਐਲਾਨ ਕਰਦੇ ਹਨ ਕਿ ਉਹ "ਪ੍ਰੋਲੇਤਾਰੀਆਂ ਅਤੇ ਗ਼ਰੀਬ ਕਿਸਾਨਾਂ ਦੀ

ਡਿਕਟੇਟਰਸ਼ਿਪ" ਨੂੰ ਅਮਲ ਵਿੱਚ ਲਿਆ ਰਹੇ ਹਨ, ਗਰੀਬ ਕਿਸਾਨਾਂ ਦੀ ਮਦਦ ਕਰਦੇ ਹਨ ਅਤੇ ਮੁਨਾਫ਼ਾਖੋਰਾਂ ਤੋਂ ਅਤੇ ਅਮੀਰ ਕਿਸਾਨਾਂ ਤੋਂ ਅਨਾਜ ਦੇ ਵਾਧੂ ਭੰਡਾਰ ਖੋਹ ਲੈਂਦੇ ਹਨ, ਜਿਹੜੇ ਕਿ ਉਹਨਾਂ ਦੇ ਅਨਾਜ ਦੀ ਅਜਾਰੇਦਾਰੀ ਦੇ ਕਾਨੂੰਨ ਦੀ ਉਲੰਘਣਾ ਕਰਦਿਆਂ ਜਮ੍ਹਾਂ ਕਰ ਰੱਖੇ ਹਨ।

ਇੱਕ ਪਾਸੇ, ਸਾਡਾ ਮਾਰਕਸਵਾਦੀ ਸਿਧਾਂਤਕਾਰ ਨਿਰੋਲ ਜਮਹੂਰੀਅਤ ਦੇ, ਇਨਕਲਾਬੀ ਜਮਾਤ ਨੂੰ, ਮਜ਼ਦੂਰ ਅਤੇ ਸ਼ੋਸ਼ਤ ਲੋਕਾਂ ਦੀ ਆਗੂ ਜਮਾਤ ਨੂੰ ਵਸੋਂ ਦੀ (ਜਿਸ ਵਿੱਚ, ਇਸ ਲਈ, ਸ਼ੋਸ਼ਕ ਵੀ ਸ਼ਾਮਲ ਹਨ) ਬਹੁਗਿਣਤੀ ਦੇ ਅਧੀਨ ਕਰਨ ਦੇ ਹੱਕ ਵਿਚ ਹੈ। ਦੂਜੇ ਪਾਸੇ, ਸਾਡੇ **ਵਿਰੁੱਧ** ਇੱਕ ਦਲੀਲ ਵਜੋਂ, ਉਹ ਸਮਝਾਉਂਦਾ ਹੈ ਕਿ ਇਨਕਲਾਬ ਨੂੰ ਲਾਜ਼ਮੀ ਤੌਰ ਉੱਤੇ ਬੁਰਜੂਆ ਖਾਸਾ ਧਾਰਨ ਕਰਨਾ ਚਾਹੀਦਾ ਹੈ– ਬੁਰਜੂਆ, ਕਿਉਂਕਿ ਸਮੁੱਚੇ ਤੌਰ ਉੱਤੇ ਕਿਸਾਨਾਂ ਦਾ ਜੀਵਨ ਬੁਰਜੂਆ ਸਮਾਜਕ ਸਬੰਧਾਂ ਉੱਤੇ ਅਧਾਰਿਤ ਹੁੰਦਾ ਹੈ—ਅਤੇ ਇਸਦੇ ਨਾਲ਼ ਹੀ ਉਹ ਪ੍ਰੋਲੇਤਾਰੀ, ਸ਼੍ਰੇਣੀ, ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੋਣ ਦਾ ਦਿਖਾਵਾ ਕਰਦਾ ਹੈ।

"ਆਰਥਕ ਵਿਸ਼ਲੇਸ਼ਣ" ਦੀ ਥਾਂ ਸਾਡੇ ਸਾਮ੍ਹਣੇ ਪਹਿਲੇ ਦਰਜੇ ਦਾ ਮਿਲਗੋਭਾ ਆਉਂਦਾ ਹੈ। ਮਾਰਕਸਵਾਦ ਦੀ ਥਾਂ ਸਾਡੇ ਸਾਮ੍ਹਣੇ ਉਦਾਰ ਸਿਧਾਂਤਾਂ ਦੇ ਟੋਟੇ ਆਉਂਦੇ ਹਨ ਅਤੇ ਬੁਰਜੂਆਜ਼ੀ ਅਤੇ ਕੁਲਾਕਾਂ ਦੀ ਗ਼ੁਲਾਮੀ ਦਾ ਉਪਦੇਸ਼ ਆਉਂਦਾ ਹੈ।

ਜਿਹੜਾ ਸਵਾਲ ਕਾਊਟਸਕੀ ਨੇ ਏਨਾਂ ਗੁੰਝਲਦਾਰ ਬਣਾ ਦਿੱਤਾ ਹੈ, ਉਸਦੀ 1905 ਵਿੱਚ ਹੀ, ਏਨੀ ਪਹਿਲਾਂ, ਬਾਲਸ਼ਵਿਕਾਂ ਨੇ ਪੂਰੀ ਤਰ੍ਹਾਂ ਵਿਆਖਿਆ ਕਰ ਦਿੱਤੀ ਹੋਈ ਸੀ। ਹਾਂ, ਸਾਡਾ ਇਨਕਲਾਬ ਬੁਰਜੂਆ ਇਨਕਲਾਬ ਹੈ **ਜਿੰਨਾ ਚਿਰ** ਤੱਕ ਅਸੀਂ **ਸਮੁੱਚੇ** ਕਿਸਾਨਾਂ ਨਾਲ਼ **ਮਿਲ ਕੇ** ਚੱਲਦੇ ਹਾਂ। ਸਾਨੂੰ ਇਹ ਦਿਨ ਵਾਂਗ ਸਪੱਸ਼ਟ ਰਿਹਾ ਹੈ; ਅਸੀਂ 1905 ਤੋਂ ਲੈ ਕੇ ਲੱਖਾਂ ਵਾਰੀ ਇਹ ਗੱਲ ਕਹੀ ਹੈ, ਅਤੇ ਅਸੀਂ ਇਤਿਹਾਸਕ ਅਮਲ ਦੇ ਇਸ ਜ਼ਰੂਰੀ ਪੜਾਅ ਨੂੰ ਉਲੰਘ ਜਾਣ ਦੀ, ਜਾਂ ਫ਼ਰਮਾਨਾਂ ਨਾਲ਼ ਖਤਮ ਕਰ ਦੇਣ ਦੀ ਕਦੀ ਕੋਸ਼ਿਸ਼ ਨਹੀਂ ਕੀਤੀ। ਇਸ ਨੁਕਤੇ ਉਤੇ ਸਾਨੂੰ "ਬੇਨਕਾਬ" ਕਰਨ ਦੇ ਕਾਊਟਸਕੀ ਦੇ ਯਤਨ ਉਸਦੇ ਆਪਣੇ ਦਿਮਾਗ਼ੀ ਘਾਲ਼ੇ-ਮਾਲ਼ੇ ਨੂੰ ਹੀ ਅਤੇ ਉਸਦੇ ਉਹ ਕੁਝ ਯਾਦ ਕਰਨ ਦੇ ਡਰ ਨੂੰ ਹੀ ਬੇਨਕਾਬ ਕਰਦੇ ਹਨ, ਜੋ ਕੁਝ ਉਸਨੇ 1905 ਵਿੱਚ ਲਿਖਿਆ ਸੀ, ਜਦੋਂ ਉਹ ਅਜੇ ਭਗੌੜਾ ਨਹੀਂ ਸੀ।

ਪਰ, **ਅਪ੍ਰੈਲ** 1917 ਤੋਂ ਸ਼ੁਰੂ ਕਰਕੇ, ਅਕਤੂਬਰ ਇਨਕਲਾਬ ਤੋਂ ਬਹੁਤ ਪਹਿਲਾਂ, ਅਰਥਾਤ, ਸਾਡੇ ਵੱਲੋਂ ਸੱਤ੍ਹਾ ਹੱਥ ਵਿਚ ਲਏ ਜਾਣ ਤੋਂ ਬਹੁਤ ਪਹਿਲਾਂ, ਅਸੀਂ ਖੁੱਲ੍ਹਮ-ਖੁੱਲ੍ਹਾ ਲੋਕਾਂ ਸਾਮ੍ਹਣੇ ਇਹ ਐਲਾਨ ਕੀਤਾ ਸੀ ਅਤੇ ਸਮਝਾਇਆ ਸੀ: ਇਨਕਲਾਬ ਹੁਣ ਇਸ ਪੜਾਅ ਉੱਤੇ ਰੁਕ ਨਹੀਂ ਸਕਦਾ, ਕਿਉਂਕਿ ਦੇਸ਼ ਅੱਗੇ ਵੱਧ ਗਿਆ ਹੈ, ਸਰਮਾਏਦਾਰੀ ਉੱਨਤ ਹੋ ਗਈ ਹੈ, ਤਬਾਹੀ ਨੇ ਕਿਆਸੋਂ-ਬਾਹਰਾ ਆਕਾਰ ਧਾਰਨ ਕਰ ਲਿਆ ਹੈ, ਜੋ ਕਿ (ਭਾਵੇਂ ਕੋਈ ਚਾਹੇ ਜਾਂ ਨਾ) ਅੱਗੇ ਵੱਲ ਨੂੰ, **ਸੋਸ਼ਲਿਜ਼ਮ ਵੱਲ** ਨੂੰ ਕਦਮਾਂ ਦੀ **ਮੰਗ ਕਰੇਗਾ।** ਕਿਉਂਕਿ, ਅੱਗੇ ਵਧਣ ਦਾ, ਜੰਗ-ਮਾਰੇ ਦੇਸ਼ ਨੂੰ ਬਚਾਉਣ ਦਾ ਅਤੇ ਮਜ਼ਦੂਰ ਅਤੇ ਸ਼ੋਸ਼ਿਤ

ਲੋਕਾਂ ਦੇ ਕਸ਼ਟਾਂ ਨੂੰ ਦੂਰ ਕਰਨ ਦਾ ਹੋਰ ਕੋਈ ਤਰੀਕਾ **ਨਹੀਂ।**

ਹਾਲਾਤ ਬਿਲਕੁਲ ਉਸ ਤਰ੍ਹਾਂ ਦੇ ਹੀ ਨਿਕਲੇ ਹਨ, ਜਿਸ ਤਰ੍ਹਾਂ ਦੇ ਸਾਨੂੰ ਆਸ ਸੀ ਕਿ ਨਿਕਲਣਗੇ। ਇਨਕਲਾਬ ਵੱਲੋਂ ਲਿਆ ਗਿਆ ਰਾਹ ਸਾਡੀ ਦਲੀਲ ਦੇ ਠੀਕ ਹੋਣ ਦੀ ਪੁਸ਼ਟੀ ਕਰਦਾ ਹੈ। **ਪਹਿਲਾਂ**, ਤਾਜਦਾਰੀ ਦੇ ਖਿਲਾਫ਼, ਭੂਮੀਪਤੀਆਂ ਦੇ ਖਿਲਾਫ਼, ਮੱਧਕਾਲਵਾਦ ਦੇ ਖਿਲਾਫ਼, "ਸਮੁੱਚੇ" ਕਿਸਾਨਾਂ ਨਾਲ਼ (ਅਤੇ ਉਸ ਹੱਦ ਤੱਕ ਇਨਕਲਾਬ ਬੁਰਜੂਆ, ਬੁਰਜੂਆ-ਜਮਹੂਰੀ ਰਹਿੰਦਾ ਹੈ)। **ਫਿਰ**, **ਸਰਮਾਏਦਾਰੀ ਦੇ ਖਿਲਾ.ਫ**, ਸਮੇਤ ਪੇਂਡੂ ਧਨਾਢਾਂ, ਕੁਲਾਕਾਂ, ਮੁਨਾਫ਼ੇਖੋਰਾਂ ਦੇ, ਗ਼ਰੀਬ ਕਿਸਾਨਾਂ ਨਾਲ਼, ਅਰਧ-ਪ੍ਰੋਲੇਤਾਰੀਆਂ ਨਾਲ਼, ਸ਼ੋਸ਼ਤਾਂ ਨਾਲ਼—ਅਤੇ ਉਸ ਹੱਦ ਤੱਕ ਇਨਕਲਾਬ **ਸੋਸ਼ਲਿਸਟ** ਇਨਕਲਾਬ ਬਣ ਜਾਂਦਾ ਹੈ। ਪਹਿਲੇ ਅਤੇ ਦੂਜੇ ਪੜਾਅ ਦੇ ਵਿਚਾਕਾਰ ਬਣਾਵਟੀ ਚੀਨ ਦੀ ਕੰਧ ਖੜ੍ਹੀ ਕਰਨ ਦੀ ਕੋਸ਼ਿਸ਼ ਕਰਨਾ, ਇਹਨਾਂ ਨੂੰ ਪ੍ਰਲੇਤਾਰੀਆਂ ਦੇ ਤਿਆਰ-ਬਰ-ਤਿਆਰ ਹੋਣ ਦੀ ਮਾਤਰਾ ਅਤੇ ਗ਼ਰੀਬ ਕਿਸਾਨਾਂ ਨਾਲ਼ ਇਹਨਾਂ ਦੀ ਏਕਤਾ ਦੀ ਮਾਤਰਾ ਤੋਂ **ਛੁੱਟ** ਹੋਰ ਕਿਸੇ ਚੀਜ਼ ਨਾਲ਼ ਵੀ ਵੱਖ ਕਰਨ ਦਾ ਮਤਲਬ ਮਾਰਕਸਵਾਦ ਨੂੰ ਭਿਆਨਕ ਹੱਦ ਤੱਕ ਵਿਗਾੜਣਾ, ਗੰਵਾਰੂ ਬਣਾਉਣਾ, ਇਸਦੀ ਥਾਂ ਉਦਾਰਵਾਦ ਨੂੰ ਦੇਣਾ ਪਵੇਗਾ। ਇਸਦਾ ਮਤਲਬ ਹੈ ਮੱਧਕਾਲਵਾਦ ਦੇ ਮੁਕਾਬਲੇ ਵਿੱਚ ਬੁਰਜੂਆਜ਼ੀ ਦੇ ਅਗਾਹਵਧੂ ਖਾਸੇ ਦੇ ਅਰਧ-ਵਿਗਿਆਨਕ ਹਵਾਲਿਆਂ ਰਾਹੀਂ ਸੋਸ਼ਲਿਸਟ ਪ੍ਰੋਲੇਤਾਰੀਆਂ ਦੇ ਖਿਲਾਫ਼ ਬੁਰਜੂਆਜ਼ੀ ਦੀ ਪ੍ਰਤੀਕਿਰਿਆਵਾਦੀ ਵਕਾਲਤ ਨੂੰ ਵਿੱਚ ਲਿਆ ਵਾੜਨਾ।

ਵੈਸੇ, ਸੋਵੀਅਤਾਂ ਜਮਹੂਰੀਅਤ ਦੀ ਅਥਾਹ ਤੌਰ ਉਤੇ ਉੱਚੇਰੀ ਵੰਨਗੀ ਅਤੇ ਰੂਪ ਨੂੰ ਸਿਰਫ਼ ਇਸ ਕਰਕੇ ਹੀ ਪੇਸ਼ ਕਰਦੀਆਂ ਹਨ, ਕਿਉਂਕਿ **ਮਜ਼ਦੂਰਾਂ ਅਤੇ ਕਿਸਾਨਾਂ ਦੇ ਸਮੂਹ** ਨੂੰ ਰਾਜਸੀ ਜੀਵਨ ਵਿੱਚ ਖਿੱਚ ਕੇ ਅਤੇ ਇਕਮੁੱਠ ਕਰਕੇ, ਉਹ ਲੋਕਾਂ ਦੀ ਰਾਜਨੀਤਕ, ਸ਼੍ਰੇਣੀ ਪਰੌਢਤਾ ਦੇ ਵਾਧੇ ਅਤੇ ਵਿਕਾਸ ਦਾ ਸਭ ਤੋਂ ਵੱਧ ਸੂਖ਼ਮ ਬੈਰੋਮੀਟਰ ਦਾ ਕੰਮ ਦੇਂਦੀਆਂ ਹਨ, ਜਿਹੜਾ "ਲੋਕਾਂ" ਦੇ ਸਭ ਤੋਂ ਵੱਧ ਨੇੜੇ ਹੈ (ਉਹਨਾਂ ਹੀ ਅਰਥਾਂ ਵਿੱਚ ਜਿਨ੍ਹਾਂ ਵਿੱਚ ਮਾਰਕਸ ਨੇ 1871 ਵਿਚ ਸਚਮੁਚ ਦੇ ਲੋਕ ਇਨਕਲਾਬ ਦੀ ਗੱਲ ਕੀਤੀ ਸੀ)[59]। ਸੋਵੀਅਤ ਸੰਵਿਧਾਨ ਕਿਸੇ "ਯੋਜਨਾ" ਦੇ ਮੁਤਾਬਕ ਨਹੀਂ ਸੀ ਬਣਾਇਆ ਗਿਆ; ਇਹ ਡਰਾਇੰਗ ਰੂਮ ਵਿੱਚ ਬੈਠ ਕੇ ਨਹੀਂ ਸੀ ਬਣਾਇਆ ਗਿਆ ਅਤੇ ਇਸਨੂੰ ਬੁਰਜੂਆ ਵਕੀਲਾਂ ਵੱਲੋਂ ਮਜ਼ਦੂਰ ਲੋਕਾਂ ਦੇ ਸਿਰ ਨਹੀਂ ਸੀ ਮੜ੍ਹਿਆ ਗਿਆ। ਨਹੀਂ, ਇਹ ਸੰਵਿਧਾਨ **ਸ਼੍ਰੇਣੀ ਘੋਲ਼** ਦੇ ਵਿਕਾਸ ਦੇ ਦੌਰਾਨ ਉਸੇ ਤਨਾਸਬ ਨਾਲ਼ ਹੀ **ਪੈਦਾ ਹੋਇਆ**, ਜਿਸ ਨਾਲ਼ **ਸ਼੍ਰੇਣੀ ਵਿਰੋਧ** ਪੱਕੇ ਹੋਏ। ਇਸਦੀ ਪੁਸ਼ਟੀ ਉਹੀ ਤੱਥ ਕਰਦੇ ਹਨ, ਜਿਹੜੇ ਖੁਦ ਕਾਊਟਸਕੀ ਨੂੰ ਵੀ ਮੰਨਣੇ ਪੈ ਰਹੇ ਹਨ।

ਪਹਿਲਾਂ ਪਹਿਲਾਂ, ਸੋਵੀਅਤਾਂ ਸਮੁੱਚੇ ਕਿਸਾਨਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਸਨ। ਗ਼ਰੀਬ ਕਿਸਾਨਾਂ ਦੀ ਅਪਰੋਢਤਾ, ਪਛੜੇਵੇਂ ਅਤੇ ਜ਼ਹਾਲਤ ਕਾਰਨ ਹੀ ਅਗਵਾਈ ਕੁਲਾਕਾਂ, ਅਮੀਰਾਂ, ਸਰਮਾਇਦਾਰਾਂ ਅਤੇ ਪੈਟੀ-ਬੁਰਜੂਆ ਬੁੱਧੀਜੀਵੀਆਂ ਦੇ ਹੱਥਾਂ ਵਿੱਚ ਚਲੀ ਗਈ। ਇਹ ਪੈਟੀ ਬੁਰਜੂਆਜ਼ੀ ਦੇ , ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ

ਦੇ ਗ਼ਲਬੇ ਦਾ ਸਮਾਂ ਸੀ। (ਸਿਰਫ਼ ਮੂਰਖ ਜਾਂ ਕਾਊਟਸਕੀ ਵਰਗੇ ਭਗੌੜੇ ਹੀ ਇਹਨਾਂ ਵਿੱਚੋਂ ਕਿਸੇ ਨੂੰ ਵੀ ਸੋਸ਼ਲਿਸਟ ਸਮਝ ਸਕਦੇ ਹਨ)। ਪੈਟੀ ਬੁਰਜੂਆਜ਼ੀ ਲਾਜ਼ਮੀ ਤੌਰ ਉਤੇ ਅਤੇ ਅਟੱਲ ਤੌਰ ਉੱਤੇ ਬੁਰਜੂਆਜ਼ੀ ਦੀ ਡਿਕਟੇਟਰਸ਼ਿਪ (ਕੇਰੇਨਸਕੀ, ਕੋਰਨੀਲੋਵ, ਸਾਵੀਨਕੋਵ) ਅਤੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਦਰਮਿਆਨ ਡਿਕੋ-ਡੋਲੇ ਖਾਂਦੀ ਸੀ; ਕਿਉਂਕਿ ਆਪਣੀ ਆਰਥਿਕ ਸਥਿਤੀ ਦੇ ਬੁਨਿਆਦੀ ਲੱਛਣਾਂ ਕਰਕੇ, ਪੈਟੀ ਬੁਰਜੂਆਜ਼ੀ ਸਵੈਧੀਨ ਤੌਰ ਉੱਤੇ ਕੁਝ ਵੀ ਕਰਨ ਤੋਂ ਅਸਮਰੱਥ ਹੈ। ਵੈਸੇ, ਰੂਸੀ ਇਨਕਲਾਬ ਦੇ ਵਿਸ਼ਲੇਸ਼ਣ ਵਿੱਚ ਆਪਣੇ ਆਪ ਨੂੰ "ਜਮਹੂਰੀਅਤ" ਦੇ ਕਾਨੂੰਨੀ ਅਤੇ ਰੂਪਗਤ ਸੰਕਲਪ ਤੱਕ ਸੀਮਤ ਰੱਖ ਕੇ, ਜਿਹੜਾ ਬੁਰਜੂਆਜ਼ੀ ਲਈ ਆਪਣਾ ਗ਼ਲਬਾ ਲੁਕਾਉਣ ਦੇ ਉਹਲੇ ਦਾ ਅਤੇ ਲੋਕਾਂ ਨੂੰ ਧੋਖਾ ਦੇਣ ਦੇ ਸਾਧਣ ਦਾ ਕੰਮ ਦੇਂਦਾ ਹੈ, ਅਤੇ ਇਹ ਗੱਲ **ਭੁੱਲ ਕੇ** ਕਿ ਅਮਲ ਵਿੱਚ "ਜਮਹੂਰੀਅਤ" ਕਦੀ ਕਦੀ **ਬੁਰਜੂਆਜ਼ੀ ਦੀ ਡਿਕਟੇਟਰਸ਼ਿਪ** ਦੀ ਸੂਚਕ ਹੁੰਦੀ ਹੈ, ਕਦੀ ਕਦੀ ਉਸ ਡਿਕਟੇਟਰਸ਼ਿਪ ਅੱਗੇ ਗੋਡੇ ਟੇਕਣ ਵਾਲ਼ੀ ਪੈਟੀ ਬੁਰਜੂਆਜ਼ੀ ਦੇ ਨਿਪੁੰਸਕ ਸੁਧਾਰਵਾਦ ਦੀ ਸੂਚਕ ਹੁੰਦੀ ਹੈ, ਆਦਿ, ਕਾਊਟਸਕੀ ਮਾਰਕਸਵਾਦ ਦਾ ਪੂਰਨ ਤਿਆਗ ਕਰ ਦੇਂਦਾ ਹੈ। ਕਾਊਟਸਕੀ ਅਨੁਸਾਰ, ਸਰਮਾਏਦਾਰ ਦੇਸ਼ ਵਿੱਚ ਬੁਰਜੂਆ ਪਾਰਟੀਆਂ ਹੁੰਦੀਆਂ ਸਨ ਅਤੇ ਪ੍ਰੋਲੇਤਾਰੀ ਪਾਰਟੀ (ਬਾਲਸ਼ਵਿਕ) ਹੁੰਦੀ ਸੀ, ਜਿਹੜੀ ਪ੍ਰੋਲੇਤਾਰੀਆਂ ਦੀ ਬਹੁਗਿਣਤੀ ਦੀ, ਪ੍ਰੋਲੇਤਾਰੀਆਂ ਦੇ ਸਮੂਹ ਦੀ ਅਗਵਾਈ ਕਰਦੀ ਸੀ, ਪਰ ਪੈਟੀ-ਬੁਰਜੂਆ ਪਾਰਟੀਆਂ ਕੋਈ **ਨਹੀਂ ਸਨ ਹੁੰਦੀਆਂ**! ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀਆਂ ਕੋਈ **ਜਮਾਤੀ ਜੜ੍ਹਾਂ** ਨਹੀਂ ਸਨ ਹੁੰਦੀਆਂ, ਕੋਈ ਪੈਟੀ-ਬੁਰਜੂਆ ਜੜ੍ਹਾਂ ਨਹੀਂ ਸਨ ਹੁੰਦੀਆਂ!

ਪੈਟੀ ਬੁਰਜੂਆਜ਼ੀ ਦੇ, ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਾਲਬੀਆਂ ਦੇ ਡਿੱਕੋ-ਡੋਲਿਆਂ ਨੇ ਲੋਕਾਂ ਨੂੰ ਚਾਨਣ ਦੇਣ ਵਿਚ ਅਤੇ ਉਹਨਾਂ ਦੀ ਭਾਰੀ ਬਹੁਗਿਣਤੀ ਨੂੰ, ਸਾਰੇ ਹੀ "ਹੇਠਲੇ ਤਬਕਿਆਂ" ਨੂੰ, ਸਾਰੇ ਹੀ ਪ੍ਰੋਲੇਤਾਰੀਆਂ ਅਤੇ ਅਰਧ-ਪ੍ਰੋਲੇਤਾਰੀਆਂ ਨੂੰ ਇਹੋ ਜਿਹੇ "ਆਗੂਆਂ" ਤੋਂ ਦੂਰ ਕਰਨ ਵਿੱਚ ਸਹਾਇਤਾ ਕੀਤੀ। ਬਾਲਸ਼ਵਿਕਾਂ ਨੂੰ ਸੋਵਿਅਤਾਂ ਵਿੱਚ ਬਹੁਮਤ ਮਿਲ ਗਿਆ (ਮਾਸਕੋ ਅਤੇ ਪੀਤਰੋਗਰਾਦ ਵਿੱਚ ਅਕਤੂਬਰ 1917 ਤੱਕ); ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਿਚਕਾਰ ਦੁਫ਼ੇੜ ਵਧੇਰੇ ਉੱਘੜ ਆਈ।

ਜੇਤੂ ਬਾਲਸ਼ਵਿਕ ਇਨਕਲਾਬ ਦਾ ਮਤਲਬ ਸੀ ਡਿਕੋ-ਡੋਲਿਆਂ ਦਾ ਅੰਤ, ਤਾਜਦਾਰੀ ਦੀ ਅਤੇ ਭੂਮੀਪਤੀ ਪ੍ਰਣਾਲੀ (ਜਿਸਨੂੰ ਕਿ ਅਕਤੂਬਰ ਇਨਕਲਾਬ ਤੋਂ ਪਹਿਲਾਂ ਤਬਾਹ **ਨਹੀਂ ਸੀ** ਕੀਤਾ ਗਿਆ) ਦੀ ਪੂਰਨ ਤਬਾਹੀ। ਅਸੀਂ **ਬੁਰਜੂਆ** ਇਨਕਲਾਬ ਨੂੰ **ਤੋੜ ਤੱਕ** ਪਹੁੰਚਾਇਆ। ਕਿਸਾਨ **ਸਮੁੱਚੇ ਤੌਰ ਉਤੇ** ਸਾਡੀ ਹਿਮਾਇਤ ਕਰਦੇ ਸਨ। ਸੋਸ਼ਲਿਸਟ ਪ੍ਰੋਲੇਤਾਰੀਆਂ ਵੱਲ ਉਹਨਾਂ ਦਾ ਵਿਰੋਧ ਇਕਦਮ ਹੀ ਸਾਮ੍ਹਣੇ ਨਹੀਂ ਸੀ ਆ ਸਕਿਆ। ਸੋਵੀਅਤਾਂ **ਆਮ ਕਰਕੇ** ਕਿਸਾਨਾਂ ਨੂੰ ਇਕਮੁੱਠ ਕਰਦੀਆਂ ਸਨ। ਕਿਸਾਨਾਂ ਵਿਚਕਾਰ ਸ਼੍ਰੇਣੀ ਵੰਡਾਂ ਅਜੇ ਨਹੀਂ ਸਨ ਪੱਕੀਆਂ, ਅਜੇ ਖੁੱਲ੍ਹ ਕੇ ਸਾਮ੍ਹਣੇ ਨਹੀਂ ਸਨ ਆਈਆਂ।

**ਇਹ** ਅਮਲ 1918 ਦੀਆਂ ਗਰਮੀਆਂ ਅਤੇ ਪਤਝੜ ਵਿੱਚ ਵਾਪਰਿਆ। ਚੈਕ ਉਲਟ-ਇਨਕਲਾਬੀ ਬਗ਼ਾਵਤ ਨੇ ਕੁਲਾਕਾਂ ਨੂੰ ਅੱਡੀ ਲਾ ਦਿਤੀ। ਕੁਲਾਕ ਬਗ਼ਾਵਤਾਂ ਦੀ

ਲਹਿਰ ਰੂਸ ਭਰ ਵਿੱਚ ਫ਼ੈਲ ਗਈ। ਗ਼ਰੀਬ ਕਿਸਾਨਾਂ ਨੇ, ਕਿਤਾਬਾਂ ਜਾਂ ਅਖਬਾਰਾਂ ਤੋਂ ਨਹੀਂ **ਸਗੋਂ ਖੁਦ ਜ਼ਿੰਦਗੀ ਤੋਂ**, ਇਹ ਸਿੱਖਿਆ ਕਿ ਉਹਨਾਂ ਦੇ ਹਿੱਤਾਂ ਅਤੇ ਕੁਲਾਕਾਂ, ਅਮੀਰਾਂ, ਪੇਂਡੂ ਬੁਰਜੂਆਜ਼ੀ ਦੇ ਹਿੱਤਾਂ ਵਿੱਚ ਨਾ ਦੂਰ ਹੋਣ ਵਾਲ਼ਾ ਵਿਰੋਧ ਹੈ। ਹਰ ਦੂਜੀ ਪੈਟੀ – ਬੁਰਜੂਆ ਪਾਰਟੀ ਵਾਂਗ, ਖੱਬੇ–ਪੱਖੀ ਸੋਸ਼ਲਿਸਟ–ਇਨਕਲਾਬੀ ਲੋਕਾਂ ਦੇ ਡਿੱਕੋ–ਡੋਲਿਆਂ ਨੂੰ ਪ੍ਰਗਟ ਕਰਦੇ ਸਨ, ਅਤੇ 1918 ਦੀਆਂ ਗਰਮੀਆਂ ਵਿੱਚ ਉਹਨਾਂ ਵਿੱਚ ਦੁਫੇੜ ਪੈ ਗਈ: ਇੱਕ ਹਿੱਸਾ ਚੈਕਾਂ ਦੀਆਂ ਫ਼ੌਜਾਂ ਨਾਲ ਜਾ ਰਲਿਆ (ਮਾਸਕੋ ਵਿਚਲੀ ਬਗ਼ਾਵਤ, ਜਦੋਂ ਪ੍ਰੋਸ਼ਯਾਨ ਨੇ—ਇੱਕ ਘੰਟੇ ਲਈ! —ਤਾਰਘਰ ਉਤੇ ਕਬਜ਼ਾ ਕਰ ਲੈਣ ਪਿੱਛੋਂ ਰੂਸ ਸਾਮ੍ਹਣੇ ਇਹ ਐਲਾਨ ਕਰ ਦਿੱਤਾ ਕਿ ਬਾਲਸ਼ਵਿਕਾਂ ਦਾ ਤਖਤਾ ਉਲਟਾ ਦਿਤਾ ਗਿਆ ਹੈ; ਫਿਰ ਚੈਕਾਂ ਦੇ ਵਿਰੁਧ ਲੜ ਰਹੀ ਫ਼ੌਜ ਦੇ ਕਮਾਂਡਰ–ਇਨ–ਚੀਫ਼, ਮੁਰਾਵੀਓਵ, ਦਾ ਧੋਖਾ ਦੇ ਜਾਣਾ, ਆਦਿ), ਜਦ ਕਿ ਦੂਜਾ ਹਿੱਸਾ, ਜਿਸਦਾ ਉੱਪਰ ਜ਼ਿਕਰ ਕੀਤਾ ਗਿਆ ਹੈ, ਬਾਲਸ਼ਵਿਕਾਂ ਦੇ ਨਾਲ ਰਿਹਾ।

ਸ਼ਹਿਰਾਂ ਵਿੱਚ ਅਨਾਜ ਦੀ ਵਧਦੀ ਥੁੜ੍ਹ ਨੇ ਅਨਾਜ ਦੀ ਅਜਾਰੇਦਾਰੀ ਦੇ ਸਵਾਲ ਨੂੰ ਵਧਦੀ ਮਹੱਤਤਾ ਦੇ ਦਿਤੀ (ਸਿਧਾਂਤਕਾਰ ਕਾਊਟਸਕੀ ਇਹ ਗੱਲ ਆਰਥਕ ਵਿਸ਼ਲੇਸ਼ਣ ਵਿੱਚ ਪੂਰੀ ਤਰ੍ਹਾਂ "ਭੁੱਲ ਗਿਆ" ਹੈ, ਜਿਹੜਾ ਵਿਸ਼ਲੇਸ਼ਣ ਕਿ ਮਾਸਲੋਵ ਦੀਆਂ ਲਿਖਤਾਂ ਵਿੱਚੋਂ ਦਸ ਸਾਲ ਪਹਿਲਾਂ ਚੁਣੇ ਗਏ ਵਾਕਾਂ ਦਾ ਦੁਹਰਾਅ ਮਾਤਰ ਹੀ ਹੈ!)।

ਪੁਰਾਣਾ ਭੂਮੀਪਤੀ ਅਤੇ ਬੁਰਜੂਆ, ਅਤੇ ਇੱਥੋਂ ਤੱਕ ਕਿ ਜਨਵਾਦੀ–ਰਿਪਬਲਿਕਨ ਰਾਜ ਵੀ ਪੇਂਡੂ ਇਲਾਕਿਆਂ ਵਿੱਚ ਹਥਿਆਰਬੰਦ ਦਸਤੇ ਭੇਜਿਆ ਕਰਦਾ ਸੀ, ਜਿਹੜੇ ਵਿਵਹਾਰਕ ਤੌਰ ਉਤੇ ਬੁਰਜੂਆਜ਼ੀ ਦੇ ਹੁਕਮਾਂ ਅਨੁਸਾਰ ਚਲਦੇ ਸਨ। ਸ਼੍ਰੀਮਾਨ ਕਾਊਟਸਕੀ ਇਹ ਗੱਲ ਨਹੀਂ ਜਾਣਦਾ! ਇਸਨੂੰ ਇਹ "ਬੁਰਜੂਆਜੀ ਦੀ ਡਿਕਟੇਟਰਸ਼ਿਪ" ਨਹੀਂ ਸਮਝਦਾ—ਰੱਬ ਨਾ ਕਰੇ! ਇਹ "ਨਿਰੋਲ ਜਮਹੂਰੀਅਤ" ਹੈ, ਖਾਸ ਕਰਕੇ ਜੇ ਬੁਰਜੂਆ ਪਾਰਲੀਮੈਂਟ ਇਸਦੀ ਪ੍ਰੋੜ੍ਹਤਾ ਕਰਦੀ ਹੈ! ਨਾ ਹੀ ਕਾਊਟਸਕੀ ਨੇ ਇਹ "ਸੁਣਿਆ" ਹੈ ਕਿ 1917 ਦੀਆਂ ਗਰਮੀਆਂ ਅਤੇ ਪਤਝੜ ਵਿੱਚ ਅਵਕਸੇਂਤੀਯੇਵ ਅਤੇ ਸ. ਮਾਸਲੋਵ ਨੇ, ਕੇਰੇਨਸਕੀਆਂ, ਤਸੇਰਤੇਲੀਆਂ ਅਤੇ ਦੂਜੇ ਸੋਸ਼ਲਿਸਟ–ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨਾਲ਼ ਮਿਲ ਕੇ, ਭੂਮੀ ਕਮੇਟੀਆਂ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ; ਇਸ ਬਾਰੇ ਉਹ ਇੱਕ ਲਫ਼ਜ ਵੀ ਨਹੀਂ ਕਹਿੰਦਾ!

ਸਾਰਾ ਨੁਕਤਾ ਇਹ ਹੈ ਕਿ ਬੁਰਜੂਆ ਰਾਜ, ਜਿਹੜਾ ਕਿ ਜਮਹੂਰੀ ਰਿਪਬਲਿਕ ਰਾਹੀਂ ਬੁਰਜੂਆਜ਼ੀ ਦੀ ਡਿਕਟੇਟਰਸ਼ਿਪ ਨੂੰ ਅਮਲ ਵਿਚ ਲਿਆ ਰਿਹਾ ਹੈ, ਲੋਕਾਂ ਸਾਮ੍ਹਣੇ ਇਹ ਨਹੀਂ ਮੰਨ ਸਕਦਾ ਕਿ ਇਹ ਬੁਰਜੂਆਜ਼ੀ ਦੀ ਸੇਵਾ ਕਰ ਰਿਹਾ ਹੈ; ਇਹ ਸੱਚ ਨਹੀਂ ਬੋਲ ਸਕਦਾ ਅਤੇ ਇਸਨੂੰ ਦੰਭੀ ਬਣਨਾ ਪੈਂਦਾ ਹੈ।

ਪਰ ਪੈਰਿਸ ਕਮਿਊਨਿ ਵਰਗਾ ਰਾਜ, ਸੋਵੀਅਤ ਰਾਜ, ਲੋਕਾਂ ਨੂੰ ਖੁੱਲ੍ਹਮ–ਖੁੱਲ੍ਹਾ ਅਤੇ ਸਾਫ਼ ਸਾਫ਼ **ਸੱਚ** ਦੱਸਦਾ ਹੈ ਅਤੇ ਐਲਾਨ ਕਰਦਾ ਹੈ ਕਿ ਇਹ ਪ੍ਰੋਲੇਤਾਰੀਆਂ ਅਤੇ ਗ਼ਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਹੈ; ਅਤੇ ਇਸ ਸੱਚਾਈ ਨਾਲ਼ ਇਹ ਐਸੇ ਕਰੋੜਾਂ ਨਵੇਂ

ਸ਼ਹਿਰੀਆਂ ਨੂੰ ਆਪਣੇ ਵੱਲ ਕਰ ਲੈਂਦਾ ਹੈ, ਜਿਨ੍ਹਾਂ ਨੂੰ ਕਿਸੇ ਵੀ ਜਮਹੂਰੀ ਰਿਪਬਲਿਕ ਵਿੱਚ ਦਬਾ ਕੇ ਰੱਖਿਆ ਜਾਂਦਾ ਹੈ, ਪਰ ਜਿਨ੍ਹਾਂ ਨੂੰ ਸੋਵੀਅਤਾਂ ਨੇ ਰਾਜਸੀ ਜੀਵਨ ਵਿੱਚ **ਜਮਹੂਰੀਅਤ ਵਿੱਚ**, ਰਾਜ ਦੇ ਪ੍ਰਬੰਧ ਵਿਚ ਖਿੱਚ ਲਿਆ ਹੈ। ਸੋਵੀਅਤ ਰਿਪਬਲਿਕ ਪੇਂਡੂ ਇਲਾਕਿਆਂ ਵਿੱਚ ਹਥਿਆਰਬੰਦ ਮਜ਼ਦੂਰਾਂ ਦੇ, ਪਹਿਲੀ ਥਾਂ ਉਤੇ ਵਧੇਰੇ ਉੱਨਤ ਮਜ਼ਦੂਰਾਂ ਦੇ, ਰਾਜਧਾਨੀਆਂ ਤੋਂ ਦਸਤੇ ਭੇਜਦੀ ਹੈ। ਇਹ ਮਜ਼ਦੂਰ ਪਿੰਡਾਂ ਤੱਕ ਸੋਸ਼ਲਿਜ਼ਮ ਪੁਚਾਉਂਦੇ ਹਨ, ਗ਼ਰੀਬਾਂ ਨੂੰ ਆਪਣੇ ਵੱਲ ਕਰਦੇ ਹਨ, ਉਹਨਾਂ ਦੇ ਜਥੇਬੰਦ ਅਤੇ ਪ੍ਰਬੁੱਧ ਕਰਦੇ ਹਨ, ਅਤੇ **ਬੁਰਜੂਆਜ਼ੀ ਦਾ ਵਿਰੋਧ ਭੰਨਣ ਵਿੱਚ** ਉਹਨਾਂ ਦੀ ਸਹਾਇਤਾ ਕਰਦੇ ਹਨ।

ਜਿਹੜੇ ਲੋਕ ਇਸ ਸਥਿਤੀ ਤੋਂ ਵਾਕਫ਼ ਹਨ ਅਤੇ ਪੇਂਡੂ ਇਲਾਕਿਆਂ ਵਿੱਚ ਰਹੇ ਹਨ, ਉਹ ਸਾਰੇ ਐਲਾਨ ਕਰਦੇ ਹਨ ਕਿ ਸਿਰਫ਼ ਹੁਣ ਹੀ, 1918 ਦੀਆਂ ਗਰਮੀਆਂ ਅਤੇ ਪਤਝੜ ਵਿੱਚ ਹੀ ਹੈ ਕਿ ਪੇਂਡੂ ਇਲਾਕੇ **ਆਪ** "ਅਕਤੂਬਰ" (ਅਰਥਾਤ ਪ੍ਰੋਲੇਤਾਰੀ) ਇਨਕਲਾਬ ਵਿੱਚੋਂ ਲੰਘ ਰਹੇ ਹਨ। ਹਾਲਾਤ ਬਦਲਣ ਲੱਗ ਪਏ ਹਨ। ਕੁਲਾਕ ਬਗ਼ਾਵਤਾਂ ਦੀ ਲਹਿਰ ਗ਼ਰੀਬਾਂ ਵਿਚ ਉਭਾਰ ਲਿਆ ਰਹੀ ਹੈ, "ਗਰੀਬ ਕਿਸਾਨ ਕਮੇਟੀਆਂ"[60] ਵਿੱਚ ਵਾਧਾ ਕਰ ਰਹੀ ਹੈ। ਫ਼ੌਜ ਵਿੱਚ, ਐਸੇ ਮਜ਼ਦੂਰਾਂ ਦੀ ਗਿਣਤੀ ਵੱਧ ਰਹੀ ਹੈ ਜਿਹੜੇ ਕੁਮੀਸਾਰ, ਅਫ਼ਸਰ ਅਤੇ ਡਵੀਜ਼ਨਾਂ ਅਤੇ ਫ਼ੌਜਾਂ ਦੇ ਕਮਾਂਡਰ ਬਣ ਗਏ ਹਨ। ਅਤੇ ਐਨ ਐਸੇ ਸਮੇਂ ਜਦੋਂ ਸਾਦਾ ਸੋਚਣੀ ਵਾਲ਼ਾ ਕਾਉਟਸਕੀ, ਜੁਲਾਈ (1918) ਦੇ ਸੰਕਟ[61] ਤੋਂ ਅਤੇ ਬੁਰਜੂਆਜ਼ੀ ਦੇ ਵਿਰਲਾਪਾਂ ਤੋਂ ਡਰਿਆ ਹੋਇਆ, ਚੂਜ਼ੇ ਵਾਂਗ ਉਹਨਾਂ ਮਗਰ ਨੱਠ ਰਿਹਾ ਸੀ, ਅਤੇ ਇਸ ਵਿਸ਼ਵਾਸ ਨੂੰ ਪ੍ਰਗਟ ਕਰਦਾ ਪੂਰਾ ਪੈਂਫ਼ਲਟ ਲਿਖ ਰਿਹਾ ਸੀ ਕਿ ਕਿਸਾਨ ਬਾਲਸ਼ਵਿਕਾਂ ਦਾ ਤਖਤਾ ਉਲਟਾਉਣ ਹੀ ਵਾਲ਼ੇ ਹਨ; ਐਨ ਐਸੇ ਸਮੇਂ ਜਦੋਂ ਇਹ ਮੂਰਖ਼ ਖੱਬੇ-ਪੱਖੀ ਸੋਸ਼ਲਸਿਟ-ਇਨਕਲਾਬੀਆਂ ਦੇ ਵੱਖ ਹੋਣ ਨੂੰ ਬਾਲਸ਼ਵਿਕਾਂ ਦੇ ਹਿਮਾਇਤੀਆਂ ਦਾ ਘੇਰਾ "ਤੰਗ ਹੋਣਾ" ਸਮਝ ਰਿਹਾ ਸੀ (ਸਫ਼ਾ 37)—ਐਨ ਉਸੇ ਵੇਲ਼ੇ ਬਾਲਸ਼ਵਿਕਵਾਦ ਦੇ ਹਿਮਾਇਤੀਆਂ ਦਾ **ਅਸਲ** ਘੇਰਾ **ਅਥਾਹ ਤੌਰ ਉੱਤੇ ਫੈਲ ਰਿਹਾ ਸੀ** ਕਿਉਂਕਿ ਲੱਖਾਂ ਹੀ ਪੇਂਡੂ ਗ਼ਰੀਬ ਕੁਲਾਕਾਂ ਅਤੇ ਪੇਂਡੂ ਬੁਰਜੂਆਜ਼ੀ ਦੀ ਸਰਦਾਰੀ ਅਤੇ ਪ੍ਰਭਾਵ ਹੇਠੋਂ ਆਪਣੇ ਆਪ ਨੂੰ ਕੱਢ ਰਹੇ ਸਨ ਅਤੇ **ਸਵੈਧੀਨ** ਰਾਜਸੀ ਜੀਵਨ ਪ੍ਰਤਿ ਜਾਗ੍ਰਿਤ ਹੋ ਰਹੇ ਸਨ।

ਅਸੀਂ ਕਿਸਾਨਾਂ ਵਿੱਚੋਂ ਸੈਂਕੜੇ ਹੀ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ, ਕੰਗਰੋੜਹੀਣ ਬੁੱਧੀਜੀਵੀਆਂ ਅਤੇ ਕੁਲਾਕਾਂ ਦਾ ਸਮੱਰਥਨ ਗੁਆ ਬੈਠੇ ਹਾਂ; ਪਰ ਅਸੀਂ ਲੱਖਾਂ ਗ਼ਰੀਬ ਲੋਕਾਂ ਦਾ ਸਮਰਥਨ ਜਿੱਤ ਲਿਆ ਹੈ।*

ਰਾਜਧਾਨੀਆਂ ਵਿੱਚ ਪ੍ਰੋਲੇਤਾਰੀ ਇਨਕਲਾਬ ਤੋਂ ਇੱਕ ਸਾਲ ਮਗਰੋਂ, ਅਤੇ ਇਸਦੇ ਪ੍ਰਭਾਵ ਹੇਠ ਅਤੇ ਇਸਦੀ ਸਹਾਇਤਾ ਨਾਲ਼, ਦੂਰ ਦੁਰਾਡੇ ਦੇ ਪੇਂਡੂ ਇਲਾਕਿਆਂ ਵਿੱਚ ਵੀ

* ਸੋਵੀਅਤਾਂ ਦੀ ਛੇਵੀਂ ਕਾਂਗਰਸ (6-9 ਨੰਵਬਰ, 1918) ਵਿਚ, ਵੋਟ ਦੇ ਅਧਿਕਾਰ ਵਾਲੇ 967 ਡੈਲੀਗੇਟ ਸਨ, ਜਿਨ੍ਹਾਂ ਵਿਚੋਂ 950 ਬਾਲਸ਼ਵਿਕ ਸਨ, ਅਤੇ 351 ਡੈਲੀਗੇਟ ਸਨ ਜਿਨ੍ਹਾਂ ਨੂੰ ਸਲਾਹਕਾਰੀ ਹੱਕ ਦਾ ਅਧਿਕਾਰ ਸੀ, ਪਰ ਵੋਟ ਦਾ ਨਹੀਂ, ਜਿਨ੍ਹਾਂ ਵਿਚੋਂ 335 ਬਾਲਸ਼ਵਿਕ ਸਨ। ਅਰਥਾਤ, ਡੈਲੀਗੇਟਾਂ ਦੀ ਕੁਲ ਗਿਣਤੀ ਦਾ 97 ਫ਼ੀ ਸਦੀ ਬਾਲਸ਼ਵਿਕ ਸਨ।

ਪ੍ਰੋਲੇਤਾਰੀ ਇਨਕਲਾਬ ਸ਼ੁਰੂ ਹੋਇਆ, ਅਤੇ ਇਸਨੇ ਅਖੀਰ ਸੋਵੀਅਤਾਂ ਦੀ ਸੱਤਾ ਨੂੰ ਅਤੇ ਬਾਲਸ਼ਵਿਕਵਾਦ ਨੂੰ ਪੱਕਿਆ ਕਰ ਦਿੱਤਾ ਹੈ, ਅਤੇ ਅੰਤਮ ਤੌਰ ਉੱਤੇ ਸਿੱਧ ਕਰ ਦਿਤਾ ਹੈ ਕਿ ਪਿੰਡਾਂ ਵਿੱਚ ਕੋਈ ਸ਼ਕਤੀ ਨਹੀਂ ਜਿਹੜੀ ਇਸ ਅੱਗੇ ਖੜੀ ਹੋ ਸਕੇ।

ਸਮੁੱਚੇ ਤੌਰ ਉੱਤੇ ਕਿਸਾਨਾਂ ਨਾਲ਼ ਮਿਲ ਕੇ ਬੁਰਜੂਆ-ਜਮਹੂਰੀ ਇਨਕਲਾਬ ਨੇਪਰੇ ਚੜ੍ਹਾ ਲੈਣ ਪਿੱਛੋਂ, ਰੂਸੀ ਪ੍ਰੋਲੇਤਾਰੀ ਆਖਰ ਸੋਸ਼ਲਿਸਟ ਇਨਕਲਾਬ ਵੱਲ ਆਏ, ਜਦੋਂ ਇਹ ਪੇਂਡੂ ਵਸੋਂ ਨੂੰ ਵੰਡਣ ਵਿਚ, ਪੇਂਡੂ ਪ੍ਰੋਲੇਤਾਰੀਆਂ ਅਤੇ ਅਰਧ-ਪ੍ਰੋਲੇਤਾਰੀਆਂ ਨੂੰ ਆਪਣੇ ਵੱਲ ਕਰਨ ਵਿੱਚ, ਅਤੇ ਉਹਨਾਂ ਨੂੰ, ਕਿਸਾਨ ਬੁਰਜੂਆਜ਼ੀ ਸਮੇਤ ਕੁਲਾਕਾਂ ਅਤੇ ਬੁਰਜੂਆਜ਼ੀ ਨੂੰ ਇਕਮੁੱਠ ਕਰਨ ਵਿੱਚ ਸਫ਼ਲ ਹੋ ਗਏ।

ਹੁਣ, ਜੇ ਰਾਜਧਾਨੀਆਂ ਵਿਚਲੇ ਅਤੇ ਵੱਡੇ ਵੱਡੇ ਸਨਅਤੀ ਕੇਂਦਰਾਂ ਵਿਚਲੇ ਬਾਲਸ਼ਵਿਕ ਪ੍ਰੋਲੇਤਾਰੀ ਪੇਂਡੂ ਗ਼ਰੀਬਾਂ ਨੂੰ ਅਮੀਰ ਕਿਸਾਨਾਂ ਦੇ ਖਿਲਾਫ਼ ਆਪਣੇ ਦੁਆਲ਼ੇ ਇਕੱਠੇ ਕਰਨ ਵਿੱਚ ਸਫ਼ਲ ਨਾ ਹੋਏ ਹੁੰਦੇ, ਤਾਂ ਇਸਤੋਂ ਸੱਚਮੁੱਚ ਇਹ ਗੱਲ ਸਿੱਧ ਹੁੰਦੀ ਕਿ ਰੂਸ ਸੋਸ਼ਲਿਸਟ ਇਨਕਲਾਬ ਲਈ, "ਤਿਆਰ ਨਹੀਂ" ਸੀ। ਫਿਰ ਕਿਸਾਨ "ਇਕਜੁੱਟ ਸਮੁੱਚ" ਵਜੋਂ ਕਾਇਮ ਰਹਿੰਦੇ, ਅਰਥਾਤ, ਉਹ ਕੁਲਾਕਾਂ ਅਮੀਰਾਂ ਅਤੇ ਬੁਰਜੂਆਜ਼ੀ ਦੀ ਆਰਥਕ, ਰਾਜਨੀਤਕ ਅਤੇ ਇਖਲਾਕੀ ਅਗਵਾਈ ਹੇਠ ਰਹਿੰਦੇ, ਅਤੇ ਇਨਕਲਾਬ ਬੁਰਜੂਆ-ਜਮਹੂਰੀ ਇਨਕਲਾਬ ਦੀਆਂ ਸੀਮਾਂ ਤੋਂ ਬਾਹਰ ਨਾ ਜਾਂਦਾ। (ਪਰ ਇੱਥੇ ਬਰੈਕਟਾਂ ਵਿੱਚ ਇਹ ਦੱਸ ਦਿਤਾ ਜਾਣਾ ਚਾਹੀਦਾ ਹੈ ਕਿ ਤਾਂ ਵੀ ਇਸਤੋਂ ਇਹ ਸਾਬਤ ਨਹੀਂ ਹੋ ਸਕਦਾ ਕਿ ਪ੍ਰੋਲੇਤਾਰੀਆਂ ਨੂੰ ਸੱਤ੍ਹਾ ਆਪਣੇ ਹੱਥ ਨਹੀਂ ਲੈਣੀ ਚਾਹੀਦੀ, ਕਿਉਂਕਿ ਸਿਰਫ਼ ਪ੍ਰੋਲੇਤਾਰੀ ਹੀ ਹਨ ਜਿਨ੍ਹਾਂ ਨੇ ਬੁਰਜੂਆ-ਜਮਹੂਰੀ ਇਨਕਲਾਬ ਨੂੰ ਸਚਮੁਚ ਤੋੜ ਤੱਕ ਪਹੁੰਚਾਇਆ ਹੈ, ਸਿਰਫ਼ ਪ੍ਰੋਲੇਤਾਰੀ ਹੀ ਹਨ ਜਿਨ੍ਹਾਂ ਨੇ ਸੰਸਾਰ ਪ੍ਰੋਲੇਤਾਰੀ ਇਨਕਲਾਬ ਨੂੰ ਨੇੜੇ ਲਿਆਉਣ ਲਈ ਕੁਝ ਸਚਮੁੱਚ ਮੱਹਤਵਪੂਰਨ ਕੀਤਾ ਹੈ ਅਤੇ ਸਿਰਫ਼ ਪ੍ਰੋਲੇਤਾਰੀ ਹਨ ਜਿਨ੍ਹਾਂ ਨੇ ਸੋਵੀਅਤ ਰਾਜ ਸਿਰਜਿਆ ਹੈ, ਜਿਹੜਾ ਕਿ ਪੈਰਿਸ ਕਮਿਊਨ ਤੋਂ ਮਗਰੋਂ ਸੋਸ਼ਲਿਸਟ ਰਾਜ ਵੱਲ ਦੂਜਾ ਕਦਮ ਹੈ।)

ਦੂਜੇ ਪਾਸੇ, ਜੇ ਪੇਂਡੂ ਇਲਾਕਿਆਂ ਵਿੱਚ ਜਮਾਤੀ ਨਿਖੇੜ ਦੀ ਉਡੀਕ ਕੀਤੇ ਬਿਨਾਂ, ਇਸ ਨਿਖੇੜ ਲਈ ਜ਼ਮੀਨ **ਤਿਆਰ ਕਰਨ** ਅਤੇ ਇਸਨੂੰ ਹਕੀਕਤ ਬਣਾਉਣ ਦੇ ਸਮਰੱਥ ਹੋਣ ਤੋਂ ਬਿਨਾਂ, ਬਾਲਸ਼ਵਿਕ ਪ੍ਰੋਲੇਤਾਰੀ ਅਕਤੂਬਰ-ਨਵੰਬਰ 1917 ਵਿੱਚ ਇੱਕਦਮ ਖਾਨਾ-ਜੰਗੀ ਦਾ ਜਾਂ ਪੇਂਡੂ ਇਲਾਕਿਆਂ ਵਿੱਚ "ਸੋਸ਼ਲਿਜ਼ਮ ਲਾਗੂ ਕਰਨ" ਦਾ ਫ਼ਰਮਾਨ ਜਾਰੀ ਕਰ ਦੇਂਦੇ, ਆਮ ਕਰਕੇ ਕਿਸਾਨਾਂ ਨਾਲ ਆਰਜ਼ੀ ਗਠਜੋੜ ਤੋਂ ਬਿਨਾਂ, ਵਿਚਲੇ ਕਿਸਾਨਾਂ ਨੂੰ ਕਈ ਰਿਆਇਤਾਂ ਦੇਣ ਆਦਿ ਤੋਂ ਬਿਨਾਂ ਕੰਮ ਚਲਾਉਣ ਦੀ ਕੋਸ਼ਿਸ਼ ਕਰਦੇ, ਤਾਂ ਇਹ ਮਾਰਕਸਵਾਦ ਦਾ **ਬਲਾਂਕੁਈਵਾਦੀ**[62] ਰੂਪ-ਵਿਗਾੜ ਹੁੰਦਾ, **ਘੱਟਗਿਣਤੀ** ਵੱਲੋਂ ਬਹੁਗਿਣਤੀ ਉੱਪਰ ਆਪਣੀ ਮਰਜ਼ੀ ਠੋਸਣ ਦਾ ਯਤਨ ਹੁੰਦਾ; ਇਹ ਸਿਧਾਂਤਕ ਬੇਹੂਦਗੀ ਹੁੰਦੀ, ਜਿਹੜੀ ਇਹ ਸਮਝਣ ਤੋਂ ਅਸਮਰੱਥਾ ਨੂੰ ਪ੍ਰਗਟ ਕਰਦੀ ਕਿ ਆਮ ਕਿਸਾਨ ਇਨਕਲਾਬ ਅਜੇ ਵੀ ਬੁਰਜੂਆ ਇਨਕਲਾਬ ਹੈ, ਕਿ **ਤਬਦੀਲੀਆਂ ਦੀ, ਬਦਲੀ-ਕਾਲ ਦੇ ਪੜਾਵਾਂ ਦੀ ਇੱਕ ਲੜੀ ਤੋਂ ਬਿਨਾਂ**, ਇੱਕ ਪੱਛੜੇ ਦੇਸ਼ ਵਿੱਚ ਇਸਨੂੰ ਸੋਸ਼ਲਿਸਟ ਇਨਕਲਾਬ ਵਿੱਚ ਨਹੀਂ ਬਦਲਿਆ

ਜਾ ਸਕਦਾ।

ਇਹ ਬਹੁਤ ਮਹੱਤਵਪੂਰਨ ਸਿਧਾਂਤਕ ਅਤੇ ਰਾਜਨੀਤਕ ਮਸਲੇ ਵਿੱਚ ਕਾਊਟਸਕੀ **ਸਭ ਕੁਝ** ਖਲਤ-ਮਲਤ ਕਰ ਗਿਆ ਹੈ, ਅਤੇ ਅਮਲ ਵਿੱਚ ਬੁਰਜੂਆਜ਼ੀ ਦੇ ਸੇਵਾਦਾਰ ਤੋਂ ਬਿਨਾਂ ਹੋਰ ਕੁਝ ਨਹੀਂ ਸਾਬਤ ਹੋਇਆ, ਜਿਹੜਾ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਵਿਰੁੱਧ ਚੀਖ਼-ਚਿਹਾੜਾ ਪਾ ਰਿਹਾ ਹੈ।

* * *

ਇੱਕ ਹੋਰ ਬੇਹੱਦ ਦਿਲਚਸਪ ਅਤੇ ਮਹੱਤਵਪੂਰਨ ਸਵਾਲ ਉਤੇ ਵੀ ਕਾਊਟਸਕੀ ਨੇ ਇਸੇ ਤਰ੍ਹਾਂ ਹੀ, ਜੇ ਵਧੇਰੇ ਨਹੀਂ ਤਾਂ, ਸਭ ਕੁਝ ਖਲਤ-ਮਲਤ ਕਰ ਦਿਤਾ ਹੈ, ਅਰਥਾਤ: ਕੀ ਜ਼ਰਈ ਸੁਧਾਰ ਦੇ—ਇਸ ਸਭ ਤੋਂ ਵੱਧ ਮੁਸ਼ਕਲ ਅਤੇ ਫਿਰ ਵੀ ਸਭ ਤੋਂ ਮਹੱਤਵਪੂਰਨ ਸੋਸ਼ਲਿਸਟ ਸੁਧਾਰ ਦੇ—ਖੇਤਰ ਵਿੱਚ ਸੋਵੀਅਤ ਰਿਪਬਲਿਕ ਦੀ **ਕਾਨੂੰਨਸਾਜ਼** ਸਰਗਰਮੀ ਠੀਕ ਅਸੂਲਾਂ ਉੱਪਰ ਅਧਾਰਿਤ ਸੀ ਅਤੇ ਫਿਰ ਉਚਿੱਤ ਤਰ੍ਹਾਂ ਨਾਲ਼ ਅਮਲ ਵਿਚ ਲਿਆਂਦੀ ਗਈ ਸੀ ? ਅਸੀਂ ਕਿਸੇ ਵੀ ਪੱਛਮੀ-ਯੂਰਪੀ ਮਾਰਕਸਵਾਦੀ ਦੇ ਅਥਾਹ ਧੰਨਵਾਦੀ ਹੁੰਦੇ ਜਿਹੜਾ, ਘੱਟੋ ਘੱਟ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਪੜ੍ਹਨ ਤੋਂ ਪਿੱਛੋਂ ਸਾਡੀ ਨੀਤੀ ਦੀ **ਆਲੋਚਨਾ** ਕਰਦਾ, ਕਿਉਂਕਿ ਇੰਝ ਕਰਕੇ ਉਹ ਸਾਡੀ ਅਥਾਹ ਸਹਾਇਤਾ ਕਰ ਰਿਹਾ ਹੁੰਦਾ, ਅਤੇ ਉਸ ਇਨਕਲਾਬ ਦੀ ਵੀ ਸਹਾਇਤਾ ਕਰ ਰਿਹਾ ਹੁੰਦਾ ਜਿਹੜਾ ਦੁਨੀਆ ਭਰ ਵਿਚ ਪੱਕ ਰਿਹਾ ਹੈ। ਪਰ ਆਲੋਚਨਾ ਦੀ ਥਾਂ ਕਾਊਟਸਕੀ ਯਕੀਨੋਂ-ਬਾਹਰਾ ਸਿਧਾਂਤਕ ਘਚੋਲ਼ਾ ਪੈਦਾ ਕਰ ਰਿਹਾ ਹੈ, ਜਿਹੜਾ ਮਾਰਕਸਵਾਦ ਨੂੰ ਉਦਾਰਵਾਦ ਵਿੱਚ ਬਦਲ ਦੇਂਦਾ ਹੈ ਅਤੇ ਜਿਹੜਾ, ਅਮਲ ਵਿੱਚ, ਬਾਲਸ਼ਵਿਕਾਂ ਦੇ ਖਿਲਾਫ਼ ਬਹੁਤ ਸਾਰੇ ਬੇਕਾਰ, ਜ਼ਹਿਰੀਲੇ, ਬੇਹੂਦਾ ਵਿਅੰਗ-ਬੋਲਾਂ ਤੋਂ ਛੁੱਟ ਕੁਝ ਨਹੀਂ। ਪਾਠਕ ਆਪ ਹੀ ਫ਼ੈਸਲਾ ਕਰ ਲੈਣ:

"ਵੱਡੀਆਂ ਵੱਡੀਆਂ ਭੂਮੀਪਤੀ ਜਗੀਰਾਂ ਕਾਇਮ ਨਹੀਂ ਸੀ ਰੱਖੀਆਂ ਜਾ ਸਕਦੀਆਂ। ਇਹ ਇਨਕਲਾਬ ਦਾ ਸਿੱਟਾ ਸੀ। ਇਹ ਇੱਕਦਮ ਸਪੱਸ਼ਟ ਹੋ ਗਿਆ ਸੀ। ਵੱਡੀਆਂ ਵੱਡੀਆਂ ਜਾਗੀਰਾਂ ਦਾ ਕਿਸਾਨਾਂ ਦੇ ਨਾਂ ਇੰਤਕਾਲ ਕਰਨਾ ਅਟੱਲ ਹੋ ਗਿਆ ਸੀ..."(ਇਹ ਸੱਚਾਈ ਨਹੀਂ, ਸ਼੍ਰੀਮਾਨ ਕਾਊਟਸਕੀ। ਤੁਸੀਂ ਇਸ ਸਵਾਲ ਵੱਲ ਵੱਖੋ ਵੱਖਰੀਆਂ **ਸ਼੍ਰੇਣੀਆਂ** ਦੇ ਵਤੀਰੇ ਦੀ ਥਾਂ ਉਸ ਗੱਲ ਨੂੰ ਦੇ ਰਹੇ ਹੋ ਜੋ ਕੁਝ ਤੁਹਾਨੂੰ "ਸਪੱਸ਼ਟ" ਹੈ। ਇਨਕਲਾਬ ਦੇ ਇਤਿਹਾਸ ਨੇ ਦਰਸਾਇਆ ਹੈ ਕਿ ਬੁਰਜੂਆ ਅਤੇ ਪੈਟੀ-ਬੁਰਜੂਆ ਦੀ, ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀ ਕੁਲੀਸ਼ਨ ਸਰਕਾਰ, ਵੱਡੀਆਂ ਵੱਡੀਆਂ ਜ਼ਮੀਨ-ਮਾਲਕੀਆਂ ਕਾਇਮ ਰੱਖਣ ਦੀ ਨੀਤੀ ਉਤੇ ਚੱਲਦੀ ਸੀ। ਸ. ਮਾਸਲੋਵ ਦੇ ਬਿੱਲ[63] ਤੋਂ, ਅਤੇ ਭੂਮੀ ਕਮੇਟੀਆਂ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਤੋਂ ਇਹ ਗੱਲ ਖਾਸ ਕਰਕੇ ਸਿੱਧ ਹੋ ਗਈ ਸੀ। ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਤੋਂ ਬਿਨਾਂ "ਕਿਸਾਨ ਵੱਸੋਂ" ਭੂਮੀਪਤੀਆਂ ਨੂੰ ਨਹੀਂ ਸੀ ਹਰਾ ਸਕਦੀ, ਜਿਨ੍ਹਾਂ ਨੇ ਆਪਣੀਆਂ ਸ਼ਕਤੀਆਂ ਸਰਮਾਇਦਾਰਾਂ ਦੇ ਨਾਲ਼ ਮਿਲਾ ਦਿੱਤੀਆਂ ਸਨ।)

" ...ਪਰ ਜਿੱਥੇ ਤੱਕ ਉਹਨਾਂ ਰੂਪਾਂ ਦਾ ਸਵਾਲ ਹੈ, ਜਿਨ੍ਹਾਂ ਵਿੱਚ ਇਹ ਕੰਮ ਕੀਤਾ

ਜਾਣਾ ਸੀ, ਇਸ ਉੱਤੇ ਕੋਈ ਏਕਤਾ ਨਹੀਂ ਸੀ। ਵੱਖੋ ਵੱਖਰੇ ਹੱਲ ਦੇਖੇ ਜਾ ਸਕਦੇ ਸਨ।...” (ਕਾਊਟਸਕੀ ਨੂੰ ਸਭ ਤੋਂ ਵੱਧ “ਸੋਸ਼ਲਿਸਟਾਂ” ਦੀ “ਏਕਤਾ” ਦਾ ਫ਼ਿਕਰ ਹੈ, ਭਾਵੇਂ ਇਸ ਨਾਂ ਨਾਲ਼ ਆਪਣੇ ਆਪ ਨੂੰ ਕੋਈ ਵੀ ਬੁਲਾ ਰਿਹਾ ਹੋਵੇ। ਉਹ ਭੁੱਲ ਜਾਂਦਾ ਹੈ ਕਿ ਸਰਮਾਏਦਾਰਾ ਸਮਾਜ ਵਿਚ ਮੁੱਖ ਸ਼੍ਰੇਣੀਆਂ ਲਾਜ਼ਮੀ ਤੌਰ ਉੱਤੇ ਵੱਖੋ ਵੱਖਰੇ ਹੱਲ ਉਤੇ ਪੁੱਜਣਗੀਆਂ।) “...ਸੋਸ਼ਲਿਸਟ ਦ੍ਰਿਸ਼ਟੀਕੋਣ ਤੋਂ ਸਭ ਤੋਂ ਵੱਧ ਤਾਰਕਿਕ ਹੱਲ ਇਹ ਹੁੰਦਾ ਕਿ ਵੱਡੀਆਂ ਵੱਡੀਆਂ ਜਾਗੀਰਾਂ ਨੂੰ ਰਾਜਕੀ ਜਾਇਦਾਦ ਵਿੱਚ ਬਦਲ ਦਿੱਤਾ ਜਾਂਦਾ ਅਤੇ ਕਿਸਾਨਾਂ ਨੂੰ, ਜਿਹੜੇ ਇਸਤੋਂ ਪਹਿਲਾਂ ਉਹਨਾਂ ਉੱਪਰ ਉਜ਼ਰਤੀ ਮਜ਼ਦੂਰਾਂ ਵਜੋਂ ਕੰਮ ਕਰਦੇ ਰਹੇ ਸਨ, ਸਹਿਕਾਰੀ ਸਭਾਵਾਂ ਦੇ ਰੂਪ ਵਿੱਚ ਉਹਨਾਂ ਨੂੰ ਵਾਹੁੰਣ ਦੀ ਆਗਿਆ ਦੇ ਦਿਤੀ ਜਾਂਦੀ। ਪਰ ਇਸ ਤਰ੍ਹਾਂ ਦਾ ਹੱਲ ਖੇਤ-ਮਜ਼ਦੂਰਾਂ ਦੀ ਐਸੀ ਵੰਨਗੀ ਦੀ ਹੋਂਦ ਨੂੰ ਪਹਿਲਾਂ ਮਿੱਥਦਾ ਹੈ, ਜਿਹੜੀ ਰੂਸ ਵਿੱਚ ਮੌਜੂਦ ਨਹੀਂ ਸੀ। ਇਕ ਹੋਰ ਹੱਲ ਇਹ ਹੋ ਸਕਦਾ ਸੀ ਕਿ ਵੱਡੀਆਂ ਵੱਡੀਆਂ ਜਾਗੀਰਾਂ ਨੂੰ ਰਾਜਕੀ ਜਾਇਦਾਦ ਵਿੱਚ ਬਦਲ ਦਿੱਤਾ ਜਾਂਦਾ ਅਤੇ ਥੋੜ੍ਹੀਆਂ-ਥੋੜ੍ਹੀਆਂ ਜ਼ਮੀਨਾਂ ਵਾਲ਼ੇ ਕਿਸਾਨਾਂ ਨੂੰ ਕਿਰਾਏ ਉੱਤੇ ਦੇਣ ਲਈ ਇਹਨਾਂ ਨੂੰ ਛੋਟੇ ਛੋਟੇ ਪਲਾਟਾਂ ਵਿਚ ਵੰਡ ਦਿਤਾ ਜਾਂਦਾ। ਜੇ ਇੰਝ ਕਰ ਲਿਆ ਜਾਂਦਾ ਤਾਂ ਘੱਟੋ ਘੱਟ ਕੁਝ ਤਾਂ ਸੋਸ਼ਲਿਸਟ ਕਿਸਮ ਦਾ ਪ੍ਰਾਪਤ ਹੋ ਜਾਂਦਾ।...”

ਹਮੇਸ਼ਾਂ ਵਾਂਗ ਕਾਊਟਸਕੀ ਆਪਣੇ ਆਪ ਨੂੰ ਮੰਨੇ-ਪ੍ਰਮੰਨੇ ਕਥਨਾਂ ਦੀ ਸੀਮਾ ਅੰਦਰ ਰੱਖਦਾ ਹੈ: ਇੱਕ ਪਾਸੇ ਇਹ ਗੱਲ ਮੰਨੇ ਬਿਨਾਂ ਨਹੀਂ ਰਿਹਾ ਜਾ ਸਕਦਾ, ਅਤੇ ਦੂਜੇ ਪਾਸੇ ਇਹ ਮੰਨਿਆਂ ਜਾਣਾ ਚਾਹੀਦਾ ਹੈ। ਉਹ ਵੱਖੋਂ ਵੱਖਰੇ ਹੱਲ **ਇਕ ਥਾਂ** ਇਕੱਠੇ ਰੱਖ ਦੇਂਦਾ ਹੈ, ਇਸ ਗੱਲ ਬਾਰੇ—ਜੋ ਕਿ ਇਕੋ ਇਕ ਯਥਾਰਥਕ ਅਤੇ ਮਾਰਕਸਵਾਦੀ ਗੱਲ ਹੈ— ਜ਼ਰਾ ਵੀ ਸੋਚੇ ਬਿਨਾਂ ਕਿ ਇਸ ਤਰ੍ਹਾਂ ਦੀਆਂ **ਵਿਸ਼ੇਸ਼** ਹਾਲਤਾਂ ਵਿੱਚ ਸਰਮਾਏਦਾਰੀ ਵਲੋਂ ਕਮਿਊਨਿਜ਼ਮ ਵੱਲ ਦੇ **ਅਬੂਰੀ ਪੜਾਅ** ਕਿਹੜੇ ਕਿਹੜੇ ਹੋਏ ਚਾਹੀਦੇ ਹਨ। ਰੂਸ ਵਿਚ ਉਜਰਤੀ ਖੇਤ-ਮਜ਼ਦੂਰ ਹਨ, ਪਰ ਬਹੁਤੇ ਨਹੀਂ; ਅਤੇ ਕਾਊਟਸਕੀ ਨੇ ਭੂਮੀ ਵਾਹੁਣ ਦੇ ਸਾਂਝੇ ਅਤੇ ਸਹਿਕਾਰੀ ਰੂਪ ਵੱਲ ਤਬਦੀਲੀ ਦੇ ਢੰਗ ਦੇ ਸਵਾਲ ਨੂੰ ਛੂਹਿਆ ਹੀ ਨਹੀਂ, ਜਿਹੜਾ ਸੋਵੀਅਤ ਸਰਕਾਰ ਨੇ **ਉਠਾਇਆ** ਸੀ। ਪਰ ਸਭ ਤੋਂ ਵੱਧ ਅਜੀਬ ਗੱਲ ਇਹ ਹੈ ਕਿ ਕਾਊਟਸਕੀ ਜ਼ਮੀਨ ਦੇ ਛੋਟੇ ਛੋਟੇ ਪਲਾਟਾਂ ਨੂੰ ਕਿਰਾਏ ਉੱਤੇ ਦੇਣ ਵਿੱਚ “ਸੋਸ਼ਲਿਸਟ ਕਿਸਮ ਦਾ ਕੁਝ” ਦੇਖਣ ਦਾ ਦਾਅਵਾ ਕਰਦਾ ਹੈ। ਅਸਲ ਵਿੱਚ, ਇਹ ਇਕ **ਪੈਟੀ-ਬੁਰਜੂਆ** ਨਾਅਰਾ ਹੈ, ਅਤੇ ਇਸ ਵਿਚ “ਸੋਸ਼ਲਿਸਟ ਕਿਸਮ ਦਾ” **ਕੁਝ ਨਹੀਂ।** ਜਿਹੜਾ “ਰਾਜ” ਜ਼ਮੀਨ ਨੂੰ ਕਿਰਾਏ ਉੱਤੇ ਦੇ ਰਿਹਾ ਹੈ, ਉਹ ਪੈਰਿਸ ਕਮਿਊਨ ਵਰਗਾ ਰਾਜ ਨਹੀਂ, ਸਗੋਂ ਇੱਕ ਪਾਰਲੀਮੈਂਟਰੀ ਬੁਰਜੂਆ ਰਿਪਬਲਿਕ ਹੈ (ਅਤੇ ਬਿਲਕੁਲ ਇਹੀ ਗੱਲ ਕਾਊਟਸਕੀ ਲਗਾਤਾਰ ਫ਼ਰਜ਼ ਕਰ ਰਿਹਾ ਹੈ), ਛੋਟੇ ਛੋਟੇ ਪਲਾਟ ਬਣਾ ਕੇ ਜ਼ਮੀਨ ਕਿਰਾਏ ਉਤੇ ਦੇਣਾ ਪ੍ਰਤਿਨਿਧ **ਉਦਾਰਵਾਦੀ ਸੁਧਾਰ** ਹੈ।

ਕਾਊਟਸਕੀ ਇਸ ਬਾਰੇ ਕੁਝ ਨਹੀਂ ਕਹਿੰਦਾ ਕਿ ਸੋਵੀਅਤ ਸਰਕਾਰ ਨੇ ਭੂਮੀ ਦੀ **ਸਾਰੀ** ਨਿੱਜੀ ਮਾਲਕੀ ਖ਼ਤਮ ਕਰ ਦਿਤੀ ਹੈ। ਇਸਤੋਂ ਵੀ ਮਾੜੀ ਗੱਲ: ਉਹ ਯਕੀਨੋਂ-

ਬਾਹਰੀ ਜਾਅਲਸਾਜ਼ੀ ਦਾ ਆਸਰਾ ਲੈਂਦਾ ਹੈ ਅਤੇ ਸੋਵੀਅਤ ਸਰਕਾਰ ਦੇ ਫ਼ਰਮਾਨਾਂ ਦਾ ਇਸ ਤਰੀਕੇ ਨਾਲ਼ ਹਵਾਲਾ ਦੇਂਦਾ ਹੈ ਕਿ ਇਹਨਾਂ ਵਿੱਚੋਂ ਲਾਜ਼ਮੀ ਤੱਤਾਂ ਨੂੰ ਗ਼ਾਇਬ ਕਰ ਦੇਂਦਾ ਹੈ।

ਇਹ ਕਹਿਣ ਤੋਂ ਮਗਰੋਂ ਕਿ "ਛੋਟਾ ਉਤਪਾਦਨ ਉਤਪਾਦਨ ਦੇ ਸਾਧਨਾਂ ਦੀ ਪੂਰਨ ਨਿੱਜੀ ਮਾਲਕੀ ਲਈ ਯਤਨ ਕਰਦਾ ਹੈ" ਅਤੇ ਭੂਮੀ ਦੇ ਵੰਡੇ ਜਾਣ ਨੂੰ ਰੋਕਣ ਦੇ ਸਮਰੱਥ "ਇੱਕੋ ਇੱਕ ਅਧਿਕ੍ਰਿਤ ਸੰਸਥਾ" ਵਿਧਾਨ-ਘੜਨੀ ਅਸੈਂਬਲੀ ਹੋਣੀ ਚਾਹੀਦੀ ਸੀ (ਜੋ ਕਿ ਐਸਾ ਦਾਅਵਾ ਹੈ ਜਿਸਦਾ ਰੂਸ ਵਿੱਚ ਹਾਸਾ ਉਡੇਗਾ, ਜਿੱਥੇ ਹਰ ਕੋਈ ਜਾਣਦਾ ਹੈ ਕਿ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ **ਸਿਰਫ਼** ਸੋਵੀਅਤਾਂ ਨੂੰ ਹੀ "ਅਧਿਕ੍ਰਿਤ ਸੰਸਥਾਵਾਂ" ਮੰਨਿਆ ਜਾਂਦਾ ਹੈ, ਜਦ ਕਿ ਵਿਧਾਨ-ਘੜਨੀ ਅਸੈਂਬਲੀ ਚੈਕਾਂ ਅਤੇ ਭੂਮੀਪਤੀਆਂ ਦਾ ਨਾਅਰਾ ਬਣ ਗਈ ਹੈ), ਕਾਊਟਸਕੀ ਗੱਲ ਜਾਰੀ ਰੱਖਦਾ ਹੈ:

> "ਸੋਵੀਅਤ ਸੱਤਾ ਦੇ ਪਹਿਲੇ ਫ਼ਰਮਾਨਾਂ ਵਿਚੋਂ ਇਕ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ (1) ਭੂਮੀਪਤੀ ਮਾਲਕੀ ਬਿਨਾਂ ਕਿਸੇ ਇਵਜ਼ਾਨੇ ਦੇ ਤੁਰਤ ਖਤਮ ਕੀਤੀ ਜਾਂਦੀ ਹੈ।(2) ਵਿਧਾਨ-ਘੜਨੀ ਅਸੈਂਬਲੀ ਵਲੋਂ ਭੂਮੀ ਦੇ ਸਵਾਲ ਦਾ ਨਿਪਟਾਰਾ ਕੀਤੇ ਜਾਣ ਤੱਕ ਭੂਮੀਪਤੀ ਜਗੀਰਾਂ, ਅਤੇ ਸ਼ਾਹੀ[64] ਮੱਠਾਂ ਅਤੇ ਗਿਰਜਿਆਂ ਦੀਆਂ ਜ਼ਮੀਨਾਂ ਵੀ, ਉਹਨਾਂ ਦੇ ਸਾਰੇ ਮਾਲ-ਡੰਗਰ, ਔਜ਼ਾਰਾਂ, ਇਮਾਰਤਾਂ ਅਤੇ ਬਾਕੀ ਸਭ ਕੁਝ ਸਮੇਤ, ਕਿਸਾਨ ਡਿਪਟੀਆਂ ਦੀਆਂ ਊਯੇਜ਼ਦ ਸੋਵੀਅਤਾਂ ਦੀਆਂ ਵੋਲੋਸਤ ਭੂਮੀ ਕਮੇਟੀਆਂ ਦੀ ਮਾਲਕੀ ਹੇਠ ਦੇ ਦਿਤੀਆਂ ਜਾਣਗੀਆਂ।"

**ਸਿਰਫ਼ ਇਹਨਾਂ ਦੋ ਧਾਰਾਵਾਂ** ਦਾ ਹਵਾਲਾ ਦੇ ਕੇ, ਕਾਊਟਸਕੀ ਸਿੱਟਾ ਕੱਢਦਾ ਹੈ:

> "ਵਿਧਾਨ-ਘੜਨੀ ਅਸੈਂਬਲੀ ਦਾ ਹਵਾਲਾ ਅਮਲ ਵਿਚ ਨਹੀਂ ਲਿਆਂਦਾ ਗਿਆ। ਅਸਲ ਵਿਚ, ਵਖੋ ਵਖਰੀਆਂ ਵੋਲੋਸਤਾਂ ਵਿਚਲੇ ਕਿਸਾਨ ਜ਼ਮੀਨ ਨਾਲ਼ ਜੋ ਚਾਹੁੰਦੇ ਕਰ ਸਕਦੇ ਹਨ।" (ਸਫ਼ਾ 47)

ਇਹ ਹੈ ਤੁਹਾਡੇ ਸਾਮ੍ਹਣੇ ਇੱਕ ਮਿਸਾਲ ਕਾਊਟਸਕੀ ਦੀ "ਆਲੋਚਨਾ" ਦੀ! ਇਹ ਹੈ "ਵਿਗਿਆਨਕ" ਕ੍ਰਿਤ ਜਿਹੜੀ ਧੋਖਾ ਵਧੇਰੇ ਹੈ। ਜਰਮਨ ਪਾਠਕ ਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ ਕਿ ਭੂਮੀ ਦੀ ਨਿੱਜੀ ਮਾਲਕੀ ਦੇ ਸਵਾਲ ਉਤੇ ਬਾਲਸ਼ਵਿਕ ਕਿਸਾਨਾਂ ਅੱਗੇ ਗੋਡੇ ਟੇਕ ਗਏ ਸਨ, ਕਿ ਬਾਲਸ਼ਵਿਕਾਂ ਦੇ ਸਥਾਨਕ ਤੌਰ ਉੱਤੇ ("ਵੱਖੋ ਵੱਖਰੀਆਂ ਵੋਲੋਸਤਾਂ ਵਿੱਚ") ਜਿਵੇਂ ਉਹ ਚਾਹੁਣ, ਕਾਰਵਾਈ ਕਰਨ ਦੀ ਕਿਸਾਨਾਂ ਨੂੰ ਆਗਿਆ ਦੇ ਦਿੱਤੀ ਸੀ।

ਪਰ ਹਕੀਕਤ ਵਿੱਚ, ਜਿਸ ਫ਼ਰਮਾਨ ਦਾ ਕਾਊਟਸਕੀ ਹਵਾਲਾ ਦੇਂਦਾ ਹੈ—26 ਅਕਤੂਬਰ, 1917 (ਪੁਰਾਣੀ ਸ਼ੈਲੀ)* ਨੂੰ ਜਾਰੀ ਕੀਤਾ ਗਿਆ ਪਹਿਲਾ ਫ਼ਰਮਾਨ—ਉਸ

* ਦੇਖੋ, ਲੈਨਿਨ, ਚੋਣਵੀਆਂ ਕਿਰਤਾਂ 12 ਸੈਂਚੀਆਂ ਵਿੱਚ, ਪ੍ਰਗਤੀ ਪ੍ਰਕਾਸ਼ਨ, 1990, ਸੰਚੀ-7, ਸਫ਼ੇ 20-26.

ਵਿਚ ਦੋ ਨਹੀਂ ਪੰਜ ਧਰਾਵਾਂ ਸਨ, ਅਤੇ **ਨਾਲ਼** ਅੱਠ ਧਾਰਾਵਾਂ "ਹਦਾਇਤ"[65] ਦੀਆਂ ਸਨ, ਜਿਸ ਬਾਰੇ ਇਹ ਸਾਫ਼ ਸਾਫ਼ ਕਿਹਾ ਗਿਆ ਸੀ ਕਿ ਇਹ "ਰਾਹ-ਦਿਖਾਵੇ ਦਾ ਕੰਮ ਕਰੇਗਾ"।

ਫ਼ਰਮਾਨ ਦੀ ਧਾਰਾ 3 ਵਿੱਚ ਕਿਹਾ ਗਿਆ ਹੈ ਕਿ ਜਾਗੀਰਾਂ "**ਲੋਕਾਂ ਦੇ ਨਾਂ**" ਇੰਤਕਾਲ ਕੀਤੀਆਂ ਜਾਂਦੀਆਂ ਹਨ, ਅਤੇ "ਜ਼ਬਤ ਕੀਤੀ ਸਾਰੀ ਜਾਇਦਾਦ ਦੀਆਂ ਠੀਕ ਠੀਕ ਸੂਚੀਆਂ" ਬਣਾਈਆਂ ਜਾਣਗੀਆਂ ਅਤੇ ਜਾਇਦਾਦ ਦੀ "ਕਰੜੇ ਤੋਂ ਕਰੜੇ ਇਨਕਲਾਬੀ ਤਰੀਕੇ ਨਾਲ਼ ਰੱਖਿਆ ਕੀਤੀ ਜਾਇਗੀ"। ਅਤੇ ਆਦੇਸ਼ ਵਿੱਚ ਐਲਾਨ ਕੀਤਾ ਗਿਆ ਹੈ ਕਿ "ਜ਼ਮੀਨ ਦੀ ਨਿੱਜੀ ਮਾਲਕੀ ਹਮੇਸ਼ਾ ਲਈ ਖ਼ਤਮ ਕਰ ਦਿੱਤੀ ਜਾਏਗੀ", ਕਿ "ਜਿਨ੍ਹਾਂ ਜ਼ਮੀਨਾਂ ਉੱਤੇ ਉੱਚ ਦਰਜੇ ਦੀ ਵਿਗਿਆਨਕ ਖੇਤੀ ਕੀਤੀ ਜਾਂਦੀ ਹੈ", "**ਉਹਨਾਂ ਨੂੰ ਵੰਡਿਆ ਨਹੀ ਜਾਏਗਾ**", ਕਿ "ਜ਼ਬਤ ਕੀਤੀਆਂ ਜਾਗੀਰਾਂ ਦਾ ਸਾਰਾ ਮਾਲ-ਡੰਗਰ ਅਤੇ ਖੇਤੀ ਦੇ ਸੰਦ, ਆਕਾਰ ਅਤੇ ਮਹੱਤਤਾ ਉੱਤੇ ਨਿਰਭਰ ਕਰਦਿਆਂ, ਰਾਜ ਜਾਂ ਕਮਿਊਨ ਦੇ ਸਿਰਫ਼ ਆਪਣੇ ਵਰਤਣ ਲਈ ਦੇ ਦਿੱਤੇ ਜਾਣਗੇ, ਅਤੇ ਇਸ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ", ਅਤੇ "ਸਾਰੀ ਜ਼ਮੀਨ ਕੌਮੀ ਭੂਮੀ ਫੰਡ ਦਾ ਹਿੱਸਾ ਬਣ ਜਾਏਗੀ"।

ਫਿਰ, ਵਿਧਾਨ-ਘੜਨੀ ਅਸੈਂਬਲੀ ਨੂੰ ਤੋੜਨ ਦੇ ਨਾਲ਼ ਨਾਲ਼ (5 ਜਨਵਰੀ, 1918) ਸੋਵੀਅਤਾਂ ਦੀ ਤੀਜੀ ਕਾਂਗਰਸ ਨੇ "ਕਿਰਤੀ ਅਤੇ ਲੁੱਟੇ-ਪੁੱਟੇ ਲੋਕਾਂ ਨੇ **ਹੱਕਾਂ ਦਾ ਘੋਸ਼ਣਾ-ਪੱਤਰ**" ਪ੍ਰਵਾਨ ਕੀਤਾ* ਜਿਹੜਾ ਹੁਣ ਸੋਵੀਅਤ ਰਿਪਬਲਿਕ ਦੇ ਬੁਨਿਆਦੀ ਕਾਨੂੰਨ ਦਾ ਹਿੱਸਾ ਹੈ। ਇਸ ਘੋਸ਼ਣਾ-ਪੱਤਰ ਦੇ ਆਰਟੀਕਲ 2, ਪੈਰ੍ਹਾ 1 ਵਿਚ ਕਿਹਾ ਗਿਆ ਹੈ ਕਿ "ਜ਼ਮੀਨ ਦੀ ਨਿੱਜੀ ਮਾਲਕੀ ਹੁਣ ਤੋਂ **ਖਤਮ** ਕੀਤੀ ਜਾਂਦੀ ਹੈ" ਅਤੇ "ਮਾਡਲ ਜਾਗੀਰਾਂ ਅਤੇ ਜ਼ਰਾਇਤੀ ਅਦਾਰਿਆਂ ਦੇ ਕੌਮੀ ਮਲਕੀਅਤ ਹੋਣ ਦਾ ਐਲਾਨ ਕੀਤਾ ਜਾਂਦਾ ਹੈ।"

ਇਸ ਲਈ, ਵਿਧਾਨ-ਘੜਨੀ ਅਸੈਂਬਲੀ ਦਾ ਹਵਾਲਾ ਐਸੀ ਚੀਜ਼ **ਨਹੀਂ** ਸੀ ਰਿਹਾ ਜਿਸਨੂੰ ਅਮਲ ਵਿੱਚ ਨਾ ਲਿਆਂਦਾ ਗਿਆ ਹੋਵੇ, ਕਿਉਂਕਿ ਇੱਕ ਹੋਰ ਕੌਮੀ ਪ੍ਰਤਿਨਿਧ ਜਥੇਬੰਦੀ, ਜਿਹੜੀ ਕਿਸਾਨਾਂ ਦੀਆਂ ਨਜ਼ਰਾਂ ਵਿੱਚ ਅਥਾਹ ਤੌਰ ਉੱਤੇ ਵਧੇਰੇ ਪ੍ਰਮਾਣਿਕ ਸੀ, ਨੇ ਜ਼ਰਈ ਮਸਲੇ ਦੇ ਹੱਲ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ।

ਫਿਰ, 6 (19) ਫ਼ਰਵਰੀ, 1918 ਨੂੰ ਭੂਮੀ ਸਮਾਜੀਕਰਣ ਕਾਨੂੰਨ[66] ਪਾਸ ਕੀਤਾ ਗਿਆ, ਜਿਸਨੇ ਇੱਕ ਵਾਰੀ ਫਿਰ ਭੂਮੀ ਦੀ ਸਾਰੀ ਨਿਜੀ ਮਾਲਕੀ ਦੇ ਖਾਤਮੇ ਦੀ ਪੁਸ਼ਟੀ ਕੀਤੀ ਅਤੇ ਭੂਮੀ ਨੂੰ ਅਤੇ **ਸਾਰੇ ਨਿੱਜੀ** ਮਾਲ-ਡੰਗਰ ਅਤੇ ਸੰਦਾਂ ਨੂੰ **ਫੈਡਰਲ ਸੋਵੀਅਤ ਰਿਪਬਲਿਕ ਦੇ ਕੰਟਰੋਲ ਹੇਠ** ਸੋਵੀਅਤ ਅਧਿਕਾਰੀਆਂ ਦੀ ਵਰਤੋਂ ਲਈ ਦੇ ਦਿੱਤਾ ਗਿਆ। ਭੂਮੀ ਨੂੰ ਵਰਤੋਂ ਲਈ ਦੇਣ ਨਾਲ਼ ਸਬੰਧਤ ਫ਼ਰਜ਼ਾਂ ਵਿੱਚ, ਕਾਨੂੰਨ ਇਹ ਕੁਝ ਕਰਨ ਲਈ ਕਹਿੰਦਾ ਸੀ:

> "ਸੋਸ਼ਲਿਸਟ ਖੇਤੀ ਵੱਲ ਤਬਦੀਲੀ ਦੇ ਮੁੱਖ ਰੱਖਦਿਆਂ, ਨਿੱਜੀ ਖੇਤੀ ਦੀ ਕੀਮਤ ਉੱਤੇ, ਕਿਰਤ ਅਤੇ ਉਤਪਾਦਨ ਦੇ ਸੰਜਮ ਦੇ ਦ੍ਰਿਸ਼ਟੀਕੋਣ ਤੋਂ ਵਧੇਰੇ

---

* ਦੇਖੋ, ਲੈਨਿਨ, ਚੋਣਵੀਆਂ ਕ੍ਰਿਤਾਂ ਬਾਰਾਂ ਸੈਂਚੀਆਂ ਵਿੱਚ, ਸੈਂਚੀ ਨੰ. 7, ਸਫ਼ੇ— 92-97।— **ਸੰਪਾ.**

ਲਾਭਕਾਰੀ ਹੋਣ ਵਜੋਂ ਸਾਂਝੀ ਖੇਤੀ ਦਾ ਵਿਕਾਸ ਕਰਨਾ" (ਆਰਟੀਕਲ 11, ਪੈਰਾ ਈ)।

ਇਸੇ ਕਾਨੂੰਨ ਨੇ, **ਬਰਾਬਰ** ਦੀ ਭੋਂਦਾਰੀ ਦਾ ਅਸੂਲ ਸਥਾਪਤ ਕਰਕੇ ਇਸ ਬੁਨਿਆਦੀ ਸਵਾਲ: "ਭੂਮੀ ਦੀ ਵਰਤੋਂ ਦਾ ਹੱਕ ਕਿਸਨੂੰ ਹੈ?" ਦਾ ਜਵਾਬ ਹੇਠ ਲਿਖੇ ਢੰਗ ਨਾਲ਼ ਦਿਤਾ:

(ਆਰਟੀਕਲ20) "ਰੂਸੀ ਸੋਵੀਅਤ ਫ਼ੈਡਰੇਟਿਵ ਰਿਪਬਲਿਕ ਦੀਆਂ ਹੱਦਾਂ ਦੇ ਅੰਦਰ ਅੰਦਰ ਭੂਮੀ ਦੀ ਸਤਹ ਦੇ ਪਲਾਟ ਜਨਤਕ ਅਤੇ ਨਿਜੀ ਲੋੜਾਂ ਲਈ ਵਰਤੇ ਜਾ ਸਕਦੇ ਹਨ। ੳ. ਸਭਿਆਚਾਰਕ ਅਤੇ ਵਿਦਿਅਕ ਮੰਤਵਾਂ ਲਈ- (1) ਰਾਜ ਵਲੋਂ, ਜਿਵੇਂ ਕਿ ਸੋਵੀਅਤ ਸੱਤ੍ਹਾ ਦੇ ਅਦਾਰੇ (ਫ਼ੈਡਰਲ ਵੀ, ਅਤੇ ਖੰਡਾਂ, ਗੁਬੇਰਨੀਆਂ, ਉਯੇਜ਼ਦਾਂ, ਵੋਲੋਸਤਾਂ ਅਤੇ ਪਿੰਡਾਂ ਵਿਚਲੇ) ਇਸਦੀ ਪ੍ਰਤਿਨਿੱਧਤਾ ਕਰਦੇ ਹਨ, ਅਤੇ (2) ਜਨਤਕ ਜਥੇਬੰਦੀਆਂ ਵਲੋਂ (ਸਥਾਨਕ ਸੋਵੀਅਤ ਅਧਿਕਾਰੀਆਂ ਦੇ ਕੰਟਰੋਲ ਹੇਠ, ਅਤੇ ਉਹਨਾਂ ਦੀ ਆਗਿਆ ਨਾਲ਼); ਅ. ਜ਼ਰਾਇਤੀ ਮੰਤਵਾਂ ਲਈ: (3) ਜ਼ਰਾਇਤੀ ਕਮਿਊਨਾਂ ਵੱਲੋਂ, (4) ਜ਼ਰਾਇਤੀ ਸਹਿਕਾਰੀ ਸਭਾਵਾਂ ਵੱਲੋਂ, (5) ਪੇਂਡੂ ਭਾਈਚਾਰਿਆਂ ਵੱਲੋਂ, (6) ਵਿਅਕਤੀਗਤ ਪ੍ਰਵਾਰਾਂ ਅਤੇ ਬੰਦਿਆਂ ਵੱਲੋਂ..."

ਪਾਠਕ ਦੇਖੇਗਾ ਕਿ ਕਾਊਟਸਕੀ ਨੇ ਤੱਥਾਂ ਨੂੰ ਪੂਰੀ ਤਰ੍ਹਾਂ ਤੋੜ-ਮਰੋੜ ਦਿੱਤਾ ਹੈ ਅਤੇ ਰੂਸ ਵਿੱਚ ਪ੍ਰੋਲੇਤਾਰੀ ਰਾਜ ਦੀ ਜ਼ਰਈ ਨੀਤੀ ਅਤੇ ਜ਼ਰਾਇਤੀ ਕਾਨੂੰਨਸਾਜ਼ੀ ਦਾ ਬਿਲਕੁਲ ਗ਼ਲਤ ਦ੍ਰਿਸ਼ ਜਰਮਨ ਪਾਠਕਾਂ ਅੱਗੇ ਰੱਖਿਆ ਹੈ।

ਕਾਊਟਸਕੀ ਤਾਂ ਸਿਧਾਂਤਕ ਤੌਰ ਉੱਤੇ ਮਹੱਤਵਪੂਰਨ ਬੁਨਿਆਦੀ ਸਵਾਲ ਸੂਤ੍ਰਿਤ ਕਰਨ ਤੋਂ ਵੀ ਅਸਮਰੱਥ ਰਿਹਾ ਹੈ!

ਇਹ ਸਵਾਲ ਹਨ:

(1) ਬਰਾਬਰ ਦੀ ਭੌਂਦਾਰੀ ਅਤੇ

(2) ਭੂਮੀ ਦਾ ਕੌਮੀਕਰਣ -ਇਹਨਾਂ ਦੋ ਕਦਮਾਂ ਦਾ ਆਮ ਕਰਕੇ ਸੋਸ਼ਲਿਜ਼ਮ ਨਾਲ਼, ਅਤੇ ਖਾਸ ਕਰਕੇ ਸਰਮਾਏਦਾਰੀ ਤੋਂ ਕਮਿਊਨਿਜ਼ਮ ਵੱਲ ਤਬਦੀਲੀ ਨਾਲ਼ ਸਬੰਧ।

(3) ਛੋਟੀ ਖਿੰਡੀ ਹੋਈ ਖੇਤੀ ਤੋਂ ਵੱਡੇ ਪੈਮਾਨੇ ਦੀ ਸਾਂਝੀ ਖੇਤੀ ਵੱਲ ਤਬਦੀਲੀ ਵਜੋਂ ਮਿਲ ਕੇ ਖੇਤੀ ਕਰਨਾ; ਜਿਸ ਤਰੀਕੇ ਨਾਲ਼ ਇਸ ਸਵਾਲ ਨੂੰ ਸੋਵੀਅਤ ਕਾਨੂੰਨਸਾਜ਼ੀ ਵਿੱਚ ਲਿਆ ਗਿਆ ਹੈ, ਕਿ ਉਹ ਸੋਸ਼ਲਿਜ਼ਮ ਦੀਆਂ ਲੋੜਾਂ ਨੂੰ ਪੂਰੀਆਂ ਕਰਦਾ ਹੈ?

ਪਹਿਲੇ ਸਵਾਲ ਬਾਰੇ ਸਭ ਤੋਂ ਪਹਿਲਾਂ ਹੇਠ ਲਿਖੇ ਦੋ ਬੁਨਿਆਦੀ ਤੱਥ ਸਥਾਪਤ ਕਰਨੇ ਜ਼ਰੂਰੀ ਹਨ: (ੳ) 1905 ਦੇ ਤਜ਼ਰਬੇ ਦਾ ਰੀਵੀਊ ਕਰਦਿਆਂ (ਮੈਂ, ਉਦਾਹਰਣ ਵਜੋਂ, ਪਹਿਲੇ ਰੂਸੀ ਇਨਕਲਾਬ ਵਿੱਚ ਜ਼ਰਈ ਮਸਲੇ ਬਾਰੇ ਆਪਣੀ ਕਿਰਤ ਦਾ ਹਵਾਲਾ ਦੇ ਸਕਦਾ ਹਾਂ[67]), ਬਾਲਸ਼ਵਿਕਾਂ ਨੇ "ਬਰਾਬਰ ਦੀ ਭੋਂਦਾਰੀ" ਦੇ ਨਾਅਰੇ ਜਮਹੂਰੀ ਤੌਰ ਉੱਤੇ

ਪ੍ਰਗਤੀਸ਼ੀਲ ਅਤੇ ਜਮਹੂਰੀ ਤੌਰ ਉੱਤੇ ਇਨਕਲਾਬੀ ਅਰਥਾਂ ਵੱਲ ਧਿਆਨ ਦੁਆਇਆ, ਅਤੇ 1917 ਵਿੱਚ ਅਕਤੂਬਰ ਇਨਕਲਾਬ **ਤੋਂ ਪਹਿਲਾਂ**, ਉਹਨਾਂ ਨੇ ਇਸਦੀ ਨਿਸ਼ਚਿਤ ਤੌਰ ਉੱਤੇ ਗੱਲ ਕੀਤੀ; (ਅ) ਭੂਮੀ ਸਮਾਜੀਕਰਣ ਕਾਨੂੰਨ ਨੂੰ ਲਾਗੂ ਕਰਦਿਆਂ—ਜਿਸਦੀ "ਭਾਵਨ" ਬਰਾਬਰੀ ਦੀ ਭੋਂਦਾਰੀ ਦਾ ਨਾਅਰਾ ਹੈ—ਬਾਲਸ਼ਵਿਕਾਂ ਬਿਲਕੁੱਲ ਸਾਫ਼ ਸਾਫ਼ ਅਤੇ ਨਿਸ਼ਚਿਤ ਤਰ੍ਹਾਂ ਨਾਲ ਐਲਾਨ ਕੀਤਾ: ਇਹ ਸਾਡਾ ਵਿਚਾਰ ਨਹੀਂ, ਅਸੀਂ ਇਸ ਨਾਅਰੇ ਨਾਲ਼ ਸਹਿਮਤ ਨਹੀਂ, ਪਰ ਇਸਨੂੰ ਲਾਗੂ ਕਰਨਾ ਅਸੀਂ ਆਪਣਾ ਫ਼ਰਜ਼ ਸਮਝਦੇ ਹਾਂ ਕਿਉਂਕਿ ਕਿਸਾਨਾਂ ਦੀ ਭਾਰੀ ਬਹੁਗਿਣਤੀ ਦੀ ਇਹ ਮੰਗ ਹੈ। ਅਤੇ ਮਜ਼ਦੂਰ ਲੋਕਾਂ ਦੀ ਬਹੁਗਿਣਤੀ ਦਾ ਵਿਚਾਰ ਅਤੇ ਮੰਗਾਂ ਐਸੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਮਜ਼ਦੂਰ ਲੋਕ **ਆਪ ਹੀ ਛੱਡਣ ਤਾਂ ਛੱਡਣ**: ਇਹੋ ਜਿਹੀਆਂ ਮੰਗਾਂ ਨਾ ਹੀ "ਖਤਮ ਕੀਤੀਆਂ ਜਾ ਸਕਦੀਆਂ" ਹਨ, ਨਾ ਹੀ ਇਹਨਾਂ ਨੂੰ "ਉਲੰਘ ਕੇ" ਜਾਇਆ ਜਾ ਸਕਦਾ ਹੈ। ਅਸੀਂ ਬਾਲਸ਼ਵਿਕ ਪੈਟੀ-ਬੁਰਜੂਆ ਨਾਅਰਿਆਂ ਦਾ ਤਿਆਗ ਕਰਨ ਵਿੱਚ, ਇਹਨਾਂ ਤੋਂ ਜਿੰਨੀ ਜਲਦੀ ਸੰਭਵ ਹੋ ਸਕੇ ਅਤੇ ਜਿੰਨੀ ਸੌਖੀ ਤਰ੍ਹਾਂ ਹੋ ਸਕੇ ਸੋਸ਼ਲਿਸਟ ਨਾਅਰਿਆਂ ਵੱਲ **ਜਾਣ ਵਿੱਚ** ਕਿਸਾਨਾਂ ਦੀ **ਸਹਾਇਤਾ ਕਰਾਂਗੇ।**

ਜਿਹੜਾ ਮਾਰਕਸਵਾਦੀ ਸਿਧਾਂਤਕਾਰ ਆਪਣੇ ਵਿਗਿਆਨਕ ਵਿਸ਼ਲੇਸ਼ਣ ਨਾਲ਼ ਮਜ਼ਦੂਰ ਜਮਾਤ ਦੇ ਇਨਕਲਾਬ ਦੀ ਸਹਾਇਤਾ ਕਰਨੀ ਚਾਹੁੰਦਾ ਹੋਵੇ, ਉਸਨੂੰ ਹੇਠ ਲਿਖੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਸਨ: ਪਹਿਲਾਂ, ਕੀ ਇਹ ਠੀਕ ਹੈ ਕਿ ਬਰਾਬਰ ਦੀ ਭੋਂਦਾਰੀ ਦਾ ਵਿਚਾਰ **ਬੁਰਜੂਆ**-ਜਮਹੂਰੀ ਇਨਕਲਾਬ ਨੂੰ ਤੋੜ ਤੱਕ ਪੁਚਾਉਣ ਦਾ ਜਮਹੂਰੀ ਤੌਰ ਉੱਤੇ ਇਨਕਲਾਬੀ ਅਰਥ ਰੱਖਦਾ ਹੈ ? ਦੂਜੀ ਗੱਲ, ਕੀ ਬਾਲਸ਼ਵਿਕਾਂ ਨੇ ਆਪਣੀਆਂ ਵੋਟਾਂ ਨਾਲ਼ ਪੈਟੀ-ਬੁਰਜੂਆ ਬਰਾਬਰ ਦੀ ਭੋਂਦਾਰੀ ਦਾ ਕਾਨੂੰਨ ਪਾਸ ਕਰਨ ਵਿਚ (ਅਤੇ ਵੱਧ ਤੋਂ ਵੱਧ ਵਫ਼ਾਦਾਰੀ ਨਾਲ਼ ਇਸਦੀ ਪਾਲਣਾ ਕਰਨ ਵਿੱਚ) ਸਹਾਇਤਾ ਕਰਕੇ ਠੀਕ ਕੰਮ ਕੀਤਾ ਸੀ ?

ਕਾਉਟਸਕੀ ਤਾਂ ਇਹ **ਅਨੁਭਵ ਕਰਨ ਤੋਂ** ਵੀ ਅਸਮਰੱਥ ਰਿਹਾ ਕਿ ਸਿਧਾਂਤਕ ਤੌਰ ਉਤੇ ਸਮੱਸਿਆ ਦਾ ਬੁਨਿਆਦੀ ਨੁਕਤਾ ਕੀ ਹੈ!

ਕਾਉਟਸਕੀ ਇਸ ਵਿਚਾਰ ਨੂੰ ਕਦੀ ਵੀ ਗ਼ਲਤ ਨਹੀਂ ਦੱਸ ਸਕੇਗਾ ਕਿ ਬਰਾਬਰ ਦੀ ਭੋਂਦਾਰੀ ਦਾ ਵਿਚਾਰ ਬੁਰਜੂਆ-ਜਮਹੂਰੀ ਇਨਕਲਾਬ ਵਿੱਚ ਪ੍ਰਗਤੀਸ਼ੀਲ ਅਤੇ ਇਨਕਲਾਬੀ ਕੀਮਤ ਰੱਖਦਾ ਹੈ। ਇਹੋ ਜਿਹਾ ਇਨਕਲਾਬ ਇਸਤੋਂ ਅੱਗੇ ਨਹੀਂ ਜਾ ਸਕਦਾ। ਆਪਣੀ ਸੀਮਾ ਤੱਕ ਪਹੁੰਚ ਕੇ, ਇਹ ਹੋਰ ਵੀ **ਵਧੇਰੇ ਸਪੱਸ਼ਟਤਾ ਨਾਲ਼**, **ਤੇਜ਼ੀ ਨਾਲ਼** ਅਤੇ **ਸੌਖੀ ਤਰ੍ਹਾਂ** ਬੁਰਜੂਆ-ਜਮਹੂਰੀ ਹੱਲਾਂ ਦੇ **ਨਾਕਾਫ਼ੀ ਹੋਣ** ਨੂੰ, ਅਤੇ ਉਹਨਾਂ ਦੀਆਂ ਸੀਮਾਂ ਤੋਂ ਅੱਗੇ ਵਧਣ, **ਸੋਸ਼ਲਿਜ਼ਮ** ਤੱਕ ਜਾਣ ਦੀ ਲੋੜ ਨੂੰ ਲੋਕਾਂ ਸਾਮ੍ਹਣੇ ਸਪੱਸ਼ਟ ਕਰ ਦੇਂਦਾ ਹੈ।

ਜਿਹੜੇ ਕਿਸਾਨ ਜ਼ਾਰਸ਼ਾਹੀ ਅਤੇ ਭੂਮੀਪਤੀਆਂ ਦਾ ਤਖ਼ਤਾ ਉਲਟਾ ਚੁੱਕੇ ਹਨ, ਉਹ ਬਰਾਬਰ ਦੀ ਭੋਂਦਾਰੀ ਦੇ ਸੁਫ਼ਨੇ ਲੈਂਦੇ ਹਨ, ਅਤੇ ਧਰਤੀ ਉਪਰਲੀ ਕੋਈ ਤਾਕਤ ਵੀ ਕਿਸਾਨਾਂ ਨੂੰ ਨਹੀਂ ਸੀ ਰੋਕ ਸਕਦੀ, ਇੱਕ ਵਾਰੀ ਜਦੋਂ ਉਹ ਭੂਮੀਪਤੀਆਂ ਤੋਂ ਵੀ ਅਤੇ

**ਬੁਰਜੂਆ** ਪਾਰਲੀਮੈਂਟਰੀ ਰਿਪਬਲਿਕਨ ਰਾਜ ਤੋਂ ਵੀ ਅਜ਼ਾਦ ਹੋ ਚੁੱਕੇ ਸਨ। ਮਜ਼ਦੂਰ ਕਿਸਾਨਾਂ ਨੂੰ ਕਹਿੰਦੇ ਹਨ: ਅਸੀਂ "ਆਦਰਸ਼ਕ" ਸਰਮਾਏਦਾਰੀ ਤੱਕ ਪਹੁੰਚਣ ਵਿੱਚ ਤੁਹਾਡੀ ਸਹਾਇਤਾ ਕਰਾਂਗੇ, ਕਿਉਂਕਿ ਬਰਾਬਰ ਦੀ ਭੋਂਦਾਰੀ ਛੋਟੇ ਉਤਪਾਦਕ ਵੱਲੋਂ ਸਰਮਾਏਦਾਰੀ ਦਾ ਆਦਰਸ਼ੀਕਰਣ ਹੈ। ਇਸਦੇ ਨਾਲ਼ ਹੀ, ਅਸੀਂ ਤੁਹਾਡੇ ਸਾਮ੍ਹਣੇ ਇਸਦੇ ਨਾਕਾਫ਼ੀ ਹੋਣ ਨੂੰ ਅਤੇ ਮਿਲ ਕੇ ਖੇਤੀ ਕਰਨ ਵੱਲ ਜਾਣ ਦੀ ਲੋੜ ਨੂੰ ਸਿੱਧ ਕਰਾਂਗੇ।

ਇਹ ਗ਼ਲਤ ਸਿੱਧ ਕਰਨ ਦੇ, ਕਿ ਪ੍ਰੋਲੇਤਾਰੀਆਂ ਵੱਲੋਂ ਕਿਸਾਨ ਘੋਲ਼ ਦੀ **ਇਸ ਤਰ੍ਹਾਂ** ਦੀ ਅਗਵਾਈ ਠੀਕ ਸੀ, ਕਾਊਟਸਕੀ ਵੱਲੋਂ ਕੀਤੇ ਗਏ ਯਤਨ ਨੂੰ ਦੇਖਣਾ ਦਿਲਚਸਪ ਰਹਿੰਦਾ!

ਪਰ, ਕਾਊਟਸਕੀ ਨੇ ਇਸ ਸਵਾਲ ਤੋਂ ਬਿਲਕੁਲ ਕੰਨੀਂ ਕਤਰਾਉਣ ਨੂੰ ਤਰਜੀਹ ਦਿੱਤੀ।...

ਅਗਲੀ ਗੱਲ, ਕਾਊਟਸਕੀ ਨੇ ਆਪਣੇ ਜਰਮਨ ਪਾਠਕਾਂ ਤੋਂ ਇਹ ਤੱਥ ਲੁਕਾ ਕੇ, ਕਿ ਆਪਣੇ ਭੂਮੀ **ਕਾਨੂੰਨ ਵਿੱਚ** ਸੋਵੀਅਤ ਸਰਕਾਰ ਨੇ ਕਮਿਊਨਾਂ ਅਤੇ ਸਹਿਕਾਰੀ ਸਭਾਵਾਂ ਨੂੰ ਪਹਿਲੀ ਥਾਂ ਉੱਤੇ ਰੱਖਕੇ **ਸਿੱਧੀ** ਤਰਜੀਹ ਦਿੱਤੀ ਸੀ, ਉਹਨਾਂ ਨੂੰ ਜਾਣ-ਬੁੱਝ ਕੇ ਧੋਖਾ ਦਿੱਤਾ।

ਬੁਰਜੂਆ-ਜਮਹੂਰੀ ਇਨਕਲਾਬ ਦੇ ਅਖ਼ੀਰ ਤੱਕ ਸਾਰੇ ਕਿਸਾਨਾਂ ਦੇ ਨਾਲ਼ ਰਹੋ; ਅਤੇ ਕਿਸਾਨਾਂ ਦੇ ਗ਼ਰੀਬ, ਪ੍ਰੋਲੇਤਾਰੀ ਅਤੇ ਅਰਧ-ਪ੍ਰੋਲੇਤਾਰੀ ਤਬਕੇ ਨਾਲ਼ ਸੋਸ਼ਲਿਸਟ ਇਨਕਲਾਬ ਵੱਲ ਵਧੋ! ਬਾਲਸ਼ਵਿਕਾਂ ਦੀ ਇਹ ਨੀਤੀ ਰਹੀ ਹੈ, ਅਤੇ ਇਹ ਇੱਕੋ ਇੱਕ ਮਾਰਕਸਵਾਦੀ ਨੀਤੀ ਹੈ।

ਪਰ ਕਾਊਟਸਕੀ ਪੂਰੀ ਤਰ੍ਹਾਂ ਘਚੋਲ਼ੇ ਵਿੱਚ ਹੈ ਅਤੇ ਇੱਕ ਵੀ ਸਵਾਲ ਸੂਤ੍ਰਿਤ ਕਰਨ ਤੋਂ ਅਸਮਰੱਥ ਹੈ! ਇੱਕ ਪਾਸੇ, ਉਸਦੀ ਇਹ ਕਹਿਣ ਦੀ **ਹਿੰਮਤ ਨਹੀਂ ਪੈਂਦੀ** ਕਿ ਮਜ਼ਦੂਰਾਂ ਨੂੰ ਬਰਾਬਰ ਦੀ ਭੋਂਦਾਰੀ ਦੇ ਸਵਾਲ ਉੱਤੇ ਕਿਸਾਨਾਂ ਦਾ ਸਾਥ ਛੱਡ ਦੇਣਾ ਚਾਹੀਦਾ ਸੀ, ਕਿਉਂਕਿ ਉਹ ਸਮਝਦਾ ਹੈ ਕਿ ਇਹ ਬੇਹੂਦਾ ਗੱਲ ਹੁੰਦੀ (ਅਤੇ, ਇਸਤੋਂ ਛੁੱਟ, 1905 ਵਿੱਚ, ਜਦੋਂ ਉਹ ਅਜੇ ਭਗੌੜਾ ਨਹੀਂ ਸੀ ਹੋਇਆ, ਉਹ ਆਪ ਇਨਕਲਾਬ ਦੀ ਜਿੱਤ ਦੀ ਇੱਕ ਸ਼ਰਤ ਵਜੋਂ ਮਜ਼ਦੂਰਾਂ ਅਤੇ ਕਿਸਾਨਾਂ ਵਿਚਕਾਰ ਗਠਜੋੜ ਦੀ ਸਾਫ਼ ਸਾਫ਼ ਅਤੇ ਖੁੱਲ੍ਹਮ-ਖੁੱਲ੍ਹਾ ਵਕਾਲਤ ਕਰਦਾ ਸੀ)। ਦੂਜੇ ਪਾਸੇ, ਉਹ ਮੈਨਸ਼ਵਿਕ ਮਾਸਲੋਵ ਦੇ ਉਦਾਰਵਾਦੀ ਕਥਨਾਂ ਦੇ ਹਮਦਰਦੀ ਨਾਲ਼ ਹਵਾਲੇ ਦੇਂਦਾ ਹੈ, ਜਿਹੜਾ "ਸਾਬਤ ਕਰਦਾ ਹੈ" ਕਿ ਪੈਟੀ-ਬੁਰਜੂਆ ਬਰਾਬਰ ਦੀ ਭੋਂਦਾਰੀ **ਸ਼ੋਸਲਿਜ਼ਮ ਦੇ ਦਿਸ਼ਟੀਕੋਣ** ਤੋਂ ਯੂਟੋਪੀਆਈ ਅਤੇ ਪ੍ਰਤੀਕਿਰਿਆਵਾਦੀ ਹੈ, ਪਰ **ਬੁਰਜੂਆ-ਜਮਹੂਰੀ ਇਨਕਲਾਬ ਦੇ ਦ੍ਰਿਸ਼ਟੀਕੋਣ ਤੋਂ** ਬਰਾਬਰੀ ਅਤੇ ਬਰਾਬਰ ਦੀ ਭੋਂਦਾਰੀ ਲਈ ਪੈਟੀ-ਬੁਰਜੂਆ ਘੋਲ਼ ਦੀ ਪ੍ਰਗਤੀਸ਼ੀਲ ਅਤੇ ਇਨਕਲਾਬੀ ਖਾਸੇ ਨੂੰ ਲੁਕਾ ਲੈਂਦਾ ਹੈ।

ਕਾਊਟਸਕੀ ਨਿਰਾਸ਼ਾਜਨਕ ਘਚੋਲੇ ਵਿਚ ਪਿਆ ਹੋਇਆ ਹੈ: ਧਿਆਨ ਦਿਓ ਕਿ ਉਹ (1918 ਵਿੱਚ) ਰੂਸੀ ਇਨਕਲਾਬ ਦੇ **ਬੁਰਜੂਆ** ਖਾਸੇ ਉਤੇ **ਜ਼ੋਰ ਦੇਂਦਾ** ਹੈ। ਉਹ

(1918 ਵਿਚ) ਹੁਕਮ ਚਲਾਉਂਦਾ ਰਹਿੰਦਾ ਹੈ: ਇਹਨਾਂ ਸੀਮਾਂ ਤੋਂ ਪਰ੍ਹੇ ਨਾ ਜਾਓ! ਫਿਰ ਵੀ ਇਸੇ ਹੀ ਕਾਊਟਸਕੀ ਨੂੰ **ਗ਼ਰੀਬ** ਕਿਸਾਨਾਂ ਵਿੱਚ ਜ਼ਮੀਨ ਦੇ ਛੋਟੇ ਛੋਟੇ ਪਲਾਟ ਕਿਰਾਏ ਉੱਤੇ ਦੇਣ ਦੇ **ਪੈਟੀ-ਬੁਰਜੂਆ** ਸੁਧਾਰ ਵਿੱਚ (ਜੋ ਕਿ ਬਰਾਬਰ ਦੀ ਭੋਂਦਾਰੀ ਦੀ ਵਰਗੀ ਹੀ ਇੱਕ ਚੀਜ਼ ਹੈ, **ਬੁਰਜੂਆ** ਇਨਕਲਾਬ ਲਈ) "**ਸੋਸ਼ਲਿਜ਼ਮ ਕਿਸਮ** ਦਾ ਕੁਝ" ਦਿਖਾਈ ਦੇਂਦਾ ਹੈ!!

ਸਮਝ ਲਵੋਂ ਜੇ ਇਹ ਸਮਝ ਸਕਦੇ ਹੋ!

ਇਸ ਸਭ ਕੁੱਝ ਤੋਂ ਛੁੱਟ, ਕਾਊਟਸਕੀ ਨਿਸ਼ਚਿਤ ਪਾਰਟੀ ਦੀ ਅਸਲ ਨੀਤੀ ਨੂੰ ਧਿਆਨ ਵਿੱਚ ਰੱਖਣ ਤੋਂ ਤੰਗ-ਨਜ਼ਰ ਅਸਮਰੱਥਾ ਦਿਖਾਉਂਦਾ ਹੈ। ਉਹ ਮੈਨਸ਼ਵਿਕ ਮਾਸਲੋਵ ਦੇ ਫੋਕੇ **ਵਾਕੰਸ਼ਾਂ** ਦਾ ਹਵਾਲਾ ਦੇਂਦਾ ਹੈ, ਪਰ 1917 ਵਿਚ ਮੈਨਸ਼ਵਿਕ ਪਾਰਟੀ ਵੱਲੋਂ ਚਲਾਈ ਜਾ ਰਹੀ **ਅਸਲ ਨੀਤੀ ਨੂੰ ਦੇਖਣ ਤੋਂ ਇਨਕਾਰੀ ਹੈ**, ਜਦੋਂ ਭੂਮੀਪਤੀਆਂ ਅਤੇ ਕੈਡਟਾਂ ਨਾਲ਼ "ਮਿਲਕੇ" ਉਹ ਉਸ ਚੀਜ਼ ਦੀ ਵਕਾਲਤ ਕਰਦੇ ਸਨ, ਜੋ ਕਿ ਅਸਲ ਵਿਚ **ਉਦਾਰਵਾਦੀ ਜ਼ਰਈ ਸੁਧਾਰ ਅਤੇ ਭੂਮੀਪਤੀਆਂ ਨਾਲ਼ ਸਮਝੌਤਾ** ਸੀ (ਸਬੂਤ: ਭੂਮੀ ਕਮੇਟੀਆਂ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਅਤੇ ਸ. ਮਾਸਲੋਵ ਦਾ ਭੂਮੀ ਬਿੱਲ)।

ਕਾਊਟਸਕੀ ਇਹ ਦੇਖਣ ਤੋਂ ਅਸਮਰੱਥ ਰਿਹਾ ਕਿ ਪੈਟੀ-ਬੁਰਜੂਆ ਬਰਾਬਰੀ ਦੇ ਪ੍ਰਤੀਕਿਰਿਆਵਾਦੀ ਅਤੇ ਯੂਟੋਪੀਆਈ ਖਾਸੇ ਬਾਰੇ ਪ. ਮਾਸਲੋਵ ਦੇ ਵਾਕੰਸ਼ ਅਸਲ ਵਿੱਚ ਕਿਸਾਨਾਂ ਵੱਲ਼ੋਂ ਭੂਮੀਪਤੀਆਂ ਦਾ **ਇਨਕਲਾਬੀ ਢੰਗ** ਨਾਲ਼ ਤਖਤਾ ਉਲਟਾਉਣ ਦੀ ਥਾਂ ਭੂਮੀਪਤੀਆਂ ਅਤੇ ਕਿਸਾਨਾਂ ਵਿਚਕਾਰ **ਸੁਲਹ-ਸ.ਫਾਈ** ਦੀ (ਅਰਥਾਤ, ਕਿਸਾਨਾਂ ਨੂੰ ਧੋਖਾ ਦੇਣ ਵਿੱਚ ਭੂਮੀਪਤੀਆਂ ਦੀ ਹਿਮਾਇਤ ਕਰਨ ਦੀ) ਮੈਨਸ਼ਵਿਕ ਨੀਤੀ ਨੂੰ ਲੁਕਾਉਣ ਲਈ ਇੱਕ ਪਰਦਾ ਸਨ।

ਕੈਸਾ "ਮਾਰਕਸਵਾਦੀ" ਹੈ ਕਾਊਟਸਕੀ!

ਬਾਲਸ਼ਵਿਕ ਹੀ ਸਨ ਜਿਨ੍ਹਾਂ ਨੇ ਬੁਰਜੂਆ-ਜਮਹੂਰੀ ਇਨਕਲਾਬ ਅਤੇ ਸੋਸ਼ਲਿਸਟ ਇਨਕਲਾਬ ਵਿਚ ਕਰੜਾਈ ਨਾਲ ਨਿਖੇੜਾ ਕੀਤਾ: ਪਹਿਲੇ ਨੂੰ ਨੇਪਰੇ ਚੜ੍ਹਾ ਕੇ, ਉਹਨਾਂ ਨੇ ਦੂਜੇ ਵੱਲ ਤਬਦੀਲੀ ਲਈ ਦਰਵਾਜ਼ਾ ਖੋਹਲ ਦਿਤਾ। ਇਹ ਇਕੋ ਇਕ ਨੀਤੀ ਸੀ ਜਿਹੜੀ ਇਨਕਲਾਬੀ ਅਤੇ ਮਾਰਕਸਵਾਦੀ ਸੀ।

ਕਾਊਟਸਕੀ ਲਈ ਸਿਆਣੀ ਗੱਲ ਹੁੰਦੀ ਜੇ ਉਹ ਕਮਜ਼ੋਰ ਦਿਮਾਗਾਂ ਵਾਲੇ ਉਦਾਰਵਾਦੀ ਚੁਸਤ ਵਾਕ ਨਾ ਦੁਹਰਾਉਂਦਾ: "ਪਰ ਸਿਧਾਂਤਕ ਵਿਸ਼ਵਾਸਾਂ ਦੇ ਪ੍ਰਭਾਵ ਹੇਠ ਕਿਸੇ ਵੀ ਥਾਂ ਛੋਟੇ ਕਿਸਾਨਾਂ ਨੇ ਕਦੀ ਵੀ ਸਾਂਝੀ ਖੇਤੀ ਨਹੀਂ ਅਪਣਾਈ" (ਸਫ਼ਾ50)।

ਕਿੰਨੀ ਚੁਸਤ ਗੱਲ ਹੈ!

ਪਰ ਅੱਜ ਤੱਕ ਕਦੀ ਵੀ ਅਤੇ ਕਿਤੇ ਵੀ ਕਿਸੇ ਵੀ ਵੱਡੇ ਦੇਸ਼ ਦੇ ਛੋਟੇ ਕਿਸਾਨ ਪ੍ਰੋਲੇਤਾਰੀ ਰਾਜ ਦੇ ਪ੍ਰਭਾਵ ਹੇਠ ਨਹੀਂ ਰਹੇ।

ਅੱਜ ਤੱਕ ਕਦੀ ਵੀ ਅਤੇ ਕਿਤੇ ਵੀ ਛੋਟੇ ਕਿਸਾਨ ਖੁੱਲ੍ਹਮ-ਖੁੱਲ੍ਹਾ ਸ਼੍ਰੇਣੀ ਘੋਲ਼ ਵਿੱਚ ਨਹੀਂ ਜੁੱਟੇ ਜਿਹੜਾ ਗਰੀਬ ਕਿਸਾਨਾਂ ਅਤੇ ਅਮੀਰ ਕਿਸਾਨਾਂ ਵਿਚਕਾਰ ਖ਼ਾਨਾਜੰਗੀ ਤੱਕ ਜਾ ਪੁੱਜਾ ਹੋਵੇ, ਅਤੇ ਜਿਸ ਵਿੱਚ ਪ੍ਰੋਲੇਤਾਰੀ ਰਾਜ ਵੱਲੋਂ ਗ਼ਰੀਬਾਂ ਨੂੰ ਪ੍ਰਚਾਰ ਦੀ,

ਰਾਜਨੀਤਕ, ਆਰਥਕ ਅਤੇ ਫ਼ੌਜੀ ਸਹਾਇਤਾ ਦਿੱਤੀ ਜਾ ਰਹੀ ਹੋਵੇ।

ਅੱਜ ਤੱਕ ਕਦੀ ਵੀ ਅਤੇ ਕਿਤੇ ਵੀ ਮੁਨਾਫ਼ੇਖ਼ੋਰਾਂ ਨੇ ਅਤੇ ਅਮੀਰਾਂ ਨੇ ਜੰਗ ਤੋਂ ਏਨਾਂ ਜ਼ਿਆਦਾ ਧਨ ਇੱਕਠਾ ਨਹੀਂ ਕੀਤਾ ਜਦ ਕਿ ਕਿਸਾਨਾਂ ਦੇ ਵਿਸ਼ਾਲ ਸਮੂਹ ਬਿਲਕੁਲ ਤਬਾਹ ਹੋ ਗਏ ਹਨ।

ਕਾਊਟਸਕੀ ਸਿਰਫ਼ ਕਹੀਆਂ ਗੱਲਾਂ ਕਹੀ ਜਾ ਰਿਹਾ ਹੈ, ਪੁਰਾਣੀਆਂ ਗੱਲਾਂ ਦੁਹਰਾਈ ਜਾ ਰਿਹਾ ਹੈ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੇ ਨਵੇਂ ਕਾਰਜਾਂ ਵੱਲ ਧਿਆਨ ਦੇਣ ਤੋਂ ਵੀ ਡਰਦਾ ਹੈ।

ਪਰ, ਪਿਆਰੇ ਕਾਊਟਸਕੀ, ਜੇ ਛੋਟੇ ਪੈਮਾਨੇ ਦੀ ਖੇਤੀ ਲਈ ਕਿਸਾਨਾਂ ਕੋਲ਼ ਕਾਫ਼ੀ ਸੰਦ **ਨਹੀਂ** ਅਤੇ ਪ੍ਰੋਲੇਤਾਰੀ ਰਾਜ ਸਾਂਝੀ ਖੇਤੀ ਲਈ ਮਸ਼ੀਨਾਂ ਪ੍ਰਾਪਤ ਕਰਨ ਵਿੱਚ ਉਹਨਾਂ ਦੀ **ਸਹਾਇਤਾ ਕਰਦਾ** ਹੈ। ਤਾਂ ਕੀ ਉਹ "ਸਿਧਾਂਤਕ ਵਿਕਾਸ" ਹੈ ?———

ਹੁਣ ਅਸੀਂ ਭੂਮੀ ਦੇ ਕੌਮੀਕਰਣ ਦੇ ਸਵਾਲ ਵੱਲ ਆਉਂਦੇ ਹਾਂ। ਸਾਰੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਸਮੇਤ, ਸਾਡੇ ਨਰੋਦਨਿਕ[68] ਇਹ ਗੱਲ ਨਹੀਂ ਮੰਨਦੇ ਕਿ ਜਿਹੜਾ ਕਦਮ ਅਸੀਂ ਚੁੱਕਿਆ ਹੈ, ਉਹ ਭੂਮੀ ਦਾ ਕੌਮੀਕਰਣ ਹੈ। ਉਹ ਸਿਧਾਂਤ ਵਿਚ ਗ਼ਲਤ ਹਨ। ਜਦੋਂ ਤੱਕ ਅਸੀਂ ਜਿਨਸ ਉਤਪਾਦਨ ਅਤੇ ਸਰਮਾਏਦਾਰੀ ਦੇ ਢਾਂਚੇ ਦੇ ਅੰਦਰ ਰਹਿੰਦੇ ਹਾਂ, ਉਦੋਂ ਤੱਕ ਭੂਮੀ ਦੀ ਨਿੱਜੀ ਮਾਲਕੀ ਦਾ ਖਾਤਮਾ ਭੂਮੀ ਦਾ ਕੌਮੀਕਰਣ ਹੈ। ਸ਼ਬਦ "ਸਮਾਜੀਕਰਣ" ਸਿਰਫ਼ ਇੱਕ ਰੁਝਾਣ ਨੂੰ, ਇੱਕ ਇੱਛਾ ਨੂੰ, ਸੋਸ਼ਲਿਜ਼ਮ ਵੱਲ ਤਬਦੀਲੀ ਦੀ ਤਿਆਰੀ ਨੂੰ ਪ੍ਰਗਟ ਕਰਦਾ ਹੈ।

ਭੂਮੀ ਦੇ ਕੌਮੀਕਰਣ ਵੱਲ ਮਾਰਕਸਵਾਦੀਆਂ ਦਾ ਕੀ ਵਤੀਰਾ ਹੋਣਾ ਚਾਹੀਦਾ ਹੈ ?

ਇਥੇ ਵੀ, ਕਾਊਟਸਕੀ ਸਿਧਾਂਤਕ ਸਵਾਲ ਨੂੰ ਸੂਤ੍ਰਿਤ ਕਰਨ ਦੇ ਅਸਮਰੱਥ ਰਹਿੰਦਾ ਹੈ, ਜਾਂ, ਜਿਹੜੀ ਗੱਲ ਹੋਰ ਵੀ ਮਾੜੀ ਹੈ, ਉਹ ਜਾਣ-ਬੁੱਝ ਕੇ ਇਸਨੂੰ ਟਾਲ਼ ਜਾਂਦਾ ਹੈ, ਭਾਵੇਂ ਰੂਸੀ ਸਾਹਿਤ ਤੋਂ ਸਾਨੂੰ ਪਤਾ ਹੈ ਕਿ ਕਾਊਟਸਕੀ ਕੌਮੀਕਰਣ, ਮਿਊਂਸਪਲੀਕਰਣ (ਅਰਥਾਤ, ਵੱਡੀਆਂ ਵੱਡੀਆਂ ਜਾਗੀਰਾਂ ਨੂੰ ਸਵੈ-ਸ਼ਾਸਨ ਦੇ ਸਥਾਨਕ ਅਦਾਰਿਆਂ ਦੇ ਹਵਾਲੇ ਕਰ ਦੇਣਾ), ਜਾਂ ਭੂਮੀ ਦੀ ਵੰਡ ਬਾਰੇ ਰੂਸੀ ਮਾਰਕਸਵਾਦੀਆਂ ਵਿਚਕਾਰ ਪੁਰਾਣੇ ਵਿਵਾਦਾਂ ਤੋਂ ਚੇਤੰਨ ਹੈ।

ਕਾਊਟਸਕੀ ਦਾ ਇਹ ਦਾਅਵਾ ਕਿ ਵੱਡੀਆਂ ਵੱਡੀਆਂ ਜਾਗੀਰਾਂ ਨੂੰ ਰਾਜ ਦੇ ਨਾ ਇੰਤਕਾਲ ਕਰ ਦੇਣਾ ਅਤੇ ਛੋਟੇ ਛੋਟੇ ਪਲਾਟ ਬਣਾ ਕੇ ਇਸਨੂੰ ਉਹਨਾਂ ਕਿਸਾਨਾਂ ਵਿੱਚ ਵੰਡ ਦੇਣਾ ਜਿਨ੍ਹਾਂ ਕੋਲ਼ ਥੋੜ੍ਹੀ ਜ਼ਮੀਨ ਹੈ, "ਸੋਸ਼ਲਿਸਟ ਕਿਸਮ ਦੀ ਕੋਈ ਚੀਜ਼" ਹੈ, ਮਾਰਕਸਵਾਦ ਦਾ ਪੂਰੀ ਤਰ੍ਹਾਂ ਮਜ਼ਾਕ ਹੈ। ਅਸੀਂ ਪਹਿਲਾਂ ਹੀ ਸਿੱਧ ਕਰ ਚੁੱਕੇ ਹਾਂ ਕਿ ਇਸ ਵਿੱਚ ਸੋਸ਼ਲਿਸਟ ਕਿਸਮ ਦੀ ਕੋਈ ਗੱਲ ਨਹੀਂ। ਪਰ ਏਨਾਂ ਹੀ ਕਾਫ਼ੀ ਨਹੀਂ; ਇਹ ਤਾਂ **ਬੁਰਜੂਆ-ਜਮਹੂਰੀ** ਇਨਕਲਾਬ ਨੂੰ ਵੀ ਤੋੜ ਤੱਕ ਲਿਜਾਣਾ ਨਹੀਂ ਹੋਵੇਗਾ। ਕਾਊਟਸਕੀ ਦੀ ਭਾਰੀ ਬਦਕਿਸਮਤੀ ਇਹ ਹੈ ਕਿ ਉਸਨੇ ਆਪਣਾ ਵਿਸ਼ਵਾਸ ਮੈਨਸ਼ਵਿਕਾਂ ਉੱਤੇ ਰੱਖਿਆ ਹੋਇਆ ਹੈ। ਇੱਥੋਂ ਹੀ

ਇਹ ਅਜੀਬ ਸਥਿਤੀ ਨਿਕਲਦੀ ਹੈ ਕਿ ਇਸ ਗੱਲ ਬਾਰੇ ਜ਼ਿੱਦ ਕਰਦਾ ਹੋਇਆ ਕਿ ਸਾਡਾ ਇਨਕਲਾਬ ਬੁਰਜੂਆ ਖਾਸਾ ਰੱਖਦਾ ਹੈ ਅਤੇ ਬਾਲਸ਼ਵਿਕਾਂ ਨੂੰ ਇਸ ਗੱਲ ਲਈ ਬੁਰਾ ਭਲਾ ਕਹਿੰਦਾ ਹੋਇਆ ਕਿ ਉਹਨਾਂ ਨੇ ਸੋਸ਼ਲਿਜ਼ਮ ਵੱਲ ਵਧਣ ਦੀ ਗੱਲ ਆਪਣੇ ਦਿਮਾਗ਼ਾਂ ਵਿੱਚ ਬਿਠਾ ਲਈ ਹੈ, ਉਹ **ਆਪ** ਸੋਸ਼ਲਿਜ਼ਮ ਦੇ ਪਰਦੇ ਹੇਠ ਬੁਰਜੂਆ ਸੁਧਾਰ ਦੀ ਤਜਵੀਜ਼ ਦੇਂਦਾ ਹੈ, ਪਰ **ਇਸ ਸੁਧਾਰ** ਨੂੰ ਜ਼ਰਈ ਸਬੰਧਾਂ ਵਿੱਚ ਮੱਧਕਾਲਵਾਦ ਦੀ ਸਾਰੀ ਰਹਿੰਦ-ਖੂੰਹਦ ਦੇ ਪੂਰੀ ਤਰ੍ਹਾਂ ਖਾਤਮੇ ਦੀ ਹੱਦ ਤੱਕ **ਲਿਜਾਣ ਤੋਂ ਬਿਨਾਂ**! ਕਾਊਟਸਕੀ ਦੀ ਦਲੀਲ, ਉਸਦੇ ਮੈਨਸ਼ਵਿਕ ਸਲਾਹਕਾਰਾਂ ਵਾਂਗ ਹੀ, ਇਕਸਾਰ ਬੁਰਜੂਆ-ਜਮਹੂਰੀ ਇਨਕਲਾਬ ਦੀ ਵਕਾਲਤ ਦੀ ਥਾਂ ਉਦਾਰਵਾਦੀ ਬੁਰਜੂਆਜ਼ੀ ਦੀ ਵਕਾਲਤ ਹੋ ਨਿੱਬੜਦੀ ਹੈ, ਜਿਹੜੀ ਇਨਕਲਾਬ ਤੋਂ ਡਰਦੀ ਹੈ।

ਸੱਚਮੁੱਚ, ਕਿਉਂ ਸਿਰਫ਼ ਵੱਡੀਆਂ ਵੱਡੀਆਂ ਜਾਗੀਰਾਂ ਹੀ ਰਾਜਕੀ ਮਲਕੀਅਤ ਬਣਾ ਦਿੱਤੀਆਂ ਜਾਣ, ਸਾਰੀ ਜ਼ਮੀਨ ਕਿਉਂ ਨਹੀਂ? ਇਸ ਨਾਲ਼ ਉਦਾਰਵਾਦੀ ਬੁਰਜੂਆਜ਼ੀ ਪੁਰਾਣੀਆਂ ਹਾਲਤਾਂ (ਅਰਥਾਤ, ਇਨਕਲਾਬ ਵਿਚ ਘੱਟ ਤੋਂ ਘੱਟ ਇਕਸਾਰਤਾ) ਨੂੰ ਵੱਧ ਤੋਂ ਵੱਧ ਕਾਇਮ ਰੱਖ ਸਕਣ ਅਤੇ ਪੁਰਾਣੀਆਂ ਹਾਲਤਾਂ ਵੱਲ ਮੁੜਨ ਦੀ ਵੱਧ ਤੋਂ ਵੱਧ ਸਹੂਲਤ ਪ੍ਰਾਪਤ ਕਰ ਸਕਦੀ ਹੈ। ਗ਼ਰਮ-ਖਿਆਲੀ ਬੁਰਜੂਆਜ਼ੀ, ਅਰਥਾਤ, ਉਹ ਬੁਰਜੂਆਜ਼ੀ ਜਿਹੜੀ ਬੁਰਜੂਆ ਇਨਕਲਾਬ ਨੂੰ ਤੋੜ ਤੱਕ ਪਹੁੰਚਾਉਣਾ ਚਾਹੁੰਦੀ ਹੈ, **ਭੂਮੀ ਦੇ ਕੌਮੀਕਰਣ** ਦਾ ਨਾਅਰਾ ਦੇਂਦੀ ਹੈ।

ਕਾਊਟਸਕੀ ਨੇ ਧੁੰਦਲੇ ਅਤੇ ਦੂਰ ਬੀਤੇ ਸਮੇਂ ਵਿੱਚ, ਲਗਭਗ ਵੀਹ ਸਾਲ ਪਹਿਲਾਂ, ਜ਼ਰਈ ਸਵਾਲ ਬਾਰੇ ਸ਼ਾਨਦਾਰ ਮਾਰਕਸਵਾਦੀ ਕਿਰਤ ਲਿਖੀ ਸੀ; ਇਹ ਹੋ ਨਹੀਂ ਸਕਦਾ ਕਿ ਉਸਨੂੰ ਪਤਾ ਨਾ ਹੋਵੇ ਕਿ ਮਾਰਕਸ ਨੇ ਐਲਾਨ ਕੀਤਾ ਸੀ ਕਿ ਭੂਮੀ ਦਾ ਕੌਮੀਕਰਣ ਅਸਲ ਵਿੱਚ **ਬੁਰਜੂਆਜ਼ੀ ਦਾ ਇਕਸਾਰ** ਨਾਅਰਾ ਹੈ[69]। ਇਹ ਹੋ ਨਹੀਂ ਸਕਦਾ ਕਿ ਕਾਊਟਸਕੀ ਨੂੰ ਰਾਡਬਰਟਸ ਨਾਲ਼ ਮਾਰਕਸ ਦੇ ਵਿਵਾਦ ਦਾ ਅਤੇ ਮਾਰਕਸ ਦੀ ਰਚਨਾ "ਵਾਧੂ ਕਦਰ ਦੇ ਸਿਧਾਂਤ" ਵਿਚਾਲੇ ਉਹਨਾਂ ਸ਼ਾਨਦਾਰ ਪੈਰ੍ਹਿਆਂ ਦਾ ਪਤਾ ਨਾ ਹੋਵੇ ਜਿਨ੍ਹਾਂ ਵਿੱਚ—ਬੁਰਜੂਆ-ਜਮਹੂਰੀ ਅਰਥਾਂ ਵਿੱਚ—ਭੂਮੀ ਦੇ ਕੌਮੀਕਰਣ ਦੀ ਇਨਕਲਾਬੀ ਮਹੱਤਤਾ ਬਾਰੇ ਖਾਸ ਕਰਕੇ ਸਪੱਸ਼ਟਤਾ ਨਾਲ਼ ਸਮਝਾਇਆ ਗਿਆ ਹੈ।

ਮੈਨਸ਼ਵਿਕ ਪ. ਮਾਸਲੋਵ, ਜਿਸਨੂੰ ਕਾਊਟਸਕੀ ਆਪਣੀ ਬਦਕਿਸਮਤੀ ਨੂੰ ਆਪਣਾ ਸਲਾਹਕਾਰ ਚੁਣ ਰਿਹਾ ਹੈ, ਇਹ ਗੱਲ ਨਹੀਂ ਸੀ ਮੰਨਦਾ ਕਿ ਰੂਸੀ ਕਿਸਾਨ ਸਾਰੀ ਜ਼ਮੀਨ ਦੇ (ਸਮੇਤ ਕਿਸਾਨਾਂ ਦੀਆਂ ਆਪਣੀਆਂ ਜ਼ਮੀਨਾਂ ਦੇ) ਕੌਮੀਕਰਣ ਲਈ ਸਹਿਮਤ ਹੋ ਜਾਣਗੇ। ਕਿਸੇ ਹੱਦ ਤੱਕ ਮਾਸਲੋਵ ਦੇ ਇਸ ਵਿਚਾਰ ਨੂੰ ਉਸਦੇ "ਪਹਿਲਾਂ ਦੇ" ਸਿਧਾਂਤ ਨਾਲ਼ ਜੋੜਿਆ ਜਾ ਸਕਦਾ ਹੈ (ਜਿਹੜਾ ਮਾਰਕਸ ਦੇ ਬੁਰਜੂਆ ਆਲੋਚਕਾਂ ਨੂੰ ਹੀ ਸਿਰਫ਼ ਦੁਹਰਾਉਂਦਾ ਹੈ), ਅਰਥਾਤ, ਉਸ ਵੱਲੋਂ ਨਿਰੋਲ ਲਗਾਨ ਨੂੰ ਰੱਦ ਕਰਨ, ਅਤੇ "ਘਟਦੇ ਲਾਭਾਂ ਦੇ ਕਾਨੂੰਨ" (ਜਾਂ "ਤੱਥ" ਜਿਵੇਂ ਕਿ ਮਾਸਲੋਵ ਲਿਖਦਾ ਹੈ) ਦੀ ਉਸ ਵੱਲੋਂ ਮਾਨਤਾ ਨਾਲ਼।

ਪਰ, ਅਸਲ ਵਿੱਚ, 1905 ਦੇ ਇਨਕਲਾਬ ਨੇ ਹੀ ਇਹ ਦਿਖਾ ਦਿਤਾ ਸੀ ਕਿ ਰੂਸ ਵਿਚਲੇ ਕਿਸਾਨਾਂ ਦੀ, ਪੇਂਡੂ ਕਮਿਊਨਾਂ ਦੇ ਮੈਂਬਰਾਂ ਅਤੇ ਖੇਤ-ਘਰਾਂ ਵਿਚਲੇ ਕਿਸਾਨਾਂ[70] ਦੀ ਵੀ ਵਿਸ਼ਾਲ ਬਹੁਗਿਣਤੀ, ਸਾਰੀ ਜ਼ਮੀਨ ਦੇ ਕੌਮੀਕਰਣ ਦੇ ਹੱਕ ਵਿੱਚ ਸੀ। 1917 ਦੇ ਇਨਕਲਾਬ ਨੇ ਇਸਦੀ ਪੁਸ਼ਟੀ ਕਰ ਦਿੱਤੀ ਅਤੇ ਪ੍ਰੋਲੇਤਾਰੀਆਂ ਵਲੋਂ ਸੱਤ੍ਹਾ ਆਪਣੇ ਹੱਥ ਲਏ ਜਾਣ ਤੋਂ ਪਿੱਛੋਂ ਇਹ ਕੰਮ ਕਰ ਦਿੱਤਾ ਗਿਆ। ਬਾਲਸ਼ਵਿਕ ਮਾਰਕਸਵਾਦ ਵੱਲ ਵਫ਼ਾਦਾਰ ਰਹੇ ਹਨ ਅਤੇ ਉਹਨਾਂ ਨੇ ਕਦੀ ਵੀ ਬੁਰਜੂਆ-ਜਮਹੂਰੀ ਇਨਕਲਾਬ ਨੂੰ "ਉਲੰਘ" ਜਾਣ ਦੀ ਕੋਸ਼ਿਸ਼ ਨਹੀਂ ਕੀਤੀ (ਕਾਊਟਸਕੀ ਦੇ ਬਾਵਜੂਦ ਵੀ, ਜਿਹੜਾ ਜ਼ਰਾ ਜਿੰਨੀ ਵੀ ਗਵਾਹੀ ਤੋਂ ਬਿਨਾਂ ਸਾਡੇ ਉੱਤੇ ਇੰਝ ਕਰਨ ਦਾ ਦੋਸ਼ ਲਾਉਂਦਾ ਹੈ)। ਬਾਲਸ਼ਵਿਕਾਂ ਨੇ, ਸਭ ਤੋਂ ਪਹਿਲਾਂ, ਕਿਸਾਨਾਂ ਦੇ ਬੁਰਜੂਆ-ਜਮਹੂਰੀ ਵਿਚਾਰਦਾਤਿਆਂ ਵਿੱਚੋਂ ਸਭ ਤੋਂ ਵੱਧ ਗ਼ਰਮ-ਖਿਆਲੀ, ਸਭ ਤੋਂ ਵੱਧ ਇਨਕਲਾਬੀ ਧੜੇ, ਅਰਥਾਤ, ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਉਸ ਚੀਜ਼ ਨੂੰ ਨੇਪਰੇ ਚੜ੍ਹਾਉਣ ਵਿੱਚ ਸਹਾਇਤਾ ਕੀਤੀ, ਜਿਹੜੀ ਕਿ ਅਸਲ ਵਿੱਚ ਭੂਮੀ ਦਾ ਕੌਮੀਕਰਣ ਸੀ। 26 ਅਕਤੂਬਰ, 1917 ਨੂੰ, ਅਰਥਾਤ, ਪ੍ਰੋਲੇਤਾਰੀ ਸੋਸ਼ਲਿਸਟ ਇਨਕਲਾਬ ਦੇ ਬਿਲਕੁਲ ਪਹਿਲੇ ਦਿਨ ਹੀ, ਰੂਸ ਵਿੱਚ ਭੂਮੀ ਦੀ ਨਿੱਜੀ ਮਾਲਕੀ ਦਾ ਖਾਤਮਾ ਕਰ ਦਿੱਤਾ ਗਿਆ ਸੀ।

ਇਸ ਨਾਲ਼ ਬੁਨਿਆਦ ਰੱਖ ਦਿਤੀ ਗਈ, ਜੋ ਕਿ ਸਰਮਾਏਦਾਰੀ ਦੇ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਸਭ ਤੋਂ ਵੱਧ ਪਰਿਪੂਰਨ ਸੀ (ਮਾਰਕਸ ਦਾ ਸਾਥ ਛੱਡਣ ਤੋਂ ਬਿਨਾਂ ਕਾਊਟਸਕੀ ਇਸ ਤੋਂ ਇਨਕਾਰ ਨਹੀਂ ਕਰ ਸਕਦਾ), ਅਤੇ ਨਾਲ਼ ਹੀ ਐਸਾ ਜ਼ਰਈ ਪ੍ਰਬੰਧ ਸਿਰਜ ਦਿੱਤਾ ਗਿਆ ਜਿਹੜਾ ਨਾਲ਼ ਹੀ ਸ਼ੋਸਲਿਜ਼ਮ ਵੱਲ ਤਬਦੀਲੀ ਦੇ ਦ੍ਰਿਸ਼ਟੀਕੋਣ ਤੋਂ **ਸਭ ਤੋਂ ਵੱਧ ਲਚਕਦਾਰ** ਹੈ। ਬੁਰਜੂਆ-ਜਮਹੂਰੀ ਦ੍ਰਿਸ਼ਟੀਕੋਣ ਤੋਂ, ਰੂਸ ਵਿਚਲੇ ਇਨਕਲਾਬੀ ਕਿਸਾਨ **ਹੋਰ ਅੱਗੇ ਨਹੀਂ ਸਨ ਜਾ ਸਕਦੇ**: ਭੂਮੀ ਦੇ ਕੌਮੀਕਰਣ ਅਤੇ ਬਰਾਬਰ ਦੀ ਭੋਂਦਾਰੀ ਤੋਂ, ਇਸ ਦ੍ਰਿਸ਼ਟੀਕੋਣ ਤੋਂ, "ਵਧੇਰੇ ਆਦਰਸ਼ਕ", "ਵਧੇਰੇ ਬੁਨਿਆਦੀ" (ਉਸੇ ਹੀ ਦ੍ਰਿਸ਼ਟੀਕੋਣ ਤੋਂ) **ਹੋਰ ਕੁਝ ਨਹੀ ਹੋ ਸਕਦਾ।** ਇਹ ਬਾਲਸ਼ਵਿਕ ਹੀ ਸਨ, ਅਤੇ ਸਿਰਫ਼ ਬਾਲਸ਼ਵਿਕ ਹੀ ਸਨ, ਜਿਨ੍ਹਾਂ ਨੇ ਸਿਰਫ਼ **ਪ੍ਰੋਲੇਤਾਰੀ** ਇਨਕਲਾਬ ਦੀ ਜਿੱਤ ਸਦਕਾ ਹੀ, ਬੁਰਜੂਆ-ਜਮਹੂਰੀ ਇਨਕਲਾਬ ਨੂੰ ਸਚਮੁਚ ਤੋੜ ਤੱਕ ਪੁਚਾਉਣ ਵਿੱਚ ਕਿਸਾਨਾਂ ਦੀ ਸਹਾਇਤਾ ਕੀਤੀ। ਅਤੇ ਸਿਰਫ਼ ਇਸ ਤਰੀਕੇ ਨਾਲ਼ ਹੀ ਉਹਨਾਂ ਨੇ ਸੋਸ਼ਲਿਸਟ ਇਨਕਲਾਬ ਵੱਲ ਤਬਦੀਲੀ ਵਿੱਚ ਸਹਾਇਤਾ ਕਰਨ ਅਤੇ ਤੇਜ਼ੀ ਲਿਆਉਣ ਲਈ ਵੱਧ ਤੋਂ ਵੱਧ ਜ਼ੋਰ ਲਾਇਆ।

ਇਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਾਊਟਸਕੀ ਆਪਣੇ ਪਾਠਕਾਂ ਨੂੰ ਕਿਸ ਤਰ੍ਹਾਂ ਦਾ ਯਕੀਨੋਂ-ਬਾਹਰਾ ਘਚੋਲ਼ਾ ਪੇਸ਼ ਕਰਦਾ ਹੈ, ਜਦੋਂ ਉਹ ਇਨਕਲਾਬ ਦੇ ਬੁਰਜੂਆ ਖਾਸੇ ਨੂੰ ਸਮਝਣ ਤੋਂ ਅਸਮਰੱਥ ਰਹਿਣ ਦਾ ਬਾਲਸ਼ਵਿਕਾਂ ਉੱਪਰ ਦੋਸ਼ ਲਾਉਂਦਾ ਹੈ, ਅਤੇ ਫਿਰ ਵੀ ਖੁਦ ਮਾਰਕਸਵਾਦ ਤੋਂ ਇਸ ਤਰ੍ਹਾਂ ਦਾ ਕੁਰਾਹੇ ਜਾਣਾ ਦਿਖਾ ਜਾਂਦਾ ਹੈ ਕਿ ਉਹ ਭੂਮੀ ਦੇ ਕੌਮੀਕਰਣ ਬਾਰੇ ਤਾਂ **ਕੁਝ ਕਹਿੰਦਾ ਨਹੀਂ**, ਅਤੇ ਸਭ ਤੋਂ ਘੱਟ ਇਨਕਲਾਬੀ (ਬੁਰਜੂਆ ਦ੍ਰਿਸ਼ਟੀਕੋਣ ਤੋਂ) ਉਦਾਰਵਾਦੀ ਜ਼ਰਈ ਸੁਧਾਰ ਨੂੰ "ਸੋਸ਼ਲਿਸਟ ਕਿਸਮ ਦੀ ਕਿਸੇ

ਚੀਜ਼" ਵਜੋਂ ਪੇਸ਼ ਕਰਦਾ ਹੈ!———

ਹੁਣ ਅਸੀਂ ਉੱਪਰ ਸੂਤਰਬੱਧ ਕੀਤੇ ਗਏ ਤੀਜੇ ਸਵਾਲ ਵੱਲ ਆਉਂਦੇ ਹਾਂ, ਅਰਥਾਤ, ਕਿ ਰੂਸ ਵਿਚ ਪ੍ਰੋਲੇਤਾਰੀ ਡਿਕਟੇਟਰਸ਼ਿਪ ਨੇ ਕਿਸ ਹੱਦ ਤੱਕ ਸਾਂਝੀ ਖੇਤੀ ਵੱਲ ਜਾਣ ਦੀ ਲੋੜ ਨੂੰ ਧਿਆਨ ਵਿਚ ਰੱਖਿਆ ਹੈ। ਇੱਥੇ ਵੀ ਕਾਊਟਸਕੀ ਮੁੜ ਕੇ ਜਾਅਲਸਾਜ਼ੀ ਨਾਲ਼ ਬਹੁਤ ਮਿਲਦੀ ਜੁਲਦੀ ਹੀ ਕੋਈ ਗੱਲ ਕਰਦਾ ਹੈ: ਉਹ ਸਿਰਫ਼ ਇੱਕ ਬਾਲਸ਼ਵਿਕ ਦੇ "ਥੀਸਸਾਂ" ਦਾ ਹਵਾਲਾ ਦੇਂਦਾ ਹੈ ਜਿਨ੍ਹਾਂ ਵਿੱਚ ਸਾਂਝੀ ਖੇਤੀ ਵੱਲ ਜਾਣ ਦੇ ਕੰਮ ਦੀ ਗੱਲ ਕੀਤੀ ਗਈ ਹੈ! ਇਹਨਾਂ ਵਿੱਚੋਂ ਇੱਕ ਥੀਸਿਸ ਦਾ ਹਵਾਲਾ ਦੇ ਕੇ, ਸਾਡਾ "ਸਿਧਾਂਤਕਾਰ" ਜੇਤੂ ਅੰਦਾਜ਼ ਨਾਲ਼ ਕਹਿ ਉੱਠਦਾ ਹੈ:

> "ਬਦਕਿਸਮਤੀ ਨੂੰ ਕੋਈ ਕੰਮ ਇਸ ਕਰਕੇ ਨਹੀਂ ਪੂਰਾ ਹੋ ਜਾਂਦਾ ਕਿ ਇਸਨੂੰ ਕੰਮ ਕਹਿ ਦਿਤਾ ਗਿਆ ਹੈ। ਹਾਲ ਦੀ ਘੜੀ, ਰੂਸ ਵਿੱਚ ਸਾਂਝੀ ਖੇਤੀ ਦੀ ਕਿਸਮਤ ਵਿੱਚ ਸਿਰਫ਼ ਕਾਗ਼ਜ਼ਾਂ ਉੱਪਰ ਰਹਿਣਾ ਹੀ ਲਿਖਿਆ ਹੈ। ਅਜੇ ਤੱਕ ਕਦੀ ਵੀ ਛੋਟੇ ਕਿਸਾਨਾਂ ਨੇ ਕਿਤੇ ਵੀ ਸਿਧਾਂਤਕ ਵਿਸ਼ਵਾਸਾਂ ਦੇ ਪ੍ਰਭਾਵ ਹੇਠ ਸਾਂਝੀ ਖੇਤੀ ਨੂੰ ਨਹੀਂ ਅਪਣਾਇਆ।" (ਸਫ਼ਾ 50)

ਅੱਜ ਤੱਕ ਕਿਤੇ ਵੀ ਕਦੀ ਇਸ ਤਰ੍ਹਾਂ ਦੀ ਸਾਹਿਤਕ ਠੱਗੀ ਨਹੀਂ ਕੀਤੀ ਗਈ ਜਿਸ ਤਰ੍ਹਾਂ ਦੀ ਠੱਗੀ ਕਰਨ ਤੱਕ ਕਾਊਟਸਕੀ ਨਿੱਘਰ ਗਿਆ ਹੈ। ਉਹ "ਥੀਸਿਸਾਂ" ਦਾ ਹਵਾਲਾ ਦੇਂਦਾ ਹੈ, ਪਰ ਸੋਵੀਅਤ ਸਰਕਾਰ ਦੇ **ਕਾਨੂੰਨ** ਬਾਰੇ ਕੁਝ ਨਹੀਂ ਕਹਿੰਦਾ। ਉਹ "ਸਿਧਾਂਤਕ ਵਿਕਾਸ" ਦੀ ਗੱਲ ਕਰਦਾ ਹੈ, ਪਰ ਪ੍ਰੋਲੇਤਾਰੀ ਰਾਜ-ਸੱਤ੍ਹਾ ਬਾਰੇ ਕੁਝ ਨਹੀਂ ਕਹਿੰਦਾ ਜਿਸਦੇ ਹੱਥਾਂ ਵਿੱਚ ਫ਼ੈਕਟਰੀਆਂ ਅਤੇ ਸਾਮਾਨ ਹੈ! 1899 ਵਿੱਚ ਆਪਣੀ ਪੁਸਤਕ "ਜ਼ਰਈ ਸਵਾਲ" ਵਿੱਚ ਮਾਰਕਸਵਾਦੀ ਕਾਊਟਸਕੀ ਨੇ ਛੋਟੇ ਕਿਸਾਨਾਂ ਨੂੰ ਸੋਸ਼ਲਿਜ਼ਮ ਵੱਲ ਹੌਲ਼ੀ-ਹੌਲ਼ੀ ਲਿਆਉਣ ਲਈ ਪ੍ਰੋਲੇਤਾਰੀ ਰਾਜ ਦੇ ਹੱਥ ਵਿਚਲੇ ਸਾਧਨਾਂ ਬਾਰੇ ਜੋ ਕੁਝ ਕਿਹਾ ਸੀ, ਉਹ ਸਭ ਕੁਝ ਭਗੌੜਾ ਕਾਊਟਸਕੀ 1918 ਵਿੱਚ ਆ ਕੇ ਭੁੱਲ ਗਿਆ ਹੈ।

ਬੇਸ਼ਕ, ਰਾਜ ਦੀ ਸਹਾਇਤਾ ਨਾਲ਼ ਕੰਮ ਕਰਦੇ ਕੁਝ ਸੌ ਜ਼ਰਈ ਕਮਿਊਨ ਅਤੇ ਰਾਜਕੀ ਫ਼ਾਰਮ (ਅਰਥਾਤ, ਵੱਡੇ ਵੱਡੇ ਫ਼ਾਰਮ ਜਿਨ੍ਹਾਂ ਨੂੰ ਰਾਜ ਦੇ ਖਰਚੇ ਉਤੇ ਮਜ਼ਦੂਰਾਂ ਦੀਆਂ ਸਭਾਵਾਂ ਵੱਲੋਂ ਚਲਾਇਆ ਜਾਂਦਾ ਹੈ) ਬਹੁਤ ਘੱਟ ਹਨ, ਪਰ ਕੀ ਕਾਊਟਸਕੀ ਵੱਲੋਂ ਇਸ ਤੱਥ ਨੂੰ ਅੱਖੋਂ ਉਹਲੇ ਕਰਨ ਨੂੰ "ਅਲੋਚਨਾ" ਕਿਹਾ ਜਾ ਸਕਦਾ ਹੈ?

ਪ੍ਰੋਲੇਤਾਰੀ ਡਿਕਟੇਟਰਸ਼ਿਪ ਵੱਲੋਂ ਰੂਸ ਵਿੱਚ ਭੂਮੀ ਦਾ ਜੋ ਕੌਮੀਕਰਣ ਕੀਤਾ ਗਿਆ ਹੈ, ਉਹਨੇ ਬੁਰਜੂਆ-ਜਮਹੂਰੀ ਇਨਕਲਾਬ ਨੂੰ ਤੋੜ ਪੁਚਾਉਣਾ ਸਭ ਤੋਂ ਵੱਧ ਯਕੀਨੀ ਬਣਾਇਆ ਹੈ— ਉਲਟ-ਇਨਕਲਾਬ ਦੀ ਜਿੱਤ ਹੋ ਜਾਣ ਦੀ ਸੂਰਤ ਵਿਚ ਵੀ, ਜਿਸ ਨਾਲ ਭੂਮੀ ਦੇ ਕੌਮੀਕਰਣ ਤੋਂ ਮੁੜ ਭੂਮੀ ਦੀ ਵੰਡ ਵੱਲ ਪਿੱਛੇ ਆ ਜਾਇਆ ਜਾਏਗਾ (ਮੈਂ 1905 ਦੇ ਇਨਕਲਾਬ ਵਿੱਚ ਮਾਰਕਸਵਾਦੀਆਂ ਦੇ ਜ਼ਰਈ ਪ੍ਰੋਗਰਾਮ ਬਾਰੇ ਆਪਣੇ ਪੈਂਫ਼ਲਟ ਵਿੱਚ ਇਸ ਸੰਭਾਵਨਾ ਦੀ ਉਚੇਰੀ ਨਿਰਖ-ਪਰਖ ਕੀਤੀ ਸੀ)। ਇਸਤੋਂ ਇਲਾਵਾ, ਭੂਮੀ ਦੇ ਕੌਮੀਕਰਣ

ਨੇ ਖੇਤੀ ਵਿੱਚ ਸੋਸ਼ਲਿਜ਼ਮ ਵੱਲ ਜਾਣ ਦਾ ਪ੍ਰੋਲੇਤਾਰੀ ਰਾਜ ਨੂੰ ਵੱਧ ਤੋਂ ਵੱਧ ਮੌਕਾ ਦਿੱਤਾ ਹੈ।

ਗੱਲ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਜਿੱਥੋਂ ਤੱਕ ਸਿਧਾਂਤ ਦਾ ਸਵਾਲ ਹੈ, ਕਾਊਟਸਕੀ ਨੇ ਸਾਨੂੰ ਯਕੀਨੋਂ-ਬਾਹਰਾ ਮਿਲਗੋਭਾ ਪੇਸ਼ ਕੀਤਾ ਹੈ ਜੋ ਕਿ ਮਾਰਕਸਵਾਦ ਦਾ ਪੂਰਨ ਤਿਆਗ ਹੈ, ਅਤੇ ਜਿੱਥੋਂ ਤੱਕ ਅਮਲ ਦਾ ਸਵਾਲ ਹੈ, ਉਸਨੇ ਬੁਰਜੂਆਜ਼ੀ ਅਤੇ ਉਸਦੇ ਸੁਧਾਰਵਾਦ ਵੱਲ ਗ਼ੁਲਾਮੀ ਦੀ ਨੀਤੀ ਪੇਸ਼ ਕੀਤੀ ਹੈ। ਸੱਚਮੁੱਚ ਕਿਆ ਵਧੀਆ ਆਲੋਚਨਾ ਹੈ!

* * *

ਕਾਊਟਸਕੀ ਸਨਅਤ ਦਾ "ਆਰਥਕ ਵਿਸ਼ਲੇਸ਼ਣ" ਹੇਠ ਲਿਖੀ ਸ਼ਾਨਦਾਰ ਦਲੀਲ ਨਾਲ਼ ਸ਼ੁਰੂ ਕਰਦਾ ਹੈ:

ਰੂਸ ਕੋਲ ਵੱਡੇ ਪੈਮਾਨੇ ਦੀ ਸਰਮਾਇਦਾਰਾ ਸਨਅਤ ਹੈ। ਕੀ ਇਸ ਬੁਨਿਆਦ ਉੱਤੇ ਉਤਪਾਦਨ ਦਾ ਸੋਸ਼ਲਿਸਟ ਪ੍ਰਬੰਧ ਨਹੀਂ ਉਸਾਰਿਆ ਜਾ ਸਕਦਾ? "ਕੋਈ ਇੰਝ ਸੋਚ ਸਕਦਾ ਹੈ ਜੇ ਸੋਸ਼ਲਿਜ਼ਮ ਦਾ ਮਤਲਬ ਇਹ ਹੋਵੇ ਕਿ ਹਰ ਫ਼ੈਕਟਰੀ ਵਿੱਚ ਵੱਖੋ ਵੱਖਰਾ ਉਤਪਾਦਨ ਚਲਾਉਣ ਲਈ ਇਹਨਾਂ ਵੱਖੋ ਵੱਖਰੀਆਂ ਫ਼ੈਕਟਰੀਆਂ ਅਤੇ ਕਾਨਾਂ ਦੇ ਮਜ਼ਦੂਰ ਇਹਨਾਂ ਨੂੰ ਆਪਣੀ ਮਲਕੀਅਤ ਬਣਾ ਲੈਂਦੇ ਹਨ" (ਸ਼ਾਬਦਿਕ ਤੌਰ ਉੱਤੇ, ਇਹਨਾਂ ਨੂੰ ਆਪਣੇ ਨਾਂ ਲਾ ਲੈਂਦੇ ਹਨ) (ਸਫ਼ਾ 52)। "ਬਿਲਕੁਲ ਅੱਜ ਹੀ, 5 ਅਗਸਤ ਨੂੰ, ਜਦ ਕਿ ਮੈਂ ਇਹ ਸਤਰਾਂ ਲਿਖ ਰਿਹਾ ਹਾਂ," ਕਾਊਟਸਕੀ ਲਿਖਦਾ ਹੈ, "ਮਾਸਕੋ ਤੋਂ ਇੱਕ ਤਕਰੀਰ ਬਾਰੇ ਰਿਪੋਰਟ ਛਪੀ ਹੈ, ਜਿਹੜੀ 2 ਅਗਸਤ ਨੂੰ ਲੈਨਿਨ ਨੇ ਕੀਤੀ ਹੈ, ਜਿਸ ਵਿਚ ਉਸਨੇ ਐਲਾਨ ਕੀਤਾ ਦੱਸਿਆ ਜਾਂਦਾ ਹੈ: 'ਮਜ਼ਦੂਰ ਫ਼ੈਕਟਰੀਆਂ ਨੂੰ ਮਜ਼ਬੂਤੀ ਨਾਲ ਆਪਣੇ ਹੱਥਾਂ ਵਿੱਚ ਰੱਖ ਰਹੇ ਹਨ ਅਤੇ ਕਿਸਾਨ ਭੂਮੀ ਨੂੰ ਭੂਮੀਪਤੀਆਂ ਦੇ ਹਵਾਲੇ ਨਹੀਂ ਕਰਨਗੇ।'
ਹੁਣ ਤੱਕ ਇਹ ਨਾਅਰਾ: ਫ਼ੈਕਟਰੀਆਂ ਮਜ਼ਦੂਰਾਂ ਨੂੰ, ਅਤੇ ਭੂਮੀ ਕਿਸਾਨਾਂ ਨੂੰ, ਅਰਾਜਕਤਾਵਾਦੀ-ਸੰਘਸਮਾਜਵਾਦੀ ਨਾਅਰਾ ਰਿਹਾ ਹੈ, ਸੋਸ਼ਲ-ਡੈਮੋਕਰੈਟਿਕ ਨਾਅਰਾ ਨਹੀਂ" (ਸਫ਼ੇ 52-53)।

ਮੈਂ ਇਸ ਪੂਰੇ ਪੈਰ੍ਹੇ ਦਾ ਹਵਾਲਾ ਦਿੱਤਾ ਹੈ ਤਾਂ ਕਿ ਰੂਸੀ ਮਜ਼ਦੂਰ, ਜਿਹੜੇ ਪਹਿਲਾਂ ਕਾਊਟਸਕੀ ਦਾ ਸਤਿਕਾਰ ਕਰਦੇ ਸਨ, ਅਤੇ ਠੀਕ ਹੀ ਕਰਦੇ ਸਨ, ਹੁਣ ਆਪ ਦੇਖ ਲੈਣ ਕਿ ਗ਼ੱਦਾਰੀ ਕਰਕੇ ਬੁਰਜੂਆ ਧੜੇ ਵੱਲ ਚਲਾ ਜਾਣ ਵਾਲ਼ਾ ਇਹ ਬੰਦਾ ਕਿਹੜੇ ਢੰਗ ਵਰਤ ਰਿਹਾ ਹੈ।

ਜ਼ਰਾ ਸੋਚੋ: 5 ਅਗਸਤ ਨੂੰ, ਜਦੋਂ ਰੂਸ ਵਿਚ ਫ਼ੈਕਟਰੀਆਂ ਦੇ ਕੌਮੀਕਰਣ ਬਾਰੇ ਅਣਗਿਣਤ ਫ਼ਰਮਾਨ ਜਾਰੀ ਕੀਤੇ ਜਾ ਚੁੱਕੇ ਸਨ—ਅਤੇ ਇੱਕ ਵੀ ਫ਼ੈਕਟਰੀ ਮਜ਼ਦੂਰਾਂ ਨੇ "ਆਪਣੇ ਨਾਂ ਨਹੀਂ ਸੀ ਲਾਈ", ਸਗੋਂ **ਸਾਰੀਆਂ** ਹੀ ਰਿਪਬਲਿਕ ਦੀ ਮਲਕੀਅਤ ਬਣਾ ਦਿਤੀਆਂ ਗਈਆਂ ਸਨ—5 ਅਗਸਤ ਨੂੰ, ਕਾਊਟਸਕੀ, ਮੇਰੀ ਤਕਰੀਰ ਵਿਚਲੇ ਇੱਕ ਵਾਕ ਦੀ ਪ੍ਰਤੱਖ ਤੌਰ ਉੱਤੇ ਖਚਰੀ ਵਿਆਖਿਆ ਦੇ ਬਲ ਉੱਤੇ ਜਰਮਨ ਪਾਠਕਾਂ ਨੂੰ ਇਹ ਵਿਸ਼ਵਾਸ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਰੂਸ ਵਿੱਚ ਫ਼ੈਕਟਰੀਆਂ ਮਜ਼ਦੂਰਾਂ ਦੇ

ਵੱਖ-ਵੱਖ ਟੋਲਿਆਂ ਦੇ ਹੱਥਾਂ ਵਿੱਚ ਦਿੱਤੀਆਂ ਜਾ ਰਹੀਆਂ ਹਨ! ਅਤੇ ਉਸਤੋਂ ਮਗਰੋਂ ਕਾਊਟਸਕੀ, ਵਿਸਥਾਰ ਵਿੱਚ ਇਹ ਗੱਲ ਮੁੜ ਮੁੜ ਕੇ ਦੁਹਰਾਉਂਦਾ ਹੈ ਕਿ ਮਜ਼ਦੂਰਾਂ ਦੇ ਵੱਖ-ਵੱਖ ਟੋਲਿਆਂ ਦੇ ਹੱਥਾਂ ਵਿੱਚ ਫ਼ੈਕਟਰੀਆਂ ਦੇਣਾ ਗ਼ਲਤ ਹੈ!

ਇਹ ਕੋਈ ਆਲੋਚਨਾ ਨਹੀਂ, ਇਹ ਬੁਰਜੂਆਜ਼ੀ ਦੇ ਵਰਦੀਪੋਸ਼ ਦੀ ਚਾਲਾਕੀ ਹੈ, ਜਿਸਨੂੰ ਸਰਮਾਏਦਾਰਾਂ ਨੇ ਮਜ਼ਦੂਰਾਂ ਦੇ ਇਨਕਲਾਬ ਉੱਤੇ ਚਿੱਕੜ ਉਛਾਲਣ ਲਈ ਭਾੜੇ ਉੱਤੇ ਕੀਤਾ ਹੈ।

ਕਾਊਟਸਕੀ ਮੁੜ ਮੁੜ ਕੇ ਕਹਿੰਦਾ ਹੈ ਕਿ ਫੈਕਟਰੀਆਂ ਜਾਂ ਤਾਂ ਰਾਜ ਦੇ ਹਵਾਲੇ ਕਰ ਦੇਣੀਆਂ ਚਾਹੀਦੀਆਂ ਹਨ, ਜਾਂ ਮਿਊਂਸਪਲ ਕਮੇਟੀਆਂ ਦੇ ਹਵਾਲੇ, ਜਾਂ ਖਪਤਕਾਰਾਂ ਦੀਆਂ ਸਹਿਕਾਰੀ ਸਭਾਵਾਂ ਦੇ, ਅਤੇ ਅਖ਼ੀਰ ਵਿਚ ਲਿਖਦਾ ਹੈ:

"ਇਹੀ ਕੁਝ ਹੈ ਜੋ ਹੁਣ ਉਹ ਰੂਸ ਵਿੱਚ ਕਰਨ ਦੀ ਕੋਸ਼ਿਸ਼ ਕਰ ਰਹੇ ਹਨ..." ਹੁਣ! ਇਸਦਾ ਕੀ ਮਤਲਬ ਹੈ? ਅਗਸਤ ਵਿੱਚ? ਕੀ ਕਾਊਟਸਕੀ ਆਪਣੇ ਦੋਸਤਾਂ ਸਤੀਨ ਜਾਂ ਐਕਸਲਰੋਦ ਨੂੰ, ਜਾਂ ਰੂਸੀ ਬੁਰਜੂਆਜ਼ੀ ਦੇ ਕਿਸੇ ਵੀ ਹੋਰ ਦੋਸਤ ਨੂੰ ਇਹ ਕੰਮ ਨਹੀਂ ਸੀ ਸੌਂਪ ਸਕਦਾ ਕਿ ਉਹ ਫ਼ੈਕਟਰੀਆਂ ਬਾਰੇ ਘੱਟੋ ਘੱਟ ਇਕ ਫ਼ਰਮਾਨ ਦਾ ਅਨੁਵਾਦ ਕਰ ਦੇਣ?

> "...ਉਹ ਇਸ ਪਾਸੇ ਵੱਲ ਕਿੱਥੋਂ ਤੱਕ ਗਏ ਹਨ, ਅਸੀਂ ਅਜੇ ਨਹੀਂ ਦੱਸ ਸਕਦੇ। ਹਰ ਸੂਰਤ ਵਿੱਚ, ਸੋਵੀਅਤ ਰਿਪਬਲਿਕ ਦੀ ਸਰਗਰਮੀ ਦਾ ਇਹ ਪੱਖ ਸਾਡੇ ਲਈ ਸਭ ਤੋਂ ਵੱਧ ਦਿਲਚਸਪੀ ਰੱਖਦਾ ਹੈ, ਪਰ ਇਹ ਅਜੇ ਤੱਕ ਪੂਰੀ ਤਰ੍ਹਾਂ ਹਨੇਰੇ ਵਿੱਚ ਲਪੇਟਿਆ ਪਿਆ ਹੈ। ਫ਼ਰਮਾਨਾਂ ਦਾ ਕੋਈ ਘਾਟਾ ਨਹੀਂ।..." (ਇਸੇ ਕਰਕੇ ਕਾਊਟਸਕੀ ਉਹਨਾਂ ਦੇ **ਵਸਤੂ** ਨੂੰ ਅੱਖੋਂ ਉਹਲੇ ਕਰ ਦੇਂਦਾ ਹੈ, ਜਾਂ ਇਸਨੂੰ ਆਪਣੇ ਪਾਠਕਾਂ ਤੋਂ ਲੁਕਾਉਂਦਾ ਹੈ!) "ਪਰ ਇਹਨਾਂ ਫ਼ਰਮਾਨਾਂ ਦੇ ਅਸਰ ਬਾਰੇ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ। ਸਰਬ-ਪੱਖੀ, ਵਿਸਤ੍ਰਿਤ, ਭਰੋਸੇਯੋਗ ਅਤੇ ਤੇਜ਼ੀ ਨਾਲ਼ ਸੂਚਨਾ ਦੇਣ ਵਾਲ਼ੇ ਅੰਕੜਿਆਂ ਤੋਂ ਬਿਨਾਂ ਸੋਸ਼ਲਿਸਟ ਉਤਪਾਦਨ ਅਸੰਭਵ ਹੈ। ਸੋਵੀਅਤ ਰਿਪਬਲਿਕ ਨੇ ਅਜੇ ਸੰਭਵ ਤੌਰ ਉੱਤੇ ਇਹੋ ਜਿਹੇ ਅੰਕੜੇ ਨਹੀਂ ਸਿਰਜੇ ਹੋ ਸਕਦੇ। ਇਸਦੀਆਂ ਆਰਥਕ ਸਰਗਰਮੀਆਂ ਬਾਰੇ ਜੋ ਸਾਨੂੰ ਪਤਾ ਲਗਦਾ ਹੈ, ਉਹ ਬੇਹੱਦ ਵਿਰੋਧਾਤਮਕ ਹੈ, ਅਤੇ ਕਿਸੇ ਤਰ੍ਹਾਂ ਵੀ ਉਸਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਇਹ ਵੀ ਡਿਕਟੇਟਰਸ਼ਿਪ ਦਾ ਅਤੇ ਜਮਹੂਰੀਅਤ ਦਬਾਉਣ ਦਾ ਸਿੱਟਾ ਹੈ। ਅਖ਼ਬਾਰਾਂ ਦੀ ਜਾ ਬੋਲਣ ਦੀ, ਬਿਲਕੁਲ ਕੋਈ ਅਜ਼ਾਦੀ ਨਹੀਂ..." (ਸਫ਼ਾ 53)

ਇਹ ਹੈ ਜਿਵੇਂ ਇਤਿਹਾਸ ਲਿਖਿਆ ਜਾਂਦਾ ਹੈ! ਸਰਮਾਏਦਾਰਾਂ ਦੀਆਂ "ਆਜ਼ਾਦ" ਅਖਬਾਰਾਂ ਤੋਂ ਅਤੇ ਦੂਤੋਵ ਦੇ ਬੰਦਿਆਂ ਤੋਂ ਕਾਊਟਸਕੀ ਨੂੰ ਫ਼ੈਕਟਰੀਆਂ ਮਜ਼ਦੂਰਾਂ ਵਲੋਂ ਆਪਣੇ ਹੱਥ ਲਈਆਂ ਜਾਣ ਬਾਰੇ ਸੂਚਨਾ ਮਿਲ ਸਕਦੀ ਸੀ।... ਇਹ "ਗੰਭੀਰ ਮਹਾਂਗਿਆਨੀ", ਜਿਹੜਾ ਸ਼੍ਰੇਣੀਆਂ ਤੋਂ ਉੱਤੇ ਹੈ, ਸੱਚਮੁੱਚ ਸ਼ਾਨਦਾਰ ਹੈ! ਉਹਨਾਂ ਅਣਗਿਣਤ

ਤੱਥਾਂ ਬਾਰੇ, ਜਿਹੜੇ ਇਹ ਦਰਸਾਉਂਦੇ ਹਨ ਕਿ ਫ਼ੈਕਟਰੀਆਂ **ਸਿਰਫ਼** ਰਿਪਬਲਿਕ ਦੇ ਹਵਾਲੇ ਹੀ ਕੀਤੀਆਂ ਜਾ ਰਹੀਆਂ ਹਨ, ਕਿ ਉਹਨਾਂ ਦਾ ਪ੍ਰਬੰਧ ਸੋਵੀਅਤ ਸੱਤ੍ਹਾ ਦੇ ਇੱਕ ਅਦਾਰੇ, ਸਰਵਉੱਚ ਆਰਥਕ ਪ੍ਰੀਸ਼ਦ, ਵੱਲੋਂ ਚਲਾਇਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਮੁੱਖ ਤੌਰ ਉਤੇ ਟੇਰਡ-ਯੂਨੀਅਨਾਂ ਵੱਲੋਂ ਚੁਣੇ ਗਏ ਮਜ਼ਦੂਰ ਹਨ, ਕਾਊਟਸਕੀ ਇੱਕ ਲਫ਼ਜ ਵੀ ਕਹਿਣ ਤੋਂ ਇਨਕਾਰੀ ਹੈ। "ਮਫ਼ਲਰ ਵਾਲ਼ੇ ਮਨੁੱਖ"[71] ਵਾਲੇ ਹਠ ਨਾਲ਼, ਉਹ ਇੱਕੋ ਗੱਲ ਢੀਠਾਂ ਵਾਂਗ ਦੁਹਰਾਈ ਜਾ ਰਿਹਾ ਹੈ: ਮੈਨੂੰ ਸ਼ਾਂਤਮਈ ਜਮਹੂਰੀਅਤ ਦਿਓ—ਖਾਨਾਜੰਗੀ ਤੋਂ ਬਿਨਾਂ, ਡਿਕਟੇਟਰਸ਼ਿਪ ਤੋਂ ਬਿਨਾਂ ਅਤੇ ਚੰਗੇ ਅੰਕੜਿਆਂ ਦੇ ਨਾਲ਼ (ਸੋਵੀਅਤ ਰਿਪਬਲਿਕ ਨੇ ਇੱਕ ਅੰਕੜਾ ਸੇਵਾ ਸਿਰਜੀ ਹੈ, ਜਿਸ ਵਿੱਚ ਰੂਸ ਵਿਚਲੇ ਚੰਗੇ ਤੋਂ ਚੰਗੇ ਅੰਕੜਾ ਮਾਹਰ ਲਾਏ ਗਏ ਹਨ, ਪਰ, ਬੇਸ਼ਕ, ਆਦਰਸ਼ਕ ਅੰਕੜੇ ਏਨੀ ਜਲਦੀ ਪ੍ਰਾਪਤ ਨਹੀਂ ਕੀਤੇ ਜਾ ਸਕਦੇ)। ਸੰਖੇਪ ਵਿੱਚ, ਕਾਊਟਸਕੀ ਜੋ ਚਾਹੁੰਦਾ ਹੈ, ਉਹ ਹੈ ਇਨਕਲਾਬ ਤੋਂ ਬਿਨਾਂ, ਤੀਖਣ ਘੋਲ ਤੋਂ ਬਿਨਾਂ, ਹਿੰਸਾ ਤੋਂ ਬਿਨਾਂ ਇਨਕਲਾਬ। ਇਹ ਐਸੀਆਂ ਹੜਤਾਲਾਂ ਦੀ ਮੰਗ ਕਰਨ ਦੇ ਬਰਾਬਰ ਹੈ, ਜਿਨ੍ਹਾਂ ਵਿੱਚ ਮਜ਼ਦੂਰ ਅਤੇ ਮਾਲਕ ਜੋਸ਼ ਵਿੱਚ ਨਾ ਆਉਣ। ਇਸ ਤਰ੍ਹਾਂ ਦੇ "ਸੋਸ਼ਲਿਸਟ" ਅਤੇ ਆਮ ਉਦਾਰਵਾਦੀ ਦਫ਼ਤਰਸ਼ਾਹ ਵਿੱਚ ਫ਼ਰਕ ਲੱਭਣ ਦੀ ਕੋਸ਼ਿਸ਼ ਕਰ ਦੇਖੋ!

ਇਸ ਤਰ੍ਹਾਂ, ਇਹੋ ਜਿਹੇ "ਤੱਥ-ਮੂਲਕ ਮਸਾਲੇ" ਉੱਤੇ ਨਿਰਭਰ ਕਰਦਿਆਂ ਅਰਥਾਤ, ਜਾਣ-ਬੁੱਝ ਕੇ ਅਤੇ ਘ੍ਰਿਣਾਮਈ ਢੰਗ ਨਾਲ਼ ਅਣਗਿਣਤ ਤੱਥਾਂ ਨੂੰ ਅੱਖੋਂ ਉਹਲੇ ਕਰਦਿਆਂ, ਕਾਊਟਸਕੀ "ਗੱਲ ਮੁਕਾਉਂਦਾ" ਹੈ:

> "ਇਹ ਗੱਲ ਸੰਦੇਹਭਰੀ ਹੀ ਹੈ ਕਿ ਸੋਵੀਅਤ ਰਿਪਬਲਿਕ ਹੇਠ ਰੂਸੀ ਪ੍ਰੋਲੇਤਾਰੀਆਂ ਨੂੰ ਸਿਰਫ਼ ਫ਼ਰਮਾਨਾਂ ਦੇ ਰੂਪ ਵਿੱਚ ਹੀ ਨਹੀਂ, ਸਗੋਂ ਅਸਲੀ ਅਮਲੀ ਲਾਭਾਂ ਦੇ ਅਰਥਾਂ ਵਿੱਚ ਉਸ ਨਾਲ਼ੋਂ ਕੁਝ ਵਧੇਰੇ ਪ੍ਰਾਪਤ ਹੋਇਆ ਹੈ, ਜੋ ਕੁਝ ਉਸਨੂੰ ਵਿਧਾਨ-ਘੜਨੀ ਅਸੈਂਬਲੀ ਤੋਂ ਮਿਲ ਸਕਦਾ ਸੀ, ਜਿਸ ਵਿੱਚ ਕਿ, ਸੋਵੀਅਤਾਂ ਵਾਂਗ ਹੀ ਸੋਸ਼ਲਿਸਟਾਂ ਦਾ ਗ਼ਲਬਾ ਸੀ, ਭਾਵੇਂ ਇਹ ਵੱਖੋ ਵੱਖਰੇ ਰੰਗ ਦੇ ਸਨ"(ਸਫ਼ਾ58)।

ਹੀਰਾ ਹੈ, ਨਹੀਂ? ਅਸੀਂ ਕਾਊਟਸਕੀ ਦੇ ਪ੍ਰਸੰਸਕਾਂ ਨੂੰ ਸਲਾਹ ਦੇਵਾਂਗੇ ਕਿ ਉਹ ਇਸ ਕਥਨ ਨੂੰ ਜਿੰਨਾਂ ਵੱਧ ਤੋਂ ਵੱਧ ਸੰਭਵ ਹੋ ਸਕੇ ਰੂਸੀ ਮਜ਼ਦੂਰਾਂ ਵਿੱਚ ਫੇਰਨ, ਕਿਉਂਕਿ ਆਪਣੇ ਰਾਜਸੀ ਨਿਘਾਰ ਦੀ ਡੂੰਘਾਈ ਦੇ ਮਾਪਣ ਲਈ ਕਾਊਟਸਕੀ ਇਸ ਤੋਂ ਚੰਗੇਰਾ ਮਸਾਲਾ ਨਹੀਂ ਸੀ ਦੇ ਸਕਦਾ। ਮਜ਼ਦੂਰ ਸਾਥੀਓ, ਕੇਰੇਨਸਕੀ ਵੀ ਇਕ "ਸੋਸ਼ਲਿਸਟ" ਸੀ, ਸਿਰਫ਼ "ਵੱਖਰੇ ਰੰਗ" ਦਾ! ਇਤਿਹਾਸਕਾਰ ਕਾਊਟਸਕੀ ਉਸ ਨਾਂ ਨਾਲ, ਉਸ ਖਿਤਾਬ ਨਾਲ ਸੰਤੁਸ਼ਟ ਹੈ, ਜਿਹੜਾ ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੇ ਆਪਣੇ ਆਪ ਨੂੰ "ਦੇ ਲਿਆ" ਸੀ। ਇਤਿਹਾਸਕਾਰ ਕਾਊਟਸਕੀ ਉਹਨਾਂ ਤੱਥਾਂ ਨੂੰ ਸੁਣਨ ਤੋਂ ਵੀ ਇਨਕਾਰ ਕਰਦਾ ਹੈ ਜਿਹੜੇ ਇਹ ਦਰਸਾਉਂਦੇ ਹਨ ਕਿ ਕੇਰੇਨਸਕੀ ਹੇਠ, ਮੈਨਸ਼ਵਿਕ ਅਤੇ ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀ ਸਾਮਰਾਜੀ ਨੀਤੀ ਦੀ ਅਤੇ ਬੁਰਜੂਆਜ਼ੀ ਦੇ

ਧਾੜਵੀਂ ਅਮਲਾਂ ਦੀ ਹਿਮਾਇਤ ਕਰਦੇ ਸਨ; ਉਹ ਬੜੀ ਸਿਆਣੀ ਤਰ੍ਹਾਂ ਨਾਲ਼ ਇਸ ਤੱਥ ਬਾਰੇ ਚੁੱਪ ਹੈ ਕਿ ਵਿਧਾਨ-ਘੜਨੀ ਅਸੈਂਬਲੀ ਦੀ ਬਹੁਗਿਣਤੀ ਸਾਮਰਾਜੀ ਜੰਗ ਅਤੇ ਬੁਰਜੂਆ ਡਿਕਟੇਟਰਸ਼ਿਪ ਦੇ ਇਹਨਾਂ ਦੀ ਸਮੱਰਥਕਾਂ ਦੀ ਸੀ। ਅਤੇ ਇਸਨੂੰ "ਆਰਥਕ ਵਿਸ਼ਲੇਸ਼ਣ" ਕਿਹਾ ਜਾ ਰਿਹਾ ਹੈ!...

ਅਖੀਰ ਵਿੱਚ ਮੈਨੂੰ ਇਸ "ਆਰਥਕ ਵਿਸ਼ਲੇਸ਼ਣ" ਦਾ ਇੱਕ ਹੋਰ ਨਮੂਨਾ ਦੇਣ ਦੀ ਆਗਿਆ ਦਿਓ-

> "...ਨੌਂ ਮਹੀਨੇ ਦੀ ਹੋਂਦ ਤੋਂ ਪਿੱਛੋਂ, ਆਮ ਖੁਸ਼ਹਾਲੀ, ਫ਼ੈਲਾਉਣ ਦੀ ਥਾਂ, ਸੋਵੀਅਤ ਰਿਪਬਲਿਕ ਇਸ ਗੱਲ ਦੀ ਵਿਆਖਿਆ ਕਰਨ ਲਈ ਮਜ਼ਬੂਰ ਹੋਈ ਮਹਿਸੂਸ ਕਰਨ ਲੱਗੀ ਕਿ ਆਮ ਥੁੜ੍ਹ ਕਿਉਂ ਹੈ" (ਸਫਾ41)।

ਅਸੀਂ ਕੈਡਟਾਂ ਦੇ ਬੁੱਲ੍ਹਾਂ ਤੋਂ ਇਹੋ ਜਿਹੀਆਂ ਦਲੀਲਾਂ ਸੁਣਨ ਦੇ ਆਦੀ ਹਾਂ। ਰੂਸ ਵਿੱਚ ਬੁਰਜੂਆਜ਼ੀ ਦੇ ਸਾਰੇ ਟੋਡੀ ਇਸ ਤਰ੍ਹਾਂ ਨਾਲ਼ ਦਲੀਲ ਦੇਂਦੇ ਹਨਃ ਨੌਂ ਮਹੀਨਿਆਂ ਤੋਂ ਮਗਰੋਂ, ਸਾਨੂੰ ਤੁਸੀਂ ਆਪਣੀ ਆਮ ਖੁਸ਼ਹਾਲੀ ਦਿਖਾਓ—ਅਤੇ ਉਹ ਵੀ ਚਾਰ ਸਾਲ ਦੀ ਤਬਾਹਕੁੰਨ ਜੰਗ ਤੋਂ ਮਗਰੋਂ, ਜਦ ਕਿ ਵਿਦੇਸ਼ੀ ਸਰਮਾਏਦਾਰ ਰੂਸ ਵਿੱਚ ਭੰਨ-ਤੋੜ ਦੀਆਂ ਕਾਰਵਾਈਆਂ ਨੂੰ ਅਤੇ ਬੁਰਜੂਆਜ਼ੀ ਦੀਆਂ ਬਗ਼ਾਵਤਾਂ ਨੂੰ ਸਰਬ-ਪੱਖੀ ਸਹਾਇਤਾ ਦੇ ਰਹੇ ਹਨ। **ਅਸਲ ਵਿੱਚ**, ਕਾਊਟਸਕੀ ਅਤੇ ਉਲਟ-ਇਨਕਲਾਬੀ ਬੁਰਜੂਆ ਵਿਚਕਾਰ ਬਿਲਕੁਲ ਕੋਈ ਫ਼ਰਕ ਨਹੀਂ ਰਿਹਾ, ਰਤਾ ਜਿੰਨਾਂ ਵੀ ਫ਼ਰਕ ਨਹੀਂ ਰਿਹਾ। "ਸੋਸ਼ਲਿਜ਼ਮ" ਦੇ ਪਰਦੇ ਹੇਠ, ਉਸਦੇ ਖੰਡ-ਲਪੇਟੇ ਬੋਲ ਸਿਰਫ਼ ਉਹੀ ਕੁਝ ਦੁਹਰਾਉਂਦੇ ਹਨ, ਜੋ ਕੁਝ ਰੂਸ ਵਿਚਲੇ ਕੋਰਨੀਲੋਵ ਦੇ ਬੰਦੇ, ਦੂਤੋਵ ਦੇ ਬੰਦੇ ਅਤੇ ਕਰਾਸਨੋਵ ਦੇ ਬੰਦੇ ਸਿੱਧਾ, ਸਾਫ਼ ਅਤੇ ਬਿਨਾਂ ਲਿਸ਼ਕਾਏ-ਪੁਸ਼ਕਾਏ ਕਹਿੰਦੇ ਹਨ।

* * *

ਉਪਰੋਕਰਤ ਸਤਰਾਂ 9 ਨੰਵਬਰ, 1918 ਨੂੰ ਲਿਖੀਆਂ ਗਈਆਂ ਸਨ। ਉਸੇ ਰਾਤ ਜਰਮਨੀ ਤੋਂ ਇੱਕ ਰਿਪੋਰਟ ਮਿਲੀ ਸੀ ਜਿਸ ਵਿੱਚ ਜੇਤੂ ਇਨਕਲਾਬ ਦੇ ਸ਼ੁਰੂ ਹੋਣ ਬਾਰੇ ਸੂਚਨਾ ਦਿੱਤੀ ਗਈ ਸੀ— ਪਹਿਲਾਂ ਕੀਲ ਵਿੱਚ ਅਤੇ ਹੋਰ ਉੱਤਰੀ ਸ਼ਹਿਰਾਂ ਅਤੇ ਬੰਦਰਗਾਹਾਂ ਵਿਚ, ਜਿੱਥੇ ਸੱਤਾ ਮਜ਼ਦੂਰਾਂ ਅਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥ ਚਲੀ ਗਈ ਹੈ ਅਤੇ ਫਿਰ ਬਰਲਿਨ ਵਿੱਚ, ਜਿਥੇ, ਫਿਰ, ਸੱਤ੍ਹਾ ਸੋਵੀਅਤ ਦੇ ਹੱਥਾਂ ਵਿੱਚ ਚਲੀ ਗਈ ਹੈ[72]।

ਕਾਊਟਸਕੀ ਬਾਰੇ ਅਤੇ ਪ੍ਰੋਲੇਤਾਰੀ ਇਨਕਲਾਬ ਬਾਰੇ ਆਪਣੇ ਪੈਂਫ਼ਲਟ ਵਿੱਚ ਜਿਹੜਾ ਅੰਤਲਾ ਭਾਗ ਲਿਖਣਾ ਅਜੇ ਰਹਿੰਦਾ ਸੀ ਹੁਣ ਉਹ ਫ਼ਾਲਤੂ ਹੈ।

10 ਨਵੰਬਰ, 1918 **ਨ. ਲੈਨਿਨ**

## ਅੰਤਿਕਾ 1

# ਵਿਧਾਨ-ਘੜਨੀ ਅਸੈਂਬਲੀ ਬਾਰੇ ਥੀਸਿਸ

1) ਇਨਕਲਾਬੀ ਸੋਸ਼ਲ–ਡੈਮੋਕ੍ਰੇਸੀ ਦੇ ਪ੍ਰੋਗਰਾਮ ਦੇ ਅੰਗ ਵਜੋਂ ਵਿਧਾਨ–ਘੜਨੀ ਅਸੈਂਬਲੀ ਬੁਲਾਉਣ ਦੀ ਮੰਗ ਪੂਰਣ ਰੂਪ ਵਿੱਚ ਜਾਇਜ਼ ਸੀ, ਕਿਉਂਕਿ ਬੁਰਜੂਆ ਰਿਪਬਲਿਕ ਵਿੱਚ ਵਿਧਾਨ–ਘੜਨੀ ਅਸੈਂਬਲੀ ਜਮਹੂਰੀਅਤ ਦੇ ਸਰਵਉੱਚ ਰੂਪ ਦਾ ਪ੍ਰਤੀਨਿਧ ਹੁੰਦੀ ਹੈ ਅਤੇ ਕਿਉਂਕਿ ਕੇਰੇਨਸਕੀ ਦੀ ਅਗਵਾਈ ਹੇਠ ਸਾਮਰਾਜਵਾਦੀ ਰਿਪਬਲਿਕ ਪਾਰਲੀਮੈਂਟ ਦਾ ਗਠਨ ਕਰਦੇ ਹੋਏ ਜਮਹੂਰੀਅਤ ਦੀ ਅਨੇਕਾਂ ਢੰਗਾਂ ਨਾਲ਼ ਉਲੰਘਣਾ ਕਰਨ ਅਤੇ ਚੋਣਾਂ ਵਿੱਚ ਗੜਬੜ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ।

2) ਵਿਧਾਨ–ਘੜਨੀ ਅਸੈਂਬਲੀ ਬੁਲਾਉਣ ਦੀ ਮੰਗ ਕਰਦੇ ਹੋਏ ਇਨਕਲਾਬੀ ਸੋਸ਼ਲ–ਡੈਮੋਕ੍ਰੇਸੀ 1917 ਦੇ ਇਨਕਲਾਬ ਦੇ ਮੁੱਢ ਤੋਂ ਹੀ ਇਸ ਗੱਲ ’ਤੇ ਵਾਰ–ਵਾਰ ਜ਼ੋਰ ਦਿੰਦੀ ਰਹੀ ਹੈ ਕਿ ਸੋਵੀਅਤਾਂ ਦੀ ਰਿਪਬਲਿਕ ਵਿਧਾਨ–ਘੜਨੀ ਅਸੈਂਬਲੀ ਵਾਲ਼ੇ ਆਮ ਬੁਰਜੂਆ ਰਿਪਬਲਿਕ ਦੀ ਤੁਲਨਾ ਵਿੱਚ ਜਮਹੂਰੀਅਤ ਦਾ ਉਚੇਰਾ ਰੂਪ ਹੈ।

3) ਬੁਰਜੂਆ ਢਾਂਚੇ ਤੋਂ ਸਮਾਜਵਾਦੀ ਢਾਂਚੇ ਵਿੱਚ ਟਰਾਂਜ਼ੀਸ਼ਨ ਲਈ, ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਲਈ (ਮਜ਼ਦੂਰਾਂ, ਸਿਪਾਹੀਆਂ ਅਤੇ ਕਿਸਾਨਾਂ ਦੀਆਂ ਸੋਵੀਅਤਾਂ ਦੀ ਰਿਪਬਲਿਕ, ਜਮਹੂਰੀ ਸੰਸਥਾਵਾਂ ਦੀ ਉਚੇਰੀ ਕਿਸਮ ਦਾ ਕੇਵਲ ਰੂਪ ਹੀ (ਵਿਧਾਨ–ਘੜਨੀ ਅਸੈਂਬਲੀ ਦਾ ਤਾਜ ਪਹਿਨੇ ਆਮ ਬੁਰਜੂਆ ਰਿਪਬਲਿਕ ਦੀ ਤੁਲਨਾ ਵਿੱਚ) ਨਹੀਂ ਹੈ, ਸਗੋਂ ਇਕਲੌਤਾ ਰੂਪ ਹੈ, ਜਿਹੜਾ ਸਮਾਜਵਾਦ ਵਿੱਚ ਸਭ ਤੋਂ ਵੱਧ ਤਕਲੀਫ਼–ਰਹਿਤ ਟਰਾਂਜ਼ੀਸ਼ਨ ਯਕੀਨੀ ਬਣਾਉਣ ਦੇ ਕਾਬਲ ਹੈ।

4) 1917 ਦੇ ਅਕਤੂਬਰ ਦੇ ਮੱਧ ਵਿੱਚ ਪੇਸ਼ ਕੀਤੀਆਂ ਗਈਆਂ ਲਿਸਟਾਂ ਦੇ ਅਨੁਸਾਰ ਸਾਡੇ ਇਨਕਲਾਬ ਵਿੱਚ ਵਿਧਾਨ–ਘੜਨੀ ਅਸੈਂਬਲੀ ਦੀ ਇਕੱਤਰਤਾ ਅਜਿਹੀਆਂ ਹਾਲਤਾਂ ਵਿੱਚ ਹੋ ਰਹੀ ਹੈ, ਜਿਹੜੀ ਇਸ ਵਿਧਾਨ–ਘੜਨੀ ਅਸੈਂਬਲੀ ਦੀਆਂ ਚੋਣਾਂ ਵਿੱਚ ਆਮ ਤੌਰ ’ਤੇ ਲੋਕਾਂ ਦੀ ਅਤੇ ਖ਼ਾਸ ਤੌਰ ’ਤੇ ਕਿਰਤੀ ਲੋਕਾਂ ਦੀ ਇੱਛਾ ਦੇ ਭਰੋਸੇਯੋਗ ਪ੍ਰਗਟਾਵੇ ਦੀ ਸੰਭਾਵਨਾ ਵਿੱਚ ਰੁਕਾਵਟ ਖੜੀ ਕਰ ਦਿੰਦੀ ਹੈ।

5) ਪਹਿਲਾ, ਚੋਣਾਂ ਦੀ ਅਨੁਪਾਤੀ ਪੱਧਤੀ ਲੋਕਾਂ ਦੀ ਇੱਛਾ ਦੇ ਭਰੋਸੇਯੋਗ ਪ੍ਰਗਟਾਵੇ ਨੂੰ ਸਿਰਫ਼ ਉਦੋਂ ਹੀ ਅੱਗੇ ਲਿਆਉਂਦੀ ਹੈ, ਜਦੋਂ ਪਾਰਟੀ ਲਿਸਟਾਂ ਉਹਨਾਂ ਪਾਰਟੀ ਗਰੁੱਪਾਂ ਵਿੱਚ, ਜਿਹੜੇ ਇਹਨਾਂ ਲਿਸਟਾਂ ਵਿੱਚ ਪ੍ਰਤੀਬਿੰਬਤ ਹੁੰਦੇ ਹਨ, ਲੋਕਾਂ ਦੀ ਅਸਲੀ ਵੰਡ ਦੇ ਅਨੁਰੂਪ ਹੁੰਦੀਆਂ ਹਨ। ਸਾਡੇ ਮਾਮਲੇ ਵਿੱਚ, ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਉਸ ਪਾਰਟੀ ਨੇ, ਜਿਸਦੇ ਲੋਕਾਂ ਵਿੱਚ ਅਤੇ ਖ਼ਾਸ ਕਰਕੇ ਕਿਸਾਨਾਂ ਵਿੱਚ ਮਈ ਤੋਂ ਲੈ ਕੇ ਅਕਤੂਬਰ ਤੱਕ ਸਭ ਤੋਂ ਜ਼ਿਆਦਾ ਪੈਰੋਕਾਰ ਸਨ—ਸਮਾਜਵਾਦੀ–ਇਨਕਲਾਬੀਆਂ ਦੀ ਪਾਰਟੀ ਨੇ—ਵਿਧਾਨ–

ਘੜਨੀ ਅਸੈਂਬਲੀ ਲਈ ਸੰਯੁਕਤ ਲਿਸਟਾਂ 1917 ਦੇ ਅਕਤੂਬਰ ਦੇ ਮੱਧ ਵਿੱਚ ਪੇਸ਼ ਕੀਤੀਆਂ ਸਨ, ਪਰ ਉਹ, ਵਿਧਾਨ-ਘੜਨੀ ਅਸੈਂਬਲੀ ਦੀਆਂ ਚੋਣਾਂ ਤੋਂ ਬਾਅਦ ਅਤੇ ਉਸਦੀ ਇਕੱਤਰਤਾ ਤੋਂ ਪਹਿਲਾਂ ਦੁਫ਼ਾੜ ਹੋ ਗਈ।

ਇਸ ਕਾਰਨ ਵੋਟਰਾਂ ਦੀ ਇੱਛਾ ਅਤੇ ਚੁਣੀ ਹੋਈ ਵਿਧਾਨ-ਘੜਨੀ ਅਸੈਂਬਲੀ ਦੇ ਗਠਨ ਵਿੱਚ ਰਸਮੀ ਅਨੁਰੂਪਤਾ ਵੀ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ।

6) ਦੂਜਾ, ਇੱਕ ਪਾਸੇ, ਲੋਕਾਂ ਦੀ, ਖਾਸ ਕਰਕੇ ਕਿਰਤੀ ਸ਼੍ਰੇਣੀਆਂ ਦੀ ਇੱਛਾ ਅਤੇ ਦੂਜੇ ਪਾਸੇ, ਵਿਧਾਨ-ਘੜਨੀ ਅਸੈਂਬਲੀ ਦੇ ਗਠਨ ਵਿਚਕਾਰ ਅਨੁਰੂਪਤਾ ਦੇ ਫ਼ਰਕ ਦਾ ਹੋਰ ਵੀ ਜ਼ਿਆਦਾ ਮਹੱਤਵਪੂਰਣ, ਨਾ ਰਸਮੀ ਅਤੇ ਨਾ ਕਾਨੂੰਨੀ, ਸਗੋਂ ਸਮਾਜਿਕ-ਆਰਥਿਕ, ਸ਼੍ਰੇਣੀ ਸ੍ਰੋਤ ਇਸ ਹਾਲਾਤ ਤੋਂ ਪੈਦਾ ਹੁੰਦਾ ਹੈ ਕਿ ਵਿਧਾਨ-ਘੜਨੀ ਅਸੈਂਬਲੀ ਦੀਆਂ ਚੋਣਾਂ ਉਦੋਂ ਹੋਈਆਂ ਸਨ, ਜਦੋਂ ਲੋਕਾਂ ਦੀ ਵਿਸ਼ਾਲ ਬਹੁਗਿਣਤੀ 25 ਅਕਤੂਬਰ 1917 ਨੂੰ, ਯਾਨੀ ਵਿਧਾਨ-ਘੜਨੀ ਅਸੈਂਬਲੀ ਦੇ ਉਮੀਦਵਾਰਾਂ ਦੀਆਂ ਲਿਸਟਾਂ ਪੇਸ਼ ਕਰ ਤੋਂ ਬਾਅਦ ਸ਼ੁਰੂ ਹੋਏ ਅਕਤੂਬਰ, ਸੋਵੀਅਤ, ਪ੍ਰੋਲੇਤਾਰੀ-ਕਿਸਾਨ ਇਨਕਲਾਬ ਦੇ ਪੂਰਨ ਮਨੋਰਥ ਅਤੇ ਮਹੱਤਤਾ ਨੂੰ ਅਜੇ ਨਹੀਂ ਜਾਣ ਸਕਦੀ ਸੀ।

7) ਅਕਤੂਬਰ ਇਨਕਲਾਬ ਸੋਵੀਅਤਾਂ ਲਈ ਸੱਤ੍ਹਾ ਹਾਸਲ ਕਰਦੇ ਹੋਏ, ਰਾਜਨੀਤਕ ਸ਼ਾਸਨ ਬੁਰਜੂਆ ਸ਼੍ਰੇਣੀ ਦੇ ਹੱਥਾਂ 'ਚੋਂ ਖੋਂਹਦੇ ਹੋਏ ਅਤੇ ਉਸਨੂੰ ਪ੍ਰੋਲੇਤਾਰੀ ਅਤੇ ਗਰੀਬ ਕਿਸਾਨਾਂ ਨੂੰ ਸੌਂਪਦੇ ਹੋਏ ਸਾਡੀਆਂ ਅੱਖਾਂ ਸਾਹਮਣੇ ਆਪਣੇ ਵਿਕਾਸ ਦੇ ਸਿਲਸਿਲੇਵਾਰ ਪੜਾਵਾਂ 'ਚੋਂ ਲੰਘ ਰਿਹਾ ਸੀ।

8) ਇਸਦਾ ਮੁੱਢ 24-25 ਅਕਤੂਬਰ ਨੂੰ ਰਾਜਧਾਨੀ ਵਿੱਚ ਜਿੱਤ ਹਾਸਲ ਕਰਨ ਨਾਲ਼ ਬੱਝਿਆ, ਜਦੋਂ ਮਜ਼ਦੂਰਾਂ ਅਤੇ ਸਿਪਾਹੀਆਂ ਦੀਆਂ ਡਿਪਟੀਆਂ ਦੀਆਂ ਸੋਵੀਅਤਾਂ ਦੀ ਦੂਜੀ ਕੁੱਲ-ਰੂਸੀ ਕਾਂਗਰਸ ਨੇ, ਪ੍ਰੋਲੇਤਾਰੀਆਂ ਦੇ ਇਸ ਹਰਾਵਲ ਦੀ ਅਤੇ ਕਿਸਾਨਾਂ ਦੇ ਰਾਜਨੀਤਕ ਤੌਰ 'ਤੇ ਸਭ ਤੋਂ ਜ਼ਿਆਦਾ ਸਰਗਰਮ ਹਿੱਸੇ ਦੀ ਕਾਂਗਰਸ ਨੇ ਬਾਲਸ਼ਵਿਕ ਪਾਰਟੀ ਨੂੰ ਬਹੁਮਤ ਦਿੱਤਾ ਅਤੇ ਉਸਨੂੰ ਸੱਤ੍ਹਾ ਸੌਂਪੀ।

9) ਉਦੋਂ, ਨਵੰਬਰ ਅਤੇ ਦਸੰਬਰ ਦੇ ਸਮੇਂ ਦੌਰਾਨ ਇਨਕਲਾਬ ਪੂਰੇ ਸਿਪਾਹੀਆਂ ਨੂੰ ਅਤੇ ਕਿਸਾਨੀ ਨੂੰ ਆਪਣੀ ਲਪੇਟ ਵਿੱਚ ਲੈਂਦਾ ਜਾ ਰਿਹਾ ਸੀ। ਇਸਦਾ ਪ੍ਰਗਟਾਵਾ ਸਭ ਤੋਂ ਪਹਿਲਾਂ ਇਸ ਗੱਲ ਤੋਂ ਹੋਇਆ ਕਿ ਉਹਨਾਂ ਪੁਰਾਣੀਆਂ ਆਗੂ ਸੰਸਥਾਵਾਂ ਨੂੰ (ਸੈਨਿਕ ਕਮੇਟੀਆਂ, ਗੁਬੇਰਨੀਆ ਕਿਸਾਨ ਕਮੇਟੀਆਂ, ਕਿਸਾਨ ਡਿਪਟੀਆਂ ਦੀ ਕੁੱਲ ਰੂਸੀ ਸੋਵੀਅਤ ਦੀ ਕੇਂਦਰੀ ਕਾਰਜ-ਕਾਰਨੀ ਕਮੇਟੀ, ਆਦਿ ਨੂੰ) ਜਿਹੜੀਆਂ ਇਨਕਲਾਬ ਦੇ ਪਿਛਲੇ ਸਮਝੌਤਾ-ਪ੍ਰਸਤ ਦੌਰ ਨੂੰ, ਉਸਦੇ ਪ੍ਰੋਲੇਤਾਰੀ ਨਹੀਂ, ਸਗੋਂ ਬੁਰਜੂਆ ਪੜਾਅ ਨੂੰ ਪ੍ਰਗਟ ਕਰਦੀਆਂ ਸਨ ਅਤੇ ਇਸ ਲਈ ਜਿਹਨਾਂ ਨੇ ਡੂੰਘੇਰੇ ਅਤੇ ਵਿਆਪਕ ਲੋਕ-ਸਮੂਹਾਂ ਦੇ ਦਬਾਅ ਹੇਠ ਅਟੱਲ ਤੌਰ 'ਤੇ ਮਿਟ ਜਾਣਾ ਸੀ—ਹਟਾ ਦਿੱਤਾ ਗਿਆ ਅਤੇ ਉਹਨਾਂ ਦੀ ਜਗ੍ਹਾ ਨਵੀਆਂ ਸੰਸਥਾਵਾਂ ਦੀ ਚੋਣ ਕੀਤੀ ਗਈ।

10) ਆਪਣੀਆਂ ਜੱਥੇਬੰਦੀਆਂ ਦੀਆਂ ਆਗੂ ਸੰਸਥਾਵਾਂ ਦੀ ਮੁੜ ਉਸਾਰੀ ਲਈ

ਸ਼ੋਸ਼ਿਤ ਲੋਕਾਂ ਦੀ ਇਹ ਵਿਸ਼ਾਲ ਲਹਿਰ ਅਜੇ, 1917 ਦੇ ਦਸੰਬਰ ਦੇ ਮੱਧ ਵਿੱਚ ਖ਼ਤਮ ਨਹੀਂ ਹੋਈ ਹੈ ਅਤੇ ਰੇਲਵੇ ਕਰਮਚਾਰੀਆਂ ਦੀ ਕਾਂਗਰਸ*, ਜਿਸਦਾ ਸੈਸ਼ਨ ਅਜੇ ਤੱਕ ਚੱਲ ਰਿਹਾ ਹੈ, ਇਸ ਲਹਿਰ ਦੇ ਇੱਕ ਪੜਾਅ ਦੀ ਪ੍ਰਤੀਨਿਧਤਾ ਕਰਦੀ ਹੈ।

11) ਰੂਸ ਦੀਆਂ ਸ਼੍ਰੇਣੀ ਤਾਕਤਾਂ ਦਾ ਉਹਨਾਂ ਦੇ ਸ਼੍ਰੇਣੀ ਘੋਲ਼ ਦੌਰਾਨ ਸਮੂਹੀਕਰਣ, ਸਿੱਟੇ ਵਜੋਂ, ਦਰਅਸਲ ਨਵੰਬਰ ਅਤੇ ਦਸੰਬਰ, 1917 ਵਿੱਚ ਉਸ ਨਾਲ਼ੋਂ ਸਿਧਾਂਤਕ ਰੂਪ ਵਿੱਚ ਅਲੱਗ ਬਣਦਾ ਜਾ ਰਿਹਾ ਹੈ, ਜਿਹੜਾ ਵਿਧਾਨ-ਘੜਨੀ ਅਸੈਂਬਲੀ ਦੇ ਉਮੀਦਵਾਰਾਂ ਦੀ ਅਕਤੂਬਰ, 1917 ਦੇ ਮੱਧ ਦੀਆਂ ਪਾਰਟੀ ਲਿਸਟਾਂ ਵਿੱਚ ਪ੍ਰਗਟ ਹੋ ਸਕਦਾ ਸੀ।

12) ਯੂਕਰੇਨ ਵਿੱਚ (ਅੰਸ਼ਕ ਤੌਰ 'ਤੇ ਫ਼ਿਨਲੈਂਡ ਅਤੇ ਬੇਲੋਰੂਸ ਵਿੱਚ ਅਤੇ ਨਾਲ਼ ਹੀ ਕਾਕੇਸ਼ੀਆ ਵਿੱਚ) ਪਿੱਛੇ ਜਿਹੇ ਹੀ ਵਾਪਰੀਆਂ ਘਟਨਾਵਾਂ ਉਸੇ ਤਰ੍ਹਾਂ ਸ਼੍ਰੇਣੀ ਤਾਕਤਾਂ ਦੇ ਇੱਕ ਅਜਿਹੇ ਨਵੇ ਸਮੂਹੀਕਰਣ ਵੱਲ ਇਸ਼ਾਰਾ ਕਰਦੀਆਂ ਹਨ, ਜਿਹੜਾ ਇੱਕ ਪਾਸੇ, ਯੂਕਰੇਨ ਦੀ ਰਾਦਾ**, ਫ਼ਿਨਲੈਂਡ ਦੀ ਸੇਈਮ, ਆਦਿ ਦੇ ਬੁਰਜੂਆ ਕੌਮਵਾਦ ਅਤੇ ਦੂਜੇ ਪਾਸੇ, ਇਹਨਾਂ

---

* ਇੱਥੇ ਇਸ਼ਾਰਾ **ਰੇਲਵੇ ਕਰਮਚਾਰੀਆਂ ਦੀ ਗੈਰ-ਸਧਾਰਣ ਕੁੱਲ-ਰੂਸੀ ਕਾਂਗਰਸ** ਵੱਲ ਹੈ, ਜਿਹੜੀ 12 (25) ਦਸੰਬਰ-30 ਦਸੰਬਰ, 1917 (12 ਜਨਵਰੀ, 1918) ਨੂੰ ਪੀਤਰੋਗਰਾਦ ਵਿਖੇ ਹੋਈ ਸੀ।

ਉਸ ਵਿੱਚ ਹਾਜ਼ਰ ਜ਼ਿਆਦਾਤਰ ਪ੍ਰਤੀਨਿਧੀ ਸੋਵੀਅਤਾਂ ਦੀ ਦੂਜੀ ਕੁੱਲ ਰੂਸੀ ਕਾਂਗਰਸ ਦੇ ਵਤੀਰੇ ਨਾਲ਼ ਸਹਿਮਤ ਸਨ। ਉਸਨੇ ਇੱਕ ਮਤਾ ਪਾਸ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਵਿਕਜੇਲ (ਰੇਲਵੇ ਟਰੇਡ-ਯੂਨੀਅਨ ਦੀ ਕੁੱਲ-ਰੂਸੀ ਕਾਰਜ-ਕਾਰਨੀ ਕਮੇਟੀ) ਦੀ ਨੀਤੀ ਉਲਟ-ਇਨਕਲਾਬੀ ਬੁਰਜੂਆ ਲੋਕਾਂ ਦੇ ਹੱਥ ਮਜ਼ਬੂਤ ਕਰਦੀ ਹੈ ਅਤੇ ਇਸ ਲਈ ਕਾਂਗਰਸ ਵਿਕਜੇਲ ਨੂੰ ਆਪਣਾ ਸਮਰਥਨ ਨਹੀਂ ਦੇ ਸਕਦੀ।

** **ਯੂਕਰੇਨ ਦੀ ਕੇਂਦਰੀ ਰਾਦਾ**— ਇੱਕ ਉਲਟ-ਇਨਕਲਾਬੀ ਬੁਰਜੂਆ ਕੌਮਵਾਦੀ ਜਥੇਬੰਦੀ, ਜਿਸਦੀ ਸਥਾਪਨਾ ਅਪ੍ਰੈਲ,1917 ਨੂੰ ਕੀਵ ਵਿਖੇ ਕੁੱਲ ਯੂਕਰੇਨ ਕੌਮੀ ਕਾਂਗਰਸ ਵਿੱਚ ਯੂਕਰੇਨੀ ਬੁਰਜੂਆ ਅਤੇ ਨਿੱਕ-ਬੁਰਜੂਆ ਕੌਮਵਾਦੀ ਪਾਰਟੀਆਂ ਅਤੇ ਗਰੁੱਪਾਂ ਦੇ ਗਠਜੋੜ ਦੁਆਰਾ ਕੀਤੀ ਗਈ ਸੀ।

ਕੇਂਦਰੀ ਰਾਦਾ ਨੇ ਯੂਕਰੇਨੀ ਬੁਰਜੂਆਜ਼ੀ ਅਤੇ ਭੂਮੀਪਤੀਆਂ ਦੀ ਸੱਤ੍ਹਾ ਮਜ਼ਬੂਤ ਕਰਨ ਅਤੇ ਯੂਕਰੇਨੀ ਬੁਰਜੂਆ ਰਾਜ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਸ ਕੰਮ ਲਈ ਉਸਨੇ ਯੂਕਰੇਨ ਦੀ ਕੌਮੀ-ਮੁਕਤੀ ਲਹਿਰ ਨੂੰ ਵੀ ਇਸਤੇਮਾਲ ਕੀਤਾ। ਕੌਮੀ ਸੁਤੰਤਰਤਾ ਦੇ ਘੋਲ਼ ਦੇ ਨਾਮ 'ਤੇ ਉਸਨੇ ਯੂਕਰੇਨੀ ਲੋਕਾਂ ਦਾ ਸਮਰਥਨ ਹਾਸਿਲ ਕਰਨ, ਉਹਨਾਂ ਨੂੰ ਕੁੱਲ ਰੂਸੀ ਇਨਕਲਾਬੀ ਲਹਿਰ ਨਾਲ਼ੋਂ ਅਲੱਗ ਕਰਨ ਅਤੇ ਯੂਕਰੇਨੀ ਬੁਰਜੂਆਜ਼ੀ ਦੇ ਜੂਲ਼ੇ ਹੇਠ ਰੱਖਣ ਅਤੇ ਯੂਕਰੇਨ ਵਿੱਚ ਸਮਾਜਵਾਦੀ ਇਨਕਲਾਬ ਨੂੰ ਜਿੱਤਣ ਨਾ ਦੇਣ ਦੇ ਯਤਨ ਕੀਤੇ। ਯੂਕਰੇਨ ਦੀ ਖ਼ੁਦ-ਮੁਖ਼ਤਿਆਰੀ ਦੇ ਸਵਾਲ 'ਤੇ ਮਤਭੇਦ ਹੋਣ ਦੇ ਬਾਵਜੂਦ ਰਾਦਾ ਆਰਜ਼ੀ ਸਰਕਾਰ ਦਾ ਸਮਰਥਨ ਕਰਦੀ ਸੀ।

ਅਕਤੂਬਰ ਸਮਾਜਵਾਦੀ ਇਨਕਲਾਬ ਜਿੱਤ ਤੋਂ ਬਾਅਦ ਰਾਦਾ ਨੇ ਖ਼ੁਦ ਨੂੰ "ਯੂਕਰੇਨੀ ਰਿਪਬਲਿਕ" ਦੀ ਸਰਵਉੱਚ ਸੰਸਥਾ ਐਲਾਨ ਦਿੱਤਾ ਅਤੇ ਕੁੱਲ ਰੂਸੀ ਉਲਟ-ਇਨਕਲਾਬ ਦਾ ਇੱਕ ਕੇਂਦਰ ਬਣ ਕੇ ਸੋਵੀਅਤ ਸੱਤ੍ਹਾ ਖਿਲਾਫ਼ ਖੁੱਲ੍ਹਮ-ਖੁੱਲ੍ਹਾ ਘੋਲ਼ ਸ਼ੁਰੂ ਕਰ ਦਿੱਤਾ। ⇨

ਵਿੱਚੋਂ ਹਰੇਕ ਕੌਮੀ ਰਿਪਬਲਿਕਾਂ ਦੀ ਸੋਵੀਅਤ ਸੱਤ੍ਹਾ, ਪ੍ਰੋਲੇਤਾਰੀ-ਕਿਸਾਨ ਇਨਕਲਾਬ ਦਰਮਿਆਨ ਘੋਲ਼ ਦੇ ਅਮਲ ਵਿੱਚ ਮੂਰਤ ਰੂਪ ਧਾਰ ਰਿਹਾ ਹੈ।

13) ਅਖ਼ੀਰ ਵਿੱਚ, ਸੋਵੀਅਤ ਸੱਤ੍ਹਾ ਵਿਰੁੱਧ, ਮਜ਼ਦੂਰਾਂ ਅਤੇ ਕਿਸਾਨਾਂ ਦੀ ਸਰਕਾਰ ਵਿਰੁੱਧ ਕੈਡਟ-ਕਾਲੇਦਿਨ ਉਲਟ-ਇਨਕਲਾਬੀ ਬਗਾਵਤ ਦੁਆਰਾ ਸ਼ੁਰੂ ਕੀਤੀ ਗਈ ਘਰੇਲੂ-ਜੰਗ ਨੇ ਸ਼੍ਰੇਣੀ ਘੋਲ਼ ਨੂੰ ਆਖ਼ਿਰਕਾਰ ਤਿੱਖਾ ਕਰ ਦਿੱਤਾ ਹੈ ਅਤੇ ਸਭ ਤੋਂ ਤਿੱਖੇ ਸਵਾਲਾਂ ਨੂੰ, ਜਿਹਨਾਂ ਨੂੰ ਇਤਿਹਾਸ ਨੇ ਰੂਸ ਦੇ ਲੋਕਾਂ ਦੇ ਸਨਮੁਖ ਅਤੇ ਇਸਤੋਂ ਵੀ ਪਹਿਲਾਂ ਉਸਦੀ ਮਜ਼ਦੂਰ ਸ਼੍ਰੇਣੀ ਅਤੇ ਕਿਸਾਨਾਂ ਦੇ ਸਨਮੁੱਖ ਲਿਆ ਖੜਾ ਕਰ ਦਿੱਤਾ, ਰਸਮੀ ਜਮਹੂਰੀ ਢੰਗ ਨਾਲ਼ ਹੱਲ ਕਰਨ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਕਰ ਦਿੱਤੀਆਂ ਹਨ।

14) ਬੁਰਜੂਆਜ਼ੀ ਅਤੇ ਭੂਮੀਪਤੀਆਂ ਦੀਆਂ ਬਗਾਵਤਾਂ (ਜਿਵੇਂ ਕੈਡੇਟ-ਕਾਲੇਦਿਨ ਬਗਾਵਤ ਵਿੱਚ ਪ੍ਰਗਟ ਹੋਇਆ) ਉੱਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਸਿਰਫ਼ ਪੂਰਨ ਜਿੱਤ, ਗੁਲਾਮ-ਮਾਲਕਾਂ ਦੀ ਇਸ ਬਗ਼ਾਵਤ ਦਾ ਕੇਵਲ ਬੇਕਿਰਕੀ ਨਾਲ਼ ਫ਼ੌਜੀ ਦਮਨ ਹੀ ਪ੍ਰੋਲੇਤਾਰੀ-ਕਿਸਾਨ ਇਨਕਲਾਬ ਦੀ ਅਸਲ ਵਿੱਚ ਰੱਖਿਆ ਕਰ ਸਕਦਾ ਹੈ। ਇਨਕਲਾਬ ਦੇ ਘਟਨਾ-ਚੱਕਰ ਅਤੇ ਸ਼੍ਰੇਣੀ ਘੋਲ਼ ਦੇ ਵਿਕਾਸ ਦੇ ਸਿੱਟੇ ਵਜੋਂ "ਸਾਰੀ ਸੱਤ੍ਹਾ ਵਿਧਾਨ-ਘੜਨੀ ਅਸੈਂਬਲੀ ਨੂੰ" ਦਾ ਨਾਅਰਾ, ਜਿਹੜਾ ਮਜ਼ਦੂਰਾਂ ਅਤੇ ਕਿਸਾਨਾਂ ਦੇ ਇਨਕਲਾਬ ਦੀਆਂ ਪ੍ਰਾਪਤੀਆਂ ਦੀ ਹੇਠੀ ਕਰਦਾ ਹੈ, ਸੋਵੀਅਤ ਸੱਤ੍ਹਾ ਨੂੰ ਅੱਖੋਂ ਓਹਲੇ ਕਰਦਾ ਹੈ, ਮਜ਼ਦੂਰ ਅਤੇ ਸੈਨਿਕ ਡਿਪਟੀਆਂ ਦੀਆਂ ਸੋਵੀਅਤਾਂ ਦੀ ਦੂਜੀ ਕੁੱਲ ਰੂਸੀ ਕਾਂਗਰਸ ਦੇ, ਕਿਸਾਨਾਂ ਦੀਆਂ ਡਿਪਟੀਆਂ ਦੀ ਦੂਜੀ ਕੁੱਲ ਰੂਸੀ ਕਾਂਗਰਸ ਦੇ ਫ਼ੈਸਲਿਆਂ ਨੂੰ ਅੱਖੋਂ ਪਰੋਖੇ ਕਰਦਾ ਹੈ, ਆਦਿ, ਦਰਅਸਲ ਕੈਡੇਟਾਂ, ਕਾਲੇਦਿਨਵਾਦੀਆਂ ਅਤੇ ਉਹਨਾਂ ਦੇ ਸਹਿਯੋਗੀਆਂ ਦਾ ਨਾਅਰਾ ਬਣ ਗਿਆ ਹੈ। ਸਾਰੇ

---

☞ ਦਸੰਬਰ, 1917 ਵਿੱਚ ਖਾਰਕੋਵ ਵਿਖੇ ਹੋਈ ਸੋਵੀਅਤਾਂ ਦੀ ਪਹਿਲੀ ਕੁੱਲ ਯੂਕਰੇਨੀ ਕਾਂਗਰਸ ਨੇ ਯੂਕਰੇਨ ਨੂੰ ਸੋਵੀਅਤ ਰਿਪਬਲਿਕ ਐਲਾਨ ਦਿੱਤਾ ਅਤੇ ਕੇਂਦਰੀ ਰਾਦਾ ਦੀ ਸੱਤ੍ਹਾ ਨੂੰ ਉਖਾੜ ਸੁੱਟਣ ਦਾ ਐਲਾਨ ਕਰ ਦਿੱਤਾ। ਦਸੰਬਰ, 1917 ਅਤੇ ਜਨਵਰੀ, 1918 ਵਿੱਚ ਸਾਰੇ ਯੂਕਰੇਨ ਵਿੱਚ ਕੇਂਦਰੀ ਰਾਦਾ ਖਿਲਾਫ਼ ਅਤੇ ਸੋਵੀਅਤ ਸੱਤ੍ਹਾ ਦੀ ਮੁੜ-ਬਹਾਲੀ ਲਈ ਹਥਿਆਰਬੰਦ ਬਗਾਵਤਾਂ ਹੋਈਆਂ। ਜਨਵਰੀ, 1918 ਨੂੰ ਯੂਕਰੇਨ ਵਿੱਚ ਸੋਵੀਅਤ ਫੌਜਾਂ ਨੇ ਮੋੜਵਾਂ ਹਮਲਾ ਸ਼ੁਰੂ ਕਰ ਦਿੱਤਾ ਅਤੇ 26 ਜਨਵਰੀ (8 ਫਰਬਰੀ) ਨੂੰ ਕੀਵ 'ਤੇ ਕਬਜ਼ਾ ਕਰਕੇ ਬੁਰਜੂਆ ਰਾਦਾ ਦੇ ਸ਼ਾਸ਼ਨ ਦਾ ਅੰਤ ਕਰ ਦਿੱਤਾ।

ਸੋਵੀਅਤ ਯੂਕਰੇਨ ਦੇ ਖੇਤਰ ਵਿੱਚੋਂ ਕੱਢੀ ਹੋਈ, ਹਾਰੀ ਹੋਈ ਅਤੇ ਕਿਰਤੀ ਲੋਕਾਂ ਦੁਆਰਾ ਆਪਣਾ ਸਮਰਥਨ ਵਾਪਿਸ ਲੈ ਲੈਣ ਤੋਂ ਬਾਅਦ ਕੇਂਦਰੀ ਰਾਦਾ ਨੇ ਜਰਮਨ ਸਾਮਰਾਜਵਾਦੀਆਂ ਨਾਲ਼ ਗੰਢ-ਤੁੱਪ ਕੀਤੀ ਅਤੇ ਵੱਖਰਾ ਅਮਨ-ਸਮਝੌਤਾ ਕਰ ਲਿਆ। ਮਾਰਚ, 1918 ਵਿੱਚ ਆਸਟਰੀਆਈ-ਜਰਮਨ ਧਾੜਵੀਆਂ ਨਾਲ਼ ਰਾਦਾ ਕੀਵ ਵਾਪਸ ਪਰਤੀ। ਪਰ ਜਦੋਂ ਜਰਮਨਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਰਾਦਾ ਯੂਕਰੇਨ ਵਿੱਚ ਇਨਕਲਾਬੀ ਲਹਿਰ ਨੂੰ ਦਬਾਉਣ ਅਤੇ ਜਰਮਨੀ ਨੂੰ ਲੋੜੀਂਦੀ ਮਾਤਰਾ ਵਿੱਚ ਰਸਦ-ਪਾਣੀ ਸਪਲਾਈ ਕਰਨੋਂ ਪੂਰੀ ਤਰ੍ਹਾਂ ਅਸਮਰਥ ਹੈ, ਤਾਂ ਉਹਨਾਂ ਨੇ ਅਪ੍ਰੈਲ ਦੇ ਅਖ਼ੀਰ ਵਿੱਚ ਇਸਨੂੰ ਭੰਗ ਕਰ ਦਿੱਤਾ।

ਲੋਕਾਂ ਨੂੰ ਹੁਣ ਇਹ ਗੱਲ ਸਾਫ਼ ਹੋ ਗਈ ਹੈ ਕਿ ਵਿਧਾਨ-ਘੜਨੀ ਅਸੈਂਬਲੀ ਜੇਕਰ ਸੋਵੀਅਤ ਸੱਤ੍ਹਾ ਤੋਂ ਵੱਖ ਹੋ ਜਾਂਦੀ ਹੈ, ਤਾਂ ਉਸਦੇ ਭਾਗਾਂ ਵਿੱਚ ਰਾਜਨੀਤਕ ਮੌਤ ਅਟੱਲ ਤੌਰ 'ਤੇ ਲਿਖੀ ਹੋਵੇਗੀ।

15) ਕੌਮੀ ਜੀਵਨ ਦੇ ਵਿਸ਼ੇਸ਼ ਤੌਰ 'ਤੇ ਤਿੱਖੇ ਸਵਾਲਾਂ ਵਿੱਚੋਂ ਇੱਕ ਅਮਨ ਦਾ ਸਵਾਲ ਹੈ। ਅਮਨ ਲਈ ਅਸਲ ਇਨਕਲਾਬੀ ਘੋਲ਼ ਰੂਸ ਵਿੱਚ ਸਿਰਫ਼ 25 ਅਕਤੂਬਰ ਦੇ ਇਨਕਲਾਬ ਦੀ ਜਿੱਤ ਤੋਂ ਬਾਅਦ ਹੀ ਸ਼ੁਰੂ ਹੋਇਆ ਅਤੇ ਇਸ ਜਿੱਤ ਨੇ ਪਹਿਲੇ ਫਲ਼ ਗੁਪਤ ਸਮਝੌਤਿਆਂ ਦੇ ਪ੍ਰਕਾਸ਼ਨ, ਜੰਗਬੰਦੀ ਦਾ ਨਿਪਟਾਰਾ ਕਰਨ ਅਤੇ ਹਥਿਆਉਣ ਅਤੇ ਹਰਜਾਨਿਆਂ ਤੋਂ ਬਿਨਾਂ ਆਮ ਅਮਨ ਬਾਰੇ ਖੁੱਲੇ ਤੌਰ 'ਤੇ ਗੱਲਬਾਤ ਕਰਨ ਦੀ ਸ਼ੁਰੂਆਤ ਦੇ ਰੂਪ ਵਿੱਚ ਦਿੱਤੇ।

ਵਿਆਪਕ ਲੋਕ-ਸਮੂਹਾਂ ਨੂੰ ਅਮਨ ਲਈ ਇਨਕਲਾਬੀ ਘੋਲ਼ ਦੀ ਨੀਤੀ ਦੇਖਣ ਅਤੇ ਉਸਦੇ ਨਤੀਜਿਆਂ ਦਾ ਅਧਿਐਨ ਕਰਨ ਦੇ ਪੂਰਣ ਤੌਰ 'ਤੇ ਅਤੇ ਖੁੱਲੇ ਮੌਕੇ ਅਸਲ ਵਿੱਚ ਸਿਰਫ਼ ਹੁਣ ਹੀ ਮਿਲ਼ ਰਹੇ ਸਨ।

ਵਿਧਾਨ-ਘੜਨੀ ਅਸੈਂਬਲੀ ਦੀ ਚੋਣ ਸਮੇਂ ਲੋਕ-ਸਮੂਹਾਂ ਕੋਲ ਅਜਿਹਾ ਕੋਈ ਮੌਕਾ ਨਹੀਂ ਸੀ।

ਇਹ ਗੱਲ ਸਾਫ਼ ਹੈ ਕਿ ਮਸਲੇ ਦੇ ਇਸ ਪੱਖ ਤੋਂ ਵੀ ਚੁਣੀ ਹੋਈ ਵਿਧਾਨ-ਘੜਨੀ ਅਸੈਂਬਲੀ ਦਾ ਗਠਨ ਅਤੇ ਜੰਗ ਖ਼ਤਮ ਕਰਨ ਦੇ ਸਵਾਲ ਉੱਤੇ ਲੋਕਾਂ ਦੀ ਅਸਲ ਇੱਛਾ ਵਿਚਲੀ ਅਨੁਰੂਪਤਾ ਦਾ ਫ਼ਰਕ ਅਟੱਲ ਹੈ।

16) ਸਮੁੱਚੇ ਰੂਪ ਵਿੱਚ ਉੱਪਰਲੀਆਂ ਸਾਰੀਆਂ ਹਾਲਤਾਂ ਦਾ ਨਤੀਜਾ ਇਹ ਹੈ ਕਿ ਬੁਰਜੂਆ ਸ਼ਾਸ਼ਨ ਹੇਠ, ਪ੍ਰੋਲੇਤਾਰੀ-ਕਿਸਾਨ ਇਨਕਲਾਬ ਤੋਂ ਪਹਿਲਾਂ ਬਣਨ ਵਾਲੀਆਂ ਪਾਰਟੀਆਂ ਦੀਆਂ ਲਿਸਟਾਂ ਮੁਤਾਬਿਕ ਬੁਲਾਈ ਜਾਣ ਵਾਲ਼ੀ ਵਿਧਾਨ-ਘੜਨੀ ਅਸੈਂਬਲੀ ਦੀ ਕਿਰਤੀਆਂ ਅਤੇ ਸ਼ੋਸ਼ਿਤ ਸ਼੍ਰੇਣੀਆਂ ਦੀ, ਜਿਹਨਾਂ ਨੇ 25 ਅਕਤੂਬਰ ਨੂੰ ਬੁਰਜੂਆਜ਼ੀ ਖਿਲਾਫ਼ ਸਮਾਜਵਾਦੀ ਇਨਕਲਾਬ ਦੀ ਸ਼ੁਰੂਆਤ ਕੀਤੀ, ਇੱਛਾ ਅਤੇ ਹਿਤਾਂ ਨਾਲ਼ ਟੱਕਰ ਹੋਣੀ ਅਟੱਲ ਹੈ। ਸੁਭਾਵਕ ਤੌਰ 'ਤੇ, ਇਸ ਇਨਕਲਾਬ ਦੇ ਹਿਤ ਵਿਧਾਨ-ਘੜਨੀ ਅਸੈਂਬਲੀ ਦੇ ਰਸਮੀ ਹੱਕਾਂ ਨਾਲ਼ੋਂ ਉਚੇਰੇ ਹਨ, ਭਾਵੇਂ ਵਿਧਾਨ-ਘੜਨੀ ਅਸੈਂਬਲੀ ਨਾਲ਼ ਸਬੰਧਤ ਕਨੂੰਨਾਂ ਵਿੱਚ ਆਪਣੇ ਪ੍ਰਤੀਨਿਧੀਆਂ ਦੀ ਕਿਸੇ ਵੀ ਸਮੇਂ ਮੁੜ ਚੋਣ ਕਰਨ ਦੇ ਲੋਕਾਂ ਦੇ ਹੱਕ ਦੀ ਮਾਨਤਾ ਦੀ ਅਣਹੋਂਦ ਨੇ ਇਹਨਾਂ ਰਸਮੀ ਹੱਕਾਂ ਦੇ ਜੜੀਂ ਤੇਲ ਨਹੀਂ ਦਿੱਤਾ ਸੀ।

17) ਵਿਧਾਨ-ਘੜਨੀ ਅਸੈਂਬਲੀ ਨਾਲ਼ ਸਬੰਧਤ ਸਵਾਲ 'ਤੇ ਰਸਮੀ, ਕਨੂੰਨੀ ਨਜ਼ਰੀਏ ਨਾਲ਼, ਸਧਾਰਣ ਬੁਰਜੂਆ ਜਮਹੂਰੀਅਤ ਦੇ ਚੌਖਟੇ ਅੰਦਰ, ਸ਼੍ਰੇਣੀ ਘੋਲ਼ ਅਤੇ ਖਾਨਾਜੰਗੀ ਨੂੰ ਧਿਆਨ ਵਿੱਚ ਨਾ ਰੱਖ ਕੇ ਵਿਚਾਰ ਕਰਨ ਦਾ ਕੋਈ ਵੀ ਸਿੱਧਾ ਜਾਂ ਅਸਿੱਧਾ ਯਤਨ ਪ੍ਰੋਲੇਤਾਰੀ ਸ਼੍ਰੇਣੀ ਦੇ ਮੰਤਵ ਨਾਲ਼ ਗ਼ੱਦਾਰੀ ਕਰਨਾ ਅਤੇ ਬੁਰਜੂਆ ਨਜ਼ਰੀਆ ਅਪਨਾਉਣਾ ਹੈ। ਇਸ ਗ਼ਲਤੀ ਤੋਂ, ਜਿਹੜੀ ਅਕਤੂਬਰ ਬਗ਼ਾਵਤ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੇ ਕਾਰਜਾਂ ਦੀ ਮਹੱਤਤਾ ਦੀ ਕਦਰ ਕਰਨ ਵਿੱਚ ਅਸਮਰਥ ਕੁਝ ਬਾਲਸ਼ਵਿਕ

ਲੀਡਰ ਕਰ ਬੈਠਦੇ ਹਨ, ਹਰ ਕਿਸੇ ਨੂੰ ਚੇਤੰਨ ਕਰਨਾ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਦਾ ਫਰਜ਼ ਹੈ।

18) ਵਿਧਾਨ-ਘੜਨੀ ਅਸੈਂਬਲੀ ਦੀ ਚੋਣ ਅਤੇ ਲੋਕਾਂ ਦੀ ਇੱਛਾ ਅਤੇ ਨਾਲ਼ ਹੀ ਕਿਰਤੀ ਅਤੇ ਸ਼ੋਸ਼ਿਤ ਸ਼੍ਰੇਣੀਆਂ ਦੇ ਹਿੱਤਾਂ ਵਿਚਲੀ ਭਿੰਨਤਾ ਕਾਰਨ ਪੈਦਾ ਹੋਏ ਸੰਕਟ ਦੇ ਤਕਲੀਫ਼-ਰਹਿਤ ਹੱਲ ਦੀ ਇੱਕੋ-ਇੱਕ ਸੰਭਾਵਨਾ ਇਸ ਗੱਲ ਵਿੱਚ ਵਿਦਮਾਨ ਹੈ ਕਿ ਲੋਕ ਵਿਧਾਨ-ਘੜਨੀ ਅਸੈਂਬਲੀ ਦੇ ਮੈਂਬਰਾਂ ਦੀ ਮੁੜ ਚੋਣ ਦੇ ਹੱਕ ਨੂੰ ਹੋਰ ਵਧੇਰੇ ਵਿਆਪਕ ਰੂਪ ਵਿੱਚ ਅਤੇ ਤੇਜ਼ ਰਫ਼ਤਾਰ ਨਾਲ਼ ਅਮਲੀ ਜਾਮਾ ਪਹਿਨਾਉਣ ਅਤੇ ਵਿਧਾਨ-ਘੜਨੀ ਅਸੈਂਬਲੀ ਇਹਨਾਂ ਨਵੀਂਆਂ ਚੋਣਾਂ ਬਾਰੇ ਕੇਂਦਰੀ ਕਾਰਜ-ਕਾਰਨੀ ਕਮੇਟੀ ਦੇ ਕਨੂੰਨ ਨੂੰ ਪ੍ਰਵਾਨ ਕਰੇ, ਸੋਵੀਅਤ ਸੱਤ੍ਹਾ ਅਤੇ ਸੋਵੀਅਤ ਇਨਕਲਾਬ ਨੂੰ, ਅਮਨ, ਜ਼ਮੀਨ ਅਤੇ ਮਜ਼ਦੂਰਾਂ ਦੇ ਕੰਟਰੋਲ ਦੇ ਸਵਾਲ ਉੱਤੇ ਇਸਦੀ ਨੀਤੀ ਨੂੰ ਪ੍ਰਵਾਨ ਕਰਨ ਦਾ ਬਿਨਾਂ ਸ਼ਰਤ ਐਲਾਨ ਕਰੇ ਅਤੇ ਕੈਡੇਟ-ਕਾਲੇਦਿਨ ਉਲਟ-ਇਨਕਲਾਬ ਦੇ ਦੁਸ਼ਮਣਾਂ ਦੇ ਖੇਮੇ ਨਾਲ਼ ਫ਼ੈਸਲਾਕੁਨ ਢੰਗ ਨਾਲ਼ ਹੱਥ ਮਿਲ਼ਾਵੇ।

19) ਇਹਨਾਂ ਹਾਲਤਾਂ ਤੋਂ ਬਾਹਰ ਵਿਧਾਨ-ਘੜਨੀ ਅਸੈਂਬਲੀ ਨਾਲ਼ ਸਬੰਧਤ ਸੰਕਟ ਸਿਰਫ਼ ਇਨਕਲਾਬੀ ਤਰੀਕੇ ਨਾਲ਼, ਸੋਵੀਅਤ ਸੱਤ੍ਹਾ ਦੁਆਰਾ ਕੈਡੇਟ-ਕਾਲੇਦਿਨ ਉਲਟ-ਇਨਕਲਾਬ ਦੇ ਖਿਲਾਫ਼, ਭਾਵੇਂ ਇਹ ਉਲਟ-ਇਨਕਲਾਬ ਕਿਹੋ ਜਿਹੇ ਵੀ ਨਾਅਰਿਆਂ ਅਤੇ ਸੰਸਥਾਵਾਂ (ਚਾਹੇ ਵਿਧਾਨ-ਘੜਨੀ ਅਸੈਂਬਲੀ ਦੀ ਮੈਂਬਰਸ਼ਿਪ) ਦੇ ਮਖੌਟੇ ਪਿੱਛੇ ਲੁਕਿਆ ਹੋਵੇ,ਵੱਧ ਤੋਂ ਵੱਧ ਜ਼ੋਰਦਾਰ, ਤੀਬਰ ਅਤੇ ਫ਼ੈਸਲਾਕੁਨ ਇਨਕਲਾਬੀ ਢੰਗ-ਤਰੀਕਿਆਂ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਇਸ ਘੋਲ਼ ਵਿੱਚ ਸੋਵੀਅਤ ਸੱਤ੍ਹਾ ਦੇ ਹੱਥ ਬੰਨਣ ਦਾ ਕੋਈ ਵੀ ਯਤਨ ਕਰਨਾ ਉਲਟ-ਇਨਕਲਾਬ ਦੀ ਸਹਾਇਤਾ ਕਰਨਾ ਹੋਵੇਗਾ।

12 (25) ਦਸੰਬਰ, 1917 ਨੂੰ ਲਿਖਿਆ

ਪਹਿਲੀ ਵਾਰ 13 (26) ਦਸੰਬਰ, 1917 ਨੂੰ
'ਪ੍ਰਾਵਦਾ' ਨੰ. 213 ਵਿੱਚ ਛਪਿਆ

## ਅੰਤਿਕਾ 2

# ਰਾਜ ਬਾਰੇ ਵਾਂਡਰਵੇਲਡੇ ਦੀ ਨਵੀਂ ਕਿਤਾਬ

ਕਾਊਟਸਕੀ ਦੀ ਕਿਤਾਬ ਪੜ੍ਹ ਲੈਣ ਤੋਂ ਪਿੱਛੋਂ ਹੀ ਮੈਨੂੰ ਵਾਂਡਰਵੇਲਡੇ ਦੀ ਕਿਤਾਬ "ਸਮਾਜਵਾਦ ਬਨਾਮ ਰਾਜ" (ਪੈਰਿਸ 1918) ਪੜ੍ਹਨ ਦਾ ਮੌਕਾ ਮਿਲਿਆ। ਦੋਹਾਂ ਕਿਤਾਬਾਂ ਦੀ ਤੁਲਨਾ ਦਾ ਖਿਆਲ ਆਪਣੇ ਆਪ ਹੀ ਆ ਜਾਂਦਾ ਹੈ। ਕਾਊਟਸਕੀ ਦੂਜੀ ਇੰਟਰਨੈਸ਼ਨਲ ਦਾ (1889-1914) ਦਾ ਵਿਚਾਰਧਾਰਕ ਆਗੂ ਹੈ, ਜਦ ਕਿ ਵਾਂਡਰਵੇਲਡੇ, ਕੌਮਾਂਤਰੀ ਸੋਸ਼ਲਿਸਟ ਬਿਊਰੋ[73] ਦੇ ਚੇਅਰਮੈਨ ਦੀ ਹੈਸੀਅਤ ਵਿੱਚ ਇਸਦਾ ਅਧਿਕ੍ਰਿਤ ਪ੍ਰਤਿਨਿੱਧ ਹੈ। ਦੋਵੇਂ ਹੀ ਦੂਜੀ ਇੰਟਰਨੈਸ਼ਨਲ ਦੇ ਪੂਰਨ ਦਿਵਾਲੀਆਪਣ ਨੂੰ ਪੇਸ਼ ਕਰਦੇ ਹਨ ਅਤੇ ਦੋਵੇਂ ਹੀ ਤਜਰਬਾਕਾਰ ਪੱਤਰਕਾਰਾਂ ਵਾਲ਼ੀ ਚਤੁਰਾਈ ਨਾਲ਼ ਇਸਦੇ ਦੀਵਾਲੀਆਪਣ ਨੂੰ ਅਤੇ ਖੁਦ ਆਪਣੇ ਦੀਵਾਲੀਆਪਣ ਨੂੰ ਅਤੇ ਗੱਦਾਰੀ ਕਰਕੇ ਬੁਰਜੂਆਜ਼ੀ ਵੱਲ ਚਲੇ ਜਾਣ ਨੂੰ ਮਾਰਕਸਵਾਦੀ ਸ਼ਬਦਾਵਲੀ ਨਾਲ਼ "ਬੜੀ ਮਹਾਰਤ ਨਾਲ਼" ਢੱਕਦੇ ਹਨ। ਇੱਕ ਜਣਾ ਸਾਨੂੰ ਇਸ ਗੱਲ ਦੀ ਉੱਘੜਵੀਂ ਉਦਾਹਰਣ ਪੇਸ਼ ਕਰਦਾ ਹੈ ਕਿ ਜਰਮਨ ਮੌਕਾਪ੍ਰਸਤੀ ਦਾ ਕੀ ਪ੍ਰਤਿਨਿੱਧ ਲੱਛਣ ਹੈ—ਬੋਝਲ ਚਿੰਤਨ, ਸਿਧਾਂਤੀਕਰਣ, ਅਤੇ ਮਾਰਕਸਵਾਦ ਵਿੱਚੋਂ ਉਸ ਸਭ ਕੁਝ ਨੂੰ ਛਾਂਗ ਕੇ, ਜੋ ਬੁਰਜੂਆਜ਼ੀ ਨੂੰ ਪ੍ਰਵਾਨ ਨਹੀਂ, ਇਸਨੂੰ ਗ਼ਲਤ ਤਰ੍ਹਾਂ ਨਾਲ਼ ਪੇਸ਼ ਕਰਨਾ। ਦੂਜਾ, ਪ੍ਰਚੱਲਤ ਮੌਕਾਪ੍ਰਸਤੀ ਦੀ ਲਾਤੀਨੀ—ਕਿਸੇ ਹੱਦ ਤੱਕ, ਅਸੀਂ ਕਹਿ ਸਕਦੇ ਹਾਂ ਪੱਛਮੀ ਯੂਰਪੀ (ਅਰਥਾਤ, ਜਰਮਨੀ ਤੋਂ ਪੱਛਮ ਵੱਲ ਦੀ) ਵੰਨਗੀ ਦਾ ਪ੍ਰਤਿਨਿਧ ਹੈ, ਜਿਹੜੀ ਵਧੇਰੇ ਲਚਕਦਾਰ ਅਤੇ ਘੱਟ ਬੋਝਲ ਚਿੰਤਨ ਵਾਲ਼ੀ ਹੈ ਅਤੇ ਜਿਹੜੀ ਮਾਰਕਸਵਾਦ ਨੂੰ ਉਸੇ ਬੁਨਿਆਦੀ ਢੰਗ ਨਾਲ਼ ਵਿਗਾੜ ਕੇ ਪੇਸ਼ ਕਰਦੀ ਹੈ, ਪਰ ਵਧੇਰੇ ਸੂਖ਼ਮ ਅੰਦਾਜ਼ ਵਿੱਚ।

ਦੋਵੇਂ ਹੀ ਰਾਜ ਬਾਰੇ ਅਤੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਮਾਰਕਸ ਦੀ ਸਿੱਖਿਆ ਨੂੰ ਬੁਨਿਆਦੀ ਤੌਰ ਉੱਤੇ ਵਿਗਾੜ ਕੇ ਪੇਸ਼ ਕਰਦੇ ਹਨ; ਵਾਂਡਰਵੇਲਡੇ ਵਧੇਰੇ ਰਾਜ ਬਾਰੇ ਅਤੇ ਕਾਊਟਸਕੀ ਵਧੇਰੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਬਾਰੇ ਲਿਖਦਾ ਹੈ। ਦੋਵੇਂ ਹੀ ਉਸ ਬਹੁਤ ਨਿਕਟਵਰਤੀ ਅਤੇ ਅਨਿਖੱੜ ਸਬੰਧ ਨੂੰ ਧੁੰਦਲਾ ਬਣਾ ਦੇਂਦੇ ਹਨ, ਜਿਹੜਾ ਇਹਨਾਂ ਦੋਹਾਂ ਮਜ਼ਮੂਨਾਂ ਵਿਚਕਾਰ ਮੌਜੂਦ ਹੈ। ਦੋਵੇਂ ਹੀ ਕਥਨੀ ਵਿੱਚ ਇਨਕਲਾਬੀ ਅਤੇ ਮਾਰਕਸਵਾਦੀ ਹਨ, ਪਰ ਕਰਨੀ ਵਿੱਚ ਭਗੌੜੇ, ਜਿਹੜੇ ਇਨਕਲਾਬ ਤੋਂ ਆਪਣੇ ਆਪ ਨੂੰ **ਵੱਖ ਕਰਨ ਲਈ** ਪੂਰਾ ਜ਼ੋਰ ਲਾਉਂਦੇ ਹਨ। ਉਹਨਾਂ ਵਿੱਚੋਂ ਕਿਸੇ ਵਿੱਚ ਵੀ ਐਸੀ ਕੋਈ ਚੀਜ਼ ਨਹੀਂ ਜਿਹੜੀ ਮਾਰਕਸ ਅਤੇ ਏਂਗਲਜ਼ ਦੀਆਂ ਕਿਰਤਾਂ ਵਿੱਚ ਰਮੀ ਹੋਈ ਹੈ, ਅਤੇ ਜਿਹੜੀ ਸੋਸ਼ਲਿਜ਼ਮ ਨੂੰ ਇਸਦੇ ਬੁਰਜੂਆ ਭੰਡ-ਚਿੱਤਰ ਨਾਲ਼ੋਂ ਸੱਚਮੁੱਚ ਨਿਖੇੜਦੀ ਹੈ, ਅਰਥਾਤ, ਸੁਧਾਰ ਦੇ ਕਾਰਜਾਂ ਤੋਂ **ਵਿਲੱਖਣ** ਇਨਕਲਾਬ ਦੇ ਕਾਰਜਾਂ ਉੱਤੇ ਚਾਨਣ ਪਾਉਣਾ, ਸੁਧਾਰਵਾਦੀ

ਦਾਅ-ਪੇਚਾਂ ਤੋਂ ਵਿਲੱਖਣ ਇਨਕਲਾਬੀ ਦਾਅ-ਪੇਚਾਂ ਉੱਤੇ ਚਾਨਣ ਪਾਉਣਾ, "ਮਹਾਨ" ਤਾਕਤਾਂ ਦੇ ਪ੍ਰੋਲੇਤਾਰੀਆਂ ਦੇ ਰੋਲ ਤੋਂ ਵਿਲੱਖਣ, ਜਿਹੜੇ ਬੁਰਜੂਆਜ਼ੀ ਦੇ ਸਾਮਰਾਜੀ ਪਰਾ-ਮੁਨਾਫ਼ਿਆਂ ਅਤੇ ਪਰਾ-ਲੁੱਟ ਵਿੱਚ ਇੱਕ ਕਿਣਕੇ ਦੀ ਭਿਆਲੀ ਰੱਖਦੇ ਹਨ, ਉਜ਼ਰਤੀ ਗ਼ੁਲਾਮੀ ਦੀ ਪ੍ਰਣਾਲੀ, ਪ੍ਰਬੰਧ ਜਾਂ ਨਿਜ਼ਾਮ ਨੂੰ **ਖ਼ਤਮ ਕਰਨ ਵਿੱਚ** ਪ੍ਰੋਲੇਤਾਰੀਆਂ ਦੇ ਰੋਲ ਉੱਤੇ ਚਾਨਣ ਪਾਉਣਾ।

ਅਸੀਂ ਇਸ ਰਾਇ ਦੀ ਪੁਸ਼ਟੀ ਲਈ ਵਾਂਡਰਵੇਲਡੇ ਦੀਆਂ ਸਭ ਤੋਂ ਮਹੱਤਵਪੂਰਨ ਦਲੀਲਾਂ ਦਾ ਹਵਾਲਾ ਦੇਵਾਂਗੇ।

ਕਾਊਟਸਕੀ ਵਾਂਗ, ਵਾਂਡਰਵੇਲਡੇ ਬੜੇ ਜੋਸ਼ ਨਾਲ ਮਾਰਕਸ ਅਤੇ ਏਂਗਲਜ਼ ਦੀਆਂ ਟੂਕਾਂ ਦੇਂਦਾ ਹੈ, ਅਤੇ ਕਾਊਟਸਕੀ ਵਾਂਗ ਹੀ, ਉਹ ਮਾਰਕਸ ਅਤੇ ਏਂਗਲਜ਼ ਵਿੱਚੋਂ ਜਿਸ ਚੀਜ਼ ਦਾ ਚਾਹੋ ਹਵਾਲਾ ਦੇਂਦਾ ਹੈ, **ਸਿਵਾਏ** ਉਸ ਚੀਜ਼ ਦੇ ਜਿਹੜੀ ਬੁਰਜੂਆਜ਼ੀ ਨੂੰ ਪੂਰੀ ਤਰ੍ਹਾਂ ਅਪ੍ਰਵਾਨ ਹੈ ਅਤੇ ਜਿਹੜੀ ਇਨਕਲਾਬੀ ਨੂੰ ਸੁਧਾਰਵਾਦੀ ਨਾਲ਼ੋਂ ਨਿਖੇੜਦੀ ਹੈ। ਉਹ ਪ੍ਰੋਲੇਤਾਰੀਆਂ ਵੱਲੋਂ ਰਾਜਨੀਤਕ ਸੱਤ੍ਹਾ ਜਿੱਤਣ ਬਾਰੇ ਬੜੀ ਰਵਾਨੀ ਨਾਲ਼ ਗੱਲ ਕਰਦਾ ਹੈ, ਕਿਉਂਕਿ ਅਮਲ ਨੇ ਪਹਿਲਾਂ ਹੀ ਇਸਨੂੰ ਕਰੜੀ ਤਰ੍ਹਾਂ ਪਾਰਲੀਮੈਂਟਰੀ ਹੱਦਾਂ ਦੇ ਅੰਦਰ ਸੀਮਤ ਕਰ ਦਿਤਾ ਹੈ। ਪਰ ਜਿੱਥੋਂ ਤੱਕ ਇਸ ਤੱਥ ਦਾ ਸਵਾਲ ਹੈ ਕਿ ਪੈਰਿਸ ਕਮਿਊਨ ਦੇ ਤਜ਼ਰਬੇ ਤੋਂ ਪਿੱਛੋਂ ਮਾਰਕਸ ਅਤੇ ਏਂਗਲਜ਼ ਨੂੰ ਇਹ ਜ਼ਰੂਰੀ ਲੱਗਾ ਕਿ ਅੰਸ਼ਕ ਤੌਰ ਉੱਤੇ ਸਮਾਂ ਵਿਹਾਅ ਚੁੱਕੇ "ਕਮਿਊਨਿਸਟ ਮੈਨੀਫ਼ੈਸਟੋ" ਵਿਚ ਇਸ ਸਚਾਈ ਦੀ ਵਿਆਖਿਆ ਦਾ ਵਾਧਾ ਕਰ ਦਿੱਤਾ ਜਾਏ ਕਿ ਮਜ਼ਦੂਰ ਜਮਾਤ ਬਣੀ ਬਣਾਈ ਰਾਜਕੀ ਮਸ਼ੀਨਰੀ ਉੱਪਰ ਐਂਵੇ ਹੀ ਕਬਜ਼ਾ ਨਹੀਂ ਕਰ ਸਕਦੀ, ਸਗੋਂ ਇਸਨੂੰ **ਨਸ਼ਟ ਕਰਨਾ** ਜ਼ਰੂਰੀ ਹੈ—ਇਸ ਬਾਰੇ ਕਹਿਣ ਲਈ ਉਸ ਕੋਲ਼ **ਇੱਕ ਵੀ ਸ਼ਬਦ ਨਹੀਂ**! ਵਾਂਡਰਵਾਲਡੇ ਅਤੇ ਕਾਊਟਸਕੀ, ਜਿਵੇਂ ਕਿ ਉਹਨਾਂ ਨੇ ਸਮਝੌਤਾ ਕੀਤਾ ਹੋਵੇ, ਉਸ ਚੀਜ਼ ਕੋਲ਼ੋਂ ਪੂਰੀ ਤਰ੍ਹਾਂ ਚੁੱਪ-ਚੁਪੀਤੇ ਹੀ ਲੰਘ ਜਾਂਦੇ ਹਨ, ਜਿਹੜੀ ਪ੍ਰੋਲੇਤਾਰੀ ਇਨਕਲਾਬ ਦੇ **ਤਜ਼ਰਬੇ** ਵਿੱਚ ਸਭ ਤੋਂ ਵੱਧ ਲਾਜ਼ਮੀ ਹੈ, ਬਿਲਕੁਲ ਉਸ ਚੀਜ਼ ਦੇ ਕੋਲ਼ੋਂ ਜਿਹੜੀ ਪ੍ਰੋਲੇਤਾਰੀ ਇਨਕਲਾਬ ਨੂੰ ਬੁਰਜੂਆ ਸੁਧਾਰਾਂ ਨਾਲ਼ੋਂ ਨਿਖੇੜਦੀ ਹੈ।

ਕਾਊਟਸਕੀ ਵਾਂਗ ਹੀ, ਵਾਂਡਰਵੇਲਡੇ ਦੀ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੀ ਗੱਲ ਆਪਣੇ ਆਪ ਨੂੰ ਇਸ ਨਾਲ਼ੋਂ ਵੱਖ ਕਰਨ ਲਈ ਹੀ ਕਰਦਾ ਹੈ। ਕਾਊਟਸਕੀ ਨੇ ਇਹ ਗੱਲ ਘੋਰ ਗ਼ਲਤ-ਬਿਆਨੀ ਰਾਹੀਂ ਕੀਤੀ। ਵਾਂਡਰਵੇਲਡੇ ਇਹ ਗੱਲ ਵਧੇਰੇ ਸੂਖ਼ਮ ਤਰੀਕੇ ਨਾਲ਼ ਕਰਦਾ ਹੈ। "ਪ੍ਰੋਲੇਤਾਰੀਆਂ ਵਲੋਂ ਰਾਜਸੀ ਸੱਤ੍ਹਾ ਜਿੱਤਣ" ਦੇ ਵਿਸ਼ੇ ਉੱਤੇ ਆਪਣੇ ਕਿਤਾਬ ਦੇ ਭਾਗ, ਸੈਕਸ਼ਨ 4, ਵਿੱਚ ਉਹ ਉਪ-ਸੈਕਸ਼ਨ **ਬੀ**. "ਪ੍ਰੋਲੇਤਾਰੀਆਂ ਦੀ ਸਾਂਝੀ ਡਿਕਟੇਟਰਸ਼ਿਪ" ਦੇ ਸਵਾਲ ਉੱਤੇ ਲਾਉਂਦਾ ਹੈ, ਮਾਰਕਸ ਅਤੇ ਏਂਗਲਜ਼ ਦੀਆਂ "ਟੂਕਾਂ ਦੇਂਦਾ ਹੈ" (ਮੈਂ ਦੁਹਰਾਉਂਦਾ ਹਾਂ: ਬਿਲਕੁਲ ਉਸੇ ਚੀਜ਼ ਨੂੰ ਹੀ ਵਿੱਚੋਂ ਕੱਢ ਕੇ ਜਿਹੜੀ ਮੁੱਖ ਨੁਕਤੇ ਨਾਲ਼ ਸਬੰਧਤ ਹੈ, ਅਰਥਾਤ, ਪੁਰਾਣੀ, ਬੁਰਜੂਆ-ਜਮਹੂਰੀ ਰਾਜਕੀ ਮਸ਼ੀਨਰੀ **ਨਸ਼ਟ ਕਰਨ** ਨਾਲ਼), ਅਤੇ ਸਿੱਟਾ ਕੱਢਦਾ ਹੈ:

"... ਸੋਸ਼ਲਿਸਟ ਹਲਕਿਆਂ ਵਿੱਚ, ਸਮਾਜਕ ਇਨਕਲਾਬ ਨੂੰ ਆਮ ਕਰਕੇ ਇਸ ਤਰ੍ਹਾਂ ਨਾਲ਼ ਸਮਝਿਆ ਜਾਂਦਾ ਹੈ, ਇਕ ਨਵੀਂ ਕਮਿਊਨ, ਇਸ ਵਾਰੀ ਜੋ ਜੇਤੂ ਹੋਵੇਗੀ, ਇੱਕ ਥਾਂ ਉੱਤੇ ਨਹੀਂ ਸਗੋਂ ਸਰਮਾਏਦਾਰਾ ਸੰਸਾਰ ਦੇ ਮੁੱਖ ਕੇਂਦਰਾਂ ਵਿਚ।

"ਇੱਕ ਮਿਥਣ, ਪਰ ਐਸਾ ਮਿਥਣ ਜਿਸ ਵਿੱਚ ਕੁਝ ਵੀ ਅਸੰਭਵ ਨਹੀਂ, ਐਸੇ ਸਮੇਂ ਜਦੋਂ ਇਹ ਪ੍ਰਤੱਖ ਜਾ ਰਿਹਾ ਹੈ ਕਿ ਜੰਗ ਮਗਰਲੇ ਸਮੇਂ ਵਿੱਚ ਕਈ ਦੇਸ਼ਾਂ ਵਿੱਚ ਬੇਮਿਸਾਲ ਸ਼੍ਰੇਣੀ ਵਿਰੋਧ ਅਤੇ ਸਮਾਜਕ ਉਤਾਰ-ਚੜ੍ਹਾਅ ਦੇਖਣ ਵਿੱਚ ਆਉਣਗੇ।

"ਪਰ ਜੇ ਪੈਰਿਸ ਕਮਿਊਨ ਦੀ ਅਸਫ਼ਲਤਾ, ਰੂਸੀ ਇਨਕਲਾਬ ਦੀਆਂ ਮੁਸ਼ਕਲਾਂ ਦੀ ਗੱਲ ਜੇ ਕਹਿਣ ਵੀ ਦੇਈਏ ਤਾਂ, ਕੁਝ ਵੀ ਸਾਬਤ ਕਰਦੀ ਹੈ, ਤਾਂ ਉਹ ਇਹ ਕਿ ਸਰਮਾਏਦਾਰਾ ਨਿਜ਼ਾਮ ਨੂੰ ਉਦੋਂ ਤੱਕ ਖਤਮ ਕਰਨਾ ਅਸੰਭਵ ਹੈ, ਜਦੋਂ ਤੱਕ ਪ੍ਰੋਲੇਤਾਰੀ ਉਸ ਸੱਤ੍ਹਾ ਦੀ ਉਚਿੱਤ ਵਰਤੋਂ ਕਰਨ ਲਈ ਆਪਣੇ ਆਪ ਨੂੰ ਕਾਫ਼ੀ ਤਿਆਰ ਨਹੀਂ ਕਰ ਲੈਂਦੇ, ਜਿਹੜੀ ਸੱਤਾ ਕਿ ਹਾਲਾਤ ਦੀ ਸ਼ਕਤੀ, ਹੋ ਸਕਦਾ ਹੈ, ਉਹਨਾਂ ਦੇ ਹੱਥ ਵਿੱਚ ਦੇ ਦੇਵੇ" (ਸਫ਼ਾ 73)।

ਅਤੇ ਇਸ ਮਸਲੇ ਬਾਰੇ ਹੋਰ ਬਿਲਕੁਲ ਕੁਝ ਨਹੀਂ ਕਿਹਾ ਗਿਆ!

ਇਹ ਹਨ ਦੂਜੀ ਇੰਟਰਨੈਸ਼ਨਲ ਦੇ ਆਗੂ ਅਤੇ ਪ੍ਰਤਿਨਿਧ! 1912 ਵਿੱਚ ਉਹਨਾਂ ਦੇ ਬਾਸਲ ਮੈਨੀਫੈਸਟੋ ਉੱਤੇ ਦਸਖ਼ਤ ਕੀਤੇ ਹਨ, ਜਿਹੜਾ ਇਸੇ ਹੀ ਜੰਗ, ਜਿਹੜੀ 1914 ਵਿੱਚ ਛਿੜ ਪਈ, ਅਤੇ ਪ੍ਰੋਲੇਤਾਰੀ ਇਨਕਲਾਬ ਵਿਚਕਾਰ ਸਬੰਧ ਦੀ ਖੁਲ੍ਹ ਕੇ ਗੱਲ ਕਰਦਾ ਹੈ, ਸਗੋਂ ਅਸਲ ਵਿੱਚ ਇਸਦੀ ਗੱਲ **ਇੱਕ ਧਮਕੀ ਵਜੋਂ** ਕਰਦਾ ਹੈ। ਅਤੇ ਜਦੋਂ ਜੰਗ ਛਿੜ ਪੈਂਦੀ ਹੈ ਅਤੇ ਇਨਕਲਾਬੀ ਸਥਿਤੀ ਪੈਦਾ ਹੋ ਜਾਂਦੀ ਹੈ, ਤਾਂ ਕਾਊਟਸਕੀ ਅਤੇ ਵਾਂਡਰਵੇਲਡੇ ਵਰਗੇ ਲੋਕ ਆਪਣੇ ਆਪ ਨੂੰ ਇਨਕਲਾਬ ਨਾਲ਼ੋਂ ਵੱਖ ਕਰਨ ਲੱਗ ਪੈਂਦੇ ਹਨ। ਪੈਰਿਸ ਕਮਿਊਨ ਵਰਗਾ ਇਨਕਲਾਬ ਸਿਰਫ਼ ਇਕ ਅਣ-ਅਸੰਭਵ ਮਿਥਣ ਹੈ! ਇਹ ਯੂਰਪ ਵਿਚ ਸੋਵੀਅਤਾਂ ਦੇ ਸੰਭਵ ਰੋਲ ਬਾਰੇ ਬਿਲਕੁਲ ਕਾਊਟਸਕੀ ਦੀ ਦਲੀਲ ਵਰਗੀ ਹੀ ਗੱਲ ਹੈ।

ਪਰ ਇਹੀ ਤਰੀਕਾ ਹੈ, ਜਿਸ ਨਾਲ਼ ਹਰ ਪੜ੍ਹਿਆ-ਲਿਖਿਆ **ਉਦਾਰਵਾਦੀ** ਦਲੀਲ ਦੇਂਦਾ ਹੈ; ਉਹ, ਨਿਰਸੰਦੇਹ, ਹੁਣ ਸਹਿਮਤ ਹੋਵੇਗਾ ਕਿ ਇਕ ਨਵੀਂ ਕਮਿਊਨ "ਅਸੰਭਵ ਨਹੀਂ", ਕਿ ਸੋਵੀਅਤਾਂ ਨੇ ਮਹਾਨ ਰੋਲ ਅਦਾ ਕਰਨਾ ਹੈ, ਆਦਿ। ਪ੍ਰੋਲੇਤਾਰੀ ਇਨਕਲਾਬੀ ਉਦਾਰਵਾਦੀ ਨਾਲ਼ੋਂ ਬਿਲਕੁਲ ਇਸੇ ਗੱਲ ਵਿਚ ਹੀ ਵੱਖਰਾ ਹੈ ਕਿ ਉਹ, ਸਿਧਾਂਤਕਾਰ ਦੇ ਤੌਰ ਉੱਤੇ, ਕਮਿਊਨ ਅਤੇ ਸੋਵੀਅਤਾਂ ਦੀ ਨਵੀਂ ਮਹੱਤਤਾ ਦਾ ਵਿਸ਼ਲੇਸ਼ਣ **ਰਾਜ ਵਜੋਂ** ਕਰਦਾ ਹੈ। ਪਰ ਵਾਂਡਰਵੇਲਡੇ ਹਰ ਉਸ ਗੱਲ ਨੂੰ **ਚੁੱਪ-ਚਾਪ ਅੱਖੋਂ ਉਹਲੇ ਕਰ ਦੇਂਦਾ** ਹੈ, ਜਿਹੜੀ ਪੈਰਿਸ ਕਮਿਊਨ ਦੇ ਤਜ਼ਰਬੇ ਦਾ ਵਿਸ਼ਲੇਸ਼ਣ ਕਰਦਿਆਂ ਮਾਰਕਸ ਅਤੇ

ਏਂਗਲਜ਼ ਨੇ ਇਸੇ ਵਿਸ਼ੇ ਉੱਤੇ ਏਨੇ ਵਿਸਥਾਰ ਨਾਲ਼ ਕਹੀ ਸੀ।

ਅਮਲੀ ਕਾਮੇ ਵਜੋਂ, ਸਿਆਸਤਦਾਨ ਵਜੋਂ, ਮਾਰਕਸਵਾਦੀ ਨੂੰ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਸੀ ਕਿ ਸਿਰਫ਼ ਸੋਸ਼ਲਿਜ਼ਮ ਦੇ ਗ਼ੱਦਾਰ ਹੀ ਹੁਣ (ਕਮਿਊਨ ਦੀ ਤਰ੍ਹਾ ਦੇ, ਸੋਵੀਅਤ ਦੀ ਤਰ੍ਹਾਂ ਦੇ ਜਾਂ ਸ਼ਾਇਦ ਕਿਸੇ ਤੀਸਰੀ ਤਰ੍ਹਾਂ ਦੇ) ਪ੍ਰੋਲੇਤਾਰੀ ਇਨਕਲਾਬ ਦੀ ਲੋੜ ਦੀ ਵਿਆਖਿਆ ਦੇ ਇਸਦੀ ਤਿਆਰੀ ਕਰਨ ਦੀ ਲੋੜ ਦੀ ਵਿਆਖਿਆ ਦੇ, ਲੋਕਾਂ ਵਿਚਕਾਰ ਇਨਕਲਾਬ ਲਈ ਪ੍ਰਚਾਰ ਕਰਨ ਦੇ, ਇਸਦੇ ਵਿਰੁੱਧ ਪੈਟੀ-ਬੁਰਜੂਆ ਤੁਅੱਸਬਾਂ ਨੂੰ ਗ਼ਲਤ ਸਾਬਤ ਕਰਨ ਆਦਿ ਦੇ ਕਾਰਜ ਨੂੰ ਟਾਲ ਸਕਦੇ ਹਨ।

ਪਰ ਨਾ ਕਾਊਟਸਕੀ ਅਤੇ ਨਾ ਹੀ ਵਾਂਡਰਵੇਲਡੇ ਇਸ ਤਰ੍ਹਾਂ ਦੀ ਕੋਈ ਗੱਲ ਕਰਦਾ ਹੈ, ਸਿਰਫ਼ ਇਸ ਲਈ ਕਿਉਂਕਿ ਉਹ ਆਪ ਸੋਸ਼ਲਿਜ਼ਮ ਦੇ ਗ਼ੱਦਾਰ ਹਨ, ਜਿਹੜੇ ਮਜ਼ਦੂਰਾਂ ਵਿਚਕਾਰ ਸੋਸ਼ਲਿਜ਼ਮ ਅਤੇ ਮਾਰਕਸਵਾਦੀ ਹੋਣ ਵਜੋਂ ਆਪਣੀ ਮਾਨਤਾ ਨੂੰ ਕਾਇਮ ਰੱਖਣਾ ਚਾਹੁੰਦੇ ਹਨ।

ਇਸ ਸਵਾਲ ਦੇ ਸਿਧਾਂਤਕ ਸੂਤ੍ਰੀਕਰਣ ਨੂੰ ਲਵੋ।

ਰਾਜ, ਇੱਥੋਂ ਤੱਕ ਕਿ ਜਮਹੂਰੀ ਰਿਪਬਲਿਕ ਵਿੱਚ ਵੀ, ਇਕ ਸ਼੍ਰੇਣੀ ਵਲੋਂ ਦੂਜੀ ਸ਼੍ਰੇਣੀ ਨੂੰ ਦਬਾਉਣ ਵਾਲ਼ੀ ਮਸ਼ੀਨਰੀ ਤੋਂ ਛੁੱਟ ਹੋਰ ਕੁਝ ਨਹੀਂ। ਕਾਊਟਸਕੀ ਇਸ ਸੱਚਾਈ ਤੋਂ ਵਾਕਫ਼ ਹੈ, ਇਸਨੂੰ ਮੰਨਦਾ ਹੈ, ਇਸ ਨਾਲ਼ ਸਹਿਮਤ ਹੈ, ਪਰ... ਉਹ ਇਸ ਬੁਨਿਆਦੀ ਸਵਾਲ ਨੂੰ ਟਾਲ਼ ਜਾਂਦਾ ਹੈ ਕਿ ਪ੍ਰੋਲੇਤਾਰੀ ਨੂੰ ਕਿਹੜੀ ਵਿਸ਼ੇਸ਼ ਸ਼੍ਰੇਣੀ ਨੂੰ ਦਬਾਉਣਾ ਚਾਹੀਦਾ ਹੈ, ਜਦੋਂ ਉਹ ਪ੍ਰੋਲੇਤਾਰੀ ਰਾਜ ਕਾਇਮ ਕਰ ਲੈਂਦੇ ਹਨ, ਕਿਸ ਕਰਕੇ ਅਤੇ ਕਿਹੜੇ ਸਾਧਨਾਂ ਰਾਹੀਂ ਦਬਾਉਣਾ ਚਾਹੀਦਾ ਹੈ।

ਵਾਂਡਰਵੇਲਡੇ ਵਾਕਫ਼ ਹੈ, ਮੰਨਦਾ ਹੈ, ਸਹਿਮਤ ਹੈ ਅਤੇ ਮਾਰਕਸਵਾਦ ਦੀ ਇਸ ਬੁਨਿਆਦੀ ਪ੍ਰਸਤਾਵਨਾ ਦਾ ਹਵਾਲਾ ਦੇਂਦਾ ਹੈ (ਉਸਦੀ ਪੁਸਤਕ ਦਾ ਸਫ਼ਾ 72), ਪਰ ...**ਸ਼ੋਸ਼ਕਾਂ ਵੱਲੋਂ ਕੀਤੇ ਜਾਂਦੇ ਵਿਰੋਧ ਨੂੰ ਦਬਾਉਣ** ਦੇ (ਸਰਮਾਏਦਾਰ ਭੱਦਰ-ਪੁਰਸ਼ਾਂ ਲਈ) “ਨਾਖੁਸ਼ਗਵਾਰ” ਵਿਸ਼ੇ ਉੱਤੇ ਉਹ ਇੱਕ ਵੀ ਸ਼ਬਦ ਨਹੀਂ ਕਹਿੰਦਾ!!

ਵਾਂਡਰਵੇਲਡੇ ਅਤੇ ਕਾਊਟਸਕੀ, ਦੋਵੇਂ ਹੀ ਇਸ “ਨਾਖੁਸ਼ਗਵਾਰ” ਮਜ਼ਮੂਨ ਨੂੰ ਪੂਰੀ ਤਰ੍ਹਾਂ ਟਾਲ਼ ਗਏ ਹਨ। ਇਸੇ ਵਿੱਚ ਹੀ ਉਹਨਾਂ ਦਾ ਸਿਧਾਂਤ-ਤਿਆਗ ਹੈ।

ਕਾਊਟਸਕੀ ਵਾਂਗ, ਵਿਰੋਧ-ਵਿਕਾਸ ਦੀ ਥਾਂ ਚੌਂਗਮੱਤ ਨੂੰ ਦੇਣ ਦੀ ਕਲਾ ਵਿੱਚ ਵਾਂਡਰਵੇਲਡੇ ਵੀ ਉਸਤਾਦ ਹੈ। ਇੱਕ ਪਾਸੇ, ਇਹ ਮੰਨੇ ਬਿਨਾਂ ਨਹੀਂ ਰਿਹਾ ਜਾ ਸਕਦਾ, ਅਤੇ ਦੂਜੇ ਪਾਸੇ, ਇਹ ਮੰਨਣਾ ਜ਼ਰੂਰੀ ਹੈ। ਇੱਕ ਪਾਸੇ, ਰਾਜ ਸ਼ਬਦ ਦਾ ਅਰਥ “ਸਮੁੱਚੇ ਤੌਰ ਉਤੇ ਕੌਮ” ਹੋ ਸਕਦਾ ਹੈ (ਦੇਖੋ, ਲਿਤਰੇ ਦਾ ਸ਼ਬਦਕੋਸ਼-ਇੱਕ ਵਿਦਵਤਾ ਵਾਲ਼ੀ ਕਿਰਤ, ਇਸਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ—ਅਤੇ ਵਾਂਡਰਵੇਲਡੇ, ਸਫਾ 87); ਦੂਜੇ ਪਾਸੇ, ਰਾਜ ਸ਼ਬਦ ਦਾ ਅਰਥ, “ਸਰਕਾਰ” ਹੋ ਸਕਦਾ ਹੈ (ਉਹੀ)। ਵਾਂਡਰਵੇਲਡੇ ਇਸ ਵਿਦਵਾਨ ਕਥਨ ਦਾ ਹਵਾਲਾ, ਰਜ਼ਾਮੰਦੀ ਨਾਲ਼, ਮਾਰਕਸ ਦੀ ਟੂਕ ਦੇ **ਨਾਲ਼ ਨਾਲ਼** ਦੇਂਦਾ ਹੈ।

“ਰਾਜ” ਸ਼ਬਦ ਦੇ ਮਾਰਕਸਵਾਦੀ ਅਰਥ ਸਧਾਰਣ ਅਰਥਾਂ ਨਾਲ਼ੋਂ ਵੱਖਰੇ ਹਨ,

ਵਾਂਡਰਵੇਲਡੇ ਲਿਖਦਾ ਹੈ। ਇਸ ਲਈ, "ਗ਼ਲਤ-ਫ਼ਹਿਮੀਆਂ" ਪੈਦਾ ਹੋ ਸਕਦੀਆਂ ਹਨ। "ਮਾਰਕਸ ਅਤੇ ਏਂਗਲਜ਼ ਰਾਜ ਨੂੰ ਵਿਸ਼ਾਲ ਅਰਥਾਂ ਵਿੱਚ ਰਾਜ ਵਜੋਂ ਨਹੀਂ ਲੈਂਦੇ, ਅਗਵਾਈ ਦੇ ਸਾਧਨ ਵਜੋਂ ਨਹੀਂ ਲੈਂਦੇ, ਸਮਾਜ ਦੇ ਆਮ ਹਿੱਤਾਂ (intÈrÍts gÈnÈraux de la sociÈlÈ) ਦੇ ਪ੍ਰਤਿਨਿਧ ਵਜੋਂ ਨਹੀਂ ਲੈਂਦੇ। ਇਹ ਸੱਤ੍ਹਾ ਵਜੋਂ ਰਾਜ ਹੈ, ਅਧਿਕਾਰਿਤਾ ਦੇ ਅੰਗ ਵਜੋਂ ਰਾਜ ਹੈ, ਇਕ ਸ਼੍ਰੇਣੀ ਵਲੋਂ ਦੂਜੀ ਸ਼੍ਰੇਣੀ ਉੱਪਰ ਰਾਜ ਕਰਨ ਦੇ ਸੰਦ ਵਜੋਂ ਰਾਜ ਹੈ" (ਵਾਂਡਰਵੇਲਡੇ ਦੀ ਕਿਤਾਬ ਦੇ ਸਫ਼ੇ 75-76)

ਮਾਰਕਸ ਅਤੇ ਏਂਗਲਜ਼ ਰਾਜ ਦੇ ਸਿਰਫ਼ ਦੂਸਰੀ ਤਰ੍ਹਾਂ ਦੇ ਅਰਥਾਂ ਵਿੱਚ ਹੀ ਇਸਦੇ ਖ਼ਾਤਮੇ ਦੀ ਗੱਲ ਕਰਦੇ ਹਨ। "...ਜ਼ਿਆਦਾ ਨਿਰਪੇਖ ਪੁਸ਼ਟੀਆਂ ਵਿੱਚ ਠੀਕ ਨਾ ਹੋਣ ਦਾ ਖਤਰਾ ਹੁੰਦਾ ਹੈ। ਸਰਮਾਏਦਾਰਾ ਰਾਜ, ਜਿਹੜਾ ਨਿਰੋਲ ਇਕ ਸ਼੍ਰੇਣੀ ਦੀ ਹਕੂਮਤ ਉੱਪਰ ਅਧਾਰਿਤ ਹੁੰਦਾ ਹੈ, ਅਤੇ ਪ੍ਰੋਲੇਤਾਰੀ ਰਾਜ, ਜਿਸਦਾ ਨਿਸ਼ਾਨਾ ਸਭ ਸ਼੍ਰੇਣੀਆਂ ਖ਼ਤਮ ਕਰਨਾ ਹੁੰਦਾ ਹੈ, ਵਿਚਕਾਰ ਕਈ, ਅੰਤਰਕਾਲੀ ਪੜਾਅ ਹਨ" (ਸਫ਼ਾ156)।

ਇਹ ਹੈ ਤੁਹਾਡੇ ਸਾਮ੍ਹਣੇ ਵਾਂਡਰਵੇਲਡੇ ਦੇ "ਢੰਗ" ਦੀ ਇੱਕ ਉਦਾਹਰਣ, ਜਿਹੜਾ ਕਾਊਟਸਕੀ ਦੇ ਢੰਗ ਨਾਲੋਂ ਜ਼ਰਾ ਕੁ ਫ਼ਰਕ ਰੱਖਦਾ ਹੈ ਅਤੇ ਤੱਤ ਰੂਪ ਵਿੱਚ, ਉਸੇ ਵਰਗਾ ਹੈ। ਵਿਰੋਧ-ਵਿਕਾਸ ਨਿਰਪੇਖ ਸਚਾਈਆਂ ਨੂੰ ਰੱਦ ਕਰਦਾ ਹੈ ਅਤੇ ਵਿਰੋਧੀ ਅੰਸ਼ਾਂ ਵਿਚ ਮਗਰੋਂ ਆਈਆਂ ਤਬਦੀਲੀਆਂ ਦੀ ਅਤੇ ਇਤਿਹਾਸ ਵਿਚਲੇ ਸੰਕਟ ਦੀ ਮਹੱਤਤਾ ਦੀ ਵਿਆਖਿਆ ਕਰਦਾ ਹੈ। ਚੌਂਗਮੱਤੀਆਂ ਐਸੀਆਂ ਪ੍ਰਸਤਾਵਨਾਵਾਂ ਨਹੀਂ ਚਾਹੁੰਦਾ ਜਿਹੜੀਆਂ "ਜ਼ਿਆਦਾ ਨਿਰਪੇਖ" ਹੋਣ, ਕਿਉਂਕਿ ਉਹ ਇਨਕਲਾਬ ਦੀ ਥਾਂ "**ਅੰਤਰਕਾਲੀ ਪੜਾਵਾਂ**" ਨੂੰ ਦੇਣ ਦੀ ਆਪਣੀ ਤੰਗ-ਨਜ਼ਰ ਇੱਛਾ ਨੂੰ ਅੱਗੇ ਲਿਆਉਣਾ ਚਾਹੁੰਦਾ ਹੈ।

ਕਾਊਟਸਕੀ ਅਤੇ ਵਾਂਡਰਵੇਲਡੇ ਵਰਗੇ ਲੋਕ ਇਸ ਤੱਥ ਬਾਰੇ ਕੁਝ ਨਹੀਂ ਕਹਿੰਦੇ ਕਿ ਸਰਮਾਏਦਾਰਾ ਜਮਾਤ ਦੀ ਹਕੂਮਤ ਦੇ ਅੰਗ ਵਜੋਂ ਰਾਜ ਅਤੇ ਪ੍ਰੋਲੇਤਾਰੀਆਂ ਦੀ ਹਕੂਮਤ ਦੇ ਅੰਗ ਵਜੋਂ ਰਾਜ ਦੇ ਵਿਚਕਾਰ ਅੰਤਰਕਾਲੀ ਪੜਾਅ **ਇਨਕਲਾਬ** ਹੈ, ਜਿਸਦਾ ਮਤਲਬ ਹੈ ਬੁਰਜੂਆਜ਼ੀ ਦਾ **ਤਖਤਾ ਪਲਟਣਾ** ਅਤੇ **ਉਹਨਾਂ ਦੀ** ਰਾਜਕੀ ਮਸ਼ੀਨਰੀ ਨੂੰ **ਭੰਨਣਾ**, ਨਸ਼ਟ ਕਰਨਾ।

ਕਾਊਟਸਕੀ ਅਤੇ ਵਾਂਡਰਵੇਲਡੇ ਇਸ ਤੱਥ ਨੂੰ ਲੁਕਾ ਜਾਂਦੇ ਹਨ ਕਿ ਬੁਰਜੂਆਜ਼ੀ ਦੀ ਡਿਕਟੇਟਰਸ਼ਿਪ ਦੀ ਥਾਂ **ਇਕ** ਸ਼੍ਰੇਣੀ, ਪ੍ਰੋਲੇਤਾਰੀਆਂ, ਦੀ ਡਿਕਟੇਟਰਸ਼ਿਪ ਵੱਲੋਂ ਲਿਆ ਜਾਣਾ ਲਾਜ਼ਮੀ ਹੈ, ਅਤੇ **ਇਨਕਲਾਬ** ਦੇ "ਅੰਤਰਕਾਲੀ ਪੜਾਅ" ਤੋਂ ਮਗਰੋਂ ਪ੍ਰੋਲਤਾਰੀ ਰਾਜ ਦੇ ਹੌਲ਼ੀ-ਹੌਲ਼ੀ ਖਤਮ ਹੋਣ ਦੇ "ਅੰਤਰਕਾਲੀ ਪੜਾਅ" ਆਉਣਗੇ।

ਇਸ ਵਿੱਚ ਲੁਕਿਆ ਹੋਇਆ ਹੈ ਉਹਨਾਂ ਦਾ ਸਿਧਾਂਤ -ਤਿਆਗ।

ਇਸ ਵਿੱਚ, ਸਿਧਾਂਤਕ ਤੌਰ ਉੱਤੇ, ਦਾਰਸ਼ਨਿਕ ਤੌਰ ਉੱਤੇ, ਉਹਨਾਂ ਵੱਲੋਂ ਵਿਰੋਧ-ਵਿਕਾਸ ਦੀ ਥਾਂ ਚੌਂਗਮੱਤ ਅਤੇ ਕੁਤਰਕਤਾ ਨੂੰ ਦੇਣਾ ਲੁਕਿਆ ਹੋਇਆ ਹੈ। ਵਿਰੋਧ-ਵਿਕਾਸ ਠੋਸ ਅਤੇ ਇਨਕਲਾਬੀ ਹੁੰਦਾ ਹੈ ਅਤੇ ਇੱਕ ਸ਼੍ਰੇਣੀ ਦੀ ਡਿਕਟੇਟਰਸ਼ਿਪ ਤੋਂ ਦੂਜੀ ਸ਼੍ਰੇਣੀ ਦੀ ਡਿਕਟੇਟਰਸ਼ਿਪ ਵੱਲ "ਤਬਦੀਲੀ" ਵਿਚਕਾਰ ਅਤੇ ਜਮਹੂਰੀ ਪ੍ਰੋਲੇਤਾਰੀ ਰਾਜ

ਵਲੋਂ ਅ-ਰਾਜ ("ਰਾਜ ਦੇ ਹੌਲ਼ੀ ਹੌਲ਼ੀ ਖ਼ਾਤਮੇ") ਵੱਲ "ਤਬਦੀਲੀ" ਵਿਚਕਾਰ ਨਿਖੇੜ ਕਰਦਾ ਹੈ। ਬੁਰਜੂਆਜ਼ੀ ਨੂੰ ਖੁਸ਼ ਕਰਨ ਲਈ, ਕਾਊਟਸਕੀਆਂ ਅਤੇ ਵਾਂਡਰਵੇਲਡੇਆਂ ਦਾ ਚੌਂਗਮੱਤ ਅਤੇ ਕੁਤਰਕਤਾ ਉਸ ਸਭ ਕੁਝ ਨੂੰ ਧੁੰਦਲਾ ਕਰ ਦੇਂਦੇ ਹਨ, ਜੋ ਸ਼੍ਰੇਣੀ ਘੋਲ਼ ਵਿੱਚ ਠੋਸ ਅਤੇ ਸੁਨਿਸ਼ਚਿਤ ਹੈ, ਅਤੇ ਉਸਦੀ ਥਾਂ "ਬਦਲੀ ਕਾਲ" ਦਾ ਆਮ ਸੰਕਲਪ ਪੇਸ਼ ਕਰਦੇ ਹਨ (ਜਿਵੇਂ ਸਾਡੇ ਸਮਿਆਂ ਦੇ ਅਧਿਕ੍ਰਿਤ **ਸੋਸ਼ਲ-ਡੈਮੋਕ੍ਰੈਟਾਂ** ਦਾ **ਨੌਂ ਬਟਾ ਦਸ ਹਿੱਸਾ ਲੁਕਾ ਰਿਹਾ ਹੈ**)!

ਚੌਂਗਮਤੀਏ ਅਤੇ ਕੁਤਰਕਤਾਵਾਦੀ ਵਜੋਂ ਵਾਂਡਰਵੇਲਡੇ ਕਾਊਟਸਕੀ ਨਾਲ਼ੋਂ ਵਧੇਰੇ ਹੁਸ਼ਿਆਰ ਅਤੇ ਸੂਖ਼ਮ ਹੈ; ਕਿਉਂਕਿ "ਸੀਮਤ ਅਰਥਾਂ ਵਿੱਚ ਰਾਜ ਵੱਲੋਂ ਵਿਸ਼ਾਲ ਅਰਥਾਂ ਵਿਚ ਰਾਜ ਵੱਲ ਤਬਦੀਲੀ" ਦਾ **ਵਾਕੰਸ਼** ਇਨਕਲਾਬ ਦੇ ਹਰ ਤਰ੍ਹਾਂ ਦੇ ਮਸਲਿਆਂ ਨੂੰ, ਇਨਕਲਾਬ ਅਤੇ ਸੁਧਾਰ ਵਿਚਲੇ ਸਾਰੇ ਫ਼ਰਕਾਂ ਨੂੰ, ਅਤੇ ਇੱਥੋਂ ਤੱਕ ਕਿ ਮਾਰਕਸਵਾਦੀ ਅਤੇ ਉਦਾਰਵਾਦੀ ਵਿਚਲੇ ਫ਼ਰਕ ਨੂੰ ਵੀ ਟਾਲਣ ਦੇ ਸਾਧਨ ਦਾ ਕੰਮ ਦੇ ਸਕਦਾ ਹੈ। ਯੂਰਪੀ ਵਿਦਿਆ ਵਾਲ਼ਾ ਕੋਈ ਬੁਰਜੂਆ ਇਹਨਾਂ "ਆਮ" ਅਰਥਾਂ ਵਿੱਚ "ਅੰਤਰਕਾਲੀ ਪੜਾਵਾਂ" ਤੋਂ "ਆਮ ਕਰਕੇ" ਇਨਕਾਰ ਕਰਨ ਬਾਰੇ ਭਲਾ ਕਿਉਂ ਸੋਚੇਗਾ?

ਵਾਂਡਰਵੇਲਡੇ ਲਿਖਦਾ ਹੈ:

> "ਮੈਂ ਗੇਦ ਦੇ ਨਾਲ਼ ਸਹਿਮਤ ਹਾਂ ਕਿ ਹੇਠ ਲਿਖੀਆਂ ਦੋ ਸ਼ਰਤਾਂ ਦੇ ਪੂਰਾ ਕੀਤੇ ਜਾਣ ਤੋਂ ਬਿਨਾਂ ਉਤਪਾਦਨ ਅਤੇ ਵਟਾਂਦਰੇ ਦੇ ਸਾਧਨਾਂ ਦਾ ਸਮਾਜੀਕਰਣ ਅਸੰਭਵ ਹੈ:
>
> "1. ਇੱਕ ਸ਼੍ਰੇਣੀ ਵਲੋਂ ਦੂਜੀ ਉੱਪਰ ਹਕੂਮਤ ਦੇ ਅੰਗ ਵਜੋਂ ਮੌਜੂਦਾ ਰਾਜ ਦੀ ਪ੍ਰੋਲੇਤਾਰੀਆਂ ਵੱਲੋਂ ਰਾਜਸੀ ਸੱਤ੍ਹਾ ਜਿੱਤਣ ਨਾਲ਼ ਉਸ ਰਾਜ ਵਿੱਚ ਤਬਦੀਲੀ, ਜਿਸਨੂੰ ਮੈਂਗਰ ਲੋਕਾਂ ਦਾ ਕਿਰਤੀ ਰਾਜ ਕਹਿੰਦਾ ਹੈ।
>
> "2. ਅਧਿਕਾਰਿਤਾ ਦੇ ਅੰਗ ਵਜੋਂ ਰਾਜ ਨੂੰ ਅਗਵਾਈ ਦੇ ਅੰਗ ਵਜੋਂ ਰਾਜ ਨਾਲ਼ੋਂ ਵੱਖ ਕਰਨਾ, ਜਾਂ, ਸੇਂਟ-ਸਾਈਮਨ ਦੇ ਸ਼ਬਦਾਂ ਵਿੱਚ, ਆਦਮੀਆਂ ਦੀ ਹਕੂਮਤ ਨਾਲ਼ੋਂ ਚੀਜ਼ਾਂ ਦੇ ਪ੍ਰਬੰਧ ਨੂੰ ਵੱਖ ਕਰਨਾ"(ਸਫ਼ਾ 89)।

ਵਾਂਡਰਵੇਲਡੇ ਇਸਨੂੰ ਟੇਢੇ ਅੱਖਰਾਂ ਵਿੱਚ ਦੇਂਦਾ ਹੈ ਅਤੇ ਇਸ ਤਰ੍ਹਾਂ ਇਹਨਾਂ ਪ੍ਰਸਤਾਵਨਾਵਾਂ ਦੀ ਮਹੱਤਤਾ ਉੱਤੇ ਉਚੇਚਾ ਜ਼ੋਰ ਦੇਂਦਾ ਹੈ। ਪਰ ਇਹ ਚੌਂਗਮੱਤੀ ਮਿਲਗੋਭੇ ਦਾ, ਮਾਰਕਸਵਾਦ ਨਾਲ਼ੋਂ ਪੂਰੀ ਤਰ੍ਹਾਂ ਟੁੱਟਣ ਦਾ ਖੇਤਰ ਹੈ! "ਲੋਕਾਂ ਦਾ ਕਿਰਤੀ ਰਾਜ" ਪੁਰਾਣੇ "ਲੋਕਾਂ ਦੇ ਅਜ਼ਾਦ ਰਾਜ" ਨੂੰ ਹੀ ਨਵੇਂ ਸ਼ਬਦਾਂ ਵਿੱਚ ਕਹਿਣਾ ਹੈ, ਜਿਸਨੂੰ ਜਰਮਨ ਸੋਸ਼ਲ-ਡੈਮੋਕਰੈਟ ਸਤਰ੍ਹਵਿਆਂ ਵਿੱਚ ਏਨਾਂ ਉਛਾਲਦੇ ਸਨ ਅਤੇ ਜਿਸਨੂੰ ਏਂਗਲਜ਼ ਨੇ ਬੇਹੂਦਗੀ ਦੱਸਿਆ ਸੀ[74]।"ਲੋਕਾਂ ਦਾ ਕਿਰਤੀ ਰਾਜ" ਦਾ ਵਾਕੰਸ਼ ਪੈਟੀ-ਬੁਰਜੂਆ ਡੈਮੋਕਰੈਟਾਂ (ਸਾਡੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵਾਂਗ ਹੀ) ਦੀ ਸ਼ਾਨ ਦੇ ਅਨੁਕੂਲ ਹੈ। ਐਸਾ ਵਾਕੰਸ਼ ਜਿਹੜਾ ਸ਼੍ਰੇਣੀ ਸੰਕਲਪਾਂ ਦੀ ਥਾਂ **ਗ਼ੈਰ-ਸ਼੍ਰੇਣੀ** ਸੰਕਲਪਾਂ ਨੂੰ ਦੇਂਦਾ ਹੈ।

ਵਾਂਡਰਵੇਲਡੇ **ਪ੍ਰੋਲੇਤਾਰੀਆਂ** (ਇਕ **ਸ਼੍ਰੇਣੀ**) ਵਲੋਂ ਰਾਜ-ਸੱਤਾ ਜਿੱਤਣ ਨੂੰ "ਲੋਕਾਂ ਦੇ" ਰਾਜ ਦੇ ਨਾਲ਼ ਥਾਂ ਦੇਂਦਾ ਹੈ, ਅਤੇ ਇਹ ਦੇਖਣ ਤੋਂ ਅਸਮਰੱਥ ਰਹਿੰਦਾ ਹੈ ਕਿ ਇਸਦਾ ਸਿੱਟਾ ਮਿਲਗੋਭੇ ਵਿੱਚ ਨਿਕਲਦਾ ਹੈ। ਕਾਊਟਸਕੀ ਅਤੇ ਉਸਦੀ "ਨਿਰੋਲ ਜਮਹੂਰੀਅਤ" ਦਾ ਸਿੱਟਾ ਵੀ ਇਹੋ ਜਿਹੇ ਮਿਲਗੋਭੇ ਵਿੱਚ, ਅਤੇ ਸ਼੍ਰੇਣੀ ਇਨਕਲਾਬ ਵੱਲੋਂ , ਸ਼੍ਰੇਣੀ, ਪ੍ਰੋਲਤਾਰੀ, ਡਿਕਟੇਟਰਸ਼ਿਪ ਦੇ, **ਸ਼੍ਰੇਣੀ** (ਪ੍ਰੋਲੇਤਾਰੀ) ਰਾਜ ਦੇ ਕਾਰਜਾਂ ਵੱਲੋਂ ਇਸੇ ਤਰ੍ਹਾਂ ਦੀ ਉਲਟ-ਇਨਕਲਾਬੀ, ਤੰਗ-ਨਜ਼ਰ ਬੇਧਿਆਨੀ ਵਿੱਚ ਨਿਕਲਦਾ ਹੈ।

ਇਸਤੋਂ ਛੁੱਟ, ਆਦਮੀਆਂ ਦੀ ਸਰਕਾਰ ਸਿਰਫ਼ ਉਦੋਂ ਹੀ ਲੋਪ ਹੋਵੇਗੀ ਅਤੇ ਵਸਤਾਂ ਦੇ ਪ੍ਰਬੰਧ ਨੂੰ ਆਪਣੀ ਥਾਂ ਦੇਵੇਗੀ ਜਦੋਂ ਰਾਜ ਆਪਣੇ **ਸਾਰੇ ਰੂਪਾਂ ਵਿੱਚ** ਹੌਲ਼ੀ ਹੌਲ਼ੀ ਖਤਮ ਹੋ ਜਾਏਗਾ।ਪਰ ਇਸ ਮੁਕਾਬਲਤਨ ਦੂਰ ਦੇ ਭਵਿੱਖ ਦੀ ਗੱਲ ਕਰਦਿਆਂ, ਵਾਂਡਰਵੇਲਡੇ **ਭਲਕ** ਦੇ ਕਾਰਜ, ਅਰਥਾਤ, ਬੁਰਜੂਆਜ਼ੀ ਦਾ **ਤਖਤਾ ਉਲਟਾਉਣ** ਨੂੰ ਲੁਕਾ ਦੇਂਦਾ ਹੈ, ਧੁੰਦਲਾ ਬਣਾ ਜਾਂਦਾ ਹੈ।

ਇਹ ਚਾਲਾਕੀ ਦੀ ਉਦਾਰ ਬੁਰਜੂਆਜ਼ੀ ਦੀ ਸੇਵਾਦਾਰੀ ਦੇ ਬਰਾਬਰ ਹੀ ਹੈ। ਉਦਾਰਵਾਦੀ ਇਸ ਚੀਜ਼ ਬਾਰੇ ਗੱਲ ਕਰਨ ਲਈ ਤਿਆਰ ਹੈ ਕਿ ਉਦੋਂ ਕੀ ਹੋਵੇਗਾ ਜਦੋਂ ਉਹਨਾਂ ਉੱਪਰ ਹਕੂਮਤ ਕਰਨਾ ਜ਼ਰੂਰੀ ਨਹੀਂ ਹੋਵੇਗਾ। ਇਹੋ ਜਿਹੇ ਗ਼ੈਰ-ਨੁਕਸਾਨਦੇਹ ਸੁਫ਼ਨੇ ਕਿਉਂ ਨਾ ਲਏ ਜਾਣ ? ਪਰ ਬੁਰਜੂਆਜ਼ੀ ਵੱਲੋਂ ਆਪਣੀ ਜਾਇਦਾਦ ਖੋਹੇ ਜਾਣ ਦੇ ਵਿਰੋਧ ਨੂੰ ਪ੍ਰੋਲੇਤਾਰੀਆਂ ਵਲੋਂ ਕੁਚਲੇ ਜਾਣ ਦੀ ਲੋੜ ਬਾਰੇ—ਇੱਕ ਲਫ਼ਜ ਵੀ ਨਹੀਂ। ਬੁਰਜੂਆਜ਼ੀ ਦੇ ਸ਼੍ਰੇਣੀ ਹਿੱਤ ਇਸਦੀ ਮੰਗ ਕਰਦੇ ਹਨ।

"ਸੋਸ਼ਲਿਜ਼ਮ ਬਨਾਮ ਰਾਜ"। ਇਹ ਹੈ ਵਾਂਡਰਵੇਲਡੇ ਵੱਲੋਂ ਪ੍ਰੋਲੇਤਾਰੀਆਂ ਨੂੰ ਨਮਸਕਾਰ। ਸਿਰ ਝੁਕਾਉਣਾ ਕੋਈ ਮੁਸ਼ਕਲ ਨਹੀਂ; ਹਰ "ਜਮਹੂਰੀਅਤਪਸੰਦ" ਸਿਆਸਤਦਾਨ ਜਾਣਦਾ ਹੈ ਕਿ ਆਪਣੇ ਚੋਣਕਾਰਾਂ ਅੱਗੇ ਕਿਵੇਂ ਸਿਰ ਝੁਕਾਈਦਾ ਹੈ।ਅਤੇ ਇਸ "ਸਿਰ ਝੁਕਾਉਣ" ਦੇ ਪਰਦੇ ਵਿੱਚ ਉਲਟ-ਇਨਕਲਾਬੀ, ਪ੍ਰੋਲੇਤਾਰੀ-ਵਿਰੋਧੀ ਅਰਥਾਂ ਵੱਲ ਸੰਕੇਤ ਕੀਤਾ ਜਾ ਰਿਹਾ ਹੈ।

ਵਾਂਡਰਵੇਲਡੇ ਓਸਤਰੋਗੋਰਸਕੀ ਦੇ ਸ਼ਬਦਾਂ[75] ਨੂੰ ਹੀ ਵਿਸ਼ਾਲ ਤੌਰ ਉੱਤੇ ਨਵੇਂ ਰੂਪ ਵਿਚ ਦੇਂਦਾ ਹੈ, ਇਹ ਦਰਸਾਉਣ ਲਈ ਕਿ ਆਧੁਨਿਕ ਬੁਰਜੂਆ ਜਮਹੂਰੀਅਤ ਦੀ ਸਭਯ, ਲਿਸ਼ਕੀ-ਪੁਸ਼ਕੀ ਅਤੇ ਖੁਸ਼ਬੂਦਾਰ ਦਿੱਖ ਦੇ ਹੇਠਾਂ ਕਿੰਨੀ ਧੋਖੇਬਾਜ਼ੀ, ਹਿੰਸਾ, ਭ੍ਰਿਸ਼ਟਾਚਾਰ, ਕੂੜ, ਦੰਭ ਅਤੇ ਗ਼ਰੀਬਾਂ ਉੱਪਰ ਜਬਰ ਲੁਕੇ ਹੋਏ ਹੁੰਦੇ ਹਨ।ਪਰ ਉਹ ਇਸਤੋਂ ਕੋਈ ਸਿੱਟਾ ਨਹੀਂ ਕੱਢਦਾ। ਉਹ ਇਹ ਦੇਖਣ ਤੋਂ ਅਸਮੱਰਥ ਰਹਿੰਦਾ ਹੈ ਕਿ ਬੁਰਜੂਆ ਜਮਹੂਰੀਅਤ ਕਿਰਤੀ ਅਤੇ ਸ਼ੋਸ਼ਤ ਲੋਕਾਂ ਨੂੰ ਦਬਾਉਂਦੀ ਹੈ, ਅਤੇ **ਪ੍ਰੋਲੇਤਾਰੀ ਜਮਹੂਰੀਅਤ** ਲਈ **ਬੁਰਜੂਆਜ਼ੀ ਨੂੰ ਦਬਾਉਣਾ** ਜ਼ਰੂਰੀ ਹੋਵੇਗਾ। ਕਾਊਟਸਕੀ ਅਤੇ ਵਾਂਡਰਵੇਲਡੇ ਇਸ ਗੱਲ ਵੱਲੋਂ ਅੰਨ੍ਹੇ ਹਨ।ਬੁਰਜੂਆਜ਼ੀ, ਜਿਸਦੇ ਮਗਰ ਮਾਰਕਸਵਾਦ ਦੇ ਇਹ ਪੈਟੀ-ਬੁਰਜੂਆ ਗ਼ੱਦਾਰ ਲੱਤਾ ਧੂੰਹਦੇ ਚੱਲ ਰਹੇ ਹਨ, ਦੇ ਹਿੱਤ ਦੀ **ਇਹ ਮੰਗ ਕਰਦੇ** ਹਨ ਕਿ ਇਸ ਸਵਾਲ ਨੂੰ ਟਾਲ਼ਿਆ ਜਾਏ, ਇਸਨੂੰ ਰਫ਼ਾ-ਦਫ਼ਾ ਕੀਤਾ ਜਾਏ, ਜਾਂ ਇਹੋ ਜਿਹੇ ਜ਼ਬਰ ਦੀ ਲੋੜ ਤੋਂ

ਸਿੱਧੀ ਤਰ੍ਹਾਂ ਇਨਕਾਰ ਕੀਤਾ ਜਾਏ।

ਪੈਟੀ-ਬੁਰਜੂਆ ਚੌਂਗਮੱਤ ਬਨਾਮ ਮਾਰਕਸਵਾਦ, ਕੁਤਰਕਤਾ ਬਨਾਮ ਵਿਰੋਧ-ਵਿਕਾਸ, ਤੰਗ ਨਜ਼ਰ ਸੁਧਾਰਵਾਦ ਬਨਾਮ ਪ੍ਰੋਲੇਤਾਰੀ ਇਨਕਲਾਬ—ਇਹ ਹੋਣਾ ਚਾਹੀਦਾ ਸੀ ਸਿਰਲੇਖ ਵਾਂਡਰਵੇਲਡੇ ਦੀ ਕਿਤਾਬ ਦਾ।

ਅਕਤੂਬਰ ਵਿੱਚ—ਅਤੇ 10 ਨਵੰਬਰ,
1918 ਤੋਂ ਪਹਿਲਾਂ ਲਿਖਿਆ
ਗਿਆ;

ਅੰਤਿਕ 2—10 ਨਵਬੰਰ,
1918 ਤੋਂ ਮਗਰੋਂ ਲਿਖੀ ਗਈ।

"ਕਮਿਊਨਿਸਟ" ਪ੍ਰਕਾਸ਼ਕ,
ਮਾਸਕੋ, ਵੱਲੋਂ 1918 ਵਿੱਚ
ਪੈਂਫ਼ਲਟ ਰੂਪ ਵਿਚ
ਪ੍ਰਕਾਸ਼ਤ ਕੀਤਾ ਗਿਆ

ਵ. ਇ. ਲੈਨਿਨ,
ਸੰਗ੍ਰਿਹਤ ਕਿਰਤਾਂ
(ਪੰਜਵੀਂ ਰੂਸੀ ਛਾਪ),
ਸੈਂਚੀ 37, ਸਫ਼ੇ
235-338

# ਸੰਪਾਦਕੀ ਨੋਟ

1. **ਦੂਜੀ ਇੰਟਰਨੈਸ਼ਨਲ**-ਸੋਸ਼ਲਿਸਟ ਪਾਰਟੀਆਂ ਦੀ ਕੌਮਾਂਤਰੀ ਜਥੇਬੰਦੀ। 1889 ਵਿਚ ਬਣੀ। ਪਹਿਲੀ ਸੰਸਾਰ ਜੰਗ (1914–1918) ਦੇ ਸ਼ੁਰੂ ਹੁੰਦਿਆਂ ਹੀ ਦੂਜੀ ਇੰਟਰਨੈਸ਼ਨਲ ਦੇ ਆਗੂ ਸੋਸ਼ਲਿਜ਼ਮ ਦੇ ਉਦੇਸ਼ ਨਾਲ਼ ਗ਼ੱਦਾਰੀ ਕਰ ਗਏ, ਆਪੋ ਆਪਣੀਆਂ ਸਾਮਰਾਜੀ ਹਕੂਮਤਾਂ ਵੱਲ ਹੋ ਗਏ ਅਤੇ ਦੂਜੀ ਇੰਟਰਨੈਸ਼ਨਲ ਟੁੱਟ ਗਈ। ਪਹਿਲਾਂ ਦੂਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਖੱਬੇ–ਪੱਖੀਆਂ ਪਾਰਟੀਆਂ ਅਤੇ ਗਰੁੱਪ ਕਮਿਊਨਿਸਟ (ਤੀਜੀ) ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਏ, ਜਿਸਦੀ ਬੁਨਿਆਦ 1919 ਵਿੱਚ ਮਾਸਕੋ ਵਿੱਚ ਰੱਖੀ ਗਈ।

   1919 ਵਿੱਚ ਹੀ ਬਰਨ (ਸਵਿਟਜ਼ਰਲੈਂਡ) ਵਿਖੇ ਹੋਈ ਇੱਕ ਕਾਨਫ਼ਰੰਸ ਵਿੱਚ ਦੂਜੀ ਇੰਟਰਨੈਸ਼ਨਲ ਨੂੰ ਮੁੜ ਸੁਰਜੀਤ ਕੀਤਾ ਗਿਆ; ਇਸ ਵਿੱਚ ਸਿਰਫ਼ ਉਹੀ ਪਾਰਟੀਆਂ ਸ਼ਾਮਲ ਹੋਈਆਂ ਜਿਹੜੀਆਂ ਸੋਸ਼ਲਿਸਟ ਲਹਿਰ ਦੇ ਸੱਜੇ–ਪੱਖੀ ਮੌਕਾਪ੍ਰਸਤ ਧੜੇ ਦੀ ਪ੍ਰਤਿਨਿਧਤਾ ਕਰਦੀਆਂ ਹਨ।

—5

2. **"ਸੋਤਸੀਆਲ-ਦੇਮੋਕਰਾਤ"** - ਰੂ. ਸੋ. ਡੈ. ਲੇ. ਪਾ ਦਾ ਕੇਂਦਰੀ, ਗ਼ੈਰ–ਕਾਨੂੰਨੀ ਅਖ਼ਬਾਰ। ਫ਼ਰਵਰੀ 1908 ਤੋਂ ਜਨਵਰੀ 1917 ਤੱਕ ਨਿਕਲ਼ਦਾ ਰਿਹਾ। ਪਹਿਲਾ ਅੰਕ ਰੂਸ ਤੋਂ ਨਿਕਲ਼ਿਆ, ਮਗਰੋਂ ਪੈਰਿਸ ਅਤੇ ਜਨੇਵਾ ਤੋਂ ਨਿਕਲ਼ਦਾ ਰਿਹਾ। ਦਸੰਬਰ 1911 ਤੋਂ ਇਸਦਾ ਸੰਪਾਦਨ ਵ. ਇ. ਲੈਨਿਨ ਕਰਦੇ ਰਹੇ।

—5

3. **"ਕੋਮੂਨਿਸਤ"**- ਵ. ਇ. ਲੈਨਿਨ ਵੱਲੋਂ ਕੱਢਿਆ ਗਿਆ ਰਸਾਲਾ; ਅਖਬਾਰ "ਸੋਤਸੀਆਲ–ਦੇਮੋਕਰਾਤ" ਦਾ ਸੰਪਾਦਕੀ ਮੰਡਲ ਇਸਨੂੰ ਪ੍ਰਕਾਸ਼ਤ ਕਰਦਾ ਸੀ, ਜਿਸ ਵਿਚ ਗ. ਲ. ਪਯਾਤਾਕੋਵ ਅਤੇ ਏ. ਬ. ਬੋਸ਼ ਵੀ ਸ਼ਾਮਲ ਸਨ, ਜਿਹੜੇ ਇਸਦੇ ਪ੍ਰਕਾਸ਼ਨ ਉਤੇ ਪੈਸੇ ਖਰਚ ਕਰਦੇ ਸਨ (ਸੰਪਾਦਕੀ ਮੰਡਲ ਵਿੱਚ ਨ. ਇ. ਬੁਖ਼ਾਰਿਨ ਵੀ ਸ਼ਾਮਲ ਹੋ ਗਿਆ)। 1916 ਵਿੱਚ ਲੈਨਿਨ ਦੀ ਤਜਵੀਜ਼ ਉੱਤੇ ਰਸਾਲਾ ਬੰਦ ਕਰ ਦਿੱਤਾ ਗਿਆ।

—5

4. ਇੱਥੇ ਹਵਾਲਾ "ਸੋਸ਼ਲਿਜ਼ਮ ਅਤੇ ਜੰਗ (ਰੂ. ਸੋ. ਡੈ. ਲੇ. ਪਾ. ਦਾ ਜੰਗ ਵੱਲ ਵਤੀਰਾ)" ਪੈਮਫ਼ਲਟ ਵੱਲ ਹੈ।

—5

5. **ਬਾਸਲ ਮੈਨੀਫ਼ੈਸਟੋ—**ਬਾਸਲ ਵਿੱਚ ਅਸਾਧਾਰਣ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਨੇ, ਜਿਹੜੀ 24-25 ਨਵੰਬਰ 1912 ਨੂੰ ਹੋਈ, ਜੰਗ ਸਬੰਧੀ ਮੈਨੀਫੈਸਟੋ ਪ੍ਰਵਾਨ ਕੀਤਾ। ਮੈਨੀਫ਼ੈਸਟੋ ਵਿੱਚ ਸੰਸਾਰ ਸਾਮਰਾਜੀ ਜੰਗ ਦੇ ਵਧ ਰਹੇ ਖ਼ਤਰੇ ਤੇ ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਸੀ, ਜੰਗ ਦੇ ਲੋਟੂ ਖਾਸੇ ਨੂੰ ਉਘਾੜਿਆ ਗਿਆ ਸੀ ਅਤੇ ਸਾਰੇ ਦੇਸ਼ਾਂ ਦੇ ਕਿਰਤੀਆਂ ਨੂੰ ਅਮਨ ਲਈ ਦ੍ਰਿੜ ਘੋਲ਼ ਕਰਨ ਦੀ ਅਤੇ "ਸਰਮਾਏਦਾਰੀ ਸਾਮਰਾਜ ਦਾ ਪ੍ਰੋਲੇਤਾਰੀਆਂ ਦੀ ਕੌਮਾਂਤਰੀ ਇਕਮੁੱਠਤਾ ਦੀ ਤਾਕਤ" ਨਾਲ਼ ਮੁਕਾਬਲਾ ਕਰਨ ਦੀ ਅਪੀਲ ਕੀਤੀ ਗਈ ਸੀ। ਬਾਸਲ ਮੈਨੀਫ਼ੈਸਟੋ ਵਿੱਚ ਵ. ਇ. ਲੈਨਿਨ ਵਲੋਂ ਸੂਤ੍ਰਿਤ ਕੀਤੀ ਗਈ ਇੱਕ ਧਾਰਾ ਸ਼ਾਮਲ ਸੀ, ਜਿਹੜੀ 1907 ਵਿੱਚ ਹੋਈ ਸਟੁਟਗਾਰਟ ਕਾਂਗਰਸ ਦੇ ਪ੍ਰਸਤਾਵ ਵਿੱਚੋਂ ਲਈ ਗਈ ਸੀ। ਇਸ ਧਾਰਾ ਵਿੱਚ ਕਿਹਾ ਗਿਆ ਸੀ ਕਿ ਸਾਮਰਾਜੀ ਜੰਗ ਛਿੜਨ ਦੀ ਸੂਰਤ ਵਿੱਚ ਸੋਸ਼ਲਿਸਟਾਂ ਨੂੰ ਜੰਗ ਕਾਰਨ ਪੈਦਾ ਹੋਏ ਆਰਥਕ ਅਤੇ ਰਾਜਸੀ ਸੰਕਟ ਦਾ ਸੋਸ਼ਲਿਸਟ ਇਨਕਲਾਬ ਲਈ ਘੋਲ਼ ਵਿੱਚ ਲਾਭ ਉਠਾਉਣਾ ਚਾਹੀਦਾ ਹੈ।

—6

6. **ਮੈਨਸ਼ਵਿਕ-** ਰੂਸ ਸੋਸ਼ਲ-ਡੈਮੋਕ੍ਰੈਟਿਕ ਲਹਿਰ ਵਿੱਚ ਪੈਟੀ-ਬੁਰਜੂਆ ਅਵਸਰਵਾਦੀ ਮੁਹਾਣ ਦੇ ਹਾਮੀ। ਉਹਨਾਂ ਦਾ ਨਾਂ "ਮੈਨਸ਼ਵਿਕ" 1903 ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਸਮੇਂ ਪਿਆ, ਜਦੋਂ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀ ਚੋਣ ਵਿੱਚ ਵ. ਇ. ਲੈਨਿਨ ਦੀ ਅਗਵਾਈ ਹੇਠ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਨੂੰ ਬਹੁਗਿਣਤੀ (ਬਾਲਸ਼ਿੰਸਤਵੋ) ਪ੍ਰਾਪਤ ਹੋਈ, ਜਿਥੇ ਕਿ ਅਵਸਰਵਾਦੀ ਘੱਟਗਿਣਤੀ (ਮੇਨਸ਼ਿੰਸਤਵੋ) ਵਿਚ ਰਹਿ ਗਏ।

ਮੈਨਸ਼ਵਿਕਾਂ ਨੇ ਇਨਕਲਾਬ ਵਿੱਚ ਪ੍ਰੋਲਤਾਰੀ ਦੀ ਸਰਦਾਰੀ ਅਤੇ ਕਿਸਾਨੀ ਨਾਲ਼ ਕਿਰਤੀ-ਸ਼੍ਰੇਣੀ ਏਕੇ ਦਾ ਵਿਰੋਧ ਕੀਤਾ ਅਤੇ ਉਦਾਰਵਾਦੀ ਬੁਰਜੂਆਜ਼ੀ ਨਾਲ਼ ਸਮਝੌਤੇ ਦੀ ਮੰਗ ਕੀਤੀ। 1917 ਵਿਚ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਦੀ ਜਿੱਤ ਤੋਂ ਪਿਛੋਂ ਮੈਨਸ਼ਵਿਕਾਂ ਨੇ ਬੁਰਜੂਆ ਆਰਜ਼ੀ ਹਕੂਮਤ ਵਿੱਚ ਪਦਵੀਆਂ ਪ੍ਰਵਾਨ ਕਰ ਲਈਆਂ, ਉਹਦੀ ਸਾਮਰਾਜੀ ਨੀਤੀ ਦੀ ਹਿਮਾਇਤ ਕੀਤੀ ਅਤੇ ਸੋਸ਼ਲਿਸਟ ਇਨਕਲਾਬ ਦੀ ਤਿਆਰੀ ਕਰਨ ਦਾ ਵਿਰੋਧ ਕੀਤਾ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕ ਸੋਵੀਅਤ ਸੱਤ੍ਹਾ ਦਾ ਤਖ਼ਤਾ ਉਲਟਾਉਣ ਦੇ ਮੰਤਵ ਵਾਲੀਆਂ ਸਾਜ਼ਸ਼ਾਂ ਅਤੇ ਬਗ਼ਾਵਤਾਂ ਦੇ ਜਥੇਬੰਦਕ ਅਤੇ ਹਿੱਸੇਦਾਰ ਸਨ।

—8

7. **ਸੋਸ਼ਲਿਸਟ-ਇਨਕਲਾਬੀ** (ਐਸ. ਆਰ.) — ਇਹ ਪੈਟੀ-ਬੁਰਜੂਆ ਪਾਰਟੀ ਜਿਹੜੀ ਰੂਸ ਵਿੱਚ 1901 ਦੇ ਅੰਤ ਅਤੇ 1902 ਦੇ ਮੁੱਢ ਵਿਚ ਸਥਾਪਤ ਹੋਈ।

ਬਾਲਸ਼ਵਿਕ ਪਾਰਟੀ ਨੇ ਸੋਸ਼ਲਿਸਟ-ਇਨਕਲਾਬੀਆਂ ਦੇ ਆਪਣੇ ਆਪ ਨੂੰ

ਸੋਸ਼ਲਿਸਟਾਂ ਵਜੋਂ ਪੇਸ਼ ਕਰਨ ਦੇ ਯਤਨਾਂ ਦਾ ਪਰਦਾ ਫ਼ਾਸ਼ ਕੀਤਾ, ਕਿਸਾਨਾਂ ਵਿਚਕਾਰ ਰਸੂਖ ਵਾਸਤੇ ਸੋਸ਼ਲਿਸਟ-ਇਨਕਲਾਬੀਆਂ ਦੇ ਖ਼ਿਲਾਫ ਸਿਰੜੀ ਘੋਲ਼ ਚਲਾਇਆ, ਮਜ਼ਦੂਰ ਲਹਿਰ ਲਈ ਉਹਨਾਂ ਦੇ ਵਿਅਕਤੀਗਤ ਦਹਿਸ਼ਤ ਦੇ ਦਾਅ-ਪੇਚਾਂ ਵੱਲੋਂ ਕੀਤੇ ਜਾਂਦੇ ਨੁਕਸਾਨ ਨੂੰ ਉਘਾੜਿਆ। ਪਰ ਨਾਲ਼ ਹੀ ਬਾਲਸ਼ਵਿਕ ਜ਼ਾਰਸ਼ਾਹੀ ਦੇ ਖਿਲਾਫ਼ ਘੋਲ਼ ਵਿੱਚ ਸਮੇਂ ਸਮੇਂ, ਨਿਸ਼ਚਿਤ ਸ਼ਰਤਾਂ ਉਤੇ, ਸੋਸ਼ਲਿਸਟ-ਇਨਕਲਾਬੀਆਂ ਨਾਲ਼ ਆਰਜ਼ੀ ਸਮਝੌਤੇ ਕਰਦੇ ਰਹੇ। ਪਹਿਲੇ ਸੰਸਾਰ ਸਾਮਰਾਜੀ ਯੁੱਧ ਸਮੇਂ ਸੋਸ਼ਲਿਸਟ-ਇਨਕਲਾਬੀਆਂ ਦੀ ਬਹੁਗਿਣਤੀ ਨੇ ਸਮਾਜਕ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।

1917 ਵਿੱਚ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਦੀ ਜਿੱਤ ਤੋਂ ਪਿੱਛੋਂ, ਮੈਨਸ਼ਵਿਕਾਂ ਅਤੇ ਕੈਡਟਾਂ (ਵੇਖੋ ਨੋਟ 33) ਨਾਲ਼ ਰਲਕੇ ਸੋਸ਼ਲਿਸਟ-ਇਨਕਲਾਬੀ ਉਲਟ-ਇਨਕਲਾਬੀ ਬੁਰਜੂਆ-ਭੂਮੀਪਤੀ ਆਰਜ਼ੀ ਹਕੂਮਤ ਦੀ ਮੁੱਖ ਟੇਕ ਬਣੇ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਬੁਰਜੂਆਜ਼ੀ, ਜਾਗੀਰਦਾਰਾਂ ਅਤੇ ਵਿਦੇਸ਼ੀ ਦਖ਼ਲਅੰਦਾਜ਼ਾਂ ਨਾਲ ਰਲਕੇ ਸੋਸ਼ਲਿਸਟ-ਇਨਕਲਾਬੀਆਂ ਨੇ ਸੋਵੀਅਤ ਸੱਤ੍ਹਾ ਵਿਰੁੱਧ ਸਰਗਰਮ ਲੜਾਈ ਕੀਤੀ।

—8

8. ਇਹ ਟੂਕ ਕਾ. ਮਾਰਕਸ ਦੀ ਰਚਨਾ "ਗੋਥਾ ਪ੍ਰੋਗਰਾਮ ਦੀ ਆਲੋਚਨਾ" ਵਿੱਚੋਂ ਦਿੱਤੀ ਗਈ ਹੈ।(ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਿਹ, ਦੂਜੀ ਐਡੀਸ਼ਨ, ਸੈਂਚੀ 19, ਸਫ਼ਾ 27)।

—9

9. **ਪੈਰਿਸ ਕਮਿਊਨ**- ਇਤਿਹਾਸ ਵਿਚ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦਾ ਪਹਿਲਾ ਤਜ਼ਰਬਾ, ਪੈਰਿਸ ਵਿਖੇ ਪ੍ਰੋਲੇਤਾਰੀ ਇਨਕਲਾਬ ਵਲੋਂ ਸਥਾਪਤ ਕੀਤੀ ਕਿਰਤੀ ਸ਼੍ਰੇਣੀ ਦੀ ਇਨਕਲਾਬੀ ਹਕੂਮਤ। ਪੈਰਿਸ ਕਮਿਊਨ ਦੀ ਹੋਂਦ 18 ਮਾਰਚ 1871 ਤੋਂ 28 ਮਈ ਤੱਕ 72 ਦਿਨ ਰਹੀ।

—10

10. ਫ. ਏਂਗਲਜ਼ ਵੱਲੋਂ ਅ. ਬੇਬੇਲ ਨੂੰ ਲਿਖੀ ਗਈ ਚਿੱਠੀ ਵਿੱਚੋਂ, ਮਾਰਚ 18-28, 1875 (ਕਾ.ਮਾਰਕਸ, ਫ. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 34, ਸਫ਼ਾ 103)।

—14

11. ਇਹ ਖਿਆਲ ਕਾ. ਮਾਰਕਸ ਦੀ ਪੁਸਤਕ "ਫ਼ਰਾਂਸ ਵਿੱਚ ਘਰੇਲੂ ਜੰਗ" ਦੀ ਭੂਮਿਕਾ ਵਿੱਚ ਫ਼. ਏਂਗਲਜ਼, ਨੇ ਪ੍ਰਗਟ ਕੀਤਾ ਹੋਇਆ ਹੈ। (ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗਹਿ, ਦੂਜੀ ਐਡੀਸ਼ਨ, ਸੈਚੀ 22, ਸਫ਼ਾ 196)।

—17

12. ਵ. ਇ. ਲੈਨਿਨ ਇਥੇ ਫ਼. ਏਂਗਲਜ਼ ਦੇ ਲੇਖ "ਅਧਿਕਾਰਿਤਾ ਬਾਰੇ" ਦਾ ਹਵਾਲਾ ਦੇ ਰਹੇ ਹਨ (ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 18, ਸਫ਼ਾ 305)।

—18

13. ਦੇਖੋ ਕਾ. ਮਾਰਕਸ ਦੀ ਲ. ਕੁਗਲਮਾਨ ਨੂੰ ਚਿੱਠੀ, 12 ਅਪ੍ਰੈਲ, 1872, ਕਾ. ਮਾਰਕਸ ਦੀ ਕਿਰਤ "ਫਰਾਂਸ ਵਿੱਚ ਘਰੇਲੂ ਜੰਗ" ਅਤੇ ਫ਼. ਏਂਗਲਜ਼ ਵੱਲੋਂ 1891 ਵਿੱਚ ਲਿਖੀ ਗਈ ਇਸਦੀ ਭੂਮਿਕਾ (ਕਾ. ਮਾਰਕਸ, ਫ਼, ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 33, ਸਫ਼ਾ 172; ਸੈਂਚੀ 17, ਸਫ਼ਾ 339; ਸੈਂਚੀ 22, ਸਫ਼ਾ 199)।

—18

14. ਇੱਥੇ ਹਵਾਲਾ "ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ" ਦੀ ਜਰਮਨ ਐਡੀਸ਼ਨ ਲਈ ਕਾ. ਮਾਰਕਸ ਅਤੇ ਫ਼. ਏਂਗਲਜ਼ ਵੱਲੋਂ 1872 ਵਿੱਚ ਲਿਖੀ ਗਈ ਭੂਮਿਕਾ ਵੱਲ ਹੈ।(ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 18, ਸਫ਼ਾ 90)।

—18

15. 4 ਅਗਸਤ, 1914 ਨੂੰ ਜਰਮਨ ਰਾਈਖ਼ਸਤਾਗ ਵਿਚਲੀ ਸੋਸ਼ਲ-ਡੈਮੋਕ੍ਰੈਟਿਕ ਟੋਲੀ ਨੇ ਕੈਂਸਰ ਦੀ ਹਕੂਮਤ ਲਈ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟ ਪਾਈ।

—18

16. ਦੇਖੋ ਫ਼. ਏਂਗਲਜ਼ ਦੀ ਰਚਨਾ "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ" (ਕਾ.ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 21, ਸਫ਼ੇ 171-172)

—21

17. **ਵ੍ਹਿਗ ਅਤੇ ਟੋਰੀ** - ਇੰਗਲੈਂਡ ਦੀਆਂ ਰਾਜਨੀਤਕ ਪਾਰਟੀਆਂ ਜਿਹੜੀਆਂ 17 ਵੀਂ ਸਦੀ ਦੇ 70-80 ਵਿਆਂ ਵਿਚ ਕਾਇਮ ਹੋਈਆਂ। ਵ੍ਹਿਗ ਵਿੱਤੀ ਹਲਕਿਆਂ ਅਤੇ ਵਪਾਰਕ ਬੁਰਜੂਆਜ਼ੀ ਦੇ, ਅਤੇ ਰਈਸਾਂ ਦੇ ਬੁਰਜੂਆ-ਬਣੇ ਹਿੱਸੇ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਦੇ ਸਨ। ਲਿਬਰਲ ਪਾਰਟੀ ਵ੍ਹਿਗਾਂ ਵਿੱਚੋਂ ਨਿਕਲ਼ੀ ਹੈ। ਟੋਰੀ ਵੱਡੇ ਭੂਮੀਪਤੀਆਂ ਦੇ ਅਤੇ ਬਰਤਾਨਵੀ ਚਰਚ ਦੇ ਉਚੇਰੇ ਰੂਹਾਨੀ ਹਲਕਿਆਂ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਦੇ ਸਨ, ਸਾਮੰਤੀ ਬੀਤੇ ਦੀਆਂ ਪਰੰਪਰਾਵਾਂ ਦੀ ਰਾਖੀ ਕਰਦੇ ਸਨ, ਅਤੇ ਉਦਾਰਵਾਦੀ ਅਤੇ ਪ੍ਰਗਤੀਸ਼ੀਲ ਮੰਗਾਂ ਦੇ ਖਿਲਾਫ਼ ਘੋਲ ਕਰਦੇ ਸਨ; ਪਿੱਛੋਂ ਕੰਜ਼ਰਵੇਟਿਵ ਪਾਰਟੀ ਟੋਰੀਆਂ ਵਿੱਚੋਂ ਹੀ ਨਿਕਲ਼ੀ ਹੈ। ਵ੍ਹਿਗ ਅਤੇ ਟੋਰੀ ਹਕੂਮਤ ਵਿੱਚ ਵਾਰੀ ਵਾਰੀ ਇੱਕ ਦੂਜੇ ਦੀ ਥਾਂ ਲੈਂਦੇ ਰਹੇ।

—23

18. ਵ. ਇ. ਲੈਨਿਨ ਦਾ ਇਸ਼ਾਰਾ ਅਖੌਤੀ ਡਰੇਫ਼ਸ ਮੁੱਕਦਮੇ ਵੱਲ ਹੈ—ਇੱਕ ਭੜਕਾਊ ਮੁਕੱਦਮਾ ਜਿਹੜਾ 1894 ਵਿਚ ਫ਼ਰਾਂਸੀਸੀ ਫ਼ੌਜ ਵਿੱਚ ਪਿਛੇਖਿੱਚੂ ਬਾਦਸ਼ਾਹਪੰਸਦਾਂ ਵੱਲੋਂ ਚਲਾਇਆ ਗਿਆ। ਫਰਾਂਸੀਸੀ ਜਨਰਲ ਸਟਾਫ਼ ਦੇ ਇਕ ਯਹੂਦੀ ਅਫ਼ਸਰ ਡਰੇਫ਼ਸ ਨੂੰ ਜਾਸੂਸੀ ਅਤੇ ਘੋਰ ਦੇਸ਼-ਧਰੋਹ ਦੇ ਘੜੇ ਹੋਏ ਇਲਜ਼ਾਮ ਹੇਠ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਫ਼ਰਾਂਸ ਵਿੱਚ ਪਿਛੇਖਿੱਚੂ ਹਲਕਿਆਂ ਨੇ ਇਸ ਮੁਕਦਮੇ ਨੂੰ ਯਹੂਦੀ-ਦੁਸ਼ਮਣੀ ਭੜਕਾਉਣ ਅਤੇ ਗਣਰਾਜੀ ਹਕੂਮਤ ਅਤੇ ਨਾਗਰਿਕ ਅਜ਼ਾਦੀਆਂ ਉੱਤੇ ਹਮਲੇ ਲਈ ਵਰਤਿਆ। 1899 ਵਿੱਚ ਜਨਤਾ ਦੇ ਦਬਾ ਅਧੀਨ ਡਰੇਫ਼ਸ ਨੂੰ ਮਾਫ਼ੀ ਦੇ ਦਿੱਤੀ ਗਈ ਅਤੇ ਉਹ ਰਿਹਾ ਕਰ ਦਿਤਾ ਗਿਆ। 1906 ਵਿਚ ਅਪੀਲ ਦੀ ਅਦਾਲਤ ਨੇ ਡਰੇਫ਼ਸ ਨੂੰ ਬਰੀ ਕਰ ਦਿੱਤਾ ਅਤੇ ਉਹਨੂੰ ਫ਼ੌਜ ਵਿੱਚ ਬਹਾਲ ਕਰ ਦਿੱਤਾ।
—23

19. ਇੱਥੇ ਹਵਾਲਾ 1916 ਵਿੱਚ ਆਈਰਲੈਂਡ ਦੀ ਬਗ਼ਾਵਤ ਨੂੰ ਤਾਕਤ ਨਾਲ਼ ਦਬਾ ਦੇਣ ਵੱਲ ਹੈ। ਇਹ ਬਗ਼ਾਵਤ ਆਇਰਲੈਂਡ ਨੂੰ ਅੰਗਰੇਜ਼ੀ ਹਕੂਮਤ ਤੋਂ ਅਜ਼ਾਦ ਕਰਾਉਣ ਦੇ ਨਿਸ਼ਾਨੇ ਨਾਲ਼ ਕੀਤੀ ਗਈ ਸੀ।

**ਅਲਸਟਰ** (Ulster) -ਆਇਰਲੈਂਡ ਦਾ ਉੱਤਰ-ਪੂਰਬੀ ਭਾਗ, ਜਿਸ ਵਿੱਚ ਵਧੇਰੇ ਕਰਕੇ ਅੰਗ੍ਰੇਜ਼ ਰਹਿੰਦੇ ਹਨ; ਆਇਰਲੈਂਡ ਦੇ ਲੋਕਾਂ ਦੀ ਬਗ਼ਾਵਤ ਨੂੰ ਦਬਾਉਣ ਵਿਚ ਅੰਗ੍ਰੇਜ਼ ਫ਼ੌਜਾਂ ਦੇ ਨਾਲ਼ ਨਾਲ਼ ਅਲਸਟਰ ਦੀਆਂ ਫੌਜਾਂ ਨੇ ਵੀ ਭਾਗ ਲਿਆ।
—23

20. **ਰਾਜ ਦੂਮਾ**- ਪ੍ਰਤਿਨਿਧ ਸੰਸਥਾ ਜਿਹੜੀ ਜ਼ਾਰਸ਼ਾਹੀ ਹਕੂਮਤ 1905 ਦੇ ਇਨਕਲਾਬ ਦੇ ਸਿੱਟੇ ਵਜੋਂ ਬੁਲਾਉਣ ਉੱਤੇ ਮਜ਼ਬੂਰ ਹੋ ਗਈ। ਰਸਮੀ ਤੌਰ ’ਤੇ ਰਾਜ ਦੂਮਾ ਇੱਕ ਕਾਨੂੰਨ-ਘੜਨੀ ਸਭਾ ਸੀ ਪਰ ਅਸਲ ਵਿੱਚ ਇਹਦੇ ਕੋਲ ਕੋਈ ਅਧਿਕਾਰ ਨਹੀਂ ਸੀ। ਰਾਜ ਦੂਮਾ ਲਈ ਚੋਣਾਂ ਨਾ ਸਿਧੀਆਂ ਸਨ, ਨਾ ਸਮਾਨ ਅਤੇ ਨਾ ਸਰਬ-ਲੌਕਿਕ। ਕਿਰਤੀ ਸ਼੍ਰੇਣੀਆਂ ਅਤੇ ਰੂਸ ਵਿਚ ਰਹਿਣ ਵਾਲੀਆਂ ਗ਼ੈਰ-ਰੂਸੀ ਕੌਮੀਅਤਾਂ ਦੇ ਚੋਣ ਦੇ ਹੱਕ ਬਹੁਤ ਸੀਮਤ ਕੀਤੇ ਗਏ ਸਨ ਅਤੇ ਕਿਰਤੀਆਂ ਅਤੇ ਕਿਸਾਨਾਂ ਦੇ ਚੋਖੇ ਹਿਸੇ ਨੂੰ ਉੱਕਾ ਹੀ ਕੋਈ ਚੋਣ ਦੇ ਹੱਕ ਹਾਸਲ ਨਹੀਂ ਸਨ। ਪਹਿਲੀ ਰਾਜ ਦੂਮਾ (ਅਪ੍ਰੈਲ-ਜੁਲਾਈ 1906) ਅਤੇ ਦੂਜੀ ਰਾਜ ਦੂਮਾ (ਫ਼ਰਵਰੀ-ਜੂਨ 1907) ਜ਼ਾਰਸ਼ਾਹੀ ਹਕੂਮਤ ਨੇ ਤੋੜ ਦਿੱਤੀਆਂ। 3 ਜੂਨ, 1907 ਨੂੰ ਰਾਜ-ਪਲਟਾ ਕਰਕੇ ਹਕੂਮਤ ਨੇ ਇੱਕ ਨਵਾਂ ਚੋਣ ਕਾਨੂੰਨ ਪ੍ਰਵਾਨ ਕੀਤਾ ਜਿਸਦੇ ਕਾਰਨ ਤੀਜੀ (1907-1912) ਅਤੇ ਚੌਥੀ (1912-1917) ਰਾਜ ਦੂਮਾ ਵਿੱਚ ਕਿਰਤੀਆਂ, ਕਿਸਾਨਾਂ ਅਤੇ ਸ਼ਹਿਰੀ ਨਿੱਕ ਬੁਰਜੂਆਜ਼ੀ ਦੇ ਹੱਕ ਹੋਰ ਘੱਟ ਕਰ ਦਿਤੇ ਗਏ ਅਤੇ ਜਾਗੀਰਦਾਰਾਂ ਅਤੇ ਵੱਡੇ ਸਰਮਾਏਦਾਰਾਂ ਦੇ ਪਿਛੇਖਿੱਚੂ ਜੁੱਟ ਦੀ ਮੁਕੰਮਲ ਪ੍ਰਬਲਤਾ ਨਿਸ਼ਚਿਤ ਬਣਾਈ ਗਈ।
—24

21. **ਸ਼ਾਈਲਾਕ**—ਸ਼ੇਕਸਪੀਅਰ ਦੇ ਸੁਖਾਂਤ ਨਾਟਕ “ਮਰਚੈਂਟ ਆਫ਼ ਵੀਨਸ” ਦਾ ਇੱਕ

ਪਾਤਰ, ਇੱਕ ਜ਼ਾਲਮ ਅਤੇ ਕਠੋਰ-ਦਿਲ ਸੂਦਖੋਰ, ਜਿਸਨੇ ਇੱਕ ਦੀਵਾਲੀਆ ਕਰਜ਼ਾਈ ਤੋਂ ਸਹੀ ਕੀਤੇ ਟੋਂਬੂ ਬਦਲੇ ਮਾਸ ਦਾ ਇੱਕ ਪੌਂਡ ਮੰਗਿਆ।

—27

22. ਦੇਖੋ, ਕਾ. ਮਾਰਕਸ ਦਾ ਲੇਖ "ਰਾਜਨੀਤਕ ਬੇਵਾਸਤਾਪਣ" (ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 18, ਸਫਾ 297)।

—29

23. ਦੇਖੋ, ਫ. ਏਂਗਲਜ਼, "ਅਧਿਕਾਰਿਤਾ ਬਾਰੇ" (ਕਾ. ਮਾਰਕਸ, ਫ. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 18, ਸਫ਼ਾ 305)।

—30

24. **ਵਰਸੇਲਜ਼ ਦੀ ਫ਼ੌਜ**- ਥੀਯੇਰ ਦੀ ਬੁਰਜੂਆ ਉਲਟ-ਇਨਕਲਾਬੀ ਹਕੂਮਤ ਦੇ ਹਾਮੀ ਫ਼ੌਜੀ, ਇਹ ਸਰਕਾਰ 1871 ਵਿੱਚ ਪੈਰਿਸ ਕਮਿਊਨ ਦੀ ਜਿੱਤ ਤੋਂ ਪਿੱਛੋਂ ਵਰਸੇਲਜ਼ ਵਿੱਚ ਕਾਇਮ ਕੀਤੀ ਗਈ ਸੀ। ਪੈਰਿਸ ਕਮਿਊਨ ਦੀ ਹਾਰ ਤੋਂ ਪਿੱਛੋਂ ਵਰਸੇਲਜ਼ ਵਾਲ਼ਿਆਂ ਨੇ ਕਮਿਊਨਾਰਦਾਂ ਵਿਰੁੱਧ ਅਕਹਿ ਜ਼ੁਲਮ ਕੀਤੇ।

—32

25. **ਆਜੀਅਸ ਦੇ ਅਸਤਬਲ**– ਯੂਨਾਨੀ ਮਿਥਿਹਾਸ ਅਨੁਸਾਰ ਸ਼ਾਹ ਆਜੀਅਸ ਦੇ ਬਹੁਤ ਵਿਸ਼ਾਲ ਅਸਤਬਲ ਜਿਹੜੇ ਬਹੁਤ ਭੈੜੀ ਹਾਲਤ ਵਿੱਚ ਸਨ ਅਤੇ ਕਈ ਸਾਲਾਂ ਦੌਰਾਨ ਸਾਫ਼ ਨਹੀਂ ਸਨ ਕੀਤੇ ਗਏ ਪਰ ਜਿਹੜੇ ਹਰਕੁਲੀਸ ਨੇ ਇੱਕ ਦਿਨ ਵਿੱਚ ਸਾਫ਼ ਕਰ ਦਿਤੇ। "ਆਜੀਅਸ ਦੇ ਅਸਤਬਲ" ਵਾਕੰਸ਼ ਇੱਕਠੇ ਹੋਏ ਹਰ ਤਰ੍ਹਾਂ ਦੇ ਕੂੜੇ ਅਤੇ ਗੰਦ ਦੇ, ਅਤੇ ਵਿਵਹਾਰ ਵਿੱਚ ਨਿਘਾਰ ਅਤੇ ਗੜਬੜ ਦੇ ਸਮਾਨਅਰਥੀ ਬਣ ਗਿਆ ਹੈ।

—33

26. ਵਿਧਾਨ-ਘੜਨੀ ਅਸੈਂਬਲੀ ਦੀਆਂ ਚੋਣਾਂ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿੱਛੋਂ, ਨਿਸ਼ਚਿਤ ਤਰੀਕ ਉਤੇ 12 (25) ਨਵੰਬਰ, 1917 ਨੂੰ ਹੋਈਆਂ। ਇਹ  ਚੋਣਾਂ ਅਕਤੂਬਰ ਇਨਕਲਾਬ ਤੋਂ ਪਹਿਲਾਂ ਅਤੇ ਆਰਜ਼ੀ ਹਕੂਮਤ ਵੱਲੋਂ ਪਾਸ ਕੀਤੇ ਗਏ ਨਿਯਮਾਂ ਅਨੁਸਾਰ ਬਣੀਆਂ ਵੋਟਰ-ਸੂਚੀਆਂ ਅਨੁਸਾਰ ਹੋਈਆਂ। ਵੋਟਾਂ ਪੈਣ ਵੇਲ਼ੇ ਤੱਕ ਆਮ ਲੋਕਾਂ ਦਾ ਕਾਫ਼ੀ ਵੱਡਾ ਭਾਗ ਅਜੇ ਸੋਸ਼ਲਿਸਟ ਇਨਕਲਾਬ ਦੀ ਮਹੱਤਤਾ ਨੂੰ ਨਹੀਂ ਸੀ ਸਮਝ ਸਕਿਆ। ਇਸ ਸਭ ਕੁਝ ਤੋਂ ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ ਲਾਭ ਉਠਾਇਆ, ਜਿਹੜੇ ਰਾਜਧਾਨੀ ਅਤੇ ਸਨਅਤੀ ਕੇਂਦਰਾਂ ਤੋਂ ਦੂਰ ਦੇ ਗੁਬੇਰਨੀਆਂ ਅਤੇ ਇਲਾਕਿਆਂ ਵਿੱਚ ਬਹੁਗਿਣਤੀ ਵੋਟਾਂ ਲੈ ਗਏ। ਵਿਧਾਨ-ਘੜਨੀ ਅਸੈਂਬਲੀ ਸੋਵੀਅਤ ਸਰਕਾਰ ਨੇ ਬੁਲਾਈ, ਅਤੇ 5 (18) ਜਨਵਰੀ, 1918 ਨੂੰ ਪੀਤਰੋਗਰਾਦ ਵਿਚ ਇਸਦਾ ਸੈਸ਼ਨ ਸੁਰੂ ਹੋਇਆ। ਵਿਧਾਨ-ਘੜਨੀ ਅਸੈਂਬਲੀ ਦੀ ਉਲਟ-ਇਨਕਲਾਬੀ ਬਹੁਗਿਣਤੀ ਨੇ ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ

ਵੱਲੋਂ ਪੇਸ਼ ਕੀਤੇ ਗਏ 'ਕਿਰਤੀ ਅਤੇ ਲੁੱਟੇ-ਪੁੱਟੇ ਲੋਕਾਂ ਦੇ ਹੱਕਾਂ ਦੇ ਘੋਸ਼ਣਾ-ਪੱਤਰ' ਨੂੰ ਰੱਦ ਕਰ ਦਿੱਤਾ, ਅਤੇ ਸੋਵੀਅਤਾਂ ਦੀ ਦੂਜੀ ਕਾਂਗਰਸ ਦੇ ਅਮਨ, ਭੂਮੀ ਅਤੇ ਸਾਰੀ ਸੱਤ੍ਹਾ ਸੋਵੀਅਤਾਂ ਦੇ ਹੱਥ ਦੇਣ ਦੇ ਫ਼ਰਮਾਨ ਪਾਸ ਕਰਨ ਤੋਂ ਇਨਕਾਰ ਕਰ ਦਿਤਾ, ਜਿਸ ਕਰਕੇ ਕੁੱਲ-ਰੂਸ ਕੇਂਦਰੀ ਕਾਰਜ-ਕਾਰਨੀ ਕਮੇਟੀ ਨੇ ਆਪਣੇ 6 (19) ਜਨਵਰੀ ਦੇ ਫ਼ਰਮਾਨ ਰਾਹੀਂ ਇਸਨੂੰ ਭੰਗ ਕਰ ਦਿੱਤਾ।

—35

27. **ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ-** ਖੱਬੇ-ਪੱਖੀ, ਸੋਸ਼ਲਿਸਟ-ਇਨਕਲਾਬੀਆਂ (ਕੌਮਾਂਤਰੀਵਾਦੀਆਂ) ਦੀ ਪਾਰਟੀ 19 ਤੋਂ 28 ਨਵੰਬਰ (2 ਤੋਂ 11 ਦਸੰਬਰ) 1917 ਨੂੰ ਹੋਈ ਇਹਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿੱਚ ਜਥੇਬੰਦ ਕੀਤੀ ਗਈ। ਉਸ ਸਮੇਂ ਤੱਕ ਉਹਨਾਂ ਦੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਖੱਬੇ ਪੱਖ ਵਜੋਂ ਹੋਂਦ ਰਹੀ, ਜਿਹੜਾ ਪਹਿਲੇ ਸੰਸਾਰ ਸਾਮਰਾਜੀ ਯੁੱਧ ਸਮੇਂ ਹੋਂਦ ਵਿੱਚ ਆਇਆ।

ਸੋਵੀਅਤਾਂ ਦੀ ਦੂਜੀ ਕੁੱਲ-ਰੂਸ ਕਾਂਗਰਸ ਵਿੱਚ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਸੋਸ਼ਲਿਸਟ-ਇਨਕਲਾਬੀ ਟੋਲੀ ਵਿੱਚ ਬਹੁਗਿਣਤੀ ਵਿੱਚ ਸਨ, ਜਿਸ ਵਿੱਚ ਕਾਂਗਰਸ ਵਿੱਚ ਹਿੱਸਾ ਲੈਣ ਦੇ ਪ੍ਰਸ਼ਨ ਉੱਤੇ ਫੁੱਟ ਪੈ ਗਈ; ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀ, ਆਪਣੀ ਪਾਰਟੀ ਦੀ ਕੇਂਦਰੀ ਕਮੇਟੀ ਦੀਆਂ ਹਦਾਇਤਾਂ ਉੱਤੇ, ਕਾਂਗਰਸ ਵਿੱਚੋਂ ਨਿਕਲ ਗਏ, ਜਦ ਕਿ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਕਾਂਗਰਸ ਵਿੱਚ ਰਹੇ ਅਤੇ ਏਜੰਡੇ ਦੀਆਂ ਸਾਰੀਆਂ ਮੁੱਖ ਮਦਾਂ ਸਬੰਧੀ ਬਾਲਸ਼ਵਿਕਾਂ ਨਾਲ਼ ਵੋਟ ਦਿਤੇ। ਬਾਲਸ਼ਵਿਕਾਂ ਨੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਜੁਟ ਬਣਾਉਣਾ ਜ਼ਰੂਰੀ ਸਮਝਿਆ, ਜਿਨ੍ਹਾਂ ਦੇ ਉਸ ਸਮੇਂ ਕਿਸਾਨਾਂ ਵਿੱਚ ਬਹੁਤ ਹਾਮੀ ਸਨ, ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੂੰ ਸੋਵੀਅਤ ਹਕੂਮਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿਤਾ। ਪਰ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ ਨਾਂਹ ਕਰ ਦਿੱਤੀ। ਨਵੰਬਰ ਅਤੇ ਮੁੱਢ ਦਸੰਬਰ 1917 ਵਿੱਚ ਹੋਈ ਗਲਬਾਤ ਦੇ ਸਿੱਟੇ ਵਜੋਂ ਉਹਨਾਂ ਦੇ ਹਕੂਮਤ ਵਿੱਚ ਸ਼ਾਮਲ ਹੋਣ ਸਬੰਧੀ ਬਾਲਸ਼ਵਿਕਾਂ ਅਤੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵਿਚਕਾਰ ਸਮਝੌਤਾ ਹੋ ਗਿਆ। ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਦੀ ਆਮ ਨੀਤੀ ਉੱਤੇ ਚੱਲਣ ਦਾ ਬਚਨ ਦਿੱਤਾ ਅਤੇ ਕਈ ਲੋਕ ਕੁਮੀਸਰੇਤਾਂ ਦੇ ਸਮੂਹਾਂ ਵਿੱਚ ਸ਼ਾਮਲ ਹੋ ਗਏ।

ਬਾਲਸ਼ਵਿਕਾਂ ਨਾਲ਼ ਮਿਲਵਰਤਨ ਕਰਦੇ ਹੋਏ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਸੋਸ਼ਲਿਸਟ ਉਸਾਰੀ ਦੇ ਬੁਨਿਆਦੀ ਪ੍ਰਸ਼ਨਾਂ ਸਬੰਧੀ ਉਹਨਾਂ ਨਾਲ਼ ਮੱਤਭੇਦ ਰੱਖਦੇ ਸਨ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੇ ਵਿਰੁੱਧ ਸਨ।

ਜਨਵਰੀ ਅਤੇ ਫ਼ਰਵਰੀ 1918 ਵਿੱਚ ਉਹਨਾਂ ਦੀ ਕੇਂਦਰੀ ਕਮੇਟੀ ਨੇ ਬ੍ਰੈਸਤ ਅਮਨ ਸੰਧੀ ਕੀਤੇ ਜਾਣ ਵਿਰੁੱਧ ਇਕ ਮੁਹਿੰਮ ਚਲਾਈ, ਅਤੇ ਜਦੋਂ ਇਸ ਸੰਧੀ ਉੱਤੇ ਦਸਖ਼ਤ ਹੋ ਗਏ ਅਤੇ ਮਾਰਚ ਵਿੱਚ ਸੋਵੀਅਤਾਂ ਦੀ ਚੌਥੀ ਕਾਂਗਰਸ ਨੇ ਇਹਦੀ ਤਸਦੀਕ

ਕਰ ਦਿੱਤੀ ਤਾਂ ਉਹ ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਤੋਂ ਵੱਖ ਹੋ ਗਏ। 1918 ਦੇ ਹੁਨਾਲ ਵਿੱਚ ਪੇਂਡੂ ਇਲਾਕੇ ਵਿੱਚ ਸੋਸ਼ਲਿਸਟ ਇਨਕਲਾਬ ਦੇ ਵਿਕਸਤ ਹੋਣ ਨਾਲ਼ ਅਤੇ ਗ਼ਰੀਬ ਕਿਸਾਨ ਕਮੇਟੀਆਂ ਜਥੇਬੰਦ ਕੀਤੇ ਜਾਣ ਕਾਰਨ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀਆਂ ਸੋਵੀਅਤ-ਵਿਰੋਧੀ ਪ੍ਰਵਿਰਤੀਆਂ ਵਧੇਰੇ ਬਲਵਾਨ ਹੋ ਗਈਆਂ। ਜੁਲਾਈ ਵਿੱਚ ਉਹਨਾਂ ਦੀ ਕੇਂਦਰੀ ਕਮੇਟੀ ਨੇ ਮਾਸਕੋ ਵਿਖੇ ਜਰਮਨ ਸਫ਼ੀਰ ਮੀਰਬਾਖ਼ ਦਾ ਕਤਲ ਕਰ ਦਿੱਤਾ ਅਤੇ ਸੋਵੀਅਤ ਸੱਤ੍ਹਾ ਵਿਰੁੱਧ ਹਥਿਆਰਬੰਦ ਬਗ਼ਾਵਤ ਜਥੇਬੰਦ ਕੀਤੀ, ਇਸ ਆਸ ਨਾਲ਼ ਕਿ ਇਉਂ ਬ੍ਰੈਸਤ ਅਮਨ ਸੰਧੀ ਦੀ ਜੜ੍ਹੀਂ ਤੇਲ ਦਿੱਤਾ ਜਾਵੇਗਾ ਅਤੇ ਸੋਵੀਅਤ ਰੂਸ ਅਤੇ ਜਰਮਨੀ ਵਿਚਕਾਰ ਯੁੱਧ ਛਿੜ ਪਵੇਗਾ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਜੁਲਾਈ ਦੀ ਬਗ਼ਾਵਤ ਦੇ ਕੁਚਲੇ ਜਾਣ ਤੋਂ ਪਿੱਛੋਂ ਸੋਵੀਅਤਾਂ ਦੀ ਪੰਜਵੀਂ ਕੁੱਲ-ਰੂਸ ਕਾਂਗਰਸ ਨੇ ਉਹਨਾਂ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੂੰ ਸੋਵੀਅਤਾਂ ਵਿੱਚੋਂ ਕੱਢ ਦੇਣ ਦਾ ਨਿਰਣਾ ਕੀਤਾ ਜਿਹੜੇ ਆਪਣੀ ਲੀਡਰਸ਼ਿਪ ਦੇ ਵਿਚਾਰਾਂ ਨਾਲ ਸਹਿਮਤ ਸਨ। ਜਨਤਾ ਵਿੱਚ ਸਾਰੀ ਹਮਾਇਤ ਗੁਆ ਲੈਣ ਪਿਛੋਂ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ ਸੋਵੀਅਤ ਸੱਤ੍ਹਾ ਵਿਰੁੱਧ ਹਥਿਆਰਬੰਦ ਘੋਲ਼ ਸ਼ੁਰੂ ਕਰ ਦਿੱਤਾ। ਕੁਝ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ, ਜਿਹੜੇ ਬਾਲਸ਼ਵਿਕਾਂ ਨਾਲ਼ ਮਿਲਵਰਤਨ ਕਰਨਾ ਚਾਹੁੰਦੇ ਸਨ, "ਨਾਰੋਦਨਿਕ-ਕਮਿਊਨਿਸਟ" ਅਤੇ "ਇਨਕਲਾਬੀ ਕਮਿਊਨਿਸਟ" ਪਾਰਟੀਆਂ ਬਣਾ ਲਈਆਂ, ਅਤੇ ਪਿੱਛੇ ਉਹਨਾਂ ਵਿੱਚੋਂ ਚੋਖੀ ਗਿਣਤੀ ਵਿੱਚ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ।

—37

28. ਇੱਥੇ ਹਵਾਲਾ 1917 ਦੇ ਫਰਵਰੀ ਬੁਰਜੂਆ-ਜਮਹੂਰੀ ਇਨਕਲਾਬ ਵੱਲ ਹੈ, ਜਿਸਨੇ ਜ਼ਾਰ ਦਾ ਤਖਤਾ ਉਲਟਾਇਆ ਸੀ।

—37

29. ਵ.ਇ. ਲੈਨਿਨ ਇੱਥੇ ਫ਼. ਏਂਗਲਜ਼ ਵੱਲੋਂ ਕਾ. ਮਾਰਕਸ ਦੀ ਰਚਨਾ "ਫਰਾਂਸ ਵਿੱਚ ਘਰੇਲੂ ਜੰਗ" ਦੀ ਲਿਖੀ ਗਈ "ਭੂਮਿਕਾ" ਦਾ ਹਵਾਲਾ ਦੇ ਰਹੇ ਹਨ।(ਕਾ. ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 22, ਸਫ਼ਾ 200)

—40

30. **"ਪਰਾਵਦਾ"** ("ਸੱਚ")— ਇੱਕ ਕਾਨੂੰਨੀ ਬਾਲਸ਼ਵਿਕ ਰੋਜ਼ਾਨਾ ਅਖਬਾਰ ਜਿਹੜਾ ਸੇਂਟ-ਪੀਟਰਜ਼ਬਰਗ ਤੋਂ 22 ਅਪ੍ਰੈਲ (5 ਮਈ) 1912 ਤੋਂ ਨਿਕਲਣਾ ਸ਼ੁਰੂ ਹੋਇਆ।

ਇਹ ਖੁਦ ਕਿਰਤੀਆਂ ਵੱਲੋਂ ਇਕੱਠੇ ਕੀਤੇ ਪੈਸਿਆਂ ਨਾਲ਼ ਜਾਰੀ ਕੀਤਾ ਗਿਆ ਅਤੇ ਇਹਦੀ ਔਸਤ ਵਿਕਰੀ 40,000 ਸੀ, ਕੁਝ ਅੰਕ 60,000 ਤੱਕ ਵੀ ਛਪਦੇ ਸਨ।

ਪੁਲਿਸ ਵੱਲੋਂ "ਪਰਾਵਦਾ" ਉੱਤੇ ਨਿਰੰਤਰ ਜ਼ਬਰ ਕੀਤਾ ਜਾਂਦਾ ਰਿਹਾ। 8 (21)

ਜੁਲਾਈ 1914 ਨੂੰ ਅਖ਼ਬਾਰ ਬੰਦ ਕਰ ਦਿੱਤਾ ਗਿਆ।

"ਪਰਾਵਦਾ" ਦਾ ਪ੍ਰਕਾਸ਼ਨ ਕੇਵਲ 1917 ਦੇ ਫਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਹੀ ਮੁੜ ਸ਼ੁਰੂ ਹੋਇਆ। 5 (18) ਮਾਰਚ 1917 ਤੋਂ ਲੈ ਕੇ "ਪਰਾਵਦਾ" ਕੇਂਦਰੀ ਕਮੇਟੀ ਅਤੇ ਰੂ. ਸੋ.ਡੈ.ਲੇ.ਪਾ ਦੀ ਪੀਟਰਜ਼ਬਰਗ ਕਮੇਟੀ ਦੇ ਬੁਲਾਰੇ ਵਜੋਂ ਛਪਣ ਲੱਗਾ। 5 (18) ਅਪ੍ਰੈਲ ਵਿਦੇਸ਼ ਤੋਂ ਵਾਪਸੀ ਉੱਤੇ ਲੈਨਿਨ "ਪਰਾਵਦਾ" ਦੇ ਸੰਪਾਦਕੀ ਮੰਡਲ ਵਿੱਚ ਸ਼ਾਮਲ ਹੋਏ ਅਤੇ ਉਸਦੇ ਮੁਖੀ ਬਣੇ। ਜੁਲਾਈ ਤੋਂ ਅਕਤੂਬਰ 1917 ਤੱਕ "ਪਰਾਵਦਾ" ਨੂੰ ਉਲਟ-ਇਨਕਲਾਬੀ ਬੁਰਜੂਆ ਆਰਜ਼ੀ ਹਕੂਮਤ ਦੇ ਜ਼ਬਰ ਕਾਰਨ ਅਕਸਰ ਆਪਣਾ ਨਾਂ ਤਬਦੀਲ ਕਰਨਾ ਪਿਆ, ਉਹ ਵਾਰੋ ਵਾਰੀ "ਲਿਸਤੋਕ 'ਪਰਾਵਦੀ' " ("ਪਰਾਵਦਾ ਦਾ ਖਤਰਾ"), "ਪ੍ਰੋਲੇਤਾਰੀ", "ਰਾਬੋਚੀ" ("ਕਿਰਤੀ"), ਅਤੇ "ਰਾਬੋਚੀ ਪੂਤ" ("ਕਿਰਤੀਆਂ ਦਾ ਰਾਹ") ਦੇ ਨਾਵਾਂ ਹੇਠ ਛਪਦਾ ਰਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿਛੋਂ, 27 ਅਕਤੂਬਰ (9 ਨਵੰਬਰ) 1917 ਤੋਂ ਪਾਰਟੀ ਦੇ ਕੇਂਦਰੀ ਅਖਬਾਰ ਵਜੋਂ ਆਪਣੇ ਮੁੱਢਲੇ ਨਾਂ—"ਪਰਾਵਦਾ" ਅਧੀਨ ਛਪਣ ਲੱਗਾ।

—43

31. ਇਥੇ ਹਵਾਲਾ "**ਰੂਸ ਵਿੱਚ ਰਾਜਸੀ ਪਾਰਟੀਆਂ ਅਤੇ ਪ੍ਰੋਲੇਤਾਰੀਆਂ ਦੇ ਕਾਰਜ**" ਨਾਂ ਦੇ ਪੈਂਫ਼ਲਟ ਵੱਲ ਹੈ (ਦੇਖੋ ਕਿਰਤ ਸੰਗ੍ਰਹਿ, ਪੰਜਵੀ ਐਡੀਸ਼ਨ, ਸੈਂਚੀ 31, ਸਫ਼ੇ 191-206; ਚੌਥੀ ਐਡੀਸ਼ਨ, ਸੈਂਚੀ 24, ਸਫ਼ੇ 66-81)। ਇਹ ਪੈਂਫ਼ਲਟ 15 ਜਨਵਰੀ, 1918 ਨੂੰ ਅੰਗਰੇਜ਼ੀ ਦੇ ਅਖ਼ਬਾਰ "The Evening Post" ਵਿੱਚ, ਅਮਰੀਕਾ ਦੀ ਸੋਸ਼ਲਿਸਟ ਪਾਰਟੀ ਦੇ ਖੱਬੇ-ਪੱਖੀ ਧੜੇ ਦੇ ਰਸਾਲੇ "The Class Struggle" ਦੇ ਅੰਕ 4, ਨਵੰਬਰ-ਦਸੰਬਰ, 1917 ਵਿੱਚ ਅਤੇ ਕਈ ਵੱਖਰੀਆਂ ਐਡੀਸ਼ਨਾਂ ਵਿੱਚ ਵੀ ਛਪਿਆ।

"The Evening Post"— ਅਮਰੀਕੀ ਅਖ਼ਬਾਰ, ਜਿਹੜਾ ਨਿਊ ਯਾਰਕ ਤੋਂ 1801 ਤੋਂ ਲੈ ਕੇ ਨਿਕਲਦਾ ਰਿਹਾ।

—45

32. ਵ. ਇ. ਲੈਨਿਨ ਇੱਥੇ ਪਾਰਟੀ ਪ੍ਰੋਗਰਾਮ ਉੱਤੇ ਨਜ਼ਰਸਾਨੀ ਕਰਨ ਬਾਰੇ ਮਤੇ ਦਾ ਹਵਾਲਾ ਦੇ ਰਹੇ ਹਨ, ਜਿਹੜਾ ਰੂ.ਸੋ.ਡੈ.ਲੇ.ਪਾ. (ਬਾ.) ਦੀ ਸੱਤਵੀਂ (ਅਪ੍ਰੈਲ) ਕੁੱਲ-ਰੂਸ ਕਾਨਫ਼ਰੰਸ ਵਿਚ ਪਾਸ ਕੀਤਾ ਗਿਆ। ਇਹ ਮਤਾ ਲੈਨਿਨ ਨੇ ਲਿਖਿਆ ਸੀ।

—45

33. **ਕੈਡਟ—** ਵਿਧਾਨਵਾਦੀ-ਜਮਹੂਰੀ ਪਾਰਟੀ ਦੇ ਮੈਂਬਰ, ਰੂਸ ਦੀ ਉਦਾਰਪੰਥੀ-ਬਾਦਸ਼ਾਹਪਸੰਦ ਬੁਰਜੂਆਜ਼ੀ ਦੀ ਮੁੱਖ ਪਾਰਟੀ। ਇਸ ਪਾਰਟੀ ਦੀ ਨੀਂਹ ਅਕਤੂਬਰ 1905 ਵਿੱਚ ਰੱਖੀ ਗਈ, ਇਹਦੇ ਵਿੱਚ ਬੁਰਜੂਆਜ਼ੀ ਦੇ ਪ੍ਰਤਿਨਿੱਧ, ਜ਼ੇਮਸਤਵੋ ਅਧਿਕਾਰੀ, ਜਿਹੜੇ ਭੋਂ-ਮਾਲਕਾਂ ਵਿਚੋਂ ਸਨ ਅਤੇ ਬੁਰਜੂਆ ਬੁੱਧੀਜੀਵੀ ਸ਼ਾਮਲ ਸਨ।

ਪਿੱਛੋਂ ਜਾ ਕੇ ਕੈਡਟ ਸਾਮਰਾਜੀ ਬੁਰਜੂਆਜ਼ੀ ਦੀ ਪਾਰਟੀ ਬਣ ਗਏ।

ਪਹਿਲੇ ਸੰਸਾਰ ਯੁੱਧ ਸਮੇਂ ਕੈਡਟਾਂ ਨੇ ਜ਼ਾਰਸ਼ਾਹੀ ਹਕੂਮਤ ਦੀ ਲੋਟੂ ਵਿਦੇਸ਼ ਨੀਤੀ ਦੀ ਹਿਮਾਇਤ ਕੀਤੀ ਅਤੇ ਫ਼ਰਵਰੀ ਦੇ ਬੁਰਜੂਆ ਜਮਹੂਰੀ ਇਨਕਲਾਬ ਸਮੇਂ ਉਹਨਾਂ ਬਾਦਸ਼ਾਹੀ ਨੂੰ ਬਚਾਉਣ ਦਾ ਯਤਨ ਕੀਤਾ। ਬੁਰਜੂਆ ਆਰਜ਼ੀ ਹਕੂਮਤ ਵਿੱਚ ਉੱਚੀਆਂ ਪਦਵੀਆਂ ਉੱਤੇ ਲੱਗੇ ਹੋਏ ਕੈਡਟਾਂ ਨੇ ਜਨਤਾ-ਵਿਰੁੱਧ, ਉਲਟ-ਇਨਕਲਾਬੀ ਨੀਤੀ ਚਲਾਈ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿੱਛੋਂ ਉਹ ਸੋਵੀਅਤ ਸੱਤ੍ਹਾ ਦੇ ਸਿਰਲੱਥ ਵੈਰੀ ਬਣ ਗਏ ਅਤੇ ਸਾਰੇ ਉਲਟ-ਇਨਕਲਾਬੀ ਅਮਲਾਂ ਅਤੇ ਵਿਦੇਸ਼ੀ ਦਖ਼ਲਅੰਦਾਜ਼ ਮੁਹਿੰਮਾਂ ਵਿੱਚ ਹਿੱਸਾ ਲਿਆ।

—49

34. **ਕੁੱਲ-ਰੂਸ ਜਮਹੂਰੀ ਕਾਨਫ਼ਰੰਸ** ਸੋਵੀਅਤਾਂ ਦੀ ਮੈਨਸ਼ਵਿਕ ਅਤੇ ਸੋਸ਼ਲਿਸਟ-ਇਨਕਲਾਬੀ ਕੇਂਦਰੀ ਕਾਰਜ-ਕਾਰੀ ਕਮੇਟੀ ਨੇ ਸੱਤ੍ਹਾ ਦੇ ਪ੍ਰਸ਼ਨ ਦਾ ਨਿਰਣਾ ਕਰਨ ਲਈ ਪੀਤਰੋਗਰਾਦ ਵਿਖੇ ਬੁਲਾਈ ਸੀ। ਇਸਨੂੰ ਜਥੇਬੰਦ ਕਰਨ ਵਾਲ਼ਿਆਂ ਦਾ ਅਸਲ ਨਿਸ਼ਾਨਾ ਤੇਜ਼ ਹੋ ਰਹੇ ਇਨਕਲਾਬ ਵੱਲੋਂ ਆਮ ਲੋਕਾਂ ਦਾ ਧਿਆਨ ਹਟਾਉਣਾ ਸੀ। ਇਸ ਵਿੱਚ 1,500 ਤੋਂ ਵੱਧ ਵਿਅਕਤੀ ਹਾਜ਼ਰ ਸਨ। ਮੈਨਸ਼ਵਿਕ ਅਤੇ ਸੋਸ਼ਲਿਸਟ-ਇਨਕਲਾਬੀ ਨੇਤਾਵਾਂ ਨੇ ਕਿਰਤੀਆਂ ਅਤੇ ਕਿਸਾਨਾਂ ਦੀ ਪ੍ਰਤੀਨਿਧਤਾ ਘਟਾਉਣ ਅਤੇ ਵੱਖ-ਵੱਖ ਨਿੱਕ-ਬੁਰਜੂਆ ਅਤੇ ਬੁਰਜੂਆ ਜਥੇਬੰਦੀਆਂ ਤੋਂ ਪ੍ਰਤਿਨਿਧਾਂ ਦੀ ਗਿਣਤੀ ਵਧਾਉਣ ਲਈ ਸਭ ਕੁਝ ਕੀਤਾ ਤਾਂ ਜੁ ਕਾਨਫਰੰਸ ਵਿਚ ਆਪਣੀ ਬਹੁਗਿਣਤੀ ਨਿਸ਼ਚਿਤ ਬਣਾਈ ਜਾ ਸਕੇ। ਜਮਹੂਰੀ ਕਾਨਫ਼ਰੰਸ ਨੇ ਇਕ ਪੂਰਵ-ਪਾਰਲੀਮੈਂਟ (ਗਣਰਾਜ ਦੀ ਆਰਜ਼ੀ ਪ੍ਰੀਸ਼ਦ) ਸਥਾਪਤ ਕਰਨ ਦਾ ਨਿਰਣਾ ਕੀਤਾ। ਇਹ ਇੱਕ ਤਰ੍ਹਾਂ ਨਾਲ਼ ਇਹ ਦਿਖਾਵਾ ਕਰਨ ਦੀ ਕੋਸ਼ਿਸ਼ ਸੀ ਕਿ ਪਾਰਲੀਮੈਂਟਰੀ ਨਿਜ਼ਾਮ ਕਾਇਮ ਕਰ ਦਿੱਤਾ ਗਿਆ ਹੈ। ਆਰਜ਼ੀ ਹਕੂਮਤ ਵੱਲੋਂ ਪ੍ਰਵਾਨ ਕੀਤੇ ਨਿਯਮਾਂ ਅਨੁਸਾਰ, ਪੂਰਵ-ਪਾਰਲੀਮੈਂਟ ਇੱਕ ਸਲਾਹਕਾਰ ਸੰਸਥਾ ਹੋਣੀ ਸੀ।

ਵ. ਇ. ਲੈਨਿਨ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਬਾਲਸ਼ਵਿਕ ਪੂਰਵ-ਪਾਰਲੀਮੈਂਟ ਤੋਂ ਵੱਖ ਹੋ ਜਾਣ ਅਤੇ ਸਾਰੇ ਯਤਨ ਬਗ਼ਾਵਤ ਲਈ ਤਿਆਰੀ ਉੱਤੇ ਕੇਂਦਰਤ ਕਰਨ। ਪਾਰਟੀ ਦੀ ਕੇਂਦਰੀ ਕਮੇਟੀ ਨੇ ਵ.ਇ. ਲੈਨਿਨ ਦੀ ਤਜਵੀਜ਼ ਉੱਤੇ ਵਿਚਾਰ ਕੀਤੀ ਅਤੇ ਨਿਰਣਾ ਕੀਤਾ ਕਿ ਬਾਲਸ਼ਵਿਕ ਪੂਰਵ-ਪਾਰਲੀਮੈਂਟ ਤੋਂ ਵੱਖ ਹੋ ਜਾਣ। 7 (20) ਅਕਤੂਬਰ, ਉਦਘਾਟਣੀ ਦਿਨ ਨੂੰ, ਬਾਲਸ਼ਵਿਕਾਂ ਨੇ ਆਪਣਾ ਐਲਾਨ ਪੜ੍ਹਿਆ ਅਤੇ ਪੂਰਵ-ਪਾਰਲੀਮੈਂਟ ਤੋਂ ਚਲੇ ਗਏ।

—51

35. ਇੱਥੇ ਸੰਕੇਤ ਕੋਰਨੀਲੋਵ ਦੀ ਬਗ਼ਾਵਤ ਵੱਲ ਹੈ— ਇੱਕ ਉਲਟ-ਇਨਕਲਾਬੀ ਬਗ਼ਾਵਤ ਜਿਹੜੀ ਬੁਰਜੂਆਜ਼ੀ ਅਤੇ ਜਾਗੀਰਦਾਰਾਂ ਨੇ ਅਗਸਤ 1917 ਵਿੱਚ ਜਥੇਬੰਦੀ ਕੀਤੀ। ਬਗ਼ਾਵਤ ਦਾ ਮੁਖੀ ਜ਼ਾਰਸ਼ਾਹੀ ਜਰਨੈਲ ਕੋਰਨੀਲੋਵ, ਫ਼ੌਜ ਦਾ ਸਰਵਉੱਚ

ਕਮਾਂਡਰ-ਇਨ-ਚੀਫ਼ ਸੀ। ਸਾਜ਼ਸ਼ੀਆਂ ਦਾ ਮੰਤਵ ਪੀਤਰੋਗਰਾਡ ਉੱਤੇ ਕਬਜ਼ਾ ਕਰਨਾ, ਬਾਲਸ਼ਵਿਕ ਪਾਰਟੀ ਨੂੰ ਤਬਾਹ ਕਰਨਾ, ਸੋਵੀਅਤਾਂ ਨੂੰ ਤੋੜਨਾ, ਦੇਸ਼ ਵਿੱਚ ਫ਼ੌਜੀ ਡਿਕਟੇਟਰਸ਼ਿਪ ਸਥਾਪਤ ਕਰਨਾ ਅਤੇ ਬਾਦਸ਼ਾਹੀ ਦੀ ਬਹਾਲੀ ਲਈ ਰਾਹ ਸਵਾਹਰਾ ਕਰਨਾ ਸੀ। ਬਗ਼ਾਵਤ 25 ਅਗਸਤ (7 ਸੰਤਬਰ) ਨੂੰ ਸ਼ੁਰੂ ਹੋਈ।

ਬਾਲਸ਼ਵਿਕ ਪਾਰਟੀ ਦੀ ਕੇਂਦਰੀ ਕਮੇਟੀ ਦੇ ਸੱਦੇ ਦਾ ਹੁੰਗਾਰਾ ਭਰਦੇ ਹੋਏ ਪੀਤਰੋਗਰਾਡ ਦੇ ਕਿਰਤੀ ਅਤੇ ਇਨਕਲਾਬੀ ਫ਼ੌਜੀ ਅਤੇ ਜ਼ਹਾਜ਼ੀ ਬਾਗ਼ੀਆਂ ਵਿਰੁੱਧ ਲੜਨ ਲਈ ਉੱਠ ਖੜੇ ਹੋਏ। ਪੀਤਰੋਗਰਾਡ ਦੇ ਕਿਰਤੀਆਂ ਨੇ ਇੱਕ ਦਮ ਲਾਲ ਗਾਰਦ ਦਸਤੇ ਬਣਾਏ। ਕਈ ਇਲਾਕਿਆਂ ਵਿੱਚ ਇਨਕਲਾਬੀ ਕਮੇਟੀਆਂ ਸਥਾਪਤ ਕੀਤੀਆਂ ਗਈਆਂ। ਕੋਰਨੀਲੋਵ ਦੀਆਂ ਫ਼ੌਜਾਂ ਨੂੰ ਠਲ੍ਹ ਪਾ ਦਿੱਤੀ ਗਈ। ਉਹਨਾਂ ਵਿਚਕਾਰ ਬਾਲਸ਼ਵਿਕਾਂ ਵੱਲੋਂ ਚਲਾਏ ਗਏ ਅੰਦਲਨ ਨੇ ਉਹਨਾਂ ਦੇ ਹੌਸਲੇ ਤੋੜ ਦਿੱਤੇ। ਜਨਤਾ ਦੇ ਦਬਾਅ ਅਧੀਨ ਆਰਜ਼ੀ ਹਕੂਮਤ ਨੂੰ ਕੋਰਨੀਲੋਵ ਅਤੇ ਉਹਦੇ ਸਾਥੀਆਂ ਦੀ ਗ੍ਰਿਫ਼ਤਾਰੀ ਅਤੇ ਉਹਨਾਂ ਵਿਰੁੱਧ ਮੁਕਦਮਾ ਚਲਾਏ ਜਾਣ ਦਾ ਹੁਕਮ ਦੇਣਾ ਪਿਆ।

—53

36. **ਪਿਤਰੂਸ਼ਕਾ**- ਰੂਸੀ ਲੇਖਕ ਨਿ.ਵ ਗੋਗੋਲ ਦੀ ਰਚਨਾ "ਮਰੀਆਂ ਰੂਹਾਂ" ਦਾ ਇੱਕ ਪਾਤਰ, ਭੂਮੀ-ਗ਼ੁਲਾਮ। ਉਹ ਹਿੱਜੇ ਕਰਕੇ ਸ਼ਬਦ ਉਠਾਲ ਸਕਦਾ ਸੀ ਪਰ ਉਹਨਾਂ ਦੇ ਅਰਥ ਨਹੀਂ ਸੀ ਸਮਝ ਸਕਦਾ। ਉਸਨੂੰ ਅੱਖਰ ਉਠਾਲਣ ਵਿੱਚ ਹੀ ਸੁਆਦ ਆਉਂਦਾ ਸੀ।

—54

37. ਇਥੇ ਹਾਵਾਲਾ ਚੈਕੋਸਲੋਵਾਕੀਅਨ ਫ਼ੌਜੀ ਕੋਰ ਦੀ ਉਲਟ-ਇਨਕਲਾਬੀ ਹਥਿਆਰਬੰਦ ਬਗ਼ਾਵਤ ਵੱਲ ਹੈ, ਜਿਸਨੂੰ ਐਂਗਲੋ-ਫ਼ਰਾਂਸੀਸੀ ਸਾਮਰਾਜੀਆਂ ਨੇ 1918 ਦੀ ਬਸੰਤ ਵਿੱਚ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀ ਸਰਗਰਮ ਸ਼ਮੂਲੀਅਤ ਨਾਲ ਜਥੇਬੰਦ ਕੀਤਾ ਸੀ।

ਚੈਕੋਸਲਵਾਕੀਅਨ ਕੋਰ 1917 ਦੇ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਹਿਲਾਂ ਆਸਟਰੋ-ਹੰਗੇਰੀਅਨ ਫ਼ੌਜ ਦੇ ਜੰਗੀ ਕੈਦੀ ਬਣਾਏ ਗਏ ਚੈਕ ਅਤੇ ਸਲੋਵਾਕ ਸਿਪਾਹੀਆਂ ਨੂੰ ਮਿਲਾ ਕੇ ਬਣਾਈ ਗਈ ਸੀ। ਸਫ਼ੇਦ ਗਾਰਦਾਂ ਅਤੇ ਕੁਲਾਕਾਂ ਨਾਲ਼ ਨਿਕਟਵਰਤੀ ਸੰਪਰਕ ਰੱਖ ਕੇ ਕਾਰਵਾਈ ਕਰਦਿਆਂ, ਚੈਕ ਫ਼ੌਜਾਂ ਨੇ ਊਰਾਲ, ਵੋਲਗਾਖੰਡ ਅਤੇ ਸਾਇਬੇਰੀਆ ਦੇ ਕਾਫ਼ੀ ਵੱਡੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਅਤੇ ਹਰ ਥਾਂ ਬੁਰਜੂਆਜ਼ੀ ਦੀ ਹਕੂਮਤ ਕਾਇਮ ਕਰ ਦਿੱਤੀ। ਚੈਕ ਫ਼ੌਜਾਂ ਵੱਲੋਂ ਮੱਲੇ ਇਲਾਕਿਆਂ ਵਿਚ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਮਿਲ ਕੇ ਸਫ਼ੇਦ-ਗਾਰਦਾਂ ਦੀ ਹਕੂਮਤ ਕਾਇਮ ਕਰ ਦਿਤੀ ਗਈ: ਓਮਸਕ ਵਿੱਚ —ਸਾਇਬੇਰੀਆ ਦੀ "ਹਕੂਮਤ", ਸਮਾਰਾ ਵਿੱਚ-ਵਿਧਾਨ-ਘੜਨੀ ਅਸੈਂਬਲੀ ਦੇ ਮੈਂਬਰਾਂ ਦੀ ਕਮੇਟੀ

(ਕੋਮੂਚ), ਆਦਿ।

—54

38. ਵ. ਇ. ਲੈਨਿਨ ਇਥੇ ਆਪਣੇ ਲੇਖ "ਸੋਵੀਅਤ ਸਰਕਾਰ ਦੇ ਫ਼ੌਰੀ ਕਾਰਜ" ਦਾ ਹਵਾਲਾ ਦੇ ਰਹੇ ਹਨ (ਦੇਖੋ, ਲੈਨਿਨ, ਚੋਣਵੀਆਂ ਕਿਰਤਾਂ ਬਾਰ੍ਹਾਂ ਸੰਚੀਆਂ ਵਿਚ, ਸੰਚੀ ਨੰ.8, ਪ੍ਰਗਤੀ ਪ੍ਰਕਾਸ਼ਨ, ਐਡੀਸ਼ਨ 1990, ਸਫ਼ੇ 37-80)

—56

39. **ਜੂਦਾਸ* ਗੋਲੋਵਲਯੋਵ—** ਰੂਸੀ ਵਿਅੰਗ-ਲੇਖਕ ਮ. ਯ. ਸਾਲਤੀਕੋਵ-ਸ਼ਚੇਦਰਿਨ ਦੀ ਪੁਸਤਕ "ਗੋਲੋਵਲਯੋਵ ਪਰਿਵਾਰ" ਵਿੱਚ ਇੱਕ ਪਾਤਰ, ਜਿਸਨੂੰ ਆਪਣੇ ਦੰਭੀਪੁਣੇ, ਪਖੰਡ ਅਤੇ ਨਿਰਦੈਤਾ ਕਾਰਨ , "ਜੂਦਾਸ" ਦਾ ਉਪਨਾਮ ਦਿੱਤਾ ਗਿਆ। ਜੂਦਾਸ ਗੋਲੋਵਲਯੋਵ ਦਾ ਨਾਂ ਅਕਸਰ ਇਹਨਾਂ ਖ਼ਾਸੀਅਤਾਂ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ।

—57

40. **ਲੀਬਰਡਾਨ**- ਦੇਮਿਅਨ ਬੇਦਨੀ ਦੇ ਇਸ ਨਾਂ ਦੇ ਇੱਕ ਵਿਅੰਗ-ਲੇਖ ਦੇ ਸਿਰਲੇਖ ਦੇ ਨਾਂ ਉੱਤੇ ਮੈਨਸ਼ਵਿਕ ਨੇਤਾਵਾਂ ਲੀਬਰ ਅਤੇ ਡਾਨ ਅਤੇ ਉਹਨਾਂ ਦੇ ਅਨੁਯਾਈਆਂ ਦੀ ਪਈ ਅੱਲ।

—57

41. "**ਸਰਗਰਮ**" -ਇਥੇ ਹਵਾਲਾ ਮੈਨਸ਼ਵਿਕਾਂ ਦੇ ਉਸ ਗਰੁੱਪ ਵੱਲ ਹੈ ਜਿਨ੍ਹਾਂ ਨੇ ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਪਹਿਲੇ ਦਿਨ ਤੋਂ ਹੀ ਸੋਵੀਅਤ ਸੱਤ੍ਹਾ ਅਤੇ ਬਾਲਸ਼ਵਿਕ ਪਾਰਟੀ ਦੇ ਖਿਲਾਫ਼ ਹਥਿਆਰਬੰਦ ਘੋਲ਼ ਦੇ ਢੰਗ ਵਰਤਣੇ ਸ਼ੁਰੂ ਕਰ ਦਿੱਤੇ ਸਨ। ਮੈਨਸ਼ਵਿਕਾਂ ਦਾ ਇਹ ਟੋਲਾ ਵੱਖੋ ਵੱਖਰੀਆਂ ਉਲਟ-ਇਨਕਲਾਬੀ ਸਾਜਸ਼ੀ ਜਥੇਬੰਦੀਆਂ ਵਿੱਚ ਸ਼ਾਮਲ ਹੋ ਗਿਆ, ਇਸਨੇ ਸਫ਼ੇਦ ਚੈਕਾਂ ਦੀ ਬਗ਼ਾਵਤ ਵਿੱਚ ਸਰਗ਼ਰਮ ਹਿੱਸਾ ਲਿਆ, ਅਤੇ ਵਿਦੇਸ਼ੀ ਦਖਲਬਾਜ਼ਾਂ ਦੀਆਂ ਫੌਜਾਂ ਨਾਲ਼ ਮਿਲ ਕੇ ਕਾਰਵਾਈਆਂ ਕਰਦਾ ਰਿਹਾ।

—57

42. ਵ. ਇ. ਲੈਨਿਨ ਇੱਥੇ 20 ਸਤੰਬਰ, 1910 ਨੂੰ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਮਗਦੇਬੁਰਗ ਕਾਂਗਰਸ ਵਿੱਚ ਅ. ਬੇਬੇਲ ਦੀ ਤਕਰੀਰ ਦਾ ਹਵਾਲਾ ਦੇ ਰਹੇ ਹਨ।

—58

43. "Frankfurter Zeitung" ("ਫਰੈਂਕਫ਼ਰਟ ਦਾ ਅਖਬਾਰ")— ਰੋਜ਼ਾਨਾ ਅਖ਼ਬਾਰ, ਵੱਡੇ ਜਰਮਨ ਸਟਾਕ-ਬਰੋਕਰਾਂ ਦਾ ਬੁਲਾਰਾ, ਮੈਨ-ਕੰਢੇ-ਫ਼ਰੈਂਕਫ਼ਰਟ ਤੋਂ 1856

---

* ਜੂਦਾਸ, ਹਜ਼ਰਤ ਈਸਾ ਦੇ ਪਹਿਲੇ ਬਾਰਾਂ ਸਿਸ਼ਾਂ ਵਿਚੋਂ ਅਖ਼ੀਰਲਾ ਜਿਸਨੇ ਗ਼ੱਦਾਰੀ ਕਰਕੇ ਹਜ਼ਰਤ ਈਸਾ ਨੂੰ ਬਾਦਸ਼ਾਹ ਹੈਰੋਡ ਦੇ ਫੌਜੀਆਂ ਕੋਲ ਫੜਵਾ ਦਿਤਾ। ਉਦੋਂ ਤੋਂ ਜੂਦਾਸ ਗ਼ੱਦਾਰੀ ਦਾ ਪ੍ਰਤੀਕ ਬਣ ਗਿਆ ਹੈ। -ਅਨੁ

ਤੋਂ1943 ਤੱਕ ਛਪਦਾ ਰਿਹਾ।

—59

44. "Vorw%orts" ("ਅੱਗੇ ਵਧੋ")– ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦਾ ਕੇਂਦਰੀ ਰੋਜ਼ਾਨਾ ਅਖ਼ਬਾਰ, 1891 ਤੋਂ 1933 ਤੱਕ ਬਰਲਿਨ ਤੋਂ ਨਿਕਲ਼ਦਾ ਰਿਹਾ।

—59

45. ਇੱਥੇ "Vorw%orts" ਅਖਬਾਰ ਦੇ 21 ਅਕਤੂਬਰ, 1918 ਦੇ ਅੰਕ 290, ਵਿੱਚ ਛੁਪੇ ਮੁੱਖ ਲੇਖ "ਡਿਕਟੇਟਰਸ਼ਿਪ ਜਾਂ ਜਮਹੂਰੀਅਤ" ਦਾ ਹਵਾਲਾ ਦਿਤਾ ਜਾ ਰਿਹਾ ਹੈ।

—59

46. ਵ. ਇ. ਲੈਨਿਨ ਇੱਥੇ ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਨਫ਼ਰੰਸ ਵਿੱਚ 30 ਜੁਲਾਈ (12 ਅਗਸਤ), 1906 ਨੂੰ ਗਿ. ਵ. ਪਲੈਖਾਨੋਵ ਵੱਲੋਂ ਕੀਤੀ ਗਈ ਤਕਰੀਰ ਦਾ ਹਵਾਲਾ ਦੇ ਰਹੇ ਹਨ, ਜਦੋਂ ਪਾਰਟੀ ਪ੍ਰੋਗਰਾਮ ਉੱਤੇ ਬਹਿਸ ਹੋ ਰਹੀ ਸੀ।

—61

47. **ਜ਼ਿੱਮਰਵਾਲਡ** ਜਾਂ ਪਹਿਲੀ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸ 5–8 ਸਤੰਬਰ 1915 ਨੂੰ ਹੋਈ।

ਕਾਨਫਰੰਸ ਨੇ ਮੈਨੀਫੈਸਟੋ "ਯੂਰਪ ਦੇ ਪ੍ਰੋਲੇਤਾਰੀਆਂ ਨੂੰ" ਪ੍ਰਵਾਨ ਕੀਤਾ, ਜਿਹੜਾ ਇੱਕ ਕਮਿਸ਼ਨ ਨੇ ਤਿਆਰ ਕੀਤਾ ਸੀ ਅਤੇ ਜਿਸ ਵਿੱਚ ਵ. ਇ. ਲੈਨਿਨ ਅਤੇ ਖੱਬੇ–ਪੱਖੀ ਸੋਸ਼ਲ–ਡੈਮੋਕਰੈਟਾਂ ਦੇ ਜ਼ੋਰ ਦੇਣ ਉੱਤੇ ਇਨਕਲਾਬੀ ਮਾਰਕਸਵਾਦ ਦੀਆਂ ਕਈ ਅਧਾਰ ਪ੍ਰਸਤਾਵਨਾਵਾਂ ਸ਼ਾਮਲ ਕੀਤੀਆਂ ਗਈਆਂ ਸਨ। ਇਸਤੋਂ ਇਲਾਵਾ ਇਹਨੇ ਜਰਮਨ ਅਤੇ ਫ਼ਰਾਂਸੀਸੀ ਪ੍ਰਤਿਨਿੱਧ–ਮੰਡਲਾਂ ਵਲੋਂ ਇੱਕ ਸਾਂਝਾ ਐਲਾਨ, ਯੁੱਧ ਦੇ ਸ਼ਿਕਾਰ ਹੋਏ ਵਿਅਕਤੀਆਂ ਅਤੇ ਆਪਣੀ ਰਾਜਸੀ ਸਰਗਰਮੀਆਂ ਕਾਰਨ ਜ਼ਬਰ ਦਾ ਸ਼ਿਕਾਰ ਜੁਝਾਰਾਂ ਨਾਲ਼ ਹਮਦਰਦੀ ਦਾ ਸੁਨੇਹਾ ਪ੍ਰਵਾਨ ਕੀਤਾ।

—62

48. **ਜ਼ਿੱਮਰਵਾਲਡ ਖੱਬੇ-ਪੱਖੀ ਧੜਾ** ਸਤੰਬਰ 1915 ਵਿੱਚ ਜ਼ਿੱਮਰਵਾਲਡ ਵਿਖੇ ਹੋਈ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸ ਵਿੱਚ ਵ.ਇ. ਲੈਨਿਨ ਦੀ ਪਹਿਲਕਦਮੀ ਉੱਤੇ ਸਥਾਪਤ ਕੀਤਾ ਗਿਆ। ਇਸ ਵਿੱਚ ਹੇਠ ਲਿਖੀਆਂ ਜਥੇਬੰਦੀਆਂ ਦੇ ਪ੍ਰਤਿਨਿਧ ਸ਼ਾਮਲ ਸਨ: ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਦੀ ਕੇਂਦਰੀ ਕਮੇਟੀ, ਸਵੀਡਨ, ਨਾਰਵੇ, ਸਵਿਟਜ਼ਰਲੈਂਡ ਅਤੇ ਜਰਮਨੀ ਦੇ ਖੱਬੇ–ਪੱਖੀ ਸੋਸ਼ਲ–ਡੈਮੋਕਰੈਟ, ਪੋਲੈਂਡ ਦਾ ਸੋਸ਼ਲ–ਡੈਮੋਕਰੈਟਿਕ ਵਿਰੋਧੀ ਦਲ ਅਤੇ ਲਤਵੀਆਈ ਇਲਾਕੇ ਦੇ ਸੋਸ਼ਲ–ਡੈਮੋਕ੍ਰੈਟਕ। ਜ਼ਿੱਮਰਵਾਲਡ ਖੱਬੇ–ਪੱਖੀ ਧੜੇ ਨੇ, ਜਿਸਦੇ ਆਗੂ ਵ.ਇ ਲੈਨਿਨ ਸਨ, ਕਾਨਫੰਰਸ ਦੀ ਕੇਂਦਰਵਾਦੀ ਬਹੁਗਿਣਤੀ ਵਿਰੁੱਧ ਘੋਲ਼ ਲੜਿਆ। ਉਹਨਾਂ ਨੇ ਅਗਵਾਈ ਲਈ ਇੱਕ ਬਿਊਰੋ ਚੁਣਿਆ ਜਿਸ ਵਿੱਚ ਵ. ਇ. ਲੈਨਿਨ, ਗ. ਜ਼ਿਨੋਵੀਏਵ ਅਤੇ ਕਾ.

ਰਾਦੇਕ ਸ਼ਾਮਲ ਸਨ। ਜ਼ਿੱਮਰਵਾਲਡ ਖੱਬੇ-ਪੱਖੀ ਧੜੇ ਨੇ ਆਪਣਾ ਬੁਲਾਰਾ -ਰਸਾਲਾ "Vorbote" ("ਅਗਵਾਣੂੰ") ਜਰਮਨ ਵਿੱਚ ਜਾਰੀ ਕੀਤਾ, ਜਿਸਨੇ ਵ. ਇ. ਲੈਨਿਨ ਦੇ ਕਈ ਲੇਖ ਛਾਪੇ। ਬਾਲਸ਼ਵਿਕ, ਜ਼ਿੱਮਰਵਾਲਡ ਖੱਬੇ-ਪੱਖੀ ਧੜੇ ਦੀ ਆਗੂ ਸ਼ਕਤੀ ਸਨ।

—64

49. ਦੇਖੋ, ਕਾ. ਮਾਰਕਸ ਦੀ ਕਿਰਤ, "ਫ਼ਰਾਂਸ ਵਿੱਚ ਘਰੇਲੂ ਜੰਗ" ਦੀ ਫ਼. ਏਂਗਲਜ਼ ਵੱਲੋਂ ਲਿਖੀ ਗਈ "ਭੂਮਿਕਾ", (ਕਾ. ਮਾਰਕਸ, ਫ.ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 22, ਸਫ਼ਾ 191)।

—66

50. ਦੇਖੋ, ਕਾ. ਮਾਰਕਸ "ਫ਼ਰਾਂਸ ਵਿੱਚ ਘਰੇਲੂ ਜੰਗ", (ਕਾ. ਮਾਰਕਸ, ਫ. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 17, ਸਫ਼ਾ 342)।

—66

51. **ਟਾਲਸਟਾਏਵਾਦੀ**—ਰੂਸੀ ਲੇਖਕ ਲੇਵ ਨਿਕੋਲਾਯੇਵਿਚ ਟਾਲਸਟਾਏ ਦੀ ਨੈਤਿਕ-ਦਾਰਸ਼ਨਿਕ ਸਿੱਖਿਆ ਦੇ ਅਨੁਆਈ। ਇਸ ਸਿੱਖਿਆ ਦਾ ਮੁੱਖ ਅੰਸ਼ ਬੁਰਾਈ ਦਾ ਟਾਕਰਾ ਤਾਕਤ ਨਾਲ਼ ਨਾ ਕਰਨ ਦਾ ਵਿਚਾਰ ਸੀ।

—67

52. **ਲੌਂਗੇਵਾਦੀ** -ਫ਼ਰਾਂਸੀਸੀ ਸੋਸ਼ਲਿਸਸਟ ਪਾਰਟੀ ਦੀ ਘੱਟਗਿਣਤੀ ਦੇ ਮੈਂਬਰ, ਜਿਨ੍ਹਾਂ ਦਾ ਆਗੂ ਜਾਨ ਲੌਂਗੇ ਸੀ। ਪਹਿਲੀ ਸੰਸਾਰ ਜੰਗ (1914-1918) ਦੇ ਦੌਰਾਨ ਲੌਂਗੇਵਾਦੀ ਸਮਾਜਕ-ਅੰਧਰਾਸ਼ਟਰਵਾਦੀਆਂ ਵੱਲ ਸਮਝੌਤਾਵਾਦੀ ਨੀਤੀ ਉੱਤੇ ਚੱਲੇ, ਇਨਕਲਾਬੀ ਘੋਲ਼ ਨੂੰ ਉਹਨਾਂ ਨੇ ਰੱਦ ਕੀਤਾ ਅਤੇ ਸਾਮਰਾਜੀ ਜੰਗ ਵਿੱਚ "ਪਿਤਾ-ਭੂਮੀ ਦੀ ਰਾਖੀ" ਦੀਆਂ ਪੁਜ਼ੀਸ਼ਨਾਂ ਅਪਣਾਈਆਂ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਮਗਰੋਂ ਲੌਂਗੇਵਾਦੀ ਕਥਨੀ ਵਿੱਚ ਤਾਂ ਆਪਣੇ ਆਪ ਨੂੰ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਹਮਾਇਤੀ ਦੱਸਦੇ ਰਹੇ, ਪਰ ਕਰਨੀ ਵਿੱਚ ਇਸਦੀ ਵਿਰੋਧਤਾ ਕਰਦੇ ਰਹੇ। ਦਸਬੰਰ 1920 ਵਿੱਚ ਖੁੱਲ੍ਹਮ-ਖੁੱਲ੍ਹਾ ਸੁਧਾਰਵਾਦੀਆਂ ਨਾਲ਼ ਮਿਲ ਕੇ ਲੌਂਗੇਵਾਦੀ ਪਾਰਟੀ ਵਿੱਚੋਂ ਨਿਕਲ ਗਏ ਅਤੇ ਅਖਾਉਤੀ ਢਾਈਵੀਂ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਏ।

—69

53. **ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ**- ਦੇਖੋ ਨੋਟ 27

—71

54. "**ਖੱਬੇ-ਪੱਖੀ ਕਮਿਊਨਿਸਟ**"—ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਵਿੱਚ ਅਵਸਰਵਾਦੀ ਗਰੁੱਪ, ਜਿਹੜਾ 1918 ਦੇ ਸ਼ੁਰੂ ਵਿਚ ਬ੍ਰੈਸਤ ਅਮਨ ਸੰਧੀ ਕਰਨ ਦੇ ਪ੍ਰਸ਼ਨ ਦੇ ਸਬੰਧ ਵਿੱਚ ਹੋਂਦ ਵਿੱਚ ਆਇਆ। ਇਨਕਲਾਬੀ ਜੰਗ ਬਾਰੇ ਖੱਬੇ-ਪੱਖੀ ਲੱਫ਼ਾਜ਼ੀ ਦੇ ਪਰਦੇ ਹੇਠ ਇਹ ਸੋਵੀਅਤ ਰਿਪਬਲਿਕ ਨੂੰ, ਜਿਸ ਕੋਲ਼ ਅਜੇ ਕੋਈ ਫ਼ੌਜ

ਨਹੀਂ ਸੀ, ਸਾਮਰਾਜੀ ਜਰਮਨੀ ਨਾਲ਼ ਜੰਗ ਵਿੱਚ ਧੱਕਣ ਦੀ ਮਾਅਰਕੇਬਾਜ਼ ਨੀਤੀ ਦੀ ਹਮਾਇਤ ਕਰਦੇ ਹਨ ਅਤੇ ਸੋਵੀਅਤ ਸੱਤ੍ਹਾ ਦੀ ਹੋਂਦ ਲਈ ਖਤਰਾ ਪੈਦਾ ਕਰਦੇ ਸਨ।

"ਖੱਬੇ-ਪੱਖੀ ਕਮਿਊਨਿਸਟ" ਇੱਕ ਮਨੁੱਖੀ ਅਧਿਕਾਰ ਅਤੇ ਕਿਰਤ-ਡਸਿਪਲਿਨ ਅਮਲ ਵਿੱਚ ਲਿਆਉਣ, ਸਨਅਤ ਵਿੱਚ ਬੁਰਜੂਆ ਮਾਹਿਰਾਂ ਨੂੰ ਕੰਮ ਵਿੱਚ ਲੈ ਆਉਣ ਵਿਰੁੱਧ ਸਨ। ਲੈਨਿਨ ਦੀ ਅਗਵਾਈ ਹੇਠ ਪਾਰਟੀ ਨੇ "ਖੱਬੇ-ਪੱਖੀ ਕਮਿਊਨਿਸਟਾਂ" ਦੀ ਨੀਤੀ ਦਾ ਸਖ਼ਤ ਵਿਰੋਧ ਕੀਤਾ।

—71

55. **ਸਪਾਰਟੇਕਸਵਾਦੀ** -ਜਰਮਨ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਾਂ ਦੀ ਇਨਕਲਾਬੀ ਜਥੇਬੰਦੀ ਦੇ ਮੈਂਬਰ। ਇਹ ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿੱਚ ਕ. ਲੀਬਕਨੇਖ਼ਟ, ਰ. ਲੁਕਸਮਬਰਗ, ਅਤੇ ਹੋਰਾਂ ਨੇ ਸਥਾਪਤ ਕੀਤੀ।

ਸਪਾਰਟੇਕਸਵਾਦੀਆਂ ਨੇ ਜਨਤਾ ਵਿੱਚ ਇਨਕਲਾਬੀ ਪ੍ਰਚਾਰ ਕੀਤਾ, ਵਿਸ਼ਾਲ ਯੁੱਧ-ਵਿਰੋਧੀ ਪ੍ਰਦਰਸ਼ਨ ਕੀਤੇ, ਹੜਤਾਲਾਂ ਦੀ ਅਗਵਾਈ ਕੀਤੀ ਅਤੇ ਪਹਿਲੇ ਸੰਸਾਰ ਯੁੱਧ ਦਾ ਸਾਮਰਾਜੀ ਖਾਸਾ ਅਤੇ ਅਵਸਰਵਾਦੀ ਸੋਸ਼ਲ-ਡੈਮੋਕ੍ਰੈਟਿਕ ਨੇਤਾਵਾਂ ਦੇ ਧਰੋਹ ਨੂੰ ਉਘਾੜਿਆ। ਪਰ ਸਿਧਾਂਤ ਅਤੇ ਸਿਆਸਤ ਵਿੱਚ ਸਪਾਰਟੇਕਸਵਾਦੀਆਂ ਨੇ ਕਈ ਗੰਭੀਰ ਗ਼ਲਤੀਆਂ ਕੀਤੀਆਂ।

ਅਪ੍ਰੈਲ 1917 ਵਿੱਚ ਆਪਣੀ ਜਥੇਬੰਦਕ ਸੁਤੰਤਰਤਾ ਕਾਇਮ ਰੱਖਦੇ ਹੋਏ ਸਪਾਰਟੇਕਸਵਾਦੀ ਜਰਮਨੀ ਦੀ ਕੇਂਦਰਵਾਦੀ ਸੁਤੰਤਰ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਵਿੱਚ ਸ਼ਾਮਲ ਹੋ ਗਈ। ਨਵੰਬਰ 1918 ਵਿਚ, ਜਰਮਨੀ ਵਿਚ ਇਨਕਲਾਬ ਸਮੇਂ, ਸਪਾਰਟੇਕਸਵਾਦੀ ਜਰਮਨੀ ਦੀ ਸੁਤੰਤਰ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਤੋਂ ਵੱਖ ਹੋ ਗਈ ਅਤੇ "ਸਪਾਰਟੇਕਸ ਲੀਗ" ਸਥਾਪਤ ਕਰ ਲਈ, 14 ਦਸੰਬਰ, 1918 ਨੂੰ ਆਪਣਾ ਪ੍ਰੋਗਰਾਮ ਪ੍ਰਕਾਸ਼ਤ ਕਰ ਦਿੱਤਾ, "ਸੁਤੰਤਰਾਂ" ਨਾਲ਼ੋਂ ਵੱਖ ਹੋ ਗਏ। ਲੀਗ ਦੀ 30 ਦਸੰਬਰ 1918- ਪਹਿਲੀ ਜਨਵਰੀ 1919 ਨੂੰ ਹੋਈ ਉਦਘਾਟਨੀ ਕਾਂਗਰਸ ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਸਥਾਪਤ ਕੀਤੀ।

—74

56. ਇੱਥੇ ਕਾਊਟਸਕੀ ਦੇ ਲੇਖ "**ਰੂਸੀ ਇਨਕਲਾਬ ਦੀਆਂ ਚਾਲਕ ਸ਼ਕਤੀਆਂ ਅਤੇ ਸੰਭਾਵਨਾਵਾਂ**" ਦਾ ਹਵਾਲਾ ਦਿਤਾ ਗਿਆ ਹੈ। ਇਹ ਲੇਖ ਵ.ਇ. ਲੈਨਿਨ ਵੱਲੋਂ ਲਿਖੀ ਗਈ ਭੂਮਿਕਾ ਸਮੇਤ ਦਸੰਬਰ 1906 ਵਿੱਚ ਪੈਂਫ਼ਲਟ ਵਜੋਂ ਰੂਸੀ ਵਿੱਚ ਛਾਪਿਆ ਗਿਆ।

—78

57. ਦੇਖੋ ਕਾ. ਮਾਰਕਸ ਦਾ ਲੇਖ "ਬੁਰਜੂਆਜ਼ੀ ਅਤੇ ਉਲਟ-ਇਨਕਲਾਬ" (ਕਾ.ਮਾਰਕਸ ਅਤੇ ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 6, ਸਫ਼ੇ, 115-116)

—78

58. ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵੱਲੋਂ ਜਰਮਨ ਰਾਜਦੂਤ ਮੀਰਬਾਖ਼ ਦੇ ਭੜਕਾਊ ਕਤਲ ਅਤੇ 6-7 ਜੁਲਾਈ, 1918 ਨੂੰ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵੱਲੋਂ ਕੀਤੀ ਗਈ ਬਗ਼ਾਵਤ ਦੇ ਸਿੱਟੇ ਵਜੋਂ (ਵੇਖੋ ਨੋਟ 27) ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਤੋਂ ਦੋ ਨਵੀਆਂ ਪਾਰਟੀਆਂ ਬਣ ਗਈਆਂ— "ਨਾਰੋਦਨਿਕ-ਕਮਿਊਨਿਸਟ" ਅਤੇ "ਇਨਕਲਾਬੀ ਕਮਿਊਨਿਸਟ"।

**ਨਾਰੋਦਨਿਕ-ਕਮਿਊਨਿਸਟਾਂ** ਨੇ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਸੋਵੀਅਤ-ਵਿਰੋਧੀ ਨੀਤੀ ਦੀ ਨਿਖੇਧੀ ਕਰਦਿਆਂ ਸਤੰਬਰ, 1918 ਦੀ ਕਾਨਫ਼ਰੰਸ ਵਿੱਚ ਆਪਣੀ ਪਾਰਟੀ ਕਾਇਮ ਕਰ ਲਈ। ਇਹ ਵਿਚਲੇ ਕਿਸਾਨਾਂ ਨਾਲ਼ ਗਠਜੋੜ ਦੀ ਬਾਲਸ਼ਵਿਕ ਨੀਤੀ ਦੀ ਪ੍ਰੋੜ੍ਹਤਾ ਕਰਦੇ ਸਨ। 6 ਨਵੰਬਰ, 1918 ਨੂੰ ਹੋਈ ਅਸਾਧਾਰਣ ਕਾਂਗਰਸ ਨੇ ਸਰਬ-ਸੰਮਤੀ ਨਾਲ਼ ਪਾਰਟੀ ਤੋੜਨ ਅਤੇ ਰੂ.ਕ.ਪਾ.(ਬਾ.) ਵਿੱਚ ਸ਼ਾਮਲ ਹੋ ਜਾਣ ਦਾ ਫੈਸਲਾ ਕਰ ਲਿਆ।

"**ਇਨਕਲਾਬੀ ਕਮਿਊਨਿਜ਼ਮ ਦੀ ਪਾਰਟੀ**" ਨੂੰ 25-30 ਸਤੰਬਰ, 1918 ਨੂੰ ਮਾਸਕੋ ਵਿੱਚ ਅਖਬਾਰ "ਕਿਰਤ ਦੀ ਸਜ਼ਾ" ਦੇ ਹਾਮੀਆਂ ਦੀ ਹੋਈ ਕਾਨਫ਼ਰੰਸ ਵਿੱਚ ਜਥੇਬੰਦਕ ਰੂਪ ਦਿੱਤਾ ਗਿਆ। ਇਹ ਪਾਰਟੀ 1920 ਤੱਕ ਛੋਟੇ ਜਿਹੇ ਗਰੁੱਪ ਵਜੋਂ ਕਾਇਮ ਰਹੀ। ਸਤੰਬਰ, 1920 ਵਿਚ ਹੋਈ ਪਾਰਟੀ ਦੀ ਛੇਂਵੀ ਕਾਂਗਰਸ ਨੇ ਰੂ. ਕ. ਪਾ. (ਬਾ.) ਵਿਚ ਸ਼ਾਮਲ ਹੋ ਜਾਣ ਦਾ ਫ਼ੈਸਲਾ ਕੀਤਾ। ਅਕਤੂਬਰ 1920 ਵਿੱਚ ਰੂ. ਕ.ਪਾ.(ਬਾ.) ਦੀ ਕੇਂਦਰੀ ਕਮੇਟੀ ਨੇ ਪਾਰਟੀ ਜਥੇਬੰਦੀਆਂ ਨੂੰ ਆਗਿਆਂ ਦੇ ਦਿੱਤੀ ਕਿ ਉਹ ਸਾਬਕਾ "ਇਨਕਲਾਬੀ ਕਮਿਊਨਿਸਟਾਂ" ਦੀ ਪਾਰਟੀ ਦੇ ਮੈਂਬਰਾਂ ਨੂੰ ਆਪਣੇ ਵਿੱਚ ਸ਼ਾਮਲ ਕਰ ਸਕਦੀਆਂ ਹਨ।

—79

59. ਦੇਖੋ ਲ. ਕੁਗਲਮਾਨ ਨੂੰ 12 ਅਪ੍ਰੈਲ, 1871 ਨੂੰ ਕਾ. ਮਾਰਕਸ ਵਲੋਂ ਲਿਖੀ ਗਈ ਚਿੱਠੀ (ਕਾ.ਮਾਰਕਸ, ਫ਼. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 33, ਸਫ਼ਾ 172)।

—84

60. **ਗ਼ਰੀਬ ਕਿਸਾਨ ਕਮੇਟੀਆਂ** ਜੂਨ, 1918 ਵਿੱਚ ਕਾਇਮ ਕੀਤੀਆਂ ਗਈਆਂ। ਇਹਨਾਂ ਕਮੇਟੀਆਂ ਦਾ ਅਮਲੀ ਕੰਮ ਪਿੰਡਾਂ ਵਿਚਲੇ ਕੰਮ ਦੇ ਸਾਰੇ ਪੱਖਾਂ ਨੂੰ ਲਪੇਟ ਵਿੱਚ ਲੈਂਦਾ ਸੀ। ਇਹ ਅਸਲ ਵਿੱਚ ਪਿੰਡਾਂ ਵਿੱਚ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੇ ਅਦਾਰੇ ਸਨ। ਇਹਨਾਂ ਦੀ ਸਥਾਪਤੀ ਪਿੰਡਾਂ ਵਿੱਚ ਸ਼ੋਸਲਿਸਟ ਇਨਕਲਾਬ ਹੋਰ ਅੱਗੇ ਲਿਜਾਣ ਦੀ ਸੂਚਕ ਸੀ।

ਇਹਨਾਂ ਕਮੇਟੀਆਂ ਨੇ ਕੁਲਾਕਾਂ ਦੀ ਉਲਟ-ਇਨਕਲਾਬੀ ਸਰਗਰਮੀਆਂ ਨੂੰ ਦਬਾਉਣ ਵਿਚ, ਕੁਲਾਕਾਂ ਦੀਆਂ ਜਾਇਦਾਦਾਂ ਦੀ ਅੰਸ਼ਕ ਜ਼ਬਤੀ ਰਾਹੀਂ ਉਹਨਾਂ ਦੀ ਆਰਥਕ ਸ਼ਕਤੀ ਖ਼ਤਮ ਕਰਨ ਵਿਚ ਉੱਘਾ ਰੋਲ ਅਦਾ ਕੀਤਾ। ਭੂਮੀਪਤੀ ਜਾਗੀਰਾਂ

ਨੂੰ ਅੰਤਮ ਤੌਰ ਉਤੇ ਖਤਮ ਕਰਨ, ਭੁੱਖ ਦਾ ਸ਼ਿਕਾਰ ਹੋਏ ਮਜ਼ਦੂਰ ਕੇਂਦਰਾਂ ਅਤੇ ਲਾਲ ਫ਼ੌਜ ਨੂੰ ਰਸਦ ਪੁਚਾਉਣ ਵਿਚ ਇਹਨਾਂ ਨੇ ਮਹਾਨ ਰੋਲ ਅਦਾ ਕੀਤਾ।

ਗ਼ਰੀਬ ਕਿਸਾਨ ਕਮੇਟੀਆਂ ਦੀ ਸਰਗਰਮੀ ਦੀ ਮਜ਼ਦੂਰ ਜਮਾਤ ਅਤੇ ਕਿਸਾਨਾਂ ਵਿਚਕਾਰ ਏਕਾ ਨੂੰ ਮਜ਼ਬੂਤ ਕਰਨ ਵਿਚ, ਵਿਚਲੇ ਕਿਸਾਨਾਂ ਨੂੰ ਸੋਵੀਅਤ ਸੱਤਾ ਵੱਲ ਲਿਆਉਣ ਵਿੱਚ ਅਥਾਹ ਮਹੱਤਤਾ ਸੀ।

1918 ਦੇ ਅਖੀਰ ਵਿਚ ਗ਼ਰੀਬ ਕਿਸਾਨ ਕਮੇਟੀਆਂ ਨੂੰ, ਉਹਨਾਂ ਦਾ ਕਰਜ਼ ਪੂਰਾ ਹੋ ਗਿਆ ਹੋਣ ਕਰਕੇ, ਸਥਾਨਕ ਸੋਵੀਅਤਾਂ ਵਿੱਚ ਮਿਲਾ ਦਿੱਤਾ ਗਿਆ।

—86

61. "**ਜੁਲਾਈ ਸੰਕਟ**" ਤੋ ਲੈਨਿਨ ਦਾ ਭਾਵ ਦੇਸ਼ ਦੀਆਂ ਕੇਂਦਰੀ ਗੂਬੇਰਨੀਆਂ ਵਿਚ, ਵੋਲਗਾਖੰਡ ਦੇ ਇਲਾਕੇ, ਯੂਰਾਲ ਅਤੇ ਸਾਇਬੇਰੀਆ ਵਿਚ 1918 ਦੀਆਂ ਗਰਮੀਆਂ ਵਿੱਚ ਕੁਲਾਕਾਂ ਦੀਆਂ ਉਲਟ-ਇਨਕਲਾਬੀਆਂ ਬਗ਼ਾਵਤਾਂ ਤੋਂ ਹੈ; ਇਹ ਬਗ਼ਾਵਤਾਂ ਵਿਦੇਸ਼ੀ ਦਖ਼ਲਬਾਜ਼ਾਂ ਦੀ ਹਿਮਾਇਤ ਨਾਲ਼ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨੇ ਜਥੇਬੰਦ ਕੀਤੀਆਂ ਸਨ।

—86

62. **ਬਲਾਂਕਈਵਾਦ** —ਫਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਇੱਕ ਮੁਹਾਣ, ਜਿਸਦਾ ਮੁਖੀ ਇਨਕਲਾਬੀ ਅਤੇ ਫ਼ਰਾਂਸੀਸੀ ਯੂਟੋਪਿਆਈ ਕਮਿਊਨਿਜ਼ਮ ਦਾ ਉੱਘਾ ਪ੍ਰਤਿਨਿਧ ਲੂਈ ਅਵਗੁਸਤੇ ਬਲਾਂਕੁਈ (1805-81) ਸੀ। ਇਹ ਇਨਕਲਾਬੀ ਪਾਰਟੀ ਦੀ ਸਰਗਰਮੀ ਦੀ ਥਾਂ ਮੁੱਠੀ ਭਰ ਸਾਜ਼ਸ਼ੀਆਂ ਵਲੋਂ ਘੜੀ ਸਾਜ਼ਸ਼ ਨੂੰ ਦੇਂਦੇ, ਬਗਾਵਤ ਦੇ ਜੇਤੂ ਹੋਣ ਲਈ ਲੋੜੀਂਦੀ ਸਥੂਲ ਪ੍ਰਸਥਿਤੀ ਵੱਲ ਕੋਈ ਧਿਆਨ ਨਾ ਦੇਂਦੇ ਅਤੇ ਜਨਤਾ ਨਾਲ਼ ਸਬੰਧਾਂ ਲਈ ਆਪਣੀ ਘ੍ਰਿਣਾ ਪ੍ਰਗਟ ਕਰਦੇ ਸਨ।

ਬਲਾਂਕੁਈਵਾਦੀ ਸ਼੍ਰੇਣੀ ਘੋਲ਼ ਤੋਂ ਇਨਕਾਰ ਕਰਦੇ ਸਨ ਅਤੇ ਉਹਨਾਂ ਨੂੰ ਇਹ ਆਸ ਸੀ ਕਿ "ਮਨੁੱਖਜਾਤੀ ਉਜ਼ਰਤੀ ਗ਼ੁਲਾਮੀ ਤੋਂ ਪ੍ਰੋਲੇਤਾਰੀਆਂ ਦੇ ਸ਼੍ਰੇਣੀ ਘੋਲ ਰਾਹੀਂ ਨਹੀਂ ਸਗੋਂ ਇੱਕ ਨਿੱਕੀ ਬੁੱਧੀਜੀਵੀ ਘੱਟਗਿਣਤੀ ਦੀ ਸਾਜ਼ਸ਼ ਰਾਹੀਂ ਮੁਕਤ ਹੋਵੇਗੀ।" (ਵ. ਇ. ਲੈਨਿਨ, ਕਿਰਤ ਸੰਗ੍ਰਹਿ, ਪੰਜਵੀ ਐਡੀਸ਼ਨ, ਸੈਂਚੀ 13, ਸਫ਼ਾ 76)

—88

63. ਇੱਥੇ ਹਵਾਲਾ ਸੋਸ਼ਲਿਸਟ-ਇਨਕਲਾਬੀਆਂ ਵੱਲੋਂ ਤਿਆਰ ਕੀਤੇ ਗਏ ਉਸ ਕਾਨੂੰਨੀ ਖਰੜੇ ਵੱਲ ਹੈ ਜਿਹੜਾ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਕੁਝ ਹੀ ਦਿਨ ਪਹਿਲਾਂ ਆਰਜ਼ੀ ਹਕੂਮਤ ਦੇ ਜ਼ਰਾਇਤ ਮੰਤਰੀ ਸ. ਲ. ਮਾਸਲੋਵ ਨੇ ਪੇਸ਼ ਕੀਤਾ ਸੀ। ਇਸ ਖਰੜੇ ਵਿਚ ਰਾਜਕੀ ਅਤੇ ਮੱਠਾਂ ਦੀਆਂ ਜ਼ਮੀਨਾਂ ਮਿਲਾ ਕੇ ਕਿਸਾਨ ਕਮੇਟੀਆਂ ਲਈ ਠੇਕੇ ਉੱਤੇ ਦੇਣ ਲਈ ਜ਼ਮੀਨ ਦਾ ਇੱਕ ਫ਼ੰਡ ਕਾਇਮ ਕਰਨ ਦੀ ਤਜ਼ਵੀਜ਼ ਦਿੱਤੀ ਗਈ ਸੀ। ਭੂਮੀਪਤੀਆਂ ਦੀਆਂ ਨਿੱਜੀ ਜ਼ਮੀਨਾਂ ਨੂੰ ਇਹਨਾਂ ਤੋਂ ਬਾਹਰ ਰੱਖਿਆ ਗਿਆ

ਸੀ। ਭੂਮੀਪਤੀਆਂ ਨੇ ਆਰਜ਼ੀ ਲੀਜ਼ ਫ਼ੰਡ ਲਈ ਸਿਰਫ਼ ਉਹ ਜ਼ਮੀਨਾਂ ਦਿੱਤੀਆਂ ਜਿਹੜੀਆਂ ਉਹ ਪਹਿਲਾਂ ਵੀ ਠੇਕੇ ਉੱਤੇ ਦਿਆ ਕਰਦੇ ਸਨ, ਅਤੇ ਇਹਨਾਂ ਦਾ ਲਗਾਨ ਭੂਮੀਪਤੀਆਂ ਨੂੰ ਹੀ ਦਿੱਤਾ ਜਾਣਾ ਸੀ।

ਕਿਸਾਨ ਬਗ਼ਾਵਤਾਂ ਅਤੇ ਭੂਮੀਪਤੀ ਜਾਗੀਰਾਂ ਉੱਤੇ ਕਿਸਾਨਾਂ ਵੱਲੋਂ ਕੀਤੇ ਗਏ ਕਬਜ਼ਿਆਂ ਦੇ ਜਵਾਬ ਵਿਚ ਆਰਜ਼ੀ ਸਰਕਾਰ ਨੇ ਕਿਸਾਨ ਕਮੇਟੀਆਂ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ।

—89

64. **ਸ਼ਾਹੀ ਭੋਂ** ਜ਼ਾਰ ਪਾਲ ਪਹਿਲੇ ਨੇ 1797 ਵਿੱਚ ਇੱਕ ਫ਼ਰਮਾਨ ਰਾਹੀਂ ਸਾਂਝੀਆਂ ਖਜ਼ਾਨੇ ਦੀਆਂ ਜ਼ਮੀਨਾਂ, ਉਹਨਾਂ ਉੱਤੇ ਕੰਮ ਕਰਦੇ ਕਿਸਾਨਾਂ ਸਮੇਤ, ਸ਼ਾਹੀ ਪਰਿਵਾਰ ਦੇ ਮੈਂਬਰਾਂ ਦੇ ਨਾਂ ਲਾ ਦਿੱਤੀਆਂ।

—90

65. ਇੱਥੇ ਹਵਾਲਾ "ਭੂਮੀ ਬਾਰੇ ਕਿਸਾਨ ਹਦਾਇਤ" ਵੱਲ ਹੈ, ਜਿਹੜਾ 242 ਸਥਾਨਕ ਕਿਸਾਨ ਹਦਾਇਤਾਂ ਦੇ ਅਧਾਰ ਉੱਤੇ ਤਿਆਰ ਕੀਤਾ ਗਿਆ ਸੀ ਅਤੇ "ਭੂਮੀ ਬਾਰੇ ਫ਼ਰਮਾਨ" ਵਿੱਚ ਸ਼ਾਮਲ ਕੀਤਾ ਗਿਆ ਸੀ, ਜਿਹੜਾ ਸੋਵੀਅਤਾਂ ਦੀ ਕੁੱਲ-ਰੂਸ ਕਾਂਗਰਸ ਨੇ 26 ਅਕਤੂਬਰ (8 ਨਵੰਬਰ), 1917 ਨੂੰ ਪ੍ਰਵਾਨ ਕੀਤਾ। ਇਸ ਫ਼ਰਮਾਨ ਨਾਲ਼ ਭੂਮੀਪਤੀ ਜਾਗੀਰਾਂ ਖਤਮ ਕਰ ਦਿਤੀਆਂ ਗਈਆਂ ਅਤੇ ਭੂਮੀ ਕਿਸਾਨਾਂ ਨੂੰ ਦੇ ਦਿੱਤੀ ਗਈ।

—91

66. ਇਥੇ ਲੈਨਿਨ ਵਲੋਂ "**ਭੂਮੀ ਦੇ ਸਮਾਜੀਕਰਣ ਬਾਰੇ ਬੁਨਿਆਦੀ ਕਾਨੂੰਨ**" ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਜਿਸਦੀ ਸੋਵੀਅਤਾਂ ਦੀ ਤੀਜੀ ਕੁੱਲ-ਰੂਸ ਕਾਂਗਰਸ ਵੱਲੋਂ 18 (31) ਜਨਵਰੀ, 1918 ਨੂੰ ਪੁਸ਼ਟੀ ਕੀਤੀ ਗਈ।

—92

67. ਇੱਥੇ ਵ. ਇ ਲੈਨਿਨ ਦੀ ਕਿਰਤ "1905-1907 ਦੇ ਪਹਿਲੇ ਰੂਸੀ ਇਨਕਲਾਬ ਵਿੱਚ ਸੋਸ਼ਲ-ਡੈਮੋਕ੍ਰੈਸੀ ਦਾ ਜ਼ਰਈ ਪ੍ਰੋਗਰਾਮ" ਦਾ ਹਵਾਲਾ ਦਿੱਤਾ ਜਾ ਰਿਹਾ ਹੈ।

—93

68. ਸ਼ਬਦ "ਨਾਰੋਦਨਿਕ" ਤੋਂ ਵ. ਇ. ਲੈਨਿਨ ਦਾ ਸੰਕੇਤ ਨਾਰੋਦਨਿਕ ਰੁਝਾਣ ਦੀਆਂ ਤਿੰਨ ਨਿੱਕ-ਬੁਰਜੂਆ ਪਾਰਟੀਆਂ ਵੱਲ ਹੈਃ ਤਰੂਦੋਵਿਕ, ਸੋਸ਼ਲਿਸਟ-ਇਨਕਲਾਬੀ ਅਤੇ "ਨਾਰੋਦਨਿਕ-ਸੋਸ਼ਲਿਸਟ"।

—96

69. ਦੇਖੋ ਕਾ. ਮਾਰਕਸ ਦੀ ਰਚਨਾ "ਵਾਧੂ-ਕਦਰ ਦੇ ਸਿਧਾਂਤ", ਭਾਗ ਦੂਜਾ (ਕਾ.ਮਾਰਕਸ, ਫ. ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 26, ਭਾਗ ਦੂਜਾ, ਸਫ਼ੇ 38-39)

—98

70. ਉਹ ਕਿਸਾਨ ਜਿਨ੍ਹਾਂ ਦੇ ਪਲਾਟ ਕਮਿਊਨ ਦੀ ਮਲਕੀਅਤ ਹੁੰਦੇ ਸਨ। **ਖੇਤ-ਘਰਾਂ ਵਿਚਲੇ ਕਿਸਾਨ** ਕਮਿਊਨ ਦੇ ਮੈਂਬਰਾਂ ਨਾਲੋਂ ਇਹਨਾਂ ਵਿਚ ਫ਼ਰਕ ਇਹ ਸੀ ਕਿ ਇਹ ਆਪਣੀਆਂ ਜ਼ਮੀਨਾਂ ਦੇ ਮਾਲਕੀ ਹੱਕ ਰੱਖਦੇ ਸਨ।

—98

71. "**ਮਫ਼ਲਰ ਵਾਲਾ ਮਨੁੱਖ**" –ਰੂਸੀ ਲੇਖਕ ਚੈਖ਼ੋਵ ਦੀ ਇਸੇ ਨਾਂ ਦੀ ਕਹਾਣੀ ਦਾ ਪਾਤਰ, ਕਿਸੇ ਵੀ ਤਰ੍ਹਾਂ ਦੀ ਜੁਗਤ ਜਾਂ ਪਹਿਲਕਦਮੀ ਨੂੰ ਘ੍ਰਿਣਾ ਕਰਨ ਵਾਲ਼ੇ ਤੰਗ–ਨਜ਼ਰ ਖੂਹ–ਦੇ–ਡੱਡੂ ਦਾ ਪ੍ਰਤੀਕ।

—102

72. ਇੱਥੇ ਹਵਾਲਾ ਜਰਮਨੀ ਵਿੱਚ ਹੋਏ ਨਵੰਬਰ 1918 ਦੇ ਇਨਕਲਾਬ ਵੱਲ ਹੈ। ਇਸ ਇਨਕਲਾਬ ਦਾ ਆਰੰਭ ਕੀਲ ਵਿੱਚ 3 ਨਵੰਬਰ, 1918 ਨੂੰ ਹੋਈ ਜੰਗੀ ਜਹਾਜੀਆਂ ਦੀ ਬਗ਼ਾਵਤ ਨਾਲ਼ ਹੋਇਆ। ਇੱਕ ਇੱਕ ਕਰਕੇ ਸਾਗਰ ਤੱਟ ਉਪਰਲੇ ਸ਼ਹਿਰਾਂ ਵਿੱਚ ਬਗਾਵਤ ਫ਼ੈਲ ਗਈ। ਸਾਰੇ ਉੱਤਰੀ ਜਰਮਨੀ ਵਿੱਚ ਫ਼ੈਲ ਜਾਣ ਪਿੱਛੋਂ, ਕੁਝ ਹੀ ਸਮੇਂ ਅੰਦਰ ਦੇਸ਼ ਦੇ ਕੇਂਦਰੀ ਅਤੇ ਦੱਖਣੀ ਖੰਡ ਵੀ ਇਨਕਲਾਬ ਦੀ ਲਪੇਟ ਵਿੱਚ ਆ ਗਏ। 9 ਨਵੰਬਰ ਨੂੰ ਬਰਲਿਨ ਵਿੱਚ ਆਮ ਹੜਤਾਲ ਸ਼ੁਰੂ ਹੋ ਗਈ। ਇਹ ਜਲਦੀ ਹੀ ਹਥਿਆਰਬੰਦ ਬਗ਼ਾਵਤ ਵਿੱਚ ਬਦਲ ਗਈ। ਲੋਕ ਬਗ਼ਵਾਤ ਦੇ ਸਿੱਟੇ ਵਜੋਂ ਵਿਲਹੈਲਮ ਦੂਜੇ ਦੀ ਬਾਦਸ਼ਾਹੀ ਢਹਿ–ਢੇਰੀ ਹੋਈ ਅਤੇ ਉਹ ਆਪ ਤਖ਼ਤ ਛੱਡਣ ਲਈ ਮਜ਼ਬੂਰ ਹੋ ਗਿਆ। ਬਰਲਿਨ ਕੌਂਸਲ ਦੇ 10 ਨਵੰਬਰ ਦੇ ਪਲੈਨਮ ਵਿੱਚ ਆਰਜ਼ੀ ਸਰਕਾਰ ਕਾਇਮ ਕੀਤੀ ਗਈ, ਜਿਸ ਵਿੱਚ ਸੱਜੇ–ਪੱਖੀ ਸੋਸ਼ਲ–ਡੈਮੋਕ੍ਰੈਟ (ਫ਼.ਐਬਰਟ, ਫ. ਸ਼ੀਦਮਾਨ, ਓ. ਲਾਂਡਸਬਰਗ) ਅਤੇ "ਸੁਤੰਤਰ" ਸੋਸ਼ਲ ਡੈਮੋਕ੍ਰੈਟ (ਹ. ਹਾਜ਼ੇ ਆਦੀ) ਸ਼ਾਮਲ ਸਨ, ਜਿਹੜੇ ਮਗਰੋਂ ਸਰਕਾਰ ਵਿੱਚ ਨਿਕਲ ਗਏ। ਸਰਕਾਰ ਦਾ ਪ੍ਰੋਗਰਾਮ ਬੁਰਜੂਆ ਢਾਂਚੇ ਦੇ ਅੰਦਰ ਅੰਦਰ ਸੁਧਾਰਾਂ ਤੋਂ ਪਰ੍ਹੇਂ ਨਹੀਂ ਸੀ ਜਾਂਦਾ। ਬਰਲਿਨ ਵਿੱਚ 16–21 ਦਸੰਬਰ, 1918 ਨੂੰ ਹੋਈ ਸੋਵੀਅਤਾਂ ਦੀ ਪਹਿਲੀ ਕੁੱਲ–ਜਰਮਨ ਕਾਂਗਰਸ ਵਿੱਚ, ਸੱਜੇ–ਪੱਖੀ ਸੋਸ਼ਲ–ਡੈਮੋਕ੍ਰੈਟਾਂ ਦੇ ਆਗੂਆਂ ਨੇ ਇਕ ਮਤਾ ਪਾਸ ਕਰਵਾ ਲਿਆ ਜਿਸ ਅਨੁਸਾਰ ਕਾਨੂੰਨਸਾਜ਼ੀ ਅਤੇ ਕਾਰਜ–ਕਾਰਨੀ ਦੇ ਸਾਰੇ ਇਖਤਿਆਰ ਸਰਕਾਰ ਨੂੰ ਦਿੱਤੇ ਜਾਣੇ ਸਨ ਅਤੇ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਸਨ। ਅਸਲ ਵਿੱਚ ਇਸਦਾ ਮਤਲਬ ਸੋਵੀਅਤਾਂ ਦਾ ਖਾਤਮਾ ਸੀ।

ਕਮਿਊਨਿਸਟ ਪਾਰਟੀ ਨੂੰ ਖਤਮ ਕਰਨ ਅਤੇ ਮਜ਼ਦੂਰ ਜਮਾਤ ਦੇ ਮੂਹਰੈਲ ਦਸਤੇ ਨੂੰ ਦਬਾਉਣ ਦੇ ਨਿਸ਼ਾਨੇ ਨਾਲ ਜਰਮਨ ਬੁਰਜੂਆਜ਼ੀ ਨੇ ਮਜ਼ਦੂਰਾਂ ਨੂੰ ਸਮੇਂ ਤੋਂ ਪਹਿਲਾਂ ਹੀ ਹਥਿਆਰਬੰਦ ਬਗ਼ਾਵਤ ਕਰਨ ਲਈ ਭੜਕਾਉਣ ਦਾ ਫ਼ੈਸਲਾ ਕਰ ਲਿਆ। 6 ਜਨਵਰੀ ਨੂੰ ਬਰਲਿਨ ਵਿੱਚ ਸ਼ੁਰੂ ਹੋਈ ਬਗ਼ਾਵਤ ਦੀ ਅਗਵਾਈ "ਸੁਤੰਤਰਾਂ" ਦੇ ਹੱਥ ਚਲੀ ਗਈ, ਜਿਹੜੇ ਸ਼ੁਰੂ ਤੋਂ ਦੁਸ਼ਮਨ ਉੱਤੇ ਤੇਜ਼ ਅਤੇ ਫ਼ੈਸਲਾਕੁਨ ਧਾਵੇ ਜਥੇਬੰਦ ਨਾ ਕਰ ਸਕੇ, ਅਤੇ ਮਗਰੋਂ ਉਹਨਾਂ ਨੇ ਸਰਕਾਰ ਨਾਲ਼ ਵਿਸਾਹਘਾਤੀ ਗੱਲਬਾਤ ਸ਼ੁਰੂ ਕਰ

ਦਿੱਤੀ। ਰੱਖਿਆ ਮੰਤਰੀ ਅਤੇ ਸੱਜੇ-ਪੱਖੀ ਸੋਸ਼ਲ-ਡੈਮੋਕ੍ਰੈਟ ਹ. ਨੋਸਕੇ ਦੀ ਸਰਦਾਰੀ ਹੇਠ ਉਲਟ-ਇਨਕਲਾਬੀ ਦਸਤਿਆਂ ਨੇ ਅਸਾਧਾਰਨ ਬਰਬਰੀਅਤ ਵਾਲ਼ੇ ਢੰਗ ਨਾਲ਼ ਬਰਲਿਨ ਦੇ ਪ੍ਰੋਲੇਤਾਰੀਆਂ ਦੀ ਬਗ਼ਾਵਤ ਨੂੰ ਦਬਾ ਦਿਤਾ। 15 ਜਨਵਰੀ ਨੂੰ ਹਥਿਆਰਬੰਦ ਦਸਤਿਆਂ ਨੇ ਜਰਮਨ ਮਜ਼ਦੂਰ ਜਮਾਤ ਦੇ ਆਗੂਆਂ ਕਾ. ਲੀਬਕਨੇਖਟ ਅਤੇ ਰ. ਲੁਕਸਮਬਰਗ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਵਹਿਸ਼ੀਆਨਾ ਢੰਗ ਨਾਲ਼ ਕਤਲ ਕਰ ਦਿੱਤਾ।

—104

73. **ਕੌਮਾਂਤਰੀ ਸੋਸ਼ਲਿਸਟ ਬਿਊਰੋ** -ਦੂਜੀ ਇੰਟਰਨੈਸ਼ਨਲ ਦਾ ਕਾਰਜ-ਕਾਰੀ ਅਤੇ ਸੂਚਨਾ ਅਦਾਰਾ, ਜਿਹੜਾ 1900 ਵਿੱਚ ਜਥੇਬੰਦ ਕੀਤਾ ਗਿਆ ਅਤੇ 1914 ਵਿੱਚ ਉਸਨੇ ਆਪਣੀ ਸਰਗਰਮੀ ਬੰਦ ਕਰ ਦਿੱਤੀ।

—111

74. ਦੇਖੋ ਫ਼. ਏਂਗਲਜ਼ ਵੱਲੋਂ ਅ. ਬੇਬੇਲ ਨੂੰ 18-28 ਮਾਰਚ, 1875 ਨੂੰ ਲਿਖੀ ਗਈ ਚਿੱਠੀ (ਕਾ.ਮਾਰਕਸ, ਫ਼.ਏਂਗਲਜ਼, ਕਿਰਤ ਸੰਗ੍ਰਹਿ, ਦੂਜੀ ਐਡੀਸ਼ਨ, ਸੈਂਚੀ 34, ਸਫ਼ੇ 103-104)

—116

75. ਇੱਥੇ "Ostrogorski, M, 'La DÈmocratie et les Partis Politiques' (ਓਸਤਰੋਗੋਰਸਕੀ, ਮ., "ਜਮਹੂਰੀਅਤ ਅਤੇ ਰਾਜਸੀ ਪਾਰਟੀਆਂ") ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਇਹ ਪੁਸਤਕ 1903 ਵਿੱਚ ਪੈਰਿਸ ਤੋਂ ਪ੍ਰਕਾਸ਼ਿਤ ਹੋਈ ਅਤੇ ਇਸ ਵਿੱਚ ਇੰਗਲੈਂਡ ਅਤੇ ਅਮਰੀਕਾ ਬਾਰੇ ਬਹੁਤ ਸਾਰੇ ਅੰਕੜੇ ਹਨ, ਜਿਹੜੇ ਬੁਰਜੂਆ ਜਮਹੂਰੀਅਤ ਦੇ ਝੂਠ ਅਤੇ ਦੰਭ ਨੂੰ ਬੇਨਕਾਬ ਕਰਦੇ ਹਨ।

—117

# ਨਾਮਾਵਲੀ

## ੳ

**ਓਸਤਰੋਗੋਰਸਕੀ, ਮ. ਯ.** (1854 ਵਿੱਚ ਜਨਮ)- ਬੁਰਜੂਆ-ਉਦਾਰਵਾਦੀ ਪੱਤਰਕਾਰ, ਕਾਨੂੰਨਦਾਨ, ਪਹਿਲੀ ਦੂਮਾ ਦਾ ਮੈਂਬਰ। "La dÈmocratie et les Partis Politiques" ("ਜਮਹੂਰੀਅਤ ਅਤੇ ਰਾਜਸੀ ਪਾਰਟੀਆਂ") ਦੇ ਲੇਖਕ, ਜਿਸ ਵਿੱਚ ਬਰਤਾਨੀਆ ਅਤੇ ਅਮਰੀਕਾ ਨਾਲ਼ ਸਬੰਧਤ ਬਹੁਤ ਸਾਰੇ ਤੱਥ ਅਤੇ ਅੰਕੜੇ ਇੱਕਠੇ ਕੀਤੇ ਗਏ ਸਨ, ਜਿਹੜੇ ਬੁਰਜੂਆ ਜਮਹੂਰੀਅਤ ਦਾ ਅਸਲੀ ਚਿਹਰਾ-ਮੁਹਰਾ ਉਘਾੜਦੇ ਸਨ।

—117

## ਅ

**ਅਵਕਸੇਂਤੀਯੇਵ, ਨਿਕੋਲਾਈ ਦਿਮਿਤ੍ਰੀਯੇਵਿਚ** (1878-1943)-ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, ਇਹਦੀ ਕੇਂਦਰੀ ਕਮੇਟੀ ਦਾ ਮੈਂਬਰ। 1917 ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਕਿਸਾਨ ਪ੍ਰਤਿਨਿਧਾਂ ਦੀ ਕੁੱਲ-ਰੂਸ ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਦਾ ਪ੍ਰਧਾਨ ਸੀ; ਫਿਰ ਕੇਰੇਨਸਕੀ ਦੀ ਦੂਜੀ ਕੁਲੀਸ਼ਨ ਹਕੂਮਤ ਵਿੱਚ ਗ੍ਰਹਿ ਮੰਤਰੀ ਅਤੇ ਪਿੱਛੋਂ ਜਾ ਕੇ ਉਲਟ-ਇਨਕਲਾਬੀ "ਰੂਸੀ ਗਣਰਾਜ ਦੀ ਆਰਜ਼ੀ ਪ੍ਰੀਸ਼ਦ" (ਪੂਰਵ-ਪਾਰਲੀਮੈਂਟ) ਦਾ ਪ੍ਰਧਾਨ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਉਲਟ-ਇਨਕਲਾਬੀ ਬਗ਼ਾਵਤਾਂ ਦੇ ਜਥੇਬੰਦਕਾਂ ਵਿੱਚੋਂ ਇੱਕ; ਸਫ਼ੇਦ ਪਰਵਾਸੀ।

—86

**ਐਕਸਲਰੋਦ, ਪਾਵੇਲ ਬੋਰੀਸੋਵਿਚ** (1850-1928)- ਮੈਨਸ਼ਵਿਕ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ ਸ਼ਾਂਤੀਵਾਦੀ ਲੱਫ਼ਾਜ਼ੀ ਦੇ ਪਰਦੇ ਓਹਲੇ ਅਸਲ ਵਿੱਚ ਸਮਾਜਕ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1917 ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ-ਪੀਤਰੋਗਰਾਦ ਸੋਵੀਅਤ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ, ਬੁਰਜੂਆ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ। ਅਕਤੂਬਰ ਇਨਕਲਾਬ ਵੱਲ ਦੁਸ਼ਮਣਾਂ ਵਾਲ਼ਾ ਰਵੱਇਆ ਅਪਣਾਇਆ; ਵਿਦੇਸ਼ੀਂ ਚਲਾ ਗਿਆ ਅਤੇ ਸੋਵੀਅਤ ਰੂਸ ਦੇ ਖਿਲਾਫ਼ ਹਥਿਆਰਬੰਦ ਦਖਲ ਦੇ ਹੱਕ ਵਿੱਚ ਪ੍ਰਚਾਰ ਕਰਦਾ ਰਿਹਾ।

—37, 45, 46, 101

ੲ

**ਏਂਗਲਜ਼**, (Engles) **ਫਰੈਡਰਿਕ** (1820–1895)–

—10, 14, 15, 17, 18, 21, 29, 35, 40, 47, 60, 61, 65, 70, 78, 111, 112, 114–116

ਸ

**ਸਤਰੂਵੇ, ਪਿਓਤਰ ਬਰਨਗਰਦੋਵਿਚ** (1870–1944)–ਰੂਸੀ ਬੁਰਜੂਆ ਅਰਥ–ਸ਼ਾਸਤਰੀ ਅਤੇ ਪੱਤਰਕਾਰ, ਕੈਡਟਾਂ ਦੀ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। ਪਿਛਲੀ ਸਦੀ ਦੇ ਆਖ਼ਿਰੀ ਦਹਾਕੇ ਵਿਚ "ਕਾਨੂੰਨੀ ਮਾਰਕਸਵਾਦ" ਦਾ ਸਭ ਤੋਂ ਉੱਘਾ ਪ੍ਰਤਿਨਿਧ ਸੀ, ਜੋ ਕਿ ਬਰਨਸਟਾਈਨਵਾਦ ਦੀ ਰੂਸੀ ਵੰਨਗੀ ਸੀ। ਰੂਸੀ ਸਾਮਰਾਜਵਾਦ ਦੇ ਸਿਧਾਂਤਕਾਰਾਂ ਵਿੱਚੋਂ ਇੱਕ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਮਗਰੋਂ ਵਰਾਂਗੇਲ ਦੀ ਉਲਟ–ਇਨਕਲਾਬੀ ਸਰਕਾਰ ਦਾ ਮੈਂਬਰ; ਫਿਰ ਸਫ਼ੈਦ ਪਰਵਾਸੀ।

—5

**ਸਤੀਨ (ਰੂਬਿਨਸ਼ਟਾਈਨ), ਏ.** (1881–1948) —ਮੈਨਸ਼ਵਿਕ। 1906 ਵਿਚ ਰੂਸ ਤੋਂ ਜਰਮਨੀ ਜਾ ਵਸਿਆ। 1917 ਵਿੱਚ ਜਰਮਨੀ ਦੀ ਸੁਤੰਤਰ ਸਰਕਾਰ ਸੋਸ਼ਲ–ਡੈਮੋਕ੍ਰੈਟਿਕ ਪਾਰਟੀ ਦਾ ਮੈਂਬਰ ਬਣ ਗਿਆ, ਇਸਦੇ ਕੇਂਦਰੀ ਅਖ਼ਬਾਰ "Freiheit" ("ਆਜ਼ਾਦੀ") ਦਾ ਸੰਪਾਦਕ ਰਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਖਿਲਾਫ਼ ਜਰਮਨ ਵਿਚਾਲਪੰਥੀਆਂ ਦੇ ਭੰਡੀ ਪ੍ਰਚਾਰ ਵਿੱਚ ਸਰਗਰਮ ਹਿੱਸਾ ਲੈਂਦਾ ਰਿਹਾ।

—37, 46, 101

**ਸਾਵੀਨਕੋਵ, ਬੋਰਿਸ ਵਿਕਤੋਰੋਵਿਚ** (1879–1925) –ਸੋਸ਼ਲਿਸਟ–ਇਨਕਲਾਬੀ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। 1917 ਦੇ ਫ਼ਰਵਰੀ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿੱਛੋਂ ਬੁਰਜੂਆ ਆਰਜ਼ੀ ਹਕੂਮਤ ਵਿੱਚ ਫ਼ੌਜੀ ਮੰਤਰੀ ਦਾ ਸਾਥੀ, ਪਿੱਛੋਂ ਪੀਤਰੋਗਰਾਦ ਦਾ ਫ਼ੌਜੀ ਜਰਨੈਲ–ਗਵਰਨਰ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਕਈ ਉਲਟ–ਇਨਕਲਾਬੀ ਬਗ਼ਾਵਤਾਂ ਦਾ ਜਥੇਬੰਦਕ, ਸੋਵੀਅਤ ਗਣਰਾਜ ਵਿਰੁੱਧ ਹਥਿਆਰਬੰਦ ਦਖ਼ਲਅੰਦਾਜ਼ੀ ਦੀ ਹਿਮਾਇਤ ਕੀਤੀ, ਪਰਵਾਸੀ।

—57, 84

**ਸ਼ੀਦਮਾਨ** (Scheidemann), **ਫ਼ਿਲਪ** (1865–1939) — ਜਰਮਨ ਸੋਸ਼ਲ–ਡੈਮੋਕ੍ਰੈਟਿਕ ਪਾਰਟੀ ਦੇ ਅਤਿ ਸੱਜੇ, ਅਵਸਰਵਾਦੀ ਪੱਖ ਦਾ ਇੱਕ ਨੇਤਾ। ਜਰਮਨੀ ਵਿੱਚ ਨਵੰਬਰ ਇਨਕਲਾਬ ਸਮੇਂ (1918) ਅਖੌਤੀ ਲੋਕ ਕਾਰਕੁੰਨਾਂ ਦੀ ਸਭਾ ਦਾ ਮੈਂਬਰ। ਇਸ ਸਭਾ ਦੀ ਸਰਗਰਮੀ ਉਲਟ–ਇਨਕਲਾਬੀ ਬੁਰਜੂਆਜ਼ੀ ਦੇ ਹਿੱਤਾ ਵਿੱਚ ਸੀ। ਫ਼ਰਵਰੀ–ਜੂਨ 1919 ਵਿੱਚ ਵਾਈਮਰ ਰਿਪਬਲਿਕ ਦੀ ਕੁਲੀਸ਼ਨ ਸਰਕਾਰ ਦਾ ਮੁਖੀ; 1918–1921 ਵਿੱਚ ਜਰਮਨ ਮਜ਼ਦੂਰ ਲਹਿਰ ਉੱਪਰ ਖ਼ੂਨੀ ਜ਼ਬਰ ਢਾਹੁਣ ਵਾਲਿਆਂ ਵਿੱਚੋਂ ਇੱਕ।

—22, 59, 61, 62, 68, 74–76

**ਸੇਂਟ-ਸਾਈਮਨ**, (Saint-Simon), **ਆਨਰੀ ਕਲੋਦ** (1760–1825) –ਮਹਾਨ ਫ਼ਰਾਂਸੀਸੀ ਸੋਸ਼ਲਿਸਟ–ਯੂਟੋਪੀਆਈ।

—110

**ਹ**

**ਹਾਜ਼ੇ** (Haase), **ਹਿਊਗੋ** (1863–1919)- ਜਰਮਨ ਸੋਸ਼ਲ–ਡੈਮੋਕ੍ਰੈਟਿਕ ਆਗੂ ਮੌਕਾਪ੍ਰਸਤ। ਪਹਿਲੀ ਸੰਸਾਰ ਜੰਗ ਸਮੇਂ ਵਿਚਾਲਪੰਥੀ। ਅਪ੍ਰੈਲ 1917 ਵਿੱਚ "ਜਰਮਨੀ ਦੀ ਸੁਤੰਤਰ ਸੋਸ਼ਲ–ਡੈਮੋਕ੍ਰੈਟਿਕ ਪਾਰਟੀ" ਦੇ ਬਾਨੀਆਂ ਵਿੱਚੋਂ ਇੱਕ। ਜਰਮਨੀ ਵਿੱਚ 1918 ਦੇ ਨਵੰਬਰ ਇਨਕਲਾਬ ਸਮੇਂ, ਹਾਜ਼ੇ ਅਖਾਉਤੀ ਲੋਕ ਪ੍ਰਤਿਨਿਧਾਂ ਦੀ ਕੌਂਸਲ ਦਾ ਮੈਂਬਰ ਬਣ ਗਿਆ, ਜਿਹੜੀ ਇਨਕਲਾਬੀ ਲਹਿਰ ਨੂੰ ਦਬਾਉਣ ਦੀ ਨੀਤੀ ਉੱਤੇ ਚੱਲਦੀ ਸੀ।

—63, 69

**ਹੈਂਡਰਸਨ** (Henderson) **ਆਰਥਰ (1863-1935)**- ਲੇਬਰ ਪਾਰਟੀ ਦੇ ਅਤੇ ਬਰਤਾਨਵੀਂ ਟਰੇਡ–ਯੂਨੀਅਨ ਲਹਿਰ ਦੇ ਆਗੂਆਂ ਵਿੱਚੋਂ ਇੱਕ। 1917 ਦੇ ਫ਼ਰਵਰੀ ਬੁਰਜੂਆ–ਜਮਹੂਰੀ ਇਨਕਲਾਬ ਤੋਂ ਮਗਰੋਂ ਸਾਮਰਾਜੀ ਜੰਗ ਜਾਰੀ ਰੱਖਣ ਦੇ ਹੱਕ ਵਿੱਚ ਅੰਦੋਲਨ ਚਲਾਉਣ ਲਈ ਰੂਸ ਆਇਆ। 1919 ਵਿਚ ਬਰਨ (ਦੂਜੀ) ਇੰਟਰਨੈਸ਼ਨਲ ਦੇ ਪ੍ਰਬੰਧਕਾਂ ਵਿੱਚੋਂ ਇੱਕ। ਕਈ ਵਾਰੀ ਬਰਤਾਨਵੀਂ ਬੁਰਜੂਆ ਸਰਕਾਰ ਦਾ ਮੈਂਬਰ ਰਿਹਾ।

—22, 59, 68, 75

**ਕ**

**ਕਰਾਸਨੋਵ, ਪਿਓਤਰ ਨਿਕੋਲਾਯੇਵਿਚ** (1869–1947) – ਜ਼ਾਰਸ਼ਾਹੀ ਫੌਜ ਦਾ ਜਰਨੈਲ, ਅਗਸਤ 1917 ਵਿੱਚ ਕੋਰਨੀਲੋਵਵਾਦੀ ਬਗ਼ਾਵਤ ਵਿੱਚ ਸਰਗਰਮ ਹਿੱਸਾ ਲਿਆ। 1917 ਦੇ ਅਕਤੂਬਰ ਦੇ ਅੰਤ ਵਿੱਚ ਸੋਵੀਅਤ ਹਕੂਮਤ ਵਿਰੁੱਧ ਬਗ਼ਾਵਤ ਦੇ ਸਮੇਂ ਕੇਰੇਨਸਕੀ ਵੱਲੋਂ ਪੀਤਰੋਗਰਾਦ ਵਿੱਚ ਭੇਜੇ ਗਏ ਕਜ਼ਾਕਾਂ ਦੇ ਦਸਤਿਆਂ ਦਾ ਕਮਾਂਡਰ। 1918–1919 ਵਿੱਚ ਦੋਨ ਉੱਤੇ ਸਫ਼ੈਦ ਕਜ਼ਾਕਾਂ ਦੀ ਫ਼ੌਜ ਦੀ ਅਗਵਾਈ ਕੀਤੀ।

—54, 58

**ਕਰੁੱਪ** (Krupp)– ਜਰਮਨੀ ਵਿੱਚ ਫ਼ੌਜੀ–ਧਾਤਸਾਜ਼ ਵਪਾਰ ਦਾ ਮੁਖੀ ਪਰਿਵਾਰ—ਉਹਨਾਂ ਦਾ ਵਪਾਰ ਜਰਮਨ ਸਾਮਰਾਜ ਦੇ ਮੁੱਖ ਅਸਲਾਖ਼ਾਨਿਆਂ ਵਿੱਚੋਂ ਇੱਕ ਸੀ।

—23

**ਕਲੇਮਨਸੋ** (Clemanceau), **ਜਾਰਜ ਬੈਨਜਾਮਿਨ** (1841–1929)–ਫ਼ਰਾਂਸ ਦਾ ਰਾਜਸੀ ਅਤੇ ਰਾਜਕੀ ਨੇਤਾ। 1906–09, 1917–20 ਸਮੇਂ ਫ਼ਰਾਂਸੀਸੀ ਸਰਕਾਰ ਦਾ ਮੁਖੀ। ਪਹਿਲੀ ਸੰਸਾਰ ਜੰਗ ਸਮੇਂ ਤਿੱਖਾ ਅੰਧਰਾਸ਼ਟਰਵਾਦੀ। ਸੋਵੀਅਤ ਰਿਪਬਲਿਕ ਦੇ ਵਿਰੁੱਧ ਨਾਕਾਬੰਦੀ ਅਤੇ ਹਥਿਆਰਬੰਦ ਮੁਦਾਖਲਤ ਦੇ ਪ੍ਰੇਰਕਾਂ ਅਤੇ ਪ੍ਰਬੰਧਕਾਂ ਵਿੱਚੋਂ ਇੱਕ।

—23

**ਕਾਊਟਸਕੀ** (Kautsky), **ਕਾਰਲ** (1854–1938)– ਜਰਮਨ ਸੋਸ਼ਲ–ਡੈਮੋਕ੍ਰੈਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਵਿੱਚੋਂ ਇੱਕ।ਮੁੱਢ ਵਿੱਚ ਮਾਰਕਸਵਾਦੀ ਸੀ, ਪਿੱਛੋਂ ਮਾਰਕਸਵਾਦ ਨਾਲ ਗ਼ੱਦਾਰੀ ਕਰਕੇ ਅਵਸਰਵਾਦ ਦੇ ਸਭ ਤੋਂ ਖਤਰਨਾਕ ਅਤੇ ਹਾਨੀਕਾਰਕ ਰੂਪ ਅਰਥਾਤ ਵਿਚਾਲਪੰਥੀ ਦਾ ਵਿਚਾਰਧਾਰਕ ਬਣ ਗਿਆ।ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਪ੍ਰੋਲੇਤਾਰੀ ਇਨਕਲਾਬ ਅਤੇ ਕਿਰਤੀ ਸ਼੍ਰੇਣੀ ਦੀ ਡਿਕਟੇਟਰਸ਼ਿਪ, ਬਾਲਸ਼ਵਿਕ ਪਾਰਟੀ ਅਤੇ ਸੋਵੀਅਤ ਰਾਜ ਦਾ ਖੁੱਲ੍ਹਮ–ਖੁੱਲ੍ਹਾ ਵਿਰੋਧ ਕੀਤਾ।

— 5–117

**ਕਾਲੇਦਿਨ, ਅਲੈਕਸੇਈ ਮੈਕਸੀਸੋਵਿਚ** (1861–1918)—ਜ਼ਾਰਸ਼ਾਹੀ ਫ਼ੌਜ ਦਾ ਜਰਨੈਲ, ਦੋਨ ਦੀ ਕਜ਼ਾਕ ਫ਼ੌਜ ਦਾ ਅਤਾਮਾਨ।ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ— ਦੋਨ ਉੱਤੇ ਕਜ਼ਾਕ ਉਲਟ–ਇਨਕਲਾਬ ਦੇ ਨੇਤਾਵਾਂ ਵਿੱਚੋਂ ਇੱਕ, ਸਫ਼ੇਦ ਗਾਰਦ ਦੀ "ਸਵੈ–ਇਛੱਕ ਫ਼ੌਜ" ਦੀ ਜਥੇਬੰਦੀ ਵਿੱਚ ਹਿੱਸਾ ਲਿਆ, ਕਜ਼ਾਕਾਂ ਦੀ ਬਗਾਵਤ ਦਾ ਮੁਖੀ।

—49

**ਕੇਰੇਨਸਕੀ, ਅਲੈਕਸਾਂਦਰ ਫ਼ਿਓਦੋਰੋਵਿਚ** (1881–1970)–ਸੋਸ਼ਲਿਸਟ–ਇਨਕਲਾਬੀ। 1917 ਦੇ ਫ਼ਰਵਰੀ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿਛੋਂ ਨਿਆਂ ਮੰਤਰੀ, ਫ਼ੌਜ ਅਤੇ ਜਲ–ਸੈਨਾ ਦਾ ਮੰਤਰੀ, ਫਿਰ ਬੁਰਜੂਆ ਆਰਜ਼ੀ ਹਕੂਮਤ ਦਾ ਮੁੱਖੀ ਅਤੇ ਸੁਪਰੀਮ ਕਮਾਂਡਰ–ਇਨ–ਚੀਫ਼। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਹਕੂਮਤ ਵਿਰੁੱਧ ਲੜਿਆ। 1918 ਵਿਚ ਵਿਦੇਸ਼ ਨੱਠ ਗਿਆ।

—53, 63, 65, 66, 84, 86, 103

**ਕੋਰਨੀਲੋਵ, ਲਾਵਰ ਗਿਓਰਗੀਯੇਵਿਚ** (1870–1918)– ਜ਼ਾਰਸ਼ਾਹੀ ਫ਼ੌਜ ਦਾ ਜਰਨੈਲ, ਬਾਦਸ਼ਾਹਪਸੰਦ।ਜੁਲਾਈ–ਅਗਸਤ 1917 ਵਿੱਚ ਰੂਸੀ ਫ਼ੌਜ ਦਾ ਸੁਪਰੀਮ ਕਮਾਂਡਰ–ਇਨ–ਚੀਫ਼ ।ਅਗਸਤ ਵਿੱਚ ਉਲਟ–ਇਨਕਲਾਬੀ ਬਗ਼ਾਵਤ ਦਾ ਨੇਤਾ।ਬਗ਼ਾਵਤ ਦਬਾਏ ਜਾਣ ਪਿੱਛੋਂ ਗ੍ਰਿਫ਼ਤਾਰ ਕਰ ਲਿਆ ਗਿਆ, ਜੇਲ੍ਹ ਵਿੱਚੋਂ ਨੱਠ ਗਿਆ ਅਤੇ ਦੋਨ ਵੱਲ ਚਲਾ ਗਿਆ, ਜਿੱਥੇ ਉਹ ਸਫ਼ੇਦ ਗਾਰਦਾਂ ਦੀ "ਸਵੈ–ਇੱਛਕ ਫ਼ੌਜ" ਦਾ ਜਥੇਬੰਦਕ ਅਤੇ ਫਿਰ ਇਹਦਾ ਕਮਾਂਡਰ ਬਣਿਆ। ਏਕਾਤੇਰੀਨੋਦਾਰ ਦੀ ਲੜਾਈ ਵਿੱਚ ਮਾਰਿਆ ਗਿਆ।

—53, 65, 84

**ਕੋਲਬ** (Kolb), **ਵਿਲਹੈਲਮ** (1870–1918) ਜਰਮਨ ਸੋਸ਼ਲ–ਡੈਮੋਕ੍ਰੈਟ, ਅਵਸਰਵਾਦੀ ਅਤੇ ਸੋਧਵਾਦੀ।ਪਹਿਲੇ ਸੰਸਾਰ ਯੁੱਧ ਸਮੇਂ ਸਮਾਜਿਕ–ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। —61

**ਕੋਲੇਗਾਏਵ, ਆਂਦਰੇਈ ਲੂਕਿਚ** (1887-1937) ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ। ਦਸੰਬਰ 1917 ਵਿੱਚ ਜ਼ਰਾਇਤ ਦੇ ਲੋਕ ਕੁਮੀਸਾਰ ਵਜੋਂ ਸੋਵੀਅਤ ਸਰਕਾਰ ਵਿੱਚ ਸ਼ਾਮਲ ਹੋ ਗਿਆ। ਮਾਰਚ 1918 ਵਿੱਚ ਬ੍ਰੈਸਤ ਅਮਨ ਸੰਧੀ ਨਾਲ ਅਸਹਿਮਤੀ ਕਾਰਨ ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਵਿਚੋਂ ਨਿਕਲ ਗਿਆ। ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਬਗ਼ਾਵਤ ਦੇ ਦਬਾਏ ਜਾਣ ਪਿੱਛੋਂ, ਉਹ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਪਾਰਟੀ ਵਿੱਚੋਂ ਨਿਕਲ ਗਿਆ ਅਤੇ ਰੂ. ਕ. ਪਾ. (ਬਾ.) ਵਿੱਚ ਸ਼ਾਮਲ ਹੋ ਗਿਆ। 1920 ਵਿੱਚ ਉਹ ਰੇਲ ਸੰਚਾਰ ਦੇ ਲੋਕ ਕੁਮੀਸਰੇਤ ਦਾ ਮੈਂਬਰ ਸੀ।

—79

## ਗ

**ਗਰਾਬਰ** (Garber), **ਅਰਨੈਸਟ ਪਾਲ** (1875 ਦਾ ਜਨਮ) ਸਵਿੱਸ ਸੋਸ਼ਲ-ਡੈਮੋਕ੍ਰੈਟ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿਚ ਕੌਮਾਂਤਰੀਵਾਦੀਆਂ ਨਾਲ ਸੀ। 1917 ਦੇ ਸ਼ੁਰੂ ਤੋਂ ਵਿਚਾਲਪੰਥੀ-ਸ਼ਾਂਤੀਵਾਦੀ ਦ੍ਰਿਸ਼ਟੀਕੋਣ ਅਪਣਾਇਆ, 1918 ਵਿਚ ਪੂਰੀ ਤਰ੍ਹਾਂ ਸਵਿੱਸ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੇ ਸੱਜੇ-ਪੱਖੀ ਧੜੇ ਵਿੱਚ ਸ਼ਾਮਲ ਹੋ ਗਿਆ।

—62

**ਗਰਿੱਮ** (Grimm) **ਰਾਬਰਟ** (1881-1958)- ਸਵਿਟਜ਼ਰਲੈਂਡ ਦੀ ਸੋਸ਼ਲ ਡੈਮੋਕ੍ਰੈਟਿਕ ਪਾਰਟੀ ਦੇ ਨੇਤਾਵਾਂ ਵਿਚੋਂ ਇਕ। ਪਹਿਲੇ ਸੰਸਾਰ ਯੁੱਧ (1914-1918) ਸਮੇਂ — ਵਿਚਾਲਪੰਥੀ; ਵਿਚਾਲਪੰਥੀ (ਢਾਈਵੀਂ) ਇੰਟਰਨੈਸ਼ਨਲ ਦੇ ਜਥੇਬੰਦਕਾਂ ਵਿੱਚੋਂ ਇੱਕ।

—62

**ਗੇਦ** (Guesde), **ਜੂਲ**—(1845-1922)—ਫ਼ਰਾਂਸੀਸੀ ਸੋਸ਼ਲਿਸਟ ਲਹਿਰ ਅਤੇ ਦੂਜੀ ਇੰਟਰਨੈਸ਼ਨਲ ਦੇ ਜਥੇਬੰਦਕਾਂ ਅਤੇ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਦੇ ਮੁੱਢ ਤੋਂ ਹੀ ਸਮਾਜਕ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਫ਼ਰਾਂਸ ਦੀ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ। 1920 ਵਿੱਚ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਤੂਰ ਕਾਂਗਰਸ ਸਮੇਂ ਗੇਦ ਬਹੁਗਿਣਤੀ ਦੇ ਨਾਲ਼ ਨਾ ਚੱਲਿਆ, ਜਿਸਨੇ ਕੋਮਿਨਟਰਨ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਸੀ।

—116

**ਗੋਗੋਲ, ਨਿਕੋਲਾਈ ਵਾਸੀਲੀਏਵਿਚ** (1809-1852)—ਰੂਸੀ ਲੇਖਕ।

—54

**ਗੋਮਪਰਜ਼** (Gompers), **ਸੈਮੂਏਲ** (1850-1924)—ਅਮਰੀਕੀ ਟਰੇਡ-ਯੂਨੀਅਨ ਲਹਿਰ ਦਾ ਆਗੂ। ਅਮਰੀਕੀ ਲੇਬਰ ਫ਼ੇਡਰੇਸ਼ਨ ਦੇ ਨੇਤਾਵਾਂ ਵਿੱਚੋਂ ਇੱਕ। ਉਸਨੇ ਸਰਮਾਏਦਾਰਾਂ ਨਾਲ ਸ਼੍ਰੇਣੀ ਮਿਲਵਰਤਨ ਦੀ ਨੀਤੀ ਚਲਾਈ; ਕਿਰਤੀ ਸ਼੍ਰੇਣੀ ਦੇ ਇਨਕਲਾਬੀ ਘੋਲ਼ ਦੇ ਵਿਰੁੱਧ ਸੀ। ਅਕਤੂਬਰ ਸੋਸ਼ਲਿਸ਼ਟ ਇਨਕਲਾਬ ਅਤੇ ਸੋਵੀਅਤ ਰਾਜ ਵੱਲ ਦੁਸ਼ਮਣਾਂ ਵਾਲ਼ਾ ਵਤੀਰਾ ਅਪਣਾਇਆ। —68

ਜ

**ਜ਼ਕਸ, ਗ.ਦ.** (1882–1937)– ਸੋਸ਼ਲਿਸਟ–ਇਨਕਲਾਬੀ, ਖੱਬੇ–ਪੱਖੀ ਸੋਸ਼ਲਿਸਟ–ਇਨਕਾਲਬੀਆਂ ਦੀ ਪਾਰਟੀ ਜਥੇਬੰਦ ਕਰਨ ਵਾਲ਼ਿਆਂ ਵਿੱਚੋਂ ਇੱਕ। ਨਵੰਬਰ 1918 ਵਿੱਚ ਬਾਲਸ਼ਵਿਕਾਂ ਵਿੱਚ ਰਲ ਗਿਆ।

—79

ਟ

**ਟਾਲਸਟਾਏ, ਲੇਵ ਨਿਕੋਲਾਯੇਵਿਚ** (1828–1910) –ਮਹਾਨ ਰੂਸੀ ਲੇਖਕ।

—67

ਡ

**ਡਰੇਫ਼ਸ** (Dreyfus), **ਐਲਫ਼ਰਿਡ** (1859–1935)–ਫਰਾਂਸਿਸੀ ਜਨਰਲ ਸਟਾਫ਼ ਦਾ ਇੱਕ ਅਫ਼ਸਰ, 1894 ਵਿੱਚ ਘੋਰ ਦੇਸ਼–ਧਰੋਹ ਦੇ ਝੂਠੇ ਦੋਸ਼ ਅਧੀਨ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਉਹਦੀ ਹਮਾਇਤ ਵਿੱਚ ਕਿਰਤੀ ਸ਼੍ਰੇਣੀ ਅਤੇ ਅਗੇਵਧੂ ਬੁੱਧੀਜੀਵੀਆਂ ਵੱਲੋਂ ਚਲਾਈ ਮੁਹਿੰਮ ਕਾਰਨ ਡਰੈਫ਼ਸ ਨੂੰ 1899 ਵਿੱਚ ਮਾਫ਼ੀ ਦੇ ਦਿੱਤੀ ਗਈ ਅਤੇ 1906 ਵਿੱਚ ਉਸਨੂੰ ਬਹਾਲ ਕੀਤਾ ਗਿਆ।

—23

**ਡਾਨ (ਗੁਰਵਿਚ), ਫ਼ਿਓਦੋਰ ਇਲੀਚ** (1871–1947)–ਮੈਨਸ਼ਵਿਕ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ—ਸਮਾਜਕ ਅੰਧਰਾਸ਼ਟਰਵਾਦੀ। 1917 ਵਿੱਚ ਫ਼ਰਵਰੀ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿੱਛੋਂ–ਪੀਤਰੋਗਰਾਦ ਸੋਵੀਅਤ ਦੀ ਕਾਰਜ–ਕਾਰੀ ਕਮੇਟੀ ਅਤੇ ਕੇਂਦਰੀ ਕਾਰਜ–ਕਾਰੀ ਕਮੇਟੀ ਦੇ ਪ੍ਰਧਾਨਗੀ–ਮੰਡਲ ਦਾ ਮੈਂਬਰ; ਬੁਰਜੂਆ ਆਰਜ਼ੀ ਹਕੂਮਤ ਦੀ ਹਿਮਾਇਤ ਕੀਤੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤਾ ਦੇ ਵਿਰੁੱਧ ਘੋਲ਼ ਕਰਦਾ ਰਿਹਾ।

ਤ

**ਤਸੇਰਤੇਲੀ, ਇਰਾਕਲੀ ਗਿਓਰਗੀਯੇਵਿਚ** (1882–1959)–ਮੈਨਸ਼ਵਿਕ ਨੇਤਾਵਾਂ ਵਿੱਚੋਂ ਇੱਕ। ਮਈ 1917 ਵਿਚ ਡਾਕ ਤਾਰ ਦੇ ਮੰਤਰੀ ਵਜੋਂ ਬੁਰਜੂਆ ਆਰਜ਼ੀ ਹਕੂਮਤ ਵਿੱਚ ਸ਼ਾਮਲ ਹੋ ਗਿਆ—ਫਿਰ ਗ੍ਰਹਿ ਮੰਤਰੀ। ਉਹ ਬਾਲਸ਼ਵਿਕਾਂ ਵਿਰੁੱਧ ਭੰਡੀ ਅਤੇ ਜਬਰ ਦੀਆਂ ਮੁਹਿੰਮਾਂ ਦੇ ਉਤੇਜਕਾਂ ਵਿੱਚੋਂ ਇੱਕ ਸੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਜਾਰਜੀਆ ਦੀ ਉਲਟ–ਇਨਕਲਾਬੀ ਮੈਨਸ਼ਵਿਕ ਹਕੂਮਤ ਦੇ ਨੇਤਾਵਾਂ ਵਿੱਚੋਂ ਇੱਕ। ਜਾਰਜੀਆ ਵਿੱਚ ਸੋਵੀਅਤ ਸੱਤਾ ਦੀ ਜਿੱਤ ਪਿੱਛੋਂ ਸਫ਼ੈਦ ਪਰਵਾਸੀ।

—86

**ਤੂਰਾਤੀ** (Turati), **ਫ਼ਿਲੀਪੋ** (1857–1932)—ਇਟਲੀ ਦੀ ਮਜ਼ਦੂਰ ਲਹਿਰ ਦਾ ਨੇਤਾ, ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਜਥੇਬੰਦਕਾਂ ਵਿੱਚੋਂ ਇੱਕ ਅਤੇ ਇਹਦੇ ਸੱਜੇ,

ਸੁਧਾਰਵਾਦੀ ਪੱਖ ਦੇ ਨੇਤਾ। ਪਹਿਲੇ ਸੰਸਾਰ ਯੁੱਧ ਸਮੇਂ ਵਿਚਾਲਪੰਥੀ ਦ੍ਰਿਸ਼ਟੀਕੋਣ ਅਪਣਾਇਆ। ਅਕਤੂਬਰ ਸੋਸ਼ਲਸਿਟ ਇਨਕਲਾਬ ਵੱਲ ਦੁਸ਼ਮਣੀ ਵਾਲ਼ਾ ਰਵੱਇਆ ਧਾਰਨ ਕੀਤਾ। ਇਟਾਲਵੀ ਸੋਸ਼ਲਿਸਟ ਪਾਰਟੀ ਵਿਚ ਦੁਫ਼ੇੜ ਪੈ ਜਾਣ (1922) ਪਿੱਛੋਂ ਸੋਧਵਾਦੀ ਯੂਨੀਟਰੀ ਸੋਸ਼ਲਿਸਟ ਪਾਰਟੀ ਦਾ ਆਗੂ।

—62, 63, 66, 68, 69

**ਦ**

**ਦੂਤੋਵ, ਅਲੈਕਸਾਂਦਰ ਇਲੀਚ** (1864–1921) – ਜ਼ਾਰਸ਼ਾਹੀ ਫ਼ੌਜ ਦਾ ਕਰਨੈਲ, ਓਰੇਨਬੁਰਗ ਕਜ਼ਾਕ ਫ਼ੌਜ ਦਾ ਅਤਾਮਾਨ, ਕਜ਼ਾਕ ਉਲਟ-ਇਨਕਲਾਬ ਦੇ ਨੇਤਾਵਾਂ ਵਿੱਚੋਂ ਇੱਕ।

—54, 102

**ਨ**

**ਨਿਕੋਲਸ ਦੂਜਾ (ਰੋਮਾਨੋਵ)** (1868–1918)—ਅਖੀਰੀ ਰੂਸੀ ਸ਼ਹਿਨਸ਼ਾਹ, 1894 ਤੋਂ ਫਰਵਰੀ 1917 ਦੇ ਬੁਰਜੂਆ-ਜਮਹੂਰੀ ਇਨਕਲਾਬ ਤੱਕ ਤਖਤ ਉੱਤੇ ਰਿਹਾ।

—63

**ਨੈਨ** (Naine) **ਚਾਰਲ** (1874–1926)–ਸਵਿੱਸ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦਾ ਇੱਕ ਆਗੂ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿੱਚ ਕੌਮਾਂਤਰੀਵਾਦੀ, ਮਗਰੋਂ ਵਿਚਾਲਪੰਥੀ, ਪਰ ਜਲਦੀ ਹੀ ਸਵਿੱਸ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੇ ਸੱਜੇ ਧੜੇ ਨਾਲ਼ ਰਲ ਗਿਆ। 1919 ਵਿਚ ਦੂਜੀ ਇੰਟਰਨੈਸ਼ਨਲ ਸੁਰਜੀਤ ਕਰਨ ਦੇ ਹੱਕ ਵਿੱਚ ਰਿਹਾ। 1919–1921 ਵਿੱਚ ਵਿਚਾਲਪੰਥੀ (ਢਾਈਵੀਂ) ਇੰਟਰਨੈਸ਼ਨਲ ਕਾਇਮ ਕਰਨ ਵਿੱਚ ਭਾਗ ਲਿਆ।

—62

**ਨੋਬਜ਼** (Nobs), **ਅਰਨਸਟ** (1886–1957) —ਸਵਿੱਸ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਵਿੱਚੋਂ ਇੱਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੌਮਾਂਤਰੀਵਾਦੀ; 1917 ਵਿੱਚ ਵਿਚਾਲਪੰਥੀ-ਸ਼ਾਂਤੀਵਾਦੀ ਪੁਜ਼ੀਸ਼ਨਾਂ ਉੱਤੇ ਆ ਗਿਆ । ਵੀਹਵੀਆਂ ਵਿੱਚ ਸਵਿੱਸ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੇ ਸੱਜੇ ਧੜੇ ਨਾਲ਼ ਰਲ ਗਿਆ।

—62

**ਪ**

**ਪ੍ਰੋਸ਼ਯਾਨ, ਪਰੋਸ਼ ਪੇਰਚੇਵਿਚ** (1883–1918)–ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਮੈਂਬਰ। ਦਸੰਬਰ 1917 ਵਿੱਚ ਡਾਕ ਅਤੇ ਤਾਰ ਵਿਭਾਗ ਦੇ ਲੋਕ ਕੁਮਿਸਾਰ ਵਜੋਂ ਸੋਵੀਅਤ ਸਰਕਾਰ ਵਿੱਚ ਸ਼ਾਮਲ ਹੋ ਗਿਆ। ਮਾਰਚ 1918 ਵਿੱਚ ਬ੍ਰੈਸਤ ਅਮਨ ਸੰਧੀ ਨਾਲ਼ ਸਹਿਮਤ ਨਾ ਹੋਣ ਕਰਕੇ ਸਰਕਾਰ ਛੱਡ ਗਿਆ; ਮਾਸਕੋ ਵਿੱਚ ਖੱਬੇ-ਪੱਖੀ

ਸੋਸ਼ਲਿਸਟ-ਇਨਕਲਾਬੀ ਬਗ਼ਾਵਤ ਵਿੱਚ ਹਿੱਸਾ ਲਿਆ।

—85

**ਪਲੈਖ਼ਾਨੋਵ, ਗਿਓਰਗੀ ਵਾਲੇਨਤੀਨੋਵਿਚ** (1856–1918) ਰੂਸੀ ਅਤੇ ਕੌਮਾਂਤਰੀ ਕਿਰਤੀਸ਼੍ਰੇਣੀ ਲਹਿਰ ਦਾ ਇੱਕ ਉੱਘਾ ਆਗੂ, ਰੂਸ ਵਿਚ ਮਾਰਕਸਵਾਦ ਦਾ ਪਹਿਲਾ ਪ੍ਰਚਾਰਕ। 1903 ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਪਿੱਛੋਂ ਪਲੈਖਾਨੋਵ ਨੇ ਅਵਸਰਵਾਦੀਆਂ ਵੱਲ ਮੰਨ-ਮੰਨਵੇਂ ਦਾ ਵਤੀਰਾ ਅਪਣਾਇਆ ਅਤੇ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜਕ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1917 ਵਿੱਚ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਪਿੱਛੋਂ "ਯੇਦੀਨਸਤਵੋ" ਅਤਿ ਦੇ ਸੱਜੇ -ਪੱਖੀ ਮੈਨਸ਼ਵਿਕ ਰੱਖਿਆਵਾਦੀਆਂ ਦੀ ਟੋਲੀ ਦਾ ਮੁਖੀ ਅਤੇ ਬਾਲਸ਼ਵਿਕਾਂ ਅਤੇ ਸੋਸ਼ਲਿਸਟ ਇਨਕਲਾਬ ਦਾ ਇਸ ਵਿਚਾਰ ਨਾਲ਼ ਵਿਰੋਧ ਕੀਤਾ ਕਿ ਰੂਸ ਸੋਸ਼ਲਿਜ਼ਮ ਲਈ ਪਰਪੱਕ ਨਹੀਂ ਸੀ। ਉਹ ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਵਿਰੋਧੀ ਸੀ ਪਰ ਸੋਵੀਅਤ ਸੱਤਾ ਵਿਰੁੱਧ ਘੋਲ਼ ਵਿੱਚ ਕੋਈ ਹਿੱਸਾ ਨਾ ਲਿਆ।

—6, 47, 61

**ਪੋਤਰੇਸੋਵ, ਅਲੈਕਸਾਂਦਰ ਨਿਕੋਲਾਯੇਵਿਚ** -(1869–1934)- ਮੈਨਸ਼ਵਿਕ ਆਗੂ । ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਵਿਦੇਸ਼ੀਂ ਜਾ ਵਸਿਆ ਅਤੇ ਉਥੇ ਸੋਵੀਅਤ ਰੂਸ ਉਤੇ ਹਮਲੇ ਕਰਦੇ ਰਿਹਾ।

—57

**ਬ**

**ਬਰਨਸਟਾਈਨ** (Bernstein), **ਐਡੂਆਰਡ** (1850–1932)- ਜਰਮਨ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਵਿਚ ਅਤਿ ਦੇ ਸੱਜੇ ਪੱਖ ਦਾ ਨੇਤਾ, ਸੁਧਾਰਵਾਦ ਅਤੇ ਸੋਧਵਾਦ ਦਾ ਸਿਧਾਂਤਕਾਰ। ਬਰਨਸਟਾਈਨ ਨੇ ਐਲਾਨ ਕੀਤਾ ਕਿ ਕਿਰਤੀ ਸ਼੍ਰੇਣੀ ਦਾ ਮੁੱਖ ਕਾਰਜ ਸਰਮਾਏਦਾਰੀ ਅਧੀਨ ਕਿਰਤੀਆਂ ਦੀਆਂ ਆਰਥਕ ਪ੍ਰਸਥਿਤੀਆਂ ਚੰਗੇਰੀਆਂ ਬਣਾਉਣ ਲਈ ਘੋਲ਼ ਕਰਨਾ ਹੈ ਅਤੇ ਇਹ ਅਵਸਰਵਾਦੀ ਨਾਅਰਾ ਪੇਸ਼ ਕੀਤਾ, "ਲਹਿਰ ਸਭ ਕੁਝ ਹੈ, ਅੰਤਮ ਨਿਸ਼ਾਨਾ ਕੁਝ ਵੀ ਨਹੀਂ"। ਪਹਿਲੇ ਸੰਸਾਰ ਯੁੱਧ ਸਮੇਂ ਵਿਚਾਲਪੰਥੀ ਦ੍ਰਿਸ਼ਟੀਕੋਣ ਅਪਣਾਇਆ, ਆਪਣੇ ਸਮਾਜਿਕ-ਅੰਧਰਾਸ਼ਟਰਵਾਦੀ ਨੂੰ ਕੌਮਾਂਤਰੀਵਾਦੀ ਵਾਕੰਸ਼ਾਂ ਨਾਲ਼ ਲੁਕਾਇਆ। ਅਕਤੂਬਰ ਸੋਸ਼ਲਿਸਟ ਇਨਕਲਾਬ ਅਤੇ ਸੋਵੀਅਤ ਰਾਜ ਦਾ ਵਿਰੋਧੀ।

—8, 19, 61

**ਬਰੇਨਤਾਨੋ** (Berntano), **ਲੂਜੋ** (1844–1931) ਜਰਮਨ ਬੁਰਜੂਆ ਅਰਥ-ਸ਼ਾਸਤਰੀ, "ਕੈਥੇਡਰ ਸੋਸ਼ਲਿਜ਼ਮ" ਦੇ ਮੁੱਖ ਪ੍ਰਤਿਨਿਧਾਂ ਵਿੱਚੋਂ ਇੱਕ, ਜਿਹੜਾ ਸ਼੍ਰੇਣੀ ਘੋਲ਼ ਦਾ ਤਿਆਗ ਕਰਦਾ ਸੀ ਅਤੇ ਸਰਮਾਏਦਾਰ ਸਮਾਜ ਵਿੱਚ ਸੁਧਾਰਵਾਦੀ ਟਰੇਡ ਯੂਨੀਅਨਾਂ

ਦੀ ਜਥੇਬੰਦੀ ਅਤੇ ਕਾਰਖ਼ਾਨਾ ਕਾਨੂੰਨਾਂ ਰਾਹੀਂ ਸਮਾਜੀ ਵਿਰੋਧ ਹੱਲ ਕਰਨ ਦਾ ਅਤੇ ਕਿਰਤੀਆਂ ਅਤੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਸੁਮੇਲਣ ਦਾ ਪ੍ਰਚਾਰ ਕਰਦਾ ਸੀ।

—5

**ਬਲਾਂਕ** (Blanc), **ਲੂਈ** (1811–1882)–ਫ਼ਰਾਂਸੀਸੀ ਨਿੱਕ-ਬੁਰਜੂਆ ਸੋਸ਼ਲਿਸਟ ਅਤੇ ਇਤਿਹਾਸਕਾਰ। 1848 ਦੇ ਇਨਕਲਾਬ ਸਮੇਂ ਬਲਾਂਕ ਆਰਜ਼ੀ ਹਕੂਮਤ ਵਿੱਚ ਸ਼ਾਮਲ ਹੋ ਗਿਆ, "ਕਿਰਤੀਆਂ ਦੇ ਪ੍ਰਸ਼ਨ ਦਾ ਅਧਿਐਨ ਕਰਨ ਲਈ" ਕਮਿਸ਼ਨ ਦਾ ਮੁਖੀ ਸੀ।ਆਪਣੇ ਸਮਝੌਤਾਵਾਦੀ ਦਾਅ-ਪੇਚਾਂ ਰਾਹੀਂ ਕਿਰਤੀਆਂ ਦਾ ਧਿਆਨ ਇਨਕਲਾਬੀ ਘੋਲ਼ ਤੋਂ ਹਟਾਉਣ ਵਿੱਚ ਬੁਰਜੂਆਜ਼ੀ ਦੀ ਸਹਾਇਤਾ ਦਿਤੀ।

—17

**ਬਾਵੇਰ** (Bauer), **ਓਟੋ** (ਵੈਬਰ, ਹੈਨਰੀ) (1882–1938)–ਆਸਟਰਵੀ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਨੇਤਾ, "ਆਸਟਰਵੀ-ਮਾਰਕਸਵਾਦ" ਦਾ ਇੱਕ ਵਿਚਾਰਦਾਤਾ। ਮਾਰਕਸਵਾਦੀ ਲੱਫ਼ਾਜ਼ੀ ਦੇ ਪਰਦੇ ਹੇਠ ਇਨਕਲਾਬੀ ਮਾਰਕਸਵਾਦ ਨੂੰ, ਪ੍ਰੋਲੇਤਾਰੀਆਂ ਦੇ ਸ਼੍ਰੇਣੀ ਘੋਲ਼ ਨੂੰ ਰੱਦ ਕਰਦਾ ਸੀ।

—82

**ਬਿਸਮਾਰਕ** (Bismarck), **ਓਟੋ ਐਡੂਆਰਡ ਲੀਓਪੋਲਡ** (1815–1898)— ਪਰੂਸ਼ੀਆ ਅਤੇ ਜਰਮਨੀ ਦਾ ਰਾਜਨੇਤਾ ਅਤੇ ਡਿਪਲੋਮੈਟ, 1871 ਤੋਂ 1890 ਤੱਕ ਜਰਮਨ ਸਲਤਨਤ ਦਾ ਰਾਈਖ਼ਸਕਾਂਸਲਰ। ਵੱਖੋ ਵੱਖਰੇ ਜਰਮਨ ਰਾਜਾਂ ਨੂੰ ਪਰੂਸ਼ੀਆ ਦੀ ਸਰਦਾਰੀ ਹੇਠ ਇਕੱਠਾ ਕੀਤਾ।

—54

**ਬੇਬੇਲ** (Bebel), **ਆਗਸਤ** (1840–1913)–ਜਰਮਨ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਉੱਘਾ ਨੇਤਾ। 1890 ਵਿਆਂ ਦੇ ਅੰਤ ਅਤੇ 1900-ਵਿਆਂ ਦੇ ਸ਼ੁਰੂ ਵਿੱਚ ਜਰਮਨ ਸੋਸ਼ਲ-ਡੈਮੋਕ੍ਰੈਟਿਕ ਲਹਿਰ ਵਿੱਚ ਸੁਧਾਰਵਾਦ ਅਤੇ ਸੋਧਵਾਦ ਦਾ ਵਿਰੋਧ ਕੀਤਾ। ਇੱਕ ਗੁਣੀ ਜਥੇਬੰਦਕ ਅਤੇ ਪ੍ਰਚਾਰਕ, ਉਹਨੇ ਜਰਮਨ ਅਤੇ ਕੌਮਾਂਤਰੀ ਕਿਰਤੀ-ਸ਼੍ਰੇਣੀ ਲਹਿਰ ਦੇ ਵਿਕਾਸ ਉੱਤੇ ਬਹੁਤ ਪ੍ਰਭਾਵ ਪਾਇਆ।

—21, 47, 54, 58, 70

### ਮ

**ਮਾਰਕਸ** (Marx), **ਕਾਰਲ** (1818–1883)।

—6–22, 29, 34–36, 39, 47, 48, 55, 60–62, 64, 66, 70, 78, 83, 97, 98, 100, 111, 112, 114, 115

**ਮਾਸਲੋਵ, ਸਿਮਿਓਨ ਲਿਓਨਤੀਏਵਿਚ** (1873 ਵਿੱਚ ਜਨਮ) –ਸੱਜੇ-ਪੱਖੀ ਸੋਸ਼ਲਿਸਟ-ਇਨਕਲਾਬੀ। ਸਤੰਬਰ-ਅਕਤੂਬਰ 1917 ਵਿੱਚ ਬੁਰਜੂਆ ਆਰਜ਼ੀ, ਹਕੂਮਤ ਵਿੱਚ ਜ਼ਰਾਇਤ ਮੰਤਰੀ।ਅਕਤੂਬਰ ਸੋਸ਼ਲਸਿਟ ਇਨਕਲਾਬ ਤੋਂ ਪਿੱਛੋਂ ਆਰਥਕ ਜਥੇਬੰਦੀਆਂ

ਅਤੇ ਵਿਗਿਆਨਕ ਸੰਸਥਾਵਾਂ ਵਿੱਚ ਕੰਮ ਕਰਦਾ ਰਿਹਾ। —

—86, 89, 95

**ਮਾਸਲੋਵ, ਪਿਓਤਰ ਪਾਵਲੋਵਿਚ** (1867–1946)— ਅਰਥ-ਸ਼ਾਸਤਰੀ, ਸੋਸ਼ਲ ਡੈਮੋਕ੍ਰੈਟ, ਜ਼ਰਈ ਪ੍ਰਸ਼ਨ ਸਬੰਧੀ ਕਈ ਕਿਰਤਾਂ ਦਾ ਲੇਖਕ, ਜਿਨ੍ਹਾਂ ਵਿੱਚ ਉਹਨੇ ਮਾਰਕਸਵਾਦੀ ਰਾਜਨੀਤਕ ਆਰਥਕਤਾ ਦੇ ਬੁਨਿਆਦੀ ਸੂਤਰਾਂ ਨੂੰ ਸੋਧਣ ਦਾ ਯਤਨ ਕੀਤਾ।

—78, 80, 95, 98

**ਮਾਰਤੋਵ, ਲ. (ਤਸੇਦਰਬਾਉਮ, ਯੂਲੀ ਓਸੀਪੋਵਿਚ)** (1873–1923)—ਮੈਨਸ਼ਵਿਕ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ ਵਿਚਾਲਪੰਥੀ ਦ੍ਰਿਸ਼ਟੀਕੋਣ ਅਪਣਾਇਆ। 1917 ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਮਜ਼ਦੂਰ ਅਤੇ ਫ਼ੌਜੀ ਪ੍ਰਤਿਨਿਧਾਂ ਦੀ ਪੀਤਰੋਗਰਾਦ ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਦਾ ਮੈਂਬਰ ਬਣ ਗਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਸੋਵੀਅਤ ਸੱਤਾ ਵਿਰੁੱਧ ਸੀ। 1920 ਵਿਚ ਜਰਮਨੀ ਵਿੱਚ ਜਾ ਵੱਸਿਆ।

—37, 38, 41

**ਮਿਲਯੂਕੋਵ, ਪਾਵੇਲ ਨਿਕੋਲਾਯੇਵਿਚ** (1859–1943)—ਵਿਧਾਨਵਾਦੀ-ਜਮਹੂਰੀਅਤਪਸੰਦ (ਕੈਡਟ) ਪਾਰਟੀ ਦੇ ਮੋਢੀਆਂ ਅਤੇ ਨੇਤਾਵਾਂ ਵਿੱਚੋਂ ਇੱਕ। 1917 ਵਿੱਚ ਬੁਰਜੂਆ ਆਰਜ਼ੀ ਹਕੂਮਤ ਦੀ ਪਹਿਲੀ ਕੈਬੀਨਟ ਵਿੱਚ ਵਿਦੇਸ਼ ਮੰਤਰੀ, ਸਾਮਰਾਜੀ ਯੁੱਧ ਨੂੰ "ਜੇਤੂ ਅੰਤ" ਤੱਕ ਚਲਾਉਣ ਦੀ ਨੀਤੀ ਉੱਤੇ ਚੱਲਿਆ। ਅਗਸਤ 1917 ਵਿੱਚ, ਕੋਰਨੀਲੋਵ ਬਗ਼ਾਵਤ ਦੇ ਪ੍ਰੇਰਕਾਂ ਵਿੱਚੋਂ ਇੱਕ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਮਗਰੋਂ ਸੋਵੀਅਤ ਰੂਸ ਦੇ ਖਿਲਾਫ਼ ਵਿਦੇਸ਼ੀ ਫ਼ੌਜੀ ਮੁਦਾਖਲਤ ਜਥੇਬੰਦ ਕਰਨ ਵਿੱਚ ਭਾਗ ਲੈਂਦਾ ਰਿਹਾ।

—53

**ਮੁਰਾਵੀਓਵ, ਮ. ਅ.** (1880–1918)-ਜ਼ਾਰਸ਼ਾਹੀ ਫ਼ੌਜ ਦਾ ਅਫ਼ਸਰ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਰਲ ਗਿਆ। ਜੁਲਾਈ 1918 ਵਿੱਚ, ਪੂਰਬੀ ਮਹਾਜ਼ ਉੱਤੇ ਫ਼ੌਜਾਂ ਦਾ ਕਮਾਂਡਰ, ਸੋਵੀਅਤ ਸੱਤਾ ਨਾਲ਼ ਗ਼ੱਦਾਰੀ ਕਰ ਗਿਆ, ਫ਼ੌਜਾਂ ਵਿੱਚ ਬਗ਼ਾਵਤ ਕਰਾਉਣ ਦੀ ਕੋਸ਼ਿਸ਼ ਕੀਤੀ। ਇਸਦਾ ਪਤਾ ਲੱਗ ਗਿਆ ਅਤੇ ਇਸਨੂੰ ਦਬਾ ਦਿੱਤਾ ਗਿਆ।

—85

**ਮੈਕਡਾਨਲਡ** (MacDonald), **ਜੇਮਜ਼ ਰੈਮਜ਼ੇ** (1866–1937)—ਬਰਤਾਨਵੀਂ ਰਾਜਸੀ ਨੇਤਾ, ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਲੇਬਰ ਪਾਰਟੀ ਦੇ ਮੋਢੀਆਂ ਅਤੇ ਨੇਤਾਵਾਂ ਵਿੱਚੋਂ ਇੱਕ। ਅਤਿ-ਅੰਤ ਅਵਸਰਵਾਦੀ ਨੀਤੀ ਉੱਤੇ ਚੱਲਿਆ ਅਤੇ ਸ਼੍ਰੇਣੀ ਮਿਲਵਰਤਨ ਅਤੇ ਸਰਮਾਏਦਾਰੀ ਦੀ ਹੌਲ਼ੀ ਹੌਲ਼ੀ ਵੱਧ ਕੇ ਸੋਸ਼ਲਿਜ਼ਮ ਬਣ ਜਾਣ ਦਾ ਪ੍ਰਚਾਰ ਕੀਤਾ। 1918–1920 ਵਿਚ ਸੋਵੀਅਤ ਵਿਰੋਧੀ ਮੁਦਾਖਲਤ ਦੇ ਖਿਲਾਫ਼

ਕੰਮ ਕਰਦੇ ਅੰਗ੍ਰੇਜ਼ ਮਜ਼ਦੂਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। 1924 ਵਿੱਚ ਅਤੇ 1929–1931 ਵਿੱਚ ਪ੍ਰਧਾਨ ਮੰਤਰੀ ਰਿਹਾ।

—59, 62, 75, 82

**ਰ**

**ਰਾਡਬਰਟਸ-ਯਾਗੇਤਸੋਵ** (Rodbertus-JagetZow), **ਯੋਹਾਨ ਕਾਰਲ** (1805–1875)– ਜਰਮਨ ਗੰਵਾਰੂ ਅਰਥ–ਸ਼ਾਸਤਰੀ ਅਤੇ ਰਾਜਨੀਤਕ ਆਗੂ; ਪਰੂਸ਼ੀਆਈ "ਰਾਜਕੀ ਸੋਸ਼ਲਿਜ਼ਮ" ਦੇ ਪ੍ਰਤੀਕਿਰਿਆਵਾਦੀ ਵਿਚਾਰਾਂ ਦਾ ਪ੍ਰਚਾਰਕ।

—;:98

**ਰਿਖ਼ਟਰ**, (Richter), **ਯੂਜੀਨ** (1838–1906)– ਜਰਮਨੀ ਦੀ "ਅਜ਼ਾਦ ਚਿੰਤਕ ਪਾਰਟੀ" ਦਾ ਇਕ ਆਗੂ, ਇਹ ਪਾਰਟੀ ਉਦਾਰਵਾਦੀ ਬੁਰਜੂਆਜ਼ੀ ਦੇ ਵਿਚਾਰ ਪ੍ਰਗਟ ਕਰਦੀ ਸੀ; ਸੋਸ਼ਲਿਜ਼ਮ ਦਾ ਦੁਸ਼ਮਣ। "Sozial-demokratische Zukunftsbilder" ("ਭਵਿੱਖ ਦਾ ਸੋਸ਼ਲ–ਡੈਮੋਕ੍ਰੈਟਿਕ ਨਕਸ਼ਾਂ") ਨਾਂ ਦੇ ਪੈਂਫ਼ਲਟ ਦਾ ਲੇਖਕ, ਜਿਹੜਾ ਸੋਸ਼ਲ–ਡੈਮੋਕ੍ਰੈਟਾਂ ਦੇ ਵਿਰੁੱਧ ਜਾਂਦਾ ਸੀ। ਇਸੇ ਕਿਤਾਬ ਵਿੱਚ "ਸੰਜਮੀ ਆਗਨਿਸ" ਬਾਰੇ ਦੰਤ–ਕਥਾ ਲਿਖਦਿਆ, ਰਿਖ਼ਟਰ ਨੇ ਮਜ਼ਦੂਰਾਂ ਅਤੇ ਬੁਰਜ਼ੂਆਜ਼ੀ ਦੀ ਬਰਾਬਰੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ।

—50

**ਰੇਨਾਦੇਲ**, (Renaudel) **ਪੀਰੇ** (1871–1935)— ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੁਧਾਰਵਾਦੀ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ (1914–1918) ਸਮਾਜਕ–ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1914 ਤੋਂ 1920 ਤੱਕ ਅਖ਼ਬਾਰ "L'Humanite" ("ਮਨੁੱਖਤਾ") ਦਾ ਸੰਪਾਦਕ। 1914–1919 ਅਤੇ 1924 ਵਿੱਚ ਪਾਰਲੀਮੈਂਟ ਮੈਂਬਰ।

—23, 59, 68, 75

**ਲ**

**ਲਿਤਰੇ** (Littre), **ਐਮਿਲ** (1801–1881)– ਫਰਾਂਸੀਸੀ ਬੁਰਜੂਆ ਫ਼ਿਲਾਸਫ਼ਰ ਚੌਂਗਮੱਤੀ। "Dictionnaire de la langue franÁcaise" ("ਫਰਾਂਸੀਸੀ ਭਾਂਸ਼ਾ ਦਾ ਸ਼ਬਦਕੋਸ਼") ਦਾ ਲੇਖਕ। ਇਸਦੀ ਪਹਿਲੀ ਐਡੀਸ਼ਨ, 1863–1877 ਵਿੱਚ ਪ੍ਰਕਾਸ਼ਤ ਹੋਈ।

—114

**ਲੀਬਕਨੇਖ਼ਟ** (Liebknecht), **ਕਾਰਲ** (1871–1919)–ਜਰਮਨ ਅਤੇ ਕੌਮਾਂਤਰੀ ਕਿਰਤੀ–ਸ਼੍ਰੇਣੀ ਲਹਿਰ ਦੀ ਉੱਘੀ ਸ਼ਖ਼ਸ਼ੀਅਤ, ਜਰਮਨ ਸੋਸ਼ਲ–ਡੈਮੋਕ੍ਰੈਸੀ ਦੇ ਖੱਬੇ ਪੱਖ ਦੇ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ ਇਨਕਲਾਬੀ–ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ। ਲੀਬਕਨੇਖ਼ਟ "ਸਪਾਰਟੇਕਸ ਲੀਗ" ਦੇ ਜਥੇਬੰਦਕਾਂ ਅਤੇ ਨੇਤਾਵਾਂ ਵਿੱਚੋਂ ਇੱਕ ਸੀ। ਜਰਮਨੀ ਵਿੱਚ ਨਵੰਬਰ 1918 ਦੇ ਇਨਕਲਾਬ ਸਮੇਂ,

ਰੋਜ਼ਾ ਲੁਕਸਮਬਰਗ ਨਾਲ ਰਲ ਕੇ, ਜਰਮਨ ਕਿਰਤੀਆਂ ਦੇ ਇਨਕਲਾਬੀ ਮੂਹਰੈਲ ਦੀ ਅਗਵਾਈ ਕੀਤੀ। ਉਹ ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਅਤੇ ਨੇਤਾਵਾਂ ਵਿੱਚੋਂ ਇੱਕ ਸੀ ਅਤੇ ਜਨਵਰੀ 1919 ਵਿਚ ਬਰਲਿਨ ਦੇ ਕਿਰਤੀਆਂ ਦੀ ਬਗ਼ਾਵਤ ਦਾ ਨੇਤਾ ਸੀ। ਬਗ਼ਾਵਤ ਕੁਚਲੇ ਜਾਣ ਪਿੱਛੋਂ ਉਲਟ-ਇਨਕਲਾਬੀਆਂ ਨੇ ਉਸਨੂੰ ਬੇਰਹਿਮੀ ਨਾਲ਼ ਕਤਲ ਕਰ ਦਿੱਤਾ।

—74

**ਲੀਬਰ (ਗੋਲਡਮਾਨ), ਮਿਖਾਇਲ ਇਸਾਕੋਵਿਚ** (1880-1937)—ਬੁੰਦ ਦੇ ਨੇਤਾਵਾਂ ਵਿੱਚੋਂ ਇੱਕ। ਅਕਤੂਬਰ ਸੋਸ਼ਲਿਸਟ ਇਨਕਲਾਬ ਵਿਰੁੱਧ ਸੀ। ਸੋਵੀਅਤ ਸੱਤਾ ਦਾ ਸਰਗਰਮ ਦੁਸ਼ਮਣ। ਮਗਰੋਂ ਰਾਜਸੀ ਸਰਗਰਮੀ ਛੱਡ ਕੇ ਆਰਥਕਤਾ ਵਿੱਚ ਲੱਗ ਗਿਆ।

—57

**ਲੁਕਸਮਬਰਗ** (Luxemburg), **ਰੋਜ਼ਾ** (1871-1919)—ਜਰਮਨ, ਪੋਲਿਸ਼ ਅਤੇ ਕੌਮਾਂਤਰੀ ਕਿਰਤੀ-ਸ਼੍ਰੇਣੀ ਲਹਿਰ ਦੀ ਉੱਘੀ ਸਖ਼ਸ਼ੀਅਤ, ਦੂਜੀ ਇੰਟਰਨੈਸ਼ਨਲ ਦੇ ਖੱਬੇ ਪੱਖ ਦੇ ਨੇਤਾਵਾਂ ਵਿੱਚੋਂ ਇੱਕ।

ਉਹ ਜਰਮਨੀ ਵਿੱਚ "ਸਪਾਰਟੇਕਸ ਲੀਗ" ਦੇ ਜਥੇਬੰਦਕਾਂ ਅਤੇ ਨੇਤਾਵਾਂ ਵਿੱਚੋਂ ਇੱਕ ਸੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿੱਚੋਂ ਇੱਕ। 1919 ਦੇ ਨਵੰਬਰ ਇਨਕਲਾਬ ਦੇ ਦੌਰਾਨ ਜਰਮਨ ਮਜ਼ਦੂਰਾਂ ਦੇ ਇਨਕਲਾਬੀ ਮੁਹਰੈਲ ਦਸਤੇ ਦੇ ਆਗੂਆਂ ਵਿੱਚੋਂ ਇੱਕ। ਜਨਵਰੀ 1919 ਵਿੱਚ ਗ੍ਰਿਫ਼ਤਾਰ ਕਰ ਲਈ ਗਈ ਅਤੇ ਉਲਟ-ਇਨਕਲਾਬੀਆਂ ਵੱਲੋਂ ਬੇਦਰਦੀ ਨਾਲ਼ ਕਤਲ ਕਰ ਦਿੱਤੀ ਗਈ।

—18

**ਲੈਨਿਨ, ਵਲਾਦੀਮੀਰ ਇਲੀਚ** (ਲੈਨਿਨ. ਨ.) (1870-1924)।

—70. 71, 101, 104

**ਲੌਂਗੇ** (Longuet), **ਯਾਂ** (1876-1938)- ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਨੇਤਾ ਅਤੇ ਦੂਜੀ ਇੰਟਰਨੈਸ਼ਨਲ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ ਫਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਸ਼ਾਂਤੀਵਾਦੀ ਵਿਚਾਲਪੰਥੀ ਘੱਟਗਿਣਤੀ ਦਾ ਆਗੂ ਸੀ। ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਨੂੰ ਕੋਮਿਨਟਰਨ ਨਾਲ਼ ਸਬੰਧਤ ਕਰਨ ਦੇ ਅਤੇ ਫ਼ਰਾਂਸ ਦੀ ਕਮਿਊਨਿਸਟ ਪਾਰਟੀ ਕਾਇਮ ਕਰਨ ਦੇ ਖਿਲਾਫ਼ ਸੀ। 1921 ਵਿੱਚ ਢਾਈਂਵੀਂ ਇੰਟਰਨੈਸ਼ਨਲ ਦੀ ਕਾਰਜ-ਕਾਰਨੀ ਕਮੇਟੀ ਦਾ ਮੈਂਬਰ। 1923 ਤੋਂ ਲੈ ਕੇ ਅਖਾਉਤੀ ਸੋਸ਼ਲਿਸਟ ਮਜ਼ਦੂਰ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ।

—22, 59, 62, 68, 69, 74, 75, 82

## ਵ

**ਵਾਂਡਰਵੇਲਡੇ** (Vandervelde), **ਐਮਿਲ** (1866–1938)—ਬੈਲਜ਼ੀਅਮ ਦੇ ਕਿਰਤੀਆਂ ਦੀ ਪਾਰਟੀ ਦਾ ਨੇਤਾ, ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਪ੍ਰਧਾਨ, ਅਵਸਰਵਾਦੀ। ਪਹਿਲੇ ਸੰਸਾਰ ਯੁੱਧ (1914–18) ਸਮੇਂ—ਸਮਾਜਕ-ਅੰਧਰਾਸ਼ਟਰਵਾਦੀ। ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ। ਅਕਤੂਬਰ ਇਨਕਲਾਬ ਵੱਲ ਦੁਸ਼ਮਣੀ ਦਾ ਰਵੱਈਆ ਅਪਣਾਉਂਦਿਆਂ ਸੋਵੀਅਤ ਰੂਸ ਵਿਰੁੱਧ ਹਥਿਆਰਬੰਦ ਮੁਦਾਖਲਤ ਵਾਸਤੇ ਸਰਗਰਮੀ ਨਾਲ਼ ਕੰਮ ਕਰਦਾ ਰਿਹਾ।

—111–118

**ਵਿਲਹੈਲਮ ਦੂਜਾ (ਹੋਹਨਜ਼ੋਲਰਨ)** (1859–1941)—ਜਰਮਨੀ ਦਾ ਸ਼ਹਿਨਸ਼ਾਹ ਅਤੇ ਪਰੂਸ਼ੀਆ ਦਾ ਬਾਦਸ਼ਾਹ (1888–1918)।

—67

**ਵੇਟਲਿੰਗ** (Weitling), **ਵਿਲਹੈਲਮ** (1808–1871) — ਜਰਮਨ ਕਿਰਤੀ ਲਹਿਰ ਦੇ ਮੁੱਢਲੇ ਦੌਰ ਵਿੱਚ ਉੱਘਾ ਨੇਤਾ, ਯੂਟੋਪੀਆਈ ਸਮਾਨੀਕ੍ਰਿਤ ਕਮਿਊਨਿਜ਼ਮ ਦੇ ਸਿਧਾਂਤਕਾਰਾਂ ਵਿੱਚੋਂ ਇੱਕ, "ਇਨਸਾਫ਼ਪਸੰਦਾਂ ਦੀ ਯੂਨੀਅਨ" ਦਾ ਸਰਗਰਮ ਆਗੂ।

—20

**ਵੈਬ** (Webb) **ਬੀਟਰਿਸ** (1858–1943), **ਸਿਡਨੀ** (1859–1947)—ਉੱਘੀਆਂ ਬਰਤਾਨਵੀ ਲੋਕ ਸ਼ਖ਼ਸੀਅਤਾਂ, ਸੁਧਾਰਵਾਦੀ। ਅੰਗ੍ਰੇਜ਼ ਮਜ਼ਦੂਰ ਲਹਿਰ ਦੇ ਇਤਿਹਾਸ ਅਤੇ ਸਿਧਾਂਤ ਸਬੰਧੀ ਅਨੇਕ ਕਿਰਤਾਂ ਦੇ ਲੇਖਕ। ਉਹ ਸੁਧਾਰਵਾਦੀ ਫ਼ੇਬੀਅਨ ਸੋਸਾਇਟੀ ਦੇ ਮੋਢੀਆਂ ਵਿਚੋਂ ਸਨ। ਪਹਿਲੀ ਸੰਸਾਰ ਜੰਗ (1914–18) ਸਮੇਂ ਸਮਾਜਿਕ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ।

—22

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 2. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 3. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 4. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 5. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 6. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 7. | ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ) | 45.00 |
| 8. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 9. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 10. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 11. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 12. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 13. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 14. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 15. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 16. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 17. | ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 18. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 19. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 20. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 21. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 22. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 23. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 70. ਰੁਪਏ